**Golden State Realty** | **JASSI GILL** Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

Travelopod Flights Lower Than Online — Discounted Flights To INDIA
ਇੰਡੀਆ ਜਾਣ ਲਈ ਸਸਤੀਆਂ ਟਿਕਟਾਂ ਲੈਣ ਵਸਤੇ ਅੱਜ ਹੀ ਕਾਲ ਕਰੋ:
SALE: $350 OFF
For Special Sale Fares
Call Now: 1-800-674-3868
5* Ratings & 24x7 Service
EXTRA $50 OFF with Promo Code: FLY50
HURRY! Book Now & Save Big on Your Flights to India!

Covered California — Certified Insurance Agent — Global Green Insurance Agency
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
Gurdawar Singh Mann — MANN@GGIABA.COM — Gurcharan Singh Mann
Mann Insurance Brokers Inc.
4123 Dyer St., #230, Union City, CA 94587

Twenty-Fifth Year of Publication — ਕੈਲੀਫੋਰਨੀਆ ਐਡੀਸ਼ਨ — Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 26, Issue 19; May 10, 2025 — 20451 N. Plum Grove Rd., Palatine, IL 60074 — Ph:847-359-0746, Fax:847-705-9388

# ਭਾਰਤ ਨੇ ਲੈ ਲਿਆ ਪਹਿਲਗਾਮ ਹਮਲੇ ਦਾ ਬਦਲਾ

## ਮਕਬੂਜ਼ਾ ਕਸ਼ਮੀਰ ਅਤੇ ਪਾਕਿਸਤਾਨ ਵਿਚ ਨੌਂ ਅਤਿਵਾਦੀ ਟਿਕਾਣਿਆਂ 'ਤੇ ਏਅਰ ਸਟਰਾਈਕ





**ਨਵੀਂ ਦਿੱਲੀ:**ਪਹਿਲਗਾਮ ਵਿੱਚ ਹੋਏ ਅਤਿਵਾਦੀ ਹਮਲੇ ਤੋਂ ਪੰਦਰਾਂ ਦਿਨ ਬਾਅਦ ਭਾਰਤ ਨੇ ਮਕਬੂਜ਼ਾ ਕਸ਼ਮੀਰ ਅਤੇ ਪਾਕਿਸਤਾਨ ਵਿੱਚ ਨੌਂ ਥਾਵਾਂ ਉੱਤੇ ਏਅਰ ਸਟਰਾਈਕ ਕਰਕੇ ਅਤਿਵਾਦੀ ਟਿਕਾਣਿਆਂ ਨੂੰ ਤਬਾਹ ਕਰ ਦਿੱਤਾ।

ਮੁਢਲੀਆਂ ਖ਼ਬਰਾਂ ਅਨੁਸਾਰ ਇਸ ਹਮਲੇ ਵਿਚ ਭਾਰਤ ਨੇ ਅਤਿ ਆਧੁਨਿਕ ਡਰੋਨਾਂ (ਐਲ ਐਮ ਐਸ) ਦੀ ਵਰਤੋਂ ਕੀਤੀ। ਇਹ ਅਜੇਹਾ ਡ੍ਰੋਨ ਹੁੰਦਾ ਹੈ ਜੋ ਆਪਣੇ ਆਪ ਵਿੱਚ ਇੱਕ ਇੱਕ ਫਿਦਾਈਨ ਬੰਬ ਵਾਂਗ ਹੁੰਦਾ ਹੈ। ਇਹ ਸਿੱਧਾ ਨਿਸ਼ਾਨੇ ਤੱਕ ਪਹੁੰਚਦਾ ਹੈ ਤੇ ਫਟ ਜਾਂਦਾ ਹੈ। ਜਦੋਂ ਤੱਕ ਕਿਸੇ ਸਿਸਟਮ ਨੂੰ ਇਸ ਦੀ ਖਬਰ ਹੁੰਦੀ ਹੈ ਉਦੋਂ ਤੱਕ ਇਹ ਆਪਣਾ ਕਾਰਜ ਪੂਰਾ ਕਰ ਚੁੱਕਾ ਹੁੰਦਾ ਹੈ।

ਇਸ ਹਮਲੇ ਵਿੱਚ ਗਏ ਭਾਰਤੀ ਜਹਾਜ਼ ਆਪਣਾ ਮਿਸ਼ਨ ਪੂਰਾ ਕਰਕੇ ਵਾਪਸ ਭਾਰਤ ਆਏ ਹਨ। ਅੱਧੀ ਰਾਤ ਨੂੰ ਇੱਕ ਵਜ ਕੇ 44 ਮਿੰਟ ਉੱਤੇ ਕੀਤੇ ਗਏ ਇਸ "ਸੰਧੂਰ" ਆਪਰੇਸ਼ਨ ਦੀ ਅਗਵਾਈ ਐਨ.ਆਈ.ਏ ਦੇ ਮੁਖੀ ਖੁਦ ਕਰ ਰਹੇ ਸਨ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣੇ ਨਿਵਾਸ ਤੋਂ ਇਸ ਨੂੰ ਬਕਾਇਦਾ ਵੇਖ ਰਹੇ ਸਨ। ਇਹ ਆਪਰੇਸ਼ਨ ਮਕਬੂਜ਼ਾ ਕਸ਼ਮੀਰ ਵਿੱਚ ਪੰਜ ਥਾਵਾਂ ਉੱਤੇ ਅਤੇ ਲਹਿੰਦੇ ਪੰਜਾਬ ਵਿੱਚ ਚਾਰ ਥਾਵਾਂ ਉੱਤੇ ਕੀਤਾ ਗਿਆ।

ਇਹਨਾਂ ਥਾਵਾਂ ਵਿੱਚ ਮੁਜ਼ਫਰਾਬਾਦ, ਬਿਲਾਵਲਪੁਰ ਅਤੇ ਮੁਰੀਦਕੇ ਸ਼ਾਮਿਲ ਹਨ। ਮੁਰੀਦਕੇ ਉਹ ਜਗ੍ਹਾ ਹੈ ਜੋ ਅੱਤਵਾਦੀਆਂ ਦਾ ਸਭ ਤੋਂ ਵੱਡਾ ਕੈਂਪ ਸੀ। ਇੱਥੋਂ ਹੀ 9/11 ਦੀਆਂ ਤਿਆਰੀਆਂ ਵੀ ਕੀਤੀਆਂ ਗਈਆਂ ਸਨ। ਪਿਛਲੇ ਕਈ ਦਿਨਾਂ ਤੋਂ ਪਾਕਿਸਤਾਨ ਵੱਲੋਂ ਰਜੌਰੀ ਸਮੇਤ 10 ਥਾਵਾਂ ਉੱਤੇ ਪਾਕਿਸਤਾਨ ਵਲੋਂ ਸੀਜ਼ ਫਾਇਰ ਦਾ ਉਲੰਘਣ ਕੀਤਾ ਜਾ ਰਿਹਾ ਸੀ। ਪਰ ਭਾਰਤ ਨੇ ਇਸ ਇੱਕੋ ਹਮਲੇ ਵਿੱਚ ਇਸ ਦਾ ਬਦਲਾ ਲੈ ਲਿਆ ਹੈ। ਪਤਾ ਲੱਗਾ ਹੈ ਕਿ ਇਸ ਵਿੱਚ ਬਹੁਤ ਸਾਰੇ ਅੱਤਵਾਦੀ ਮਾਰੇ ਗਏ ਹਨ ਤੇ ਦਰਜਣਾਂ ਜ਼ਖਮੀ ਹੋਏ ਹਨ। ਇਸ ਅਪਰੇਸ਼ਨ ਵਿੱਚ ਭਾਰਤ ਦੀਆਂ ਤਿੰਨੋਂ ਸੈਨਾਵਾਂ ਸ਼ਾਮਿਲ ਸਨ।

### ਅਮਰੀਕਾ ਨੂੰ ਪਤਾ ਸੀ

ਅਮਰੀਕਾ ਵੱਲੋਂ ਮਿਲ ਰਹੀ ਜਾਣਕਾਰੀ ਅਨੁਸਾਰ ਅਮਰੀਕਾ ਨੂੰ ਭਾਰਤ ਵੱਲੋਂ ਕੀਤੇ ਜਾ ਰਹੇ ਇਸ ਅਪਰੇਸ਼ਨ ਦੀ ਪੂਰੀ ਜਾਣਕਾਰੀ ਸੀ।ਭਾਰਤ ਵਲੌਂ ਇਹ ਕਾਰਵਾਈ ਕਰਨ ਤੋਂ ਪਹਿਲਾਂ ਅਮਰੀਕੀ ਸਮੇਤ ਕਈ ਦੇਸ਼ਾਂ ਨਾਲ ਗੱਲਬਾਤ ਕੀਤੀ ਗਈ ਸੀ। ਕੱਲ ਹੀ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਵੀ ਕਿਹਾ ਸੀ ਕਿ ਉਹ ਅੱਤਵਾਦ ਵਿਰੁੱਧ ਲੜਾਈ ਵਿੱਚ ਭਾਰਤ ਦੇ ਨਾਲ ਹਨ। ਭਾਰਤੀ ਫੌਜ ਵਲੋਂ ਜਾਰੀ ਕੀਤੇ ਗਏ ਬਿਆਨ ਵਿੱਚ ਇਸ ਹਮਲੇ ਦੀ ਪੁਸ਼ਟੀ ਕੀਤੀ ਗਈ ਹੈ। ਉਸ ਦ ਵਿੱਚ ਕਿਹਾ ਗਿਆ ਕਿ ਉਹਨਾਂ ਵੱਲੋਂ ਪਾਕਿਸਤਾਨ ਅਤੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਵਿੱਚ ਨੌ ਥਾਵਾਂ ਦੇ ਉੱਤੇ ਅਟੈਕ ਕੀਤਾ ਗਿਆ ਜਿੱਥੇ ਅਤਿਵਾਦੀ ਪਨਾਹ ਲੈ ਕੇ ਬੈਠੇ ਹੋਏ ਸਨ। ਅਤੇ ਉਹਨਾਂ ਵੱਲੋਂ ਇਸ ਅਪਰੇਸ਼ਨ ਨੂੰ ਨਾਮ ਦਿੱਤਾ ਗਿਆ "ਆਪਰੇਸ਼ਨ ਸਿੰਦੂਰ"। ਭਾਰਤੀ ਸਮੇਂ ਅਨੁਸਾਰ ਰਾਤ ਦੇ ਲਗਪਗ ਡੇਢ ਵਜੇ ਇਹ ਪੂਰੀ ਕਾਰਵਾਈ ਕੀਤੀ ਗਈ ਹੈ । ਇਸ ਦੀਆਂ ਤਸਵੀਰਾਂ ਵੀ ਸਾਹਮਣੇ ਆ ਗਈਆਂ ਹਨ। ਪਾਕਿਸਤਾਨ ਦੇ ਵੱਖ-ਵੱਖ ਹਿੱਸਿਆਂ ਦੇ ਵਿੱਚੋਂ ਤਸਵੀਰਾਂ ਨਿਕਲ ਕੇ ਸਾਹਮਣੇ ਆ ਰਹੀਆਂ ਨੇ ਜਿੱਥੇ ਅਟੈਕ ਹੋਇਆ ਹੈ।

**(ਬਾਕੀ ਸਫ਼ਾ 6 'ਤੇ)**

### ਕਈ ਉਡਾਣਾਂ ਰੱਦ

ਭਾਰਤੀ ਹਵਾਈ ਫ਼ੌਜ ਵੱਲੋਂ ਆਪ੍ਰੇਸ਼ਨ ਸਿੰਦੂਰ ਤਹਿਤ ਪਾਕਿਸਤਾਨ ਅਤੇ ਮਕਬੂਜ਼ਾ ਕਸ਼ਮੀਰ (ਫੋਖ) ਵਿੱਚ ਅੱਤਵਾਦੀ ਕੈਂਪਾਂ 'ਤੇ ਕੀਤੇ ਗਏ ਵੱਡੇ ਮਿਜ਼ਾਈਲ ਹਮਲਿਆਂ ਤੋਂ ਬਾਅਦ ਦੇਸ਼ ਦੇ ਕਈ ਹਵਾਈ ਅੱਡਿਆਂ 'ਤੇ ਸੁਰੱਖਿਆ ਕਾਰਨਾਂ ਕਰਕੇ ਉਡਾਣਾਂ ਵਿੱਚ ਭਾਰੀ ਵਿਘਨ ਪੈ ਰਿਹਾ ਹੈ। ਸਭ ਤੋਂ ਵੱਧ ਅਸਰ ਜੰਮੂ-ਕਸ਼ਮੀਰ ਦੇ ਸ੍ਰੀਨਗਰ ਹਵਾਈ ਅੱਡੇ 'ਤੇ ਪਿਆ ਹੈ, ਜਿਸ ਨੂੰ ਅਗਲੇ ਹੁਕਮਾਂ ਤੱਕ ਆਮ ਲੋਕਾਂ ਲਈ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਗਿਆ ਹੈ। ਇਸ ਫੈਸਲੇ ਦਾ ਸੈਂਕੜੇ ਯਾਤਰੀਆਂ ਦੀਆਂ ਉਡਾਣਾਂ 'ਤੇ ਅਸਰ ਪਿਆ ਹੈ।

**ਏਅਰ ਇੰਡੀਆ ਨੇ ਉਡਾਣਾਂ ਕੀਤੀਆਂ ਰੱਦ -** ਏਅਰ ਇੰਡੀਆ ਨੇ ਜੰਮੂ, ਸ੍ਰੀਨਗਰ, ਲੇਹ, ਜੋਧਪੁਰ, ਅੰਮ੍ਰਿਤਸਰ, ਭੁਜ, ਜਾਮਨਗਰ, ਚੰਡੀਗੜ੍ਹ ਅਤੇ ਰਾਜਕੋਟ ਜਾਣ ਵਾਲੀਆਂ ਸਾਰੀਆਂ ਉਡਾਣਾਂ ਵੀ ਰੱਦ ਕਰ ਦਿੱਤੀਆਂ ਹਨ। ਅੰਮ੍ਰਿਤਸਰ ਆਉਣ ਵਾਲੀਆਂ ਦੋ ਅੰਤਰਰਾਸ਼ਟਰੀ ਉਡਾਣਾਂ ਨੂੰ ਦਿੱਲੀ ਵੱਲ ਮੋੜ ਦਿੱਤਾ ਗਿਆ ਹੈ।

**(ਬਾਕੀ ਸਫ਼ਾ 6 'ਤੇ)**

# ਟਰੰਪ ਨੇ ਹੁਣ ਵਿਦੇਸ਼ 'ਚ ਬਣੀਆਂ ਫਿਲਮਾਂ 'ਤੇ ਵੀ ਲਗਾਇਆ ਟੈਰਿਫ਼



**ਵਾਸ਼ਿੰਗਟਨ:**ਚੀਨ ਸਮੇਤ ਦੁਨੀਆ ਦੇ ਕਈ ਦੇਸ਼ਾਂ 'ਤੇ ਟੈਰਿਫ ਲਗਾਉਣ ਤੋਂ ਬਾਅਦ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਹੁਣ ਹਾਲੀਵੁੱਡ ਨੂੰ ਬਚਾਉਣ ਲਈ ਵਿਦੇਸ਼ਾਂ ਵਿਚ ਬਣੀਆਂ ਫਿਲਮਾਂ 'ਤੇ ਟੈਰਿਫ਼ ਲਗਾ ਦਿੱਤਾ ਹੈ। ਉਨ੍ਹਾਂ ਨੇ ਐਤਵਾਰ ਨੂੰ ਅਮਰੀਕਾ ਤੋਂ ਬਾਹਰ ਬਣੀਆਂ ਫਿਲਮਾਂ 'ਤੇ 100 ਫ਼ੀਸਦੀ ਟੈਰਿਫ਼ ਲਗਾਉਣ ਦਾ ਐਲਾਨ ਕੀਤੀ ਅਤੇ ਕਿਹਾ ਕਿ ਦੂਜੇ ਦੇਸ਼ਾਂ ਵੱਲੋਂ ਫਿਲਮ ਨਿਰਮਾਤਾਵਾਂ ਨੂੰ ਉਤਸ਼ਾਹਿਤ ਕਰਨ ਨਾਲ ਅਮਰੀਕੀ ਫਿਲਮ ਉਦਯੋਗ ਤੇਜ਼ੀ ਨਾਲ ਖ਼ਤਮ ਹੋ ਰਿਹਾ ਹੈ।

ਟਰੰਪ ਨੇ ਇੰਟਰਨੈਟ ਮੀਡੀਆ ਪਲੇਟਫਾਰਮ ਟਰੁੱਥ ਸੋਸ਼ਲ 'ਤੇ ਇਕ ਪੋਸਟ 'ਚ ਕਿਹਾ, 'ਅਮਰੀਕਾ 'ਚ ਫਿਲਮ ਉਦਯੋਗ ਬਹੁਤ ਤੇਜ਼ੀ ਨਾਲ ਖ਼ਤਮ ਹੋ ਰਿਹਾ ਹੈ। ਦੂਜੇ ਦੇਸ਼ ਫਿਲਮ ਨਿਰਮਾਤਾਵਾਂ ਅਤੇ ਸਟੂਡੀਓਜ਼ ਨੂੰ ਅਮਰੀਕਾ ਤੋਂ ਦੂਰ ਕਰਨ ਲਈ ਹਰ ਤਰ੍ਹਾਂ ਨਾਲ ਉਤਸ਼ਾਹਿਤ ਕਰ ਰਹੇ ਹਨ।

ਉਨ੍ਹਾਂ ਕਿਹਾ, "ਇਹ ਦੂਜੇ ਦੇਸ਼ਾਂ ਵੱਲੋਂ ਕੀਤੀ ਜਾ ਰਹੀ ਇਕ ਸਾਥੀ ਕੋਸ਼ਿਸ਼ ਹੈ, ਇਸ ਲਈ ਇਹ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਹੈ।' ਟਰੰਪ ਨੇ ਦੱਸਿਆ ਕਿ ਉਨ੍ਹਾਂ ਨੇ ਵਪਾਰ ਵਿਭਾਗ ਸਮੇਤ ਸਬੰਧਤ ਅਮਰੀਕੀ ਏਜੰਸੀਆਂ ਨੂੰ ਵਿਦੇਸ਼ਾਂ ਵਿਚ ਬਣੀਆਂ ਸਾਰੀਆਂ ਫਿਲਮਾਂ 'ਤੇ 100 ਫ਼ੀਸਦੀ ਟੈਰਿਫ ਲਗਾਉਣ ਦੀ ਪ੍ਰਕਿਰਿਆ ਤੁਰੰਤ ਸ਼ੁਰੂ ਕਰਨ ਲਈ ਅਧਿਕਾਰਤ ਕੀਤਾ ਹੈ। ਉਨ੍ਹਾਂ ਕਿਹਾ, 'ਅਸੀਂ ਫਿਰ ਤੋਂ 'ਮੇਡ ਇਨ ਅਮੇਰਿਕਾ' ਫਿਲਮਾਂ ਚਾਹੁੰਦੇ ਹਾਂ।' ਟਰੰਪ ਦੇ ਇਸ ਐਲਾਨ ਤੋਂ ਬਾਅਦ ਵਾਲਟ ਡਿਜ਼ਨੀ, ਵਾਰਨਰ ਬ੍ਰਦਰਜ਼ ਡਿਸਕਵਰੀ ਅਤੇ ਪੈਰਾਮਾਊਂਟ ਗਲੋਬਲ ਸਮੇਤ ਕਈ ਵੱਡੀਆਂ ਮੀਡੀਆ ਕੰਪਨੀਆਂ ਦੇ ਸ਼ੇਅਰਾਂ 'ਚ ਗਿਰਾਵਟ ਦਰਜ ਕੀਤੀ ਗਈ।

GOLDEN STATE REALITY
"Realtor You Can Trust" CRE Group Inc.
* ਘਰ ਜਾਂ ਕੋਈ ਵੀ ਹੋਰ ਕਾਮਰਸ਼ੀਅਲ ਪ੍ਰਾਪਰਟੀ ਖਰੀਦਣ ਲਈ ਸਾਡੇ ਨਾਲ ਸੰਪਰਕ ਕਰੋ:
ਫੋਨ:
916-612-5773
Sam Chahal MBA
Sohanpreet Singh
Realtor - Lic# 01504071
Contact for Real Estate and Mortgage Needs
P: 916-612-5773
E: Samchahal@hotmail.com

Raja Sweets & Catering — Authorized Caterer for Major 5-Star Hotels
Follow us on:
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Items Serving: All kinds of Sweets; Snacks & Food; Chaat & Tikki Stall; Pani Poori Stall; Bhel Poori / Pav Bhaji; Faloeda Kulfi
Catering Services: Wedding Ceremonies; Receptions; Birthday Parties; Religious Gatherings; Corporate Events; Picnics / Bar-b-que
Additional Services: Warmers; Chaffing Dishes; China & Silverware; Linen Rental; Waiters & Bartenders
Raja Sweets & Indian Cuisine — Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS
18 years of experience
Services
-We do Same day IRP Plates
-Truck Permits
-New company
-Truck ELD
-Trucking compliance
Rajinder Singh
159 D'Arcy Pkwy, Lathrop, CA 95330
Phone: 209 636 0880

# ਵਿਪਸਾਅ ਵੱਲੋਂ ਲਾਜ ਨੀਲਮ ਸੈਣੀ ਦੇ ਨਾਵਲ 'ਅਲਵਿਦਾ!... ਕਦੇ ਵੀ ਨਹੀਂ' ਉੱਪਰ ਸਾਹਿਤਕ ਸਮਾਗਮ

**ਹੇਵਰਡ (ਕੈਲੀਫ਼ੋਰਨੀਆ):** ਬੀਤੇ ਐਤਵਾਰ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਵਲੋਂ ਲੇਖਿਕਾ ਲਾਜ ਨੀਲਮ ਸੈਣੀ ਦੇ ਮੂਲਕ ਆਤਮ ਜੀਵਨੀ ਨਾਵਲ 'ਅਲਵਿਦਾ!... ਕਦੇ ਵੀ ਨਹੀਂ' ਉੱਪਰ ਕਰਵਾਇਆ ਗਿਆ ਸਾਹਿਤਕ ਸਮਾਗਮ ਸਫ਼ਲ ਰਿਹਾ। ਕੁਲਵਿੰਦਰ ਨੇ ਸਮਾਗਮ ਦੇ ਆਰੰਭ ਵਿਚ ਸਭ ਨੂੰ ਜੀ ਆਇਆਂ ਕਿਹਾ ਅਤੇ ਇਸ ਸਾਲ ਹੋਣ ਵਾਲੇ ਹੋਰ ਸਮਾਗਮਾਂ ਬਾਰੇ ਜਾਣਕਾਰੀ ਦਿੱਤੀ। ਹਾਜ਼ਰ ਸਾਹਿਤਕਾਰਾਂ ਨੇ ਪਿਛਲੇ ਦਿਨੀਂ ਵਿਛੋੜਾ ਦੇ ਗਏ ਗ਼ਜ਼ਲਕਾਰ ਨਦੀਮ ਪਰਮਾਰ, ਪਸ਼ੌਰਾ ਸਿੰਘ ਢਿੱਲੋਂ ਅਤੇ ਡਾ. ਹਰਜਿੰਦਰ ਸਿੰਘ ਅਟਵਾਲ ਅਤੇ ਪਹਿਲਗਾਮ ਵਿਚ ਮਾਰੇ ਗਏ ਨਿਰਦੋਸ਼ਾਂ ਨੂੰ ਕੁਝ ਪਲ ਮੌਨ ਰੱਖ ਕੇ ਸ਼ਰਧਾਂਜਲੀ ਭੇਟ ਕੀਤੀ। ਜਗਜੀਤ ਨੌਸ਼ਹਿਰਵੀ ਨੇ ਕਿਹਾ ਕਿ ਅਸੀਂ ਦੁਆ ਕਰਦੇ ਹਾਂ ਕਿ ਸਰਹੱਦ ਦੇ ਦੋਵੇਂ ਪਾਸੇ ਅਮਨ ਰਹੇ ਅਤੇ ਲੋਕ ਖੁਸ਼ਹਾਲ ਵੱਸਣ।

ਸੁਖਦੇਵ ਸਾਹਿਲ ਨੇ 'ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਦਾ ਗਾਇਨ ਕਰਕੇ ਹੋਣ ਜਾ ਰਹੀ ਸਾਹਿਤਕ ਵਿਚਾਰ ਚਰਚਾ ਲਈ ਸੰਜੀਦਾ ਮਾਹੌਲ ਤਿਆਰ ਕੀਤਾ।

ਸਮਾਗਮ ਦੀ ਪ੍ਰਧਾਨਗੀ ਸਰਬਜੀਤ ਸਿੰਘ ਗਿੱਲ, ਡਾ. ਸੁਖਵਿੰਦਰ ਕੰਬੋਜ, ਵਿਪਸਾਅ ਪ੍ਰਧਾਨ ਕੁਲਵਿੰਦਰ, ਲਾਜ ਨੀਲਮ ਸੈਣੀ, ਹਰਜਿੰਦਰ ਸਿੰਘ ਪੰਧੇਰ ਅਤੇ ਤਾਰਾ ਸਿੰਘ ਸਾਗਰ ਨੇ ਕੀਤੀ। ਲਾਜ ਨੀਲਮ ਨੇ ਕਿਤਾਬ ਦੀ ਪਿੱਠਭੂਮੀ, ਲਿਖਣ ਪ੍ਰੇਰਣਾ, ਅਤੇ ਪ੍ਰਕਿਰਿਆ ਬਾਰੇ ਆਪਣਾ ਪੱਖ ਸਰੋਤਿਆਂ ਸਾਹਮਣੇ ਰੱਖਿਆ। ਉਸਨੇ ਕਿਹਾ ਕਿ ਇਹ ਨਾਵਲ ਲਿਖਦਿਆਂ ਮੇਰਾ ਦਰਦ ਅੱਥਰੂ ਬਣ ਕੇ ਵਗਦਾ ਹੋਇਆ ਸ਼ਬਦਾਂ ਦਾ ਰੂਪ ਧਾਰਨ ਕਰ ਲੈਂਦਾ, ਲਾਜ ਅੱਖਰ-ਅੱਖਰ ਹੁੰਦਾ ਮੇਰੇ ਨਾਲ਼ ਤੁਰ ਪੈਂਦਾ, ਸ਼ਬਦ ਅੱਗੇ ਦੌੜਨ ਲੱਗਦੇ, ਮੈਂ ਪਿੱਛੇ ਰਹਿ ਜਾਂਦੀ। ਇਸ ਲਿਖਣ ਤਜਰਬੇ ਵਿਚੋਂ ਮੈਨੂੰ ਨਵੀਂ ਜੀਵਨ ਸ਼ਕਤੀ ਮਿਲੀ ਹੈ। ਪ੍ਰੋ. ਬਲਜਿੰਦਰ ਸਵੈਚ ਨੇ ਨਾਵਲ ਦਾ ਸਾਹਿਤਕ ਮੁਲਾਂਕਣ ਕਰਦਾ ਆਪਣਾ ਪਰਚਾ 'ਸਕਾਰਾਤਮਿਕ ਮਨੋ-ਸਥਿਤੀਆਂ ਦਾ ਬਿਰਤਾਂਤ - ਅਲਵਿਦਾ!... ਕਦੇ ਵੀ ਨਹੀਂ' ਪੜ੍ਹਿਆ। ਉਨ੍ਹਾਂ ਨੇ ਨਾਵਲ 'ਤੇ ਚਰਚਾ ਛੇੜਦਿਆਂ ਕਿਹਾ ਕਿ "ਇਸ ਨਾਵਲ ਦਾ ਬਿਰਤਾਂਤ ਲਗਾਤਾਰ ਮਨੁੱਖੀ ਜੀਵਨ ਦੇ ਸੱਚ ਤੇ ਉਸ ਦੇ ਦਾਰਸ਼ਨਿਕ ਅਧਾਰਾਂ ਨੂੰ ਇਕ ਦੂਜੇ ਵਿਚ ਵਿਉਂਤ ਕੇ ਪੇਸ਼ ਕਰਦਾ ਹੈ।

## ਸਾਹਿਤ ਪ੍ਰੇਮੀਆਂ ਵਲੋਂ ਕਿਤਾਬ ਨੂੰ ਮਿਲਿਆ ਭਰਵਾਂ ਹੁੰਗਾਰਾ

ਸਿਮਰਤੀਆਂ ਰਾਹੀਂ ਅਤੀਤ ਨੂੰ ਵਰਤਮਾਨ ਵਿਚ ਹਾਜ਼ਰ ਕਰ ਲੈਣਾ ਅਤੇ ਉਸ ਦੀ ਹਾਜ਼ਰੀ ਨਾਲ ਵਰਤਮਾਨ ਦੇ ਸੰਤਾਪ ਨੂੰ ਸਕਾਰਾਤਮਿਕ ਰੂਪ ਵਿਚ ਨਵੇਂ ਅਰਥ ਦੇਣਾ ਇਸ ਨਾਵਲ ਦੇ ਬਿਰਤਾਂਤ ਦੀ ਬਹੁਤ ਮਹੱਤਵਪੂਰਨ ਵਿਧੀ ਹੈ। ਔਰਤ ਨਾਵਲਕਾਰ ਹੋਣ ਦੇ ਬਾਵਜੂਦ ਨਾਰੀ ਵਾਦੀ ਦ੍ਰਿਸ਼ਟੀ ਦੇ ਬੋਝ ਤੋਂ ਮੁਕਤ ਹੋ



ਕੇ ਔਰਤ-ਮਰਦ ਦੇ ਮੋਹ ਵੰਨੇ ਰਿਸ਼ਤੇ ਦੀ ਬਰੀਕੀ ਨਾਲ ਪੇਸ਼ਕਾਰੀ ਅਤੇ ਘਰ ਪਰਿਵਾਰ ਤੇ ਸਵੈ ਦੇ ਸੰਤੁਲਿਤ ਰਿਸ਼ਤੇ ਨਾਵਲ ਦੇ ਬਿਰਤਾਂਤ ਦੀ ਖ਼ਾਸ ਰੰਗ ਪ੍ਰਦਾਨ ਕਰਦੇ ਹਨ।"

ਸੁਰਿੰਦਰ ਸੀਰਤ ਨੇ ਇਸ ਕਿਤਾਬ ਵਿਚਲੇ ਵਾਰਤਾਲਾਪ, ਵਿਸ਼ੇ ਅਤੇ ਭਾਸ਼ਾ ਨੂੰ ਸਰਾਹਿਆ। ਉਨ੍ਹਾਂ ਕਿਹਾ ਕਿ ਸਿਰਫ ਸੱਚ ਹੀ ਸਾਹਿਤ ਨਹੀਂ ਹੁੰਦਾ ਪਰ ਸੱਚ ਨੂੰ ਕਾਲਪਨਿਕ ਰੂਪ ਦੇ ਕੇ ਕਿਸੇ ਹੋਰ ਰੰਗ ਵਿਚ ਯਥਾਰਥ ਨੂੰ ਪੇਸ਼ ਕਰਨਾ ਸਾਹਿਤ ਹੈ। ਨੀਲਮ ਵਲੋਂ ਨਾਵਲ ਵਿਚਲੇ ਵਾਰਤਾਲਾਪ ਵਿਚ ਸਾਹਿਤ ਦਾ ਯਥਾਰਥ ਬੜੇ ਕਲਾਤਮਕ ਤਰੀਕੇ ਨਾਲ ਪੇਸ਼ ਕੀਤਾ। ਇਸ ਕਰਕੇ ਇਹ ਕਿਤਾਬ ਨੀਲਮ ਦੀ ਅਤੇ ਵਿਪਸਾਅ ਦੀ ਬਹੁਤ ਵੱਡੀ ਪ੍ਰਾਪਤੀ ਹੈ। ਉਨ੍ਹਾਂ ਇਸ ਖ਼ੂਬਸੂਰਤ ਰਚਨਾ ਲਈ ਲਾਜ ਨੀਲਮ ਨੂੰ ਵਧਾਈ ਦਿੱਤੀ। ਲਖਵਿੰਦਰ ਕੌਰ ਲੱਕੀ ਨੇ ਕਿਹਾ ਕਿ ਉਸ ਨੇ ਇਸ ਨਾਵਲ ਵਿਚਲੇ ਕਥਾਸਾਰ, ਪਾਤਰਾਂ ਅਤੇ ਪਿੱਠਭੂਮੀ ਨਾਲ ਬਹੁਤ ਆਈਡੈਂਟੀਫਾਈ ਕੀਤਾ ਹੈ ਅਤੇ ਨਾਵਲ ਪੜ੍ਹਦਿਆਂ ਬਹੁਤ ਵਾਰ ਭਾਵੁਕ ਹੋਈ ਹੈ। ਪ੍ਰਿੰ. ਹਰਿੰਦਰਪਾਲ ਕੌਰ ਸੰਧੂ ਨੇ ਲਾਜ ਨੀਲਮ ਵੱਲੋਂ ਅਮਰੀਕੀ ਸਮਾਜਕ ਸਥਿਤੀਆਂ ਦੇ ਮੱਦੇਨਜ਼ਰ ਪਰਿਵਾਰਕ ਇਕਾਈ (ਪਤੀ ਪਤਨੀ) ਅਤੇ ਰਿਸ਼ਤਿਆਂ ਦੀ ਪਾਕੀਜ਼ਗੀ ਦੇ ਹੱਕ ਵਿਚ ਖੜ੍ਹਨ ਲਈ ਨਾਵਲ ਦੀ ਪ੍ਰਸ਼ੰਸਾ ਕੀਤੀ। ਬਲਵਿੰਦਰ ਕੌਰ ਮੰਡ ਨੇ ਕਿਹਾ ਕਿ - ਨੀਲਮ ਨੇ ਬੜੇ ਸਲੀਕੇ ਨਾਲ਼ ਆਪਣੀ ਜ਼ਿੰਦਗੀ ਸਾਡੇ ਨਾਲ਼ ਸਾਂਝੀ ਕੀਤੀ ਹੈ। ਉਸ ਨੇ ਇਹ ਨਾਵਲ ਲਿਖ ਕੇ 'ਲਾਜ ਸੈਣੀ' ਨੂੰ ਰਹਿੰਦੀ ਦੁਨੀਆਂ ਤੱਕ ਅਮਰ ਕਰ ਦਿੱਤਾ ਹੈ। ਉਨ੍ਹਾਂ ਹਰ ਚੈਪਟਰ ਦੇ ਸ਼ੁਰੂ ਅਤੇ ਅੰਤ ਵਿਚ ਪਤੀ-ਪਤਨੀ ਵਿਚਾਲੇ ਹੋਏ ਵਾਰਤਾਲਾਪ ਦੀ ਵਿਧੀ ਨੇ ਨਾਵਲ ਨੂੰ ਹੋਰ ਵੀ ਦਿਲਚਸਪ ਬਣਾਇਆ ਹੈ। ਇਸ ਉੱਦਮ ਲਈ ਇਹ ਵਧਾਈ ਦੀ ਹੱਕਦਾਰ ਹੈ। ਅਮਰਜੀਤ ਕੌਰ ਪੰਨੂ ਨੇ ਕਿਹਾ ਕਿ ਨਾਵਲ ਪੜ੍ਹਦਿਆਂ ਕਈ ਵਾਰ ਘੋਰ ਉਦਾਸੀ ਅਤੇ ਕਦੇ ਖੁਸ਼ੀ ਦੇ ਭਾਵ ਮਹਿਸੂਸ ਹੋਏ ਹਨ, ਅੱਖਾਂ ਨੀਰੋ ਨੀਰ ਹੋ ਜਾਂਦੀਆਂ ਰਹੀਆਂ ਹਨ। ਨਾਵਲ ਵਿਚ ਮੈਟਾਫਰ ਅਤੇ ਰੂਪਾਂਤਰ ਤਕਨੀਕਾਂ ਬੜੇ ਸੋਹਜ ਨਾਲ ਵਰਤੀਆਂ ਹਨ।

ਸ਼ਾਇਰਾ ਸੁਰਜੀਤ ਸਖੀ ਨੇ ਕਿਹਾ ਕਿ ਲੇਖਿਕਾ ਦਾ ਸਵੈ-ਚਿੰਤਨ ਕਰਨਾ, ਸਾਹਿਤ ਦਾ ਆਸਰਾ ਲੈ ਕੇ 'ਲਾਜ' ਦੀਆਂ ਸਿਮਰਤੀਆਂ ਨਾਲ ਜੁੜਨਾ ਅਤੇ ਮਹਿਸੂਸ ਕਰਨਾ ਕਿ ਜੀਵਨ ਰੂਪੀ ਟ੍ਰੇਨ ਵਿਚ 'ਲਾਜ' ਮੁੜ ਕੇ ਉਸ ਨਾਲ਼ ਹੈ, ਜੀਵਨ ਲਈ ਇੱਕ ਸ਼ੁਭ ਸੰਕੇਤ ਹੈ, ਅਤੇ ਨੀਲਮ ਦੀ ਸਿਰਜਣ ਪ੍ਰਕਿਰਿਆ ਵੱਲ ਵਾਪਸੀ ਕਰਕੇ ਉਸਦਾ ਸਾਹਿਤ ਨਾਲ ਜੁੜਨਾ ਸਕਾਰਥ ਹੋ ਜਾਂਦਾ ਹੈ।

ਕਮਲਜੀਤ ਸਿੰਘ ਧਾਮੀ, ਚਰਨਜੀਤ ਸਿੰਘ ਪੰਨੂ, ਰਾਜਵਿੰਦਰ ਕੌਰ ਸਹੋਤਾ, ਜਗਤਾਰ ਗਿੱਲ, ਅਤੇ ਪ੍ਰਧਾਨਗੀ ਮੰਡਲ ਵਿਚ ਸ਼ਾਮਲ ਸਾਰੇ ਮੈਂਬਰਾਂ ਨੇ ਨਾਵਲ ਬਾਰੇ ਵਿਚਾਰ ਰੱਖੇ। ਸਟੇਜ ਸਕੱਤਰ ਜਗਜੀਤ ਨੌਸ਼ਹਿਰਵੀ ਨੇ ਗੁਰਜੰਟ ਰਾਜੇਆਣਾ ਅਤੇ ਪ੍ਰੋ. ਰਣਧੀਰ ਕੌਰ ਦੇ ਨਾਵਲ ਬਾਰੇ ਭੇਜੇ ਵਿਚਾਰ ਵੀ ਸਾਂਝੇ ਕੀਤੇ। ਸਰਬਜੀਤ ਸਿੰਘ ਗਿੱਲ ਨੇ ਕਿਹਾ ਕਿ ਪਰਵਾਸ ਕਰਨ ਵੇਲੇ ਦੇ ਹਾਲਾਤ ਬਾਰੇ ਨਾਵਲ ਪੜ੍ਹਦਿਆਂ ਉਨ੍ਹਾਂ ਨੂੰ ਕਈ ਹਿੱਸੇ ਆਪਣੇ ਜੀਵਨ ਨਾਲ ਮਿਲਦੇ ਲੱਗੇ। ਲਾਜ ਅਤੇ ਨੀਲਮ ਨਾਲ ਬਹੁਤ ਸਮਾਂ ਬਿਤਾਉਣ ਕਾਰਨ ਇਹ ਨਾਵਲ ਪੜ੍ਹਨਾ ਉਨ੍ਹਾਂ ਲਈ ਬਹੁਤ ਔਖਾ ਸੀ। ਡਾ. ਸੁਖਵਿੰਦਰ ਕੰਬੋਜ ਨੇ ਨਾਵਲ ਦੇ ਕਈ ਤਕਨੀਕੀ ਪੱਖਾਂ ਦਾ ਹਵਾਲਾ ਦਿੱਤਾ। ਨਾਵਲ ਦੇ ਅਸਲ ਜ਼ਿੰਦਗੀ ਦੇ ਨੇੜੇ ਰਹਿ ਕੇ ਯਥਾਰਥਵਾਦੀ ਪਹੁੰਚ ਅਪਣਾਉਣ ਲਈ ਲਾਜ ਨੀਲਮ ਸੈਣੀ ਦੀ ਸਰਾਹਣਾ ਕੀਤੀ।

ਅੰਤ ਵਿਚ ਕੁਲਵਿੰਦਰ ਨੇ ਨਾਵਲ ਦੇ ਦਾਰਸ਼ਨਿਕ ਪੱਖ ਬਾਰੇ ਗੱਲ ਕਰਦਿਆਂ ਪਿਆਰ, ਮੌਤ ਅਤੇ ਜ਼ਿੰਦਗੀ ਬਾਰੇ ਨਾਵਲ ਵਿਚੋਂ ਕੁਝ ਅੰਸ਼ਾਂ ਦੀ ਮਿਸਾਲ ਦੇ ਕੇ ਆਪਣੀ ਗੱਲ ਕਹੀ। ਨਾਵਲ ਦੇ ਹਰ ਚੈਪਟਰ ਦੇ ਸ਼ੁਰੂ ਅਤੇ ਅੰਤ ਵਿਚਲੇ ਵਾਰਤਾਲਾਪਾਂ ਵਿਚ ਉਭਰੇ ਕਈ ਦਾਰਸ਼ਨਿਕ ਤੱਤਾਂ ਦਾ ਜ਼ਿਕਰ ਕੀਤਾ। ਬਹੁਤ ਸਾਰੇ ਬੁਲਾਰਿਆਂ ਨੇ ਕਿਹਾ ਕਿ ਇਹ ਆਤਮ-ਕਥੀ (ਆਟੋਬਾਇਓਗ੍ਰਾਫੀਕਲ) ਨਾਵਲ ਦੀ ਤਕਨੀਕ ਹੋਰ ਵੀ ਕਠਿਨ ਹੈ ਅਤੇ ਲਾਜ ਨੀਲਮ ਸੈਣੀ ਨੇ ਇਸ ਵਿਧਾ ਨੂੰ ਖ਼ੂਬ ਨਿਭਾਇਆ ਹੈ। ਸਮੁੱਚੇ ਤੌਰ 'ਤੇ ਬੁਲਾਰਿਆਂ ਨੇ ਸਹਿਮਤੀ ਪ੍ਰਗਟ ਕੀਤੀ ਕਿ ਇਹ ਨਾਵਲ ਲਾਜ ਨੀਲਮ ਸੈਣੀ ਨੂੰ ਬਹੁਵਿਧਾਵੀ ਲੇਖਕ ਦੇ ਤੌਰ 'ਤੇ ਪ੍ਰਮਾਣਿਤ ਕਰਦਾ ਹੈ।

ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਵਲੋਂ ਲਾਜ ਨੀਲਮ ਸੈਣੀ ਨੂੰ ਵਿਪਸਾਅ ਸ਼ਾਲ ਭੇਟ ਕੀਤਾ ਗਿਆ। ਕਵੀ ਦਰਬਾਰ ਵਿਚ ਅਮਰਜੀਤ ਜੌਹਲ, ਸੁਰਜੀਤ ਸਖੀ, ਗੁਲਸ਼ਨ ਦਿਆਲ, ਲਖਵਿੰਦਰ ਕੌਰ ਲੱਕੀ ਅਤੇ ਅਮਰ ਸੂਫ਼ੀ ਨੇ ਆਪਣਾ ਕਲਾਮ ਸਾਂਝਾ ਕੀਤਾ।

ਸਮਾਗਮ ਵਿਚ ਪ੍ਰੋ. ਸੁਖਦੇਵ ਸਿੰਘ, ਵਿਜੇ ਸਿੰਘ, ਸਰਪੰਚ ਅਵਤਾਰ ਸਿੰਘ ਸੰਧੂ, ਹਰਨੇਕ ਸਿੰਘ, ਸੋਨੂੰ ਸਾਹਿਲ, ਜਸਵਿੰਦਰ ਸਿੰਘ, ਅਸ਼ੋਕ ਭੌਰਾ, ਸੋਨੀਆ ਧਾਮੀ, ਦਰਸ਼ਨ ਔਜਲਾ, ਅਭੀਤਾਬ ਸੈਣੀ, ਜੇਅ ਸੰਧੂ, ਰਬਿੰਦਰ ਬੇਦੀ, ਰਿੰਮੀ ਸੰਧੂ, ਮਨਜੀਤ ਪਲਾਹੀ, ਅਤੇ ਹੋਰ ਸਰੋਤਿਆਂ ਨੇ ਭਾਗ ਲਿਆ।

*-ਜਗਜੀਤ ਨੌਸ਼ਹਿਰਵੀ*
*(ਜਨਰਲ ਸਕੱਤਰ, ਵਿਪਸਾਅ)*
*ਫੋਨ: 510-676-1565*

# ਪੰਜਾਬੀ ਯੂਨੀਵਰਸਿਟੀ ਪ੍ਰੋਫੈਸਰਾਂ ਨੂੰ ਮਿਲਿਆ ਉੱਚ ਪੱਧਰੀ ਸਨਮਾਨ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ ਵਿਭਾਗ ਦੇ ਦੋ ਪ੍ਰੋਫੈਸਰਾਂ ਨੂੰ ਅੰਤਰਰਾਸ਼ਟਰੀ ਇੰਸਟੀਚਿਊਟ ਆਫ ਔਰਗੇਨਾਈਜ਼ਡ ਰਿਸਰਚ ਵੱਲੋਂ ਟੀਚਿੰਗ ਐਕਸੀਲੈਂਸ ਸਨਮਾਨ ਨਾਲ ਨਿਵਾਜਿਆ ਗਿਆ ਹੈ। ਡਾ. ਗੁਰਜੀਤ ਸਿੰਘ ਭੱਠਲ ਅਤੇ ਡਾ. ਬ੍ਰਹਮਲੀਨ ਕੌਰ ਸਿੱਧੂ ਨੂੰ ਹਾਲ ਹੀ ਵਿਚ ਆਯੋਜਿਤ ਸਾਲਾਨਾ 12ਵੇਂ ਰਿਸਰਚ ਸਨਮਾਨ ਸਮਾਰੋਹ ਦੌਰਾਨ ਇਹ ਸਨਮਾਨ ਦਿੱਤਾ ਗਿਆ।


ਡਾ. ਗੁਰਜੀਤ ਸਿੰਘ ਭੱਠਲ ਦੇ 105 ਤੋਂ ਵੱਧ ਪ੍ਰਕਾਸ਼ਨ ਹਨ, ਜਿਨ੍ਹਾਂ ਵਿਚ ਪੰਜ ਕਿਤਾਬਾਂ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਜਰਨਲਾਂ ਅਤੇ ਕਾਨਫਰੰਸਾਂ ਵਿਚ ਲਿਖੇ ਲੇਖ ਸ਼ਾਮਲ ਹਨ। ਉਨ੍ਹਾਂ ਦੀ ਮੌਜੂਦਾ ਰਿਸਰਚ ਦਾ ਖੇਤਰ ਕਲਾਊਡ ਕੰਪਿਊਟਿੰਗ, ਬਿਗ ਡਾਟਾ ਅਤੇ ਸੁਰੱਖਿਆ ਹੈ। ਉਨ੍ਹਾਂ ਦੇ ਨਾਮ ਦੋ ਪੇਟੈਂਟ ਵੀ ਦਰਜ ਹਨ।

ਡਾ. ਬ੍ਰਹਮਲੀਨ ਕੌਰ ਸਿਧੂ ਨੇ 85 ਤੋਂ ਵੱਧ ਪ੍ਰਕਾਸ਼ਨ ਕੀਤੇ ਹਨ, ਜਿਨ੍ਹਾਂ ਵਿਚ ਤਿੰਨ ਕਿਤਾਬਾਂ ਅਤੇ ਕਈ ਮਾਨਤਾ ਪ੍ਰਾਪਤ ਜਰਨਲਾਂ ਵਿਚ ਲਿਖੇ ਲੇਖ ਸ਼ਾਮਲ ਹਨ। ਉਨ੍ਹਾਂ ਦੀ ਰਿਸਰਚ ਆਰਟੀਫੀਸ਼ਲ ਇੰਟੈਲੀਜੈਂਸ ਅਤੇ ਮਸ਼ੀਨ ਲਰਨਿੰਗ ਖੇਤਰ ਵਿਚ ਹੈ। ਉਨ੍ਹਾਂ ਦੇ ਨਾਮ ਵੀ ਦੋ ਪੇਟੈਂਟ ਦਰਜ ਹਨ। ਵਿਭਾਗ ਦੇ ਮੁਖੀ ਪ੍ਰੋਫੈਸਰ ਹਿਮਾਂਸ਼ੂ ਅਗਰਵਾਲ ਨੇ ਇਨ੍ਹਾਂ ਦੀ ਇਸ ਕਾਮਯਾਬੀ ਉੱਤੇ ਖੁਸ਼ੀ ਪ੍ਰਗਟਾਉਂਦੇ ਹੋਏ ਦੱਸਿਆ ਕਿ ਇਹ ਉਪਲੱਬਧੀ ਨਾ ਸਿਰਫ ਵਿਦਿਆਰਥੀਆਂ ਲਈ ਪ੍ਰੇਰਣਾ ਦਾ ਸਰੋਤ ਹੈ, ਸਗੋਂ ਯੂਨੀਵਰਸਿਟੀ ਦੀ ਅਕਾਦਮਿਕ ਖ਼ਿਆਤੀ ਵਿਚ ਵੀ ਵਾਧਾ ਕਰਦੀ ਹੈ।


**Homeopathicvibes**

**Harminder Singh Gill**

Homeopathic Consultant and Practitioner



*D.H.M.S; B.C.I.H*

(Ex Homeopathic Medical officer Punjab Govt.)

**Now we have two locations:**

940 E. El Camino Real, Sunnyvale, CA 94087

39039 Paseo Padre Pkwy, Suite# 209 (upstairs), Fremont, CA 94538

We also do Virtual appointments for long distance patients.

**Ph: (408) 737-7100**

www.homeopathicvibes.com

*We sell and ship homeopathic remedies through out North America.*



**ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ**

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
- 3 Axle Alignment $199
- Trailer Alignment $150

**Grand Opening**
**Special Price for Truck Wash**

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

**Ph: 209.982.9996**
FAX: 209.982.9997
www.globalmultiservices.com info@globalmultiservices.com

**REPAIR SHOP**

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

**TEL: 209.547.9210**
FAX: 209.547.9211

**REGISTRATION SERVICES**

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

**TEL: 209.982.9996**
FAX: 209.982.9997

TBF THE BAINS FIRM



Manpreet S. Bains

Personal Injury and Wrongful Death Attorneys

Case Results*

$10 MILLION Motorcycle vs. Truck Collision


$8 MILLION Wrongful Death

$5.25 MILLION Traumatic Brain Injury

$1.1 MILLION Burn Injury

$1.1 MILLION Pedestrian vs. Motor Vehicle Collision

*Past Performance Not a Guarantee of Future Results



WILLIAM E. WEISS Of Counsel

Offices in San Francisco and Union City

No Fees Unless Recovery for Your Injuries is Made

CONTACT US AT:

Phone: (510) 474-0028 • E-mail: info@thebainsfirm.com

www.thebainsfirm.com

ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?

ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ

Gurdip Singh Sandhu DHMS, BAMS

HOMEOPATHIC NATURAL MEDICINES

When Tired of all Treatments, For any Disease, At any Age, Try Alternative Treatment

Homeopathic Natural Medicines Serving Since 1973



Gurdip Singh Sandhu

Homeopathic Ayurvedic Consultant/Physician Since 1973

DHMS-Gold medalist, Ex-Prof, Principal, & CMO Medical Colleges/Hospitals in India

Ph: (408) 687-1899

(925) 557-9093

Email: Homeomdicine@yahoo.com

Website: www.Homeopathyatoz.com

7021 Village Parkway, Dublin, CA 94568

Practice under provision of Act S8_577 State of CA



Balbir (Bill) Grewal

MORTGAGE LOAN OFFICER

NMLS# 353442

Corporate NMLS# 68434

AZ License# BK-0945946

Sistar Mortgage

A Nationwide Lender

Over 2 Decades of experience providing high level servicing for new and experienced borrowers!

Residential and Commercial Loans

Available In Most States!

Special loan programs for:

- Jumbo Loans
- Self Employed and with a work permit
- Business loans with or without property

(734) 330-8859

balbir.grewal@sistarmortgage.com

balbirgrewal.sistarmortgage.com

https://www.nmlsconsumeraccess.org

# Matrimonials

## ਲੜਕੇ ਦੀ ਲੋੜ ਹੈ

Looking for a USA Citizen match for Ramdasia Sikh girl, 1988 born, 5'9", divorcee and has one child living with. She belongs to Punjab (Ludhiana). She has completed her nursing associate in India, currently working in India. Please whatApp biodata and recent picture at 262-960-7366.

19-22

US citizen Nai girl 27, 5'6" is looking for a suitable match. She has done DMD (Doctor of Dental medicine) and never married. Seeking an educated and well settled boy in the USA. Preference to same caste. Please contact at: 937-776-6474

17-20

Jatt Sikh family seeking a suitable match for their USA citizen girl 30, 5'5". Girl is working as a Dentist. Entire family is in the USA. Seeking a Doctor or engineer match from the USA. Jatt Sikh should be preffered. Please contact us at: 773-679-5664

## ਲੜਕੀ ਦੀ ਲੋੜ ਹੈ

Ramgharia Sikh Turbaned boy 33, 5'8" , MEng Western University Canada, Working as Senior Software Engineer in Toronto Canada, Looking for a professionally qualified girl living in Canada or US. Email: dev.kirat@gmail.com Ph +1 (313) 718-0178

19-26

ਸੈਣੀ ਸਿੱਖ ਲੜਕਾ, ਉਮਰ 29 ਸਾਲ, ਕੱਦ 5'6" Bio Tech ਵਿਚ ਮਾਸਟਰਜ਼ ਕੀਤੀ ਹੋਈ ਅਤੇ Stannford University ਵਿਚ ਰਿਸਰਚ ਜੌਬ ਕਰਦੇ ਲੜਕੇ ਲਈ ਲੜਕੀ ਦੀ ਲੋੜ ਹੈ। ਸੈਣੀ ਪਰਿਵਾਰ ਨਾਲ ਸਬੰਧਤ ਲੜਕੀ ਨੂੰ ਪਹਿਲ ਦਿੱਤੀ ਜਾਵੇਗੀ। ਚਾਹਵਾਨ ਫੋਨ ਨੰਬਰ 510 557 6988 'ਤੇ ਸੰਪਰਕ ਕਰ ਸਕਦੇ ਹਨ।

18-21

Sikh Sunaar family from Ohio seeks a comparable match from USA (Student visa/H1B) for their 24, 5' 11", US Citizen (India born) Son. He has done Bachelors degree in Computer Science/Software Development & MBA. He is non-vegetarian and does not drink or smoke. No Sibling. Father is running Trucking and Gold Business. Caste no bar. Please contact us at Phone number 513-448-8599 or E-mail at Kanwal450@gmail.com.

18-21

Seeking an educated and professional match (American citizen or Permanent Resident) for a 1992-born Punjab boy (Ramdasia and others), 5'8". Education: B.Tech, MBA (IIT Delhi), MS in Business Analytics (University of Colorado). Currently working as a Business Analyst in Chicago, USA; H1B picked recently. Belongs to a well-educated and reputed family. Caste no bar. Please contact at +91-7589242016 (WhatsApp) and +1-7204996020.

17-20

Jatt Sikh family seeking a match for their son, born in America. He is 22 years old, 6ft tall and wears a Turban. He did study in computer science and working as a Software Engineer. He has property both in America and India. Seeking a nice girl that enjoys family and lives in USA. He has no siblings. Please contact us at: 206-208-4064 or E-Mail at gursikhjatt@gmail.com

16-19

Jatt Sikh Family seeking bride for their son, 25, 6'1" Amritdhari. Currently on work permit in Surrey, Canada. Working as electrician apprentice. Brother well settled in USA. Please contact us at: 847-660-9644

16-19

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.

Jatt Sikh SF Bay Area family seeking bride for their USA born Son 24, 5'10". Our Son wears a turban and keeps his hair. He has a BS and MS in Computer Science and is well settled in his profession. Beyond education, girl must have a joint family-oriented mindset with good moral family values. Please Contact ph: 510 861 6491 or email: pgrrealty@gmail.com

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:

847-359-0746

To Advertise In Punjab Times

Call: 847-359-0746

# ਲਾਰੈਂਸ ਇੰਟਰਵਿਊ ਮਾਮਲੇ ਵਿੱਚ ਹਾਈ ਕੋਰਟ ਵਲੋਂ ਸਰਕਾਰ ਨੂੰ ਨੋਟਿਸ



**ਚੰਡੀਗੜ੍ਹ:** ਪੰਜਾਬ ਪੁਲਿਸ ਦੇ ਕਾਂਸਟੇਬਲ ਸਿਮਰਨਜੀਤ ਸਿੰਘ ਅਤੇ ਚਾਰ ਹੋਰਾਂ ਨੇ ਆਪਣੇ ਪੌਲੀਗ੍ਰਾਫ ਟੈਸਟ ਦੇ ਹੁਕਮਾਂ ਨੂੰ ਲੈ ਕੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਹੈ। ਪਟੀਸ਼ਨਰਾਂ ਨੇ ਅਦਾਲਤ ਨੂੰ ਬੇਨਤੀ ਕੀਤੀ ਹੈ ਕਿ 29 ਅਪ੍ਰੈਲ, 2025 ਨੂੰ ਮੁਹਾਲੀ ਦੇ ਵਧੀਕ ਸੈਸ਼ਨ ਜੱਜ ਵਲੋਂ ਪਾਸ ਕੀਤੇ ਗਏ ਹੁਕਮ ਨੂੰ ਰੱਦ ਕੀਤਾ ਜਾਵੇ, ਜਿਸ 'ਚ ਪਟੀਸ਼ਨਰਾਂ ਵਿਰੁੱਧ ਪੌਲੀਗ੍ਰਾਫ ਟੈਸਟ ਦੀ ਮਨਜ਼ੂਰੀ ਨੂੰ ਬਰਕਰਾਰ ਰੱਖਿਆ ਗਿਆ ਸੀ। ਇਹ ਹੁਕਮ 16 ਅਪ੍ਰੈਲ, 2025 ਨੂੰ ਜੁਡੀਸ਼ੀਅਲ ਮੈਜਿਸਟ੍ਰੇਟ ਫ਼ਸਟ ਕਲਾਸ ਵਲੋਂ ਦਿੱਤੇ ਗਏ ਹੁਕਮ ਵਿਰੁੱਧ ਦਾਇਰ ਕੀਤੀ ਗਈ ਇਕ ਸੋਧ ਪਟੀਸ਼ਨ ਵਿਚ ਦਿੱਤਾ ਗਿਆ ਸੀ। ਪਟੀਸ਼ਨਕਰਤਾਵਾਂ ਦਾ ਕਹਿਣਾ ਹੈ ਕਿ ਉਨ੍ਹਾਂ ਵਿਰੁੱਧ ਦਿੱਤੇ ਗਏ ਬਿਆਨ ਜ਼ਬਰਦਸਤੀ ਅਤੇ ਦਬਾਅ ਹੇਠ ਪ੍ਰਾਪਤ ਕੀਤੇ ਗਏ ਸਨ ਅਤੇ ਹੇਠਲੀ ਅਦਾਲਤ ਨੇ ਬਿਨਾਂ ਕਿਸੇ ਕਾਨੂੰਨੀ ਜਾਇਜ਼ਤਾ ਦੇ ਪੌਲੀਗ੍ਰਾਫ ਟੈਸਟ ਦੀ ਇਸਤਗਾਸਾ ਪੱਖ ਦੀ ਮੰਗ ਨੂੰ ਸਵੀਕਾਰ ਕਰ ਲਿਆ। ਇਹ ਸੁਣਵਾਈ ਜਸਟਿਸ ਐਨ.ਐਸ ਸੇਖਾਵਤ ਦੀ ਅਦਾਲਤ ਵਿਚ ਹੋਈ, ਜਿੱਥੇ ਪਟੀਸ਼ਨਕਰਤਾਵਾਂ ਵਲੋਂ ਵਕੀਲ ਦਮਨਬੀਰ ਸਿੰਘ ਸੋਬਤੀ ਪੇਸ਼ ਹੋਏ। ਦਲੀਲਾਂ ਸੁਣਨ ਤੋਂ ਬਾਅਦ ਅਦਾਲਤ ਨੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ।

# ਪਾਕਿਸਤਾਨੀ ਔਰਤ ਨਾਲ ਨਿਕਾਹ ਕਰਨ ਵਾਲਾ ਜਵਾਨ ਬਰਖ਼ਾਸਤ




**ਨਵੀਂ ਦਿੱਲੀ:** ਸੀਆਰਪੀਐੱਫ ਨੇ ਪਾਕਿਸਤਾਨੀ ਔਰਤ ਨਾਲ ਵਿਆਹ ਕਰਵਾਉਣ ਵਾਲੇ ਜੰਮੂ-ਕਸ਼ਮੀਰ ਨਿਵਾਸੀ ਸੀਆਰਪੀਐੱਫ ਦੇ ਜਵਾਨ ਮੁਨੀਰ ਅਹਿਮਦ ਨੂੰ ਸ਼ਨੀਵਾਰ ਨੂੰ ਬਰਖਾਸਤ ਕਰ ਦਿੱਤਾ। ਸੀਆਰਪੀਐੱਫ ਨੇ ਰਾਸ਼ਟਰੀ ਸੁਰੱਖਿਆ ਲਈ ਖਤਰਾ ਦੱਸਦੇ ਹੋਏ ਇਹ ਕਾਰਵਾਈ ਕੀਤੀ ਹੈ। ਮੁਨੀਰ ਨੇ ਪਾਕਿਸਤਾਨੀ ਔਰਤ ਮੀਨਲ ਖਾਨ ਨਾਲ ਪਿਛਲੇ ਸਾਲ ਵੀਡੀਓ ਕਾਨਫਰੰਸਿੰਗ ਰਾਹੀਂ ਨਿਕਾਹ ਕੀਤਾ ਸੀ। ਦੋਸ਼ ਹੈ ਕਿ ਵੀਜ਼ਾ ਖਤਮ ਹੋਣ ਦੇ ਬਾਵਜੂਦ ਉਸ ਨੇ ਮੀਨਲ ਨੂੰ ਆਪਣੇ ਕੋਲ ਰੱਖੀ ਰੱਖਿਆ। ਜੰਮੂ ਦੇ ਘਰੋਟਾ ਦਾ ਨਿਵਾਸੀ ਮੁਨੀਰ ਅਹਿਮਦ ਸੀਆਰਪੀਐੱਫ ਦੀ 41ਵੀਂ ਬਟਾਲੀਅਨ 'ਚ ਤਾਇਨਾਤ ਸੀ।

# ਪੰਜਾਬ-ਹਰਿਆਣਾ ਵਿਵਾਦ 'ਚ ਹਿਮਾਚਲ ਵੀ ਕੁੱਦਿਆ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਵਿਚਾਲੇ ਚੱਲ ਰਹੇ ਪਾਣੀ ਦੇ ਵਿਵਾਦ 'ਚ ਹਿਮਾਚਲ ਸਰਕਾਰ ਵੀ ਕੁੱਦ ਗਈ ਹੈ। ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਕਿਹਾ ਹੈ ਕਿ ਜਿਹੜਾ ਪਾਣੀ ਹਿਮਾਚਲ ਤੋਂ ਆਉਂਦਾ ਹੈ, ਉਸ ਦੀ ਵਧੇਰੇ ਵੰਡ ਪੰਜਾਬ, ਹਰਿਆਣਾ ਤੇ ਰਾਜਸਥਾਨ 'ਚ ਹੁੰਦੀ ਹੈ। ਜਦੋਂ ਅਸੀਂ ਪਾਣੀ ਤੋਂ ਆਮਦਨ ਕਮਾਉਣ ਦੀ ਸੋਚੀ ਤਾਂ ਪੰਜਾਬ ਤੇ ਹਰਿਆਣਾ ਨੇ ਇਸ ਦਾ ਵਿਰੋਧ ਕੀਤਾ। ਡੈਮ 'ਚ ਹਿਮਾਚਲ ਦੇ ਲੋਕਾਂ ਦੀ ਜ਼ਮੀਨ ਗਈ ਹੈ। ਸਾਨੂੰ ਪਾਲਿਸੀ ਦੇ ਹਿਸਾਬ ਨਾਲ 12 ਫ਼ੀਸਦੀ ਰਾਇਲਟੀ ਮਿਲੇ।

# ਪਾਣੀ ਸੰਕਟ ਬਾਰੇ ਹਾਈ ਕੋਰਟ 'ਚ ਪਟੀਸ਼ਨ ਦਾਖ਼ਲ

ਹਰਿਆਣਾ ਲਈ ਭਾਖੜਾ ਤੋਂ ਪਾਣੀ ਛੱਡਣ ਲਈ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਇਕ ਪਟੀਸ਼ਨ ਦਾਖਲ ਕੀਤੀ ਗਈ ਹੈ। ਪੰਚਕੂਲਾ ਵਾਸੀ ਹਾਈ ਕੋਰਟ ਦੇ ਵਕੀਲ ਆਰਐੱਸ ਢੁੱਲ ਵਲੋਂ ਦਾਖਲ ਪਟੀਸ਼ਨ 'ਚ ਕੋਰਟ ਨੂੰ ਇਸ ਮਾਮਲੇ 'ਚ ਦਖਲ ਦੇਣ ਦੀ ਅਪੀਲ ਕੀਤੀ ਗਈ ਹੈ। ਪਟੀਸ਼ਨਰ ਨੇ ਕੋਰਟ ਨੂੰ ਅਪੀਲ ਕੀਤੀ ਹੈ ਕਿ ਉਹ ਇਕ ਮਨਾਹੀ ਵਰਗਾ ਆਦੇਸ਼ ਪਾਸ ਕਰੇ, ਜਿਸ ਤਹਿਤ ਪੰਜਾਬ ਸਰਕਾਰ ਨੂੰ ਹੁਕਮ ਦੇਵੇ ਕਿ ਉਹ ਭਾਖੜਾ ਹੈੱਡਵਰਕਸ 'ਤੇ ਤਾਇਨਾਤ ਪੁਲਿਸ ਦਸਤੇ ਤੁਰੰਤ ਹਟਾਏ।

# ਅਜੇ ਨਹੀਂ ਬਦਲੇਗਾ ਪੰਜਾਬ ਕਾਂਗਰਸ ਦਾ ਪ੍ਰਧਾਨ

**ਚੰਡੀਗੜ੍ਹ:** ਚੋਣਾਂ ਤੋਂ ਪਹਿਲਾਂ ਹੀ ਪੰਜਾਬ ਕਾਂਗਰਸ ਦੇ ਪ੍ਰਧਾਨ ਬਦਲਣ ਦੀਆਂ ਚਰਚਾਵਾਂ ਲਗਾਤਾਰ ਜਾਰੀ ਹਨ ਪਰ ਉੱਚ ਪੱਧਰੀ ਸੂਤਰਾਂ ਅਨੁਸਾਰ ਹੁਣ ਪੰਜਾਬ ਕਾਂਗਰਸ ਦਾ ਪ੍ਰਧਾਨ ਬਦਲਣ ਦੀਆਂ ਚਰਚਾਵਾਂ 'ਤੇ ਫ਼ਿਲਹਾਲ ਵਿਰਾਮ ਲੱਗ ਗਿਆ ਹੈ।

ਕਾਂਗਰਸ ਦੇ ਦਿੱਲੀ ਦਰਬਾਰ ਦੇ ਸੂਤਰਾਂ ਅਨੁਸਾਰ ਹਾਈਕਮਾਨ ਅਜੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਬਦਲਣ ਦੇ ਮੂਡ ਵਿਚ ਨਹੀਂ ਹੈ। ਦੱਸਿਆ ਜਾ ਰਿਹਾ ਹੈ ਕਿ ਕਾਂਗਰਸ ਹਾਈ ਕਮਾਨ ਨੇ ਮਨ ਬਣਾਇਆ ਹੈ ਕਿ ਅਜੇ ਪੰਜਾਬ ਕਾਂਗਰਸ ਪ੍ਰਧਾਨ ਨੂੰ ਬਦਲਿਆ ਨਹੀਂ ਜਾਵੇਗਾ।

ਪਿਛਲੇ ਲੰਮੇ ਸਮੇਂ ਤੋਂ ਪੰਜਾਬ ਕਾਂਗਰਸ ਪ੍ਰਧਾਨ ਦੇ ਅਹੁਦੇ ਦੀ ਦੌੜ 'ਚ ਸ਼ਾਮਿਲ ਕਈ ਆਗੂਆਂ ਨੂੰ ਇਸ ਨਾਲ ਝਟਕਾ ਲੱਗਿਆ ਹੈ। ਪਾਰਟੀ ਦੇ ਸੂਤਰ ਦੱਸਦੇ ਹਨ ਕਿ ਇਸ ਸੰਬੰਧੀ ਕਾਂਗਰਸ ਹਾਈ ਕਮਾਨ ਨੇ ਕਈ ਕੇਂਦਰੀ ਲੀਡਰਸ਼ਿਪ ਵਿਚਲੇ ਆਗੂਆਂ ਦੀ ਡਿਊਟੀ ਲਾ ਕੇ ਪੰਜਾਬ ਤੋਂ ਇਕ ਰਿਪੋਰਟ ਵੀ ਤਿਆਰ ਕਰਵਾਈ ਸੀ ਜਿਸ ਮਗਰੋਂ ਉਨ੍ਹਾਂ ਰਾਜਾ ਵੜਿੰਗ ਦੀਆਂ ਸਰਗਰਮੀਆਂ, ਕੰਮ ਕਰਨ ਦੇ ਤਰੀਕੇ ਤੇ ਗਤੀਵਿਧੀਆਂ ਤੋਂ ਸੰਤੁਸ਼ਟੀ ਜਤਾਈ ਹੈ। ਦੱਸਿਆ ਜਾ ਰਿਹਾ ਕਿ ਇਕ ਗੈਰ ਰਸਮੀ ਬੈਠਕ ਦੌਰਾਨ ਕਾਂਗਰਸ ਦੇ ਸੀਨੀਅਰ ਆਗੂ ਰਾਹੁਲ ਗਾਂਧੀ, ਪਾਰਟੀ ਪ੍ਰਧਾਨ ਮਲਿਕਾਰਜੁਨ ਖੜਗੇ ਅਤੇ ਪੰਜਾਬ ਕਾਂਗਰਸ ਦੇ ਇੰਚਾਰਜ ਭੁਪੇਸ਼ ਬਘੇਲ ਨੇ ਵੀ ਇਸ ਗੱਲ ਵਿਚ ਹਾਮੀ ਭਰੀ ਹੈ ਕਿ ਪੰਜਾਬ ਵਿਚ ਮੌਜੂਦਾ ਸਥਿਤੀ ਪਾਰਟੀ ਦੇ ਹੱਕ ਵਿਚ ਚੱਲ ਰਹੀ ਹੈ।



ਉੱਥ ਪਾਰਟੀ ਹਾਈ ਕਮਾਨ ਵਲੋਂ ਪੰਜਾਬ 'ਚੋਂ ਉਨ੍ਹਾਂ ਆਗੂਆਂ ਦੀ ਸੂਚੀ ਵੀ ਤਿਆਰ ਕਰਨ ਲਈ ਕਿਹਾ ਗਿਆ ਸੀ ਜਿਨ੍ਹਾਂ ਵਲੋਂ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਖਿਲਾਫ਼ ਲਗਾਤਾਰ ਬੋਲਿਆ ਜਾ ਰਿਹਾ ਹੈ, ਜਾ ਪੰਜਾਬ ' ਦੇ ਮੁੱਦਿਆਂ 'ਤੇ ਸਰਕਾਰ ਖ਼ਿਲਾਫ਼ ਮੋਰਚਾ ਖੋਲ੍ਹਿਆ ਹੋਇਆ ਹੈ, ਇਸ ਵਿਚ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਸਭ ਤੋਂ ਮੂਹਰੇ ਦੱਸੇ ਜਾ ਰਹੇ ਹਨ। ਜਿਸ ਦੇ ਚਲਦੇ ਕਾਂਗਰਸ ਹਾਈ ਕਮਾਨ ਨੇ ਇਨ੍ਹਾਂ ਦੋਨਾਂ ਆਗੂਆਂ ਵਿਚ ਆਪਣਾ ਭਰੋਸਾ ਜਿਤਾ ਕੇ ਇਨ੍ਹਾਂ ਦੀ ਪਿੱਠ ਵੀ ਥਾਪੜੀ ਹੈ।

# ਪਾਕਿਸਤਾਨੀ ਗੋਲ਼ੀਬਾਰੀ ਦਾ ਭਾਰਤ ਵਲੋਂ ਕਰਾਰਾ ਜਵਾਬ

**ਜੰਮੂ:** ਪਾਕਿਸਤਾਨੀ ਫੌਜ ਨੇ ਸ਼ਨੀਵਾਰ ਰਾਤ ਨੂੰ ਇਕ ਵਾਰ ਫਿਰ ਕੁਪਵਾੜਾ, ਬਾਰਾਮੂਲਾ ਅਤੇ ਰਾਜੌਰੀ-ਪੁੰਛ ਜ਼ਿਲ੍ਹਿਆਂ 'ਚ ਕੰਟ੍ਰੋਲ ਲਾਈਨ 'ਤੇ ਸਥਿਤ ਭਾਰਤ ਦੇ ਮੋਹਰੀ ਟਿਕਾਣਿਆਂ 'ਤੇ ਗੋਲੀਬਾਰੀ ਕੀਤੀ। ਭਾਰਤੀ ਫੌਜ ਨੇ ਵੀ ਇਸ ਦਾ ਕਰਾਰਾ ਜਵਾਬ ਦਿੱਤਾ। ਇਸ ਦੌਰਾਨ ਦੋਵਾਂ ਪਾਸਿਆਂ ਤੋਂ ਨੁਕਸਾਨ ਦੀ ਤੁਰੰਤ ਜਾਣਕਾਰੀ ਨਹੀਂ ਮਿਲ ਸਕੀ ਹੈ। ਇਸ ਦੌਰਾਨ ਪਾਕਿਸਤਾਨੀ ਗੋਲੀਬਾਰੀ ਨਾਲ ਸਰਹੱਦੀ ਇਲਾਕਿਆਂ 'ਚ ਤਣਾਅ ਵਿਚਾਲੇ ਕਿਸਾਨ ਆਪਣੀ ਫਸਲ ਨੂੰ ਤੇਜ਼ੀ ਨਾਲ ਕੱਟਣ 'ਚ ਲੱਗੇ ਹਨ। ਲੋਕਾਂ ਨੂੰ ਸਾਵਧਾਨ ਰਹਿਣ ਅਤੇ ਹੰਗਾਮੀ ਹਾਲਤ 'ਚ ਬੰਕਰਾਂ 'ਚ ਰਹਿਣ ਲਈ ਕਿਹਾ ਗਿਆ ਹੈ।

# ਰੂਸੀ ਵਿਦੇਸ਼ ਮੰਤਰੀ ਵਲੋਂ ਭਾਰਤ ਤੇ ਪਾਕਿ ਨੂੰ ਤਣਾਅ ਘਟਾਉਣ ਦੀ ਅਪੀਲ



**ਨਵੀਂ ਦਿੱਲੀ:** ਪਹਿਲਗਾਮ ਅੱਤਵਾਦੀ ਹਮਲੇ ਨੂੰ ਲੈ ਕੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਵਧ ਰਹੇ ਤਣਾਅ ਦੇ ਵਿਚਕਾਰ ਰੂਸੀ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨੇ ਆਪਣੇ ਭਾਰਤੀ ਹਮਰੁਤਬਾ ਐਸ. ਜੈਸ਼ੰਕਰ ਨਾਲ ਗੱਲ ਕੀਤੀ ਅਤੇ ਸ਼ਿਮਲਾ ਸਮਝੌਤੇ ਅਤੇ ਲਾਹੌਰ ਐਲਾਨਨਾਮੇ ਦੇ ਤਹਿਤ ਦੋਵਾਂ ਗੁਆਂਢੀਆਂ ਵਿਚਕਾਰ ਅਸਹਿਮਤੀਆਂ ਦਾ ਨਿਪਟਾਰਾ ਕਰਨ ਦੀ ਮੰਗ ਕੀਤੀ। ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨੇ ਆਪਣੇ ਰੂਸੀ ਹਮਰੁਤਬਾ ਸਰਗੇਈ ਲਾਵਰੋਵ ਨਾਲ ਗੱਲਬਾਤ ਦੌਰਾਨ ਕਿਹਾ ਕਿ ਪਹਿਲਗਾਮ ਅੱਤਵਾਦੀ ਹਮਲੇ ਦੇ ਦੋਸ਼ੀਆਂ, ਸਮਰਥਕਾਂ ਅਤੇ ਯੋਜਨਾਕਾਰਾਂ ਨੂੰ ਨਿਆਂ ਦੇ ਕਟਹਿਰੇ 'ਚ ਲਿਆਂਦਾ ਜਾਣਾ ਚਾਹੀਦਾ ਹੈ।

# ਗੁਰੂ ਨਾਨਕ ਸਪੋਰਟਸ ਕਲੱਬ ਸਨਵਾਕੀਨ ਅਤੇ ਕਰਮਨ ਵੱਲੋਂ ਬਾਸਕਟਬਾਲ ਟੂਰਨਾਮੈਂਟ

**ਫਰਿਜ਼ਨੋ:** ਗੁਰੂ ਨਾਨਕ ਸਪੋਰਟਸ ਕਲੱਬ ਸਨਵਾਕੀਨ ਅਤੇ ਕਰਮਨ ਵੱਲੋਂ ਹਰ ਸਾਲ ਦੀ ਤਰ੍ਹਾਂ ਸਾਲਾਨਾ ਬਾਸਕਟਬਾਲ ਟੂਰਨਾਮੈਂਟ ਕਰਮਨ ਹਾਈ ਸਕੂਲ ਵਿਚ ਕਰਵਾਇਆ ਗਿਆ। ਜਿੱਥੇ ਕੈਲੇਫੋਰਨੀਆ ਦੇ ਵੱਖ-ਵੱਖ ਸ਼ਹਿਰਾਂ ਤੋਂ ਬੱਚਿਆਂ ਦੀਆਂ ਟੀਮਾਂ ਨੇ ਹਿੱਸਾ ਲਿਆ। ਇਸ ਮੌਕੇ ਬੱਚਿਆਂ ਦੇ ਵੱਖ-ਵੱਖ ਉਮਰ ਗਰੁੱਪਾਂ ਵਿਚ ਖੇਡ ਦੇ ਸ਼ਾਨਦਾਰ ਮੁਕਾਬਲੇ ਕਰਵਾਏ ਗਏ। ਲੜਕਿਆਂ ਅਤੇ ਲੜਕੀਆਂ ਦੀਆਂ ਟੀਮਾਂ ਨੇ ਬਰਾਬਰ ਮੁਕਾਬਲੇ ਵਿਚ ਹਿੱਸਾ ਲਿਆ। ਬੱਚਿਆਂ ਵੱਲੋਂ ਖੇਡ ਦਾ ਬਹੁਤ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ। ਗੁਰੂ ਨਾਨਕ ਸਪੋਰਟਸ ਕਲੱਬ ਵੱਲੋਂ ਜੇਤੂ ਟੀਮਾਂ ਨੂੰ ਇਨਾਮ ਅਤੇ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਟੂਰਨਾਮੈਂਟ ਦੌਰਾਨ ਪ੍ਰਬੰਧਕਾਂ ਵੱਲੋਂ ਸਾਰਾ ਦਿਨ ਗੁਰੂ ਦੇ ਲੰਗਰ ਅਤੁੱਟ ਵਰਤੇ। ਇਸ ਮੌਕੇ ਹਾਜ਼ਰ ਦਰਸ਼ਕਾਂ ਨੇ ਖੇਡਾਂ ਦਾ ਪੂਰਾ ਅਨੰਦ ਮਾਣਿਆ। ਅੰਤ ਅਮਿੱਟ ਯਾਦਾਂ ਛੱਡਦਾ ਹੋਇਆ ਇਹ ਟੂਰਨਾਮੈਂਟ ਯਾਦਗਾਰੀ ਹੋ ਨਿੱਬੜਿਆ। ਸਮੁੱਚੇ ਪ੍ਰਬੰਧਾਂ ਅਤੇ ਟੂਰਨਾਮੈਂਟ ਦੀ ਸਫਲਤਾ ਲਈ ਸਮੂਹ ਪ੍ਰਬੰਧਕ ਕਮੇਟੀ ਵਧਾਈ ਦੇ ਪਾਤਰ ਹਨ। -ਕੁਲਵੰਤ ਧਾਲੀਆਂ/ ਨੀਟਾ ਮਾਛੀਕੇ





# ਜੀ.ਐੱਸ. ਟੀ. ਤੋਂ 2653 ਕਰੋੜ ਕਮਾਏ:ਚੀਮਾ

**ਚੰਡੀਗੜ੍ਹ:** ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਸੂਬਾ ਸਰਕਾਰ ਨੇ ਇਸ ਮਹੀਨੇ ਅਪ੍ਰੈਲ ਵਿਚ 2653.77 ਕਰੋੜ ਰੁਪਏ ਦੀ ਵਸਤੂਆਂ ਅਤੇ ਸੇਵਾਵਾਂ ਕਰ (ਜੀਐਸਟੀ) ਪ੍ਰਾਪਤੀ ਨਾਲ ਹੁਣ ਤੱਕ ਦਾ ਸਭ ਤੋਂ ਵੱਧ ਜੀਐੱਸਟੀ ਮਾਲੀਆ ਇਕੱਤਰ ਕਰਨ ਵਿਚ ਸਫਲਤਾ ਹਾਸਿਲ ਕੀਤੀ ਹੈ। ਉਨ੍ਹਾਂ ਕਿਹਾ ਕਿ ਅਪ੍ਰੈਲ 2025 ਦੇ ਜੀਐਸਟੀ ਮਾਲੀਏ ਵਿਚ ਅਪ੍ਰੈਲ 2024 ਦੇ ਮੁਕਾਬਲੇ 19.77 ਫੀਸਦੀ ਅਤੇ ਅਤੇ ਮਾਰਚ 2025 ਦੇ ਮੁਕਾਬਲੇ 30.84 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ। ਚੀਮਾ ਨੇ ਕਿਹਾ ਕਿ ਅਪ੍ਰੈਲ 2025 ਲਈ ਕੁੱਲ ਜੀਐੱਸਟੀ ਮਾਲੀਆ ਪ੍ਰਾਪਤੀ ਵਿਚ ਅਪ੍ਰੈਲ 2024 ਵਿਚ ਦਰਜ ਕੀਤੇ ਗਏ 2215.70 ਕਰੋੜ ਰੁਪਏ ਦੀ ਕੁੱਲ ਪ੍ਰਾਪਤੀ ਦੇ ਮੁਕਾਬਲੇ 438.07 ਕਰੋੜ ਰੁਪਏ ਦਾ ਵਾਧਾ ਹੋਇਆ, ਜਦੋਂਕਿ ਮਾਰਚ 2025 ਵਿਚ ਪ੍ਰਾਪਤ ਹੋਏ 2028.14 ਕਰੋੜ ਰੁਪਏ ਦੇ ਕੁੱਲ ਜੀਐੱਸਟੀ ਮਾਲੀਏ ਨਾਲੋਂ 625.63 ਕਰੋੜ ਰੁਪਏ ਦਾ ਵੱਡਾ ਵਾਧਾ ਦਰਜ ਕੀਤਾ ਗਿਆ। ਚੀਮਾ ਨੇ ਕਿਹਾ ਕਿ ਜੀਐਸਟੀ ਮਾਲੀਏ ਵਿਚ ਇਹ ਸ਼ਾਨਦਾਰ ਵਾਧਾ ਕਰ ਪ੍ਰਸ਼ਾਸਨ ਨੂੰ ਸੁਚਾਰੂ ਬਣਾਉਣ, ਪਾਲਣਾ ਵਧਾਉਣ ਅਤੇ ਇੱਕ ਅਨੁਕੂਲ ਵਪਾਰਕ ਮਾਹੌਲ ਨੂੰ ਉਤਸ਼ਾਹਿਤ ਕਰਨ ਲਈ ਸੂਬਾ ਸਰਕਾਰ ਦੀਆਂ ਸਰਗਰਮ ਕੋਸ਼ਿਸ਼ਾਂ ਦੇ ਸਕਾਰਾਤਮਕ ਪ੍ਰਭਾਵ ਨੂੰ ਦਰਸਾਉਂਦਾ ਹੈ। ਚੀਮਾ ਨੇ ਕਿਹਾ ਕਿ ਮਾਲੀਏ ਵਿਚ ਇਹ ਮਹੱਤਵਪੂਰਨ ਵਾਧਾ ਸੂਬੇ ਦੇ ਖ਼ਜ਼ਾਨੇ ਨੂੰ ਲੋੜੀਂਦਾ ਹੁਲਾਰਾ ਪ੍ਰਦਾਨ ਕਰੇਗਾ, ਜਿਸ ਨਾਲ ਸੂਬਾ ਸਰਕਾਰ ਬੁਨਿਆਦੀ ਢਾਂਚੇ ਦੇ ਵਿਕਾਸ, ਸਿੱਖਿਆ, ਸਿਹਤ ਸੰਭਾਲ ਅਤੇ ਸਮਾਜ ਭਲਾਈ ਪ੍ਰੋਗਰਾਮਾਂ ਵਰਗੇ ਮਹੱਤਵਪੂਰਨ ਖੇਤਰਾਂ ਵਿਚ ਹੋਰ ਨਿਵੇਸ਼ ਕਰ ਸਕੇਗੀ।



# ਭਾਰਤ ਨੇ ਪਾਕਿਸਤਾਨ ਤੋਂ ਦਰਾਮਦ ਉੱਪਰ ਲਾਈ ਰੋਕ-ਚਿੱਠੀ ਪੱਤਰ ਵੀ ਬੰਦ

**ਨਵੀਂ ਦਿੱਲੀ:** ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਸਿੰਧੂ ਜਲ ਸਮਝੌਤੇ ਨੂੰ ਰੋਕਣ ਨਾਲ ਸ਼ੁਰੂ ਕੀਤੇ ਗਏ ਰਣਨੀਤਿਕ ਕਦਮਾਂ ਤਹਿਤ ਸ਼ਨਿਚਰਵਾਰ ਨੂੰ ਪਾਕਿਸਤਾਨ 'ਤੇ ਤੀਹਰਾ ਵਾਰ ਕੀਤਾ ਗਿਆ ਹੈ। ਪਹਿਲੇ ਕਦਮ ਦੇ ਤਹਿਤ ਗੁਆਂਢੀ ਦੇਸ਼ ਤੋਂ ਹਰ ਕਿਸਮ ਦੀ ਦਰਾਮਦ ਬੰਦ ਕਰ ਦਿੱਤੀ ਗਈ ਹੈ। ਦੂਜੇ ਕਦਮ ਤਹਿਤ ਪਾਕਿ ਨਾਲ ਸਾਰੀਆਂ ਡਾਕ ਤੇ ਪਾਰਸਲ ਸੇਵਾਵਾਂ ਦਾ ਆਉਣਾ-ਜਾਣਾ ਰੋਕ ਦਿੱਤਾ ਗਿਆ ਹੈ। ਤੀਜੇ ਫੈਸਲੇ ਦੇ ਤਹਿਤ ਪਾਕਿ ਜਹਾਜ਼ ਹੁਣ ਭਾਰਤੀ ਬੰਦਰਗਾਹਾਂ 'ਤੇ ਦਾਖਲ ਨਹੀਂ ਹੋ ਸਕਣਗੇ।

ਓਧਰ, ਪਾਕਿਸਤਾਨ ਨੇ ਸ਼ਨਿਚਰਵਾਰ ਨੂੰ ਇਕ ਮਿਜ਼ਾਈਲ ਟੈਸਟ ਵੀ ਕੀਤਾ ਹੈ, ਜਿਸਨੂੰ ਮੌਜੂਦਾ ਤਣਾਅਪੂਰਨ ਸਥਿਤੀ ਵਿਚ ਭਾਰਤ ਨੇ ਭੜਕਾਉਣ ਵਾਲੀ ਗਤੀਵਿਧੀ ਦੱਸਿਆ ਹੈ।

ਵਿਦੇਸ਼ ਕਾਰੋਬਾਰ ਡਾਇਰੈਕਟਰ ਜਨਰਲ (ਡੀਜੀਐਫਟੀ) ਨੇ ਇਕ ਨੋਟੀਫਿਕੇਸ਼ਨ ਜਾਰੀ ਕਰ ਕੇ ਪਾਕਿਸਤਾਨ ਵਿਚ ਬਣੇ ਜਾਂ ਉਥੋਂ ਆਉਣ ਵਾਲੀਆਂ ਕਿਸੇ ਵੀ ਤਰ੍ਹਾਂ ਦੀਆਂ ਵਸਤੂਆਂ ਦੀ ਦਰਾਮਦ ਨੂੰ ਤੁਰੰਤ ਰੋਕ ਦਿੱਤਾ ਹੈ। ਕਿਸੇ ਹੋਰ ਦੇਸ਼ ਰਾਹੀਂ ਆਉਣ ਵਾਲੇ ਪਾਕਿਸਤਾਨੀ ਸਮਾਨ ਦੀ ਦਰਾਮਦ ਵੀ ਰੋਕ ਦਿੱਤੀ ਗਈ ਹੈ। ਨੋਟੀਫਿਕੇਸ਼ਨ 'ਚ ਕਿਹਾ ਗਿਆ ਹੈ ਕਿ ਪਾਕਿਸਤਾਨ ਤੋਂ ਸਿੱਧੇ ਜਾਂ ਪ੍ਰਤੱਖ ਤੌਰ 'ਤੇ ਕੀਤੀ ਜਾਣ ਵਾਲੀ ਕੋਈ ਵੀ ਦਰਾਮਦ, ਚਾਹੇ ਉਹ ਮੁਕਤ ਦਰਾਮਦ ਦੀ ਸੂਚੀ ਵਿਚ ਹੋ ਜਾਂ ਸ਼ਰਤਾਂ ਸਮੇਤ ਦਰਾਮਦ ਦੀ ਸੂਚੀ ਵਿਚ, ਉਸਨੂੰ ਤੁਰੰਤ ਰੋਕਿਆ ਜਾ ਰਿਹਾ ਹੈ। ਇਹ ਕਦਮ ਰਾਸ਼ਟਰੀ ਸੁਰੱਖਿਆ ਅਤੇ ਲੋਕ ਨੀਤੀ ਨੂੰ ਦੇਖਦੇ ਹੋਏ ਚੁੱਕਿਆ ਗਿਆ ਹੈ।



ਹਾਲਾਂਕਿ ਭਾਰਤ ਪਹਿਲਾਂ ਤੋਂ ਹੀ ਪਾਕਿਸਤਾਨ ਤੋਂ ਕੋਈ ਮਹੱਤਵਪੂਰਨ ਚੀਜ਼ ਦਰਾਮਦ ਨਹੀਂ ਕਰਦਾ। ਇਕ ਖਾਸ ਕਿਸਮ ਦਾ ਸੇਧਾ ਨਮਕ ਜ਼ਰੂਰ ਪਾਕਿਸਤਾਨ ਤੋਂ ਦਰਾਮਦ ਹੁੰਦਾ ਹੈ। ਸਾਲ 2019-20 ਤੋਂ ਪਹਿਲਾਂ ਭਾਰਤ ਪਾਕਿਸਤਾਨ ਤੋਂ ਸੂਤੀ ਕਪੜੇ, ਮਾਰਬਲ ਦਾ ਬਣਿਆ ਘਰੇਲੂ ਸਮਾਨ, ਕੁਝ ਖਾਸ ਕਿਸਮ ਦੇ ਮਸਾਲੇ ਆਦਿ ਦਰਾਮਦ ਕਰਦਾ ਸੀ ਪਰ ਹੁਣ ਉਹ ਵੀ ਬੰਦ ਹੈ। ਭਾਰਤ ਨੇ ਪੁਲਵਾਮਾ ਹਮਲੇ ਤੋਂ ਬਾਅਦ ਪਾਕਿਸਤਾਨੀ ਦਰਾਮਦ 'ਤੇ ਦੋ ਸੌ ਪ੍ਰਤੀਸ਼ਤ ਦਾ ਟੈਰਿਫ ਲਾ ਦਿੱਤਾ ਸੀ। ਭਾਰਤ ਪਾਕਿਸਤਾਨ ਤੋਂ ਸਿਰਫ ਪੰਜ ਲੱਖ ਡਾਲਰ ਦੇ ਸਮਾਨ ਦੀ ਦਰਾਦਮ ਕਰਦਾ ਹੈ ਜੋ ਹੁਣ ਘੱਟ ਕੇ ਸਿਫਰ ਹੋ ਜਾਵੇਗਾ। ਅਪ੍ਰੈਲ-ਜਨਵਰੀ 2024-25 ਦੌਰਾਨ ਭਾਰਤ ਦਾ ਪਾਕਿਸਤਾਨ ਨਾਲ ਵਪਾਰ 447.65 ਮਿਲੀਅਨ ਅਮਰੀਕੀ ਡਾਲਰ ਰਿਹਾ, ਜਦਕਿ ਦਰਾਮਦ ਸਿਰਫ 0.42 ਮਿਲੀਅਨ ਅਮਰੀਕੀ ਡਾਲਰ ਸੀ।

ਦੱਸਣ ਯੋਗ ਹੈ ਕਿ ਸਾਲ 2012-13 ਤੱਕ ਭਾਰਤ ਅਤੇ ਪਾਕਿਸਤਾਨ ਆਪਸੀ ਵਪਾਰ ਨੂੰ ਵਧਾਉਣ ਦੀ ਗੱਲ ਕਰ ਰਹੇ ਸਨ। ਉਦੋਂ ਭਾਰਤ ਸਰਕਾਰ ਨੇ ਪਾਕਿਸਤਾਨੀ ਉਤਪਾਦਾਂ ਦੀ ਦਰਾਮਦ 'ਤੇ ਲੱਗੀ ਪਾਬੰਦੀ ਨੂੰ ਖਤਮ ਕਰਨ ਦੀ ਗੱਲ ਕਹੀ ਸੀ। ਪਾਕਿਸਤਾਨ ਸਰਕਾਰ ਨੇ ਵੀ ਅਜਿਹਾ ਐਲਾਨ ਕੀਤਾ ਸੀ। ਅੱਤਵਾਦ ਨੂੰ ਪਾਕਿਸਤਾਨੀ ਮਦਦ ਦੀ ਵਜ੍ਹਾ ਨਾਲ ਹੁਣ ਦੋਵਾਂ ਦੇਸ਼ਾਂ ਦੇ ਵਿਚਕਾਰ ਵਪਾਰ ਘਟ ਕੇ ਜ਼ੀਰੋ ਹੋ ਜਾਵੇਗਾ। ਉੱਥੇ, ਡਾਕ ਵਿਭਾਗ ਨੇ ਇਕ ਲਾਈਨ ਦੀ ਸੂਚਨਾ ਵਿਚ ਦੱਸਿਆ ਹੈ ਕਿ ਭਾਰਤ ਸਰਕਾਰ ਨੇ ਇਹ ਫੈਸਲਾ ਕੀਤਾ ਹੈ ਕਿ ਪਾਕਿਸਤਾਨ ਤੋਂ ਜਹਾਜ਼ ਜਾਂ ਕਿਸੇ ਹੋਰ ਸਾਧਨ ਰਾਹੀਂ ਆਉਣ ਵਾਲੀਆਂ ਸਾਰੀਆਂ ਚਿੱਠੀਆਂ ਅਤੇ ਪਾਰਸਲਾਂ ਨੂੰ ਰੋਕਿਆ ਜਾ ਰਿਹਾ ਹੈ। ਦੂਰਸੰਚਾਰ ਦੇ ਦੌਰ ਵਿਚ ਪੱਤਰਾਂ ਦਾ 6 ਆਦਾਨ-ਪ੍ਰਦਾਨ ਤਾਂ ਕਾਫੀ ਘੱਟ ਹੋ ਗਿਆ । ਸੀ ਪਰ ਦੋਵਾਂ ਦੇਸ਼ਾਂ ਵਿਚਕਾਰ ਪਾਰਸਲਾਂ ਦਾ ਲੈਣ-ਦੇਣ ਨਿਸ਼ਚਿਤ ਤੌਰ 'ਤੇ ਸੀਮਿਤ ਮਾਤਰਾ ਵਿਚ ਹੁੰਦਾ ਸੀ। ਇਸ 'ਚ ਖਾਸ ਤੌਰ ਜੀ 'ਤੇ ਦੋਨਾਂ ਦੇਸ਼ਾਂ ਵਿਚ ਰਹਿੰਦੇ ਪਰਿਵਾਰ ਜਾਂ ਛ ਮਿੱਤਰ ਇਕ ਦੂਜੇ ਨੂੰ ਤੋਹਫ਼ੇ ਆਦਿ ਭੇਜਦੇ ਤ ਸਨ। ਭਾਰਤ ਨੇ ਜਦੋਂ ਅਗਸਤ, 2019 1 ਵਿਚ ਕਸ਼ਮੀਰ ਤੋਂ ਧਾਰਾ-370 ਖਤਮ ਕਰਨ ਦਾ ਫੈਸਲਾ ਕੀਤਾ ਸੀ, ਉਦੋਂ ਪਾਕਿਸਤਾਨ 15 ਨੇ ਭਾਰਤ ਤੋਂ ਆਉਣ ਵਾਲੇ ਪੱਤਰਾਂ ਅਤੇ ਲ ਪਾਰਸਲਾਂ 'ਤੇ ਰੋਕ ਲਾ ਦਿੱਤੀ ਸੀ। ਹਾਲਾਂਕਿ ਕੀ ਕੁਝ ਹੀ ਮਹੀਨਿਆਂ ਬਾਅਦ ਪੱਤਰਾਂ 'ਤੇ ਲੱਗੀ ਰੋਕ ਹਟਾ ਲਈ ਗਈ ਸੀ।

## ਹਵਾਈ ਖੇਤਰ ਮਗਰੋਂ ਹੁਣ ਬੰਦਰਗਾਹ ਵੀ ਬੰਦ

ਪਹਿਲਗਾਮ ਹਮਲੇ ਤੋਂ ਬਾਅਦ ਦੋਵੇ ਦੇਸ਼ ਇਕ-ਦੂਜੇ ਦੇ ਜਹਾਜ਼ਾਂ ਲਈ ਆਪਣਾ ਹਵਾਈ ਖੇਤਰ ਪਹਿਲਾਂ ਹੀ ਬੰਦ ਕਰ ਚੁੱਕੇ ਹਨ। ਭਾਰਤ ਨੇ ਹੁਣ ਪਾਕਿਸਤਾਨ ਫਲੈਗ ਵਾਲੇ ਕਿਸੇ ਵੀ ਜਹਾਜ਼ ਦੇ ਭਾਰਤੀ ਬੰਦਰਗਾਹਾਂ 'ਤੇ ਆਉਣ 'ਤੇ ਰੋਕ ਲਾ ਦਿੱਤੀ ਹੈ। ਨਾਲ ਹੀ ਭਾਰਤੀ ਜਹਾਜ਼ਾਂ ਨੂੰ ਵੀ ਪਾਕਿਸਤਾਨ ਬੰਦਰਗਾਹਾਂ ਦਾ ਇਸਤੇਮਾਲ ਕਰਨ ਤੋਂ ਰੋਕ ਦਿੱਤਾ ਗਿਆ ਹੈ।

# ਪਾਕਿਸਤਾਨ ਵਲੋਂ ਅਬਦਾਲੀ ਬੈਲਿਸਟਿਕ ਮਿਜ਼ਾਈਲ ਦਾ ਪ੍ਰੀਖਣ



**ਅੰਮ੍ਰਿਤਸਰ:** ਭਾਰਤ ਨਾਲ ਵਧਦੇ ਤਣਾਅ ਵਿਚਾਲੇ ਪਾਕਿਸਤਾਨ ਨੇ 450 ਕਿੱਲੋਮੀਟਰ ਦੀ ਰੇਂਜ ਵਾਲੀ ਸਤ੍ਹਾ ਤੋਂ ਸਤ੍ਹਾ 'ਤੇ ਮਾਰ ਕਰਨ ਵਾਲੀ ਬੈਲਿਸਟਿਕ ਮਿਜ਼ਾਈਲ ਦਾ ਸਫਲ ਕਰਨ ਦਾ ਦਾਅਵਾ ਕੀਤਾ। ਇਸ ਬੈਲਿਸਟਿਕ ਮਿਜ਼ਾਈਲ ਦਾ ਨਾਂਅ ਅਬਦਾਲੀ ਹੈ, ਜਿਸ ਦਾ ਪਾਕਿਸਤਾਨ ਵਲੋਂ ਸੋਨਮਿਆਨੀ ਰੇਂਜ 'ਚ ਪ੍ਰੀਖਣ ਕੀਤਾ ਗਿਆ। ਮੰਨਿਆ ਜਾ ਰਿਹਾ ਹੈ ਕਿ ਇਹ ਪ੍ਰੀਖਣ ਆਰਮੀ ਸਟੈਟੇਜਿਕ ਫੋਰਸਿਜ਼ ਕਮਾਂਡ ਅਧੀਨ ਕੀਤੇ ਗਏ ਕਾਰਜਸ਼ੀਲ ਉਪਭੋਗਤਾ ਪ੍ਰੀਖਣਾਂ ਦਾ ਹਿੱਸਾ ਸੀ, ਜੋ ਪਾਕਿ ਦੇ ਪ੍ਰਮਾਣੂ-ਸਮਰੱਥ ਮਿਜ਼ਾਈਲ ਬਲਾਂ ਦੀ ਨਿਗਰਾਨੀ ਕਰਦਾ ਹੈ। ਪਾਕਿ ਮੀਡੀਆ ਰਿਪੋਰਟਾਂ ਅਨੁਸਾਰ ਅਬਦਾਲੀ ਵੈਪਨ ਸਿਸਟਮ ਵਜੋਂ ਜਾਣੀ ਜਾਂਦੀ ਇਸ ਮਿਜ਼ਾਈਲ ਦਾ ਪ੍ਰੀਖਣ ਫ਼ੌਜੀ ਅਭਿਆਸ 'ਐਕਸਰਸਾਈਜ਼ ਇੰਡਸ' ਤਹਿਤ ਕੀਤਾ ਗਿਆ ਹੈ। ਇਸ ਪ੍ਰੀਖਣ ਦੌਰਾਨ ਪਾਕਿਸਤਾਨੀ ਫ਼ੌਜ ਦੇ ਰਣਨੀਤਕ ਫੋਰਸ ਕਮਾਂਡ ਦੇ ਕਮਾਂਡਰ ਲੈਫ਼ਟੀਨੈਂਟ ਜਨਰਲ ਮੁਹੰਮਦ ਸ਼ਾਹਬਾਜ਼ ਖ਼ਾਨ ਅਤੇ ਰਣਨੀਤਕ ਯੋਜਨਾਵਾਂ ਡਿਵੀਜ਼ਨ ਦੇ ਡੀ. ਜੀ. ਮੇਜਰ ਜਨਰਲ ਸ਼ਹਰਯਾਰ ਪਰਵੇਜ਼ ਬੱਟ ਵੀ ਮੌਜੂਦ ਸਨ। ਪਾਕਿਸਤਾਨੀ ਫ਼ੌਜ ਦੇ ਮੀਡੀਆ ਵਿੰਗ ਇੰਟਰ-ਸਰਵਿਸਿਜ਼ ਪਬਲਿਕ ਰਿਲੇਸ਼ਨਜ਼ ਨੇ ਇਕ ਬਿਆਨ 'ਚ ਕਿਹਾ ਕਿ ਮਿਜ਼ਾਈਲ ਪ੍ਰੀਖਣ ਦਾ ਉਦੇਸ਼ ਫ਼ੌਜ ਦੀ ਲੜਾਈ ਦੀ ਤਿਆਰੀ ਨੂੰ ਯਕੀਨੀ ਬਣਾਉਣਾ ਅਤੇ ਮਿਜ਼ਾਈਲ ਦੇ ਆਧੁਨਿਕ ਨੈਵੀਗੇਸ਼ਨ ਸਿਸਟਮ ਸਮੇਤ ਮੁੱਖ ਤਕਨੀਕੀ ਮਾਪਦੰਡਾਂ ਦੀ ਜਾਂਚ ਕਰਨਾ ਸੀ। ਗਲੋਬਲ ਫਾਇਰ ਪਾਵਰ ਰੈਂਕਿੰਗ ਅਨੁਸਾਰ ਭਾਰਤ ਫ਼ੌਜੀ ਸ਼ਕਤੀ ਅਤੇ ਹਥਿਆਰ ਪ੍ਰਣਾਲੀ ਦੇ ਮਾਮਲੇ 'ਚ ਦੁਨੀਆ ਦੇ 145 ਦੇਸ਼ਾਂ 'ਚੋਂ ਚੌਥੇ ਸਥਾਨ 'ਤੇ ਅਤੇ ਪਾਕਿਸਤਾਨ 12ਵੇਂ ਸਥਾਨ 'ਤੇ ਹੈ।

# ਬਰਤਾਨੀਆ ਵਿੱਚ ਬਦਲ ਰਹੀ ਹੈ ਰਵਾਇਤੀ ਸਿਆਸੀ ਹਵਾ




**ਲੰਡਨ:** ਜਦੋਂ ਰਿਵਾਇਤੀ ਪਾਰਟੀਆਂ ਲੋਕਾਂ ਦੀ ਨਬਜ਼ ਨੂੰ ਪਹਿਚਾਨਣਾ ਛੱਡ ਦੇਣ ਤਾਂ ਲੋਕ ਆਪਣੇ-ਆਪ ਨਵੇਂ ਰਸਤੇ ਲੱਭਣੇ ਸ਼ੁਰੂ ਕਰ ਦਿੰਦੇ ਹਨ। ਅਜਿਹਾ ਹੀ ਇੰਗਲੈਂਡ ਵਿੱਚ ਹੁੰਦਾ ਨਜ਼ਰ ਆ ਰਿਹਾ ਹੈ। ਇਥੇ ਹੋਈਆਂ ਸਥਾਨਕ ਚੋਣਾਂ ਵਿਚ ਰੀਫੌਰਮ ਯੂ. ਕੇ. ਪਾਰਟੀ ਨੂੰ ਸਭ ਤੋਂ ਵੱਧ ਲੋਕਾਂ ਨੇ ਪਸੰਦ ਕੀਤਾ ਹੈ, ਜਿਸ ਦੇ 677 ਕੌਂਸਲਰਾਂ ਨੇ ਜਿੱਤ ਪ੍ਰਾਪਤ ਕੀਤੀ ਹੈ ਤੇ ਪਹਿਲੀ ਵਾਰ ਪਾਰਟੀ ਨੇ 10 ਕੌਂਸਲਾਂ 'ਤੇ ਕਬਜ਼ਾ ਕੀਤਾ ਹੈ। ਦੂਜੇ ਨੰਬਰ 'ਤੇ ਰਹੀ ਲਿਬਰਲ ਡੈਮੋਕ੍ਰੇਟਿਕ ਪਾਰਟੀ ਨੇ 3 ਕੌਂਸਲਾਂ 'ਤੇ ਜਿੱਤ ਪ੍ਰਾਪਤ ਕੀਤੀ ਹੈ ਤੇ ਕੁੱਲ੍ਹ 370 ਕੌਂਸਲਰ ਜਿੱਤੇ ਹਨ, ਜਿਸ ਨੂੰ 3 ਕੌਂਸਲਾਂ ਤੇ 163 ਕੌਂਸਲਰ ਸੀਟਾਂ ਦਾ ਫਾਈਦਾ ਹੋਇਆ ਹੈ। ਬਰਤਾਨੀਆਂ ਦੀ ਵਿਰੋਧੀ ਧਿਰ ਕੰਜ਼ਰਵੇਟਿਵ ਪਾਰਟੀ ਦੇ ਸਿਰਫ 319 ਕੌਂਸਲਰ ਸੀਟਾਂ 'ਤੇ ਜਿੱਤ ਦਰਜ ਕੀਤੀ ਹੈ, ਜਿਸ ਨੂੰ ਇਨ੍ਹਾਂ ਚੋਣਾਂ ਵਿਚ ਸਭ ਤੋਂ ਵੱਧ ਨੁਕਸਾਨ ਹੋਇਆ ਹੈ, ਉਸਨੂੰ 674 ਕੌਂਸਲਰ ਸੀਟਾਂ 'ਤੇ ਹਾਰ ਦਾ ਸਾਹਮਣਾ ਕਰਨਾ ਪਿਆ, ਇੱਕ ਵੀ ਕੌਂਸਲ 'ਤੇ ਕਬਜ਼ਾ ਨਹੀਂ ਕਰ ਸਕੀ ਤੇ 16 ਕੌਂਸਲਾਂ ਦਾ ਕਬਜ਼ਾ ਹੱਥੋਂ ਛੁੱਟ ਗਿਆ ਹੈ। ਇਸੇ ਤਰ੍ਹਾਂ ਸੱਤਾਧਾਰੀ ਪਾਰਟੀ ਲੇਬਰ ਪਾਰਟੀ ਨੂੰ ਇੱਕ ਕੌਂਸਲ ਤੋਂ ਪਿੱਛੇ ਹਟਣਾ ਪਿਆ ਹੈ। ਇੰਡੀਪੈਂਡੈਂਟ ਪਾਰਟੀ ਨੂੰ 88 ਸੀਟਾਂ ਤੋਂ ਜਿੱਤ ਪ੍ਰਾਪਤ ਤੇ 11 ਸੀਟਾਂ ਦਾ ਨੁਕਸਾਨ ਹੋਇਆ ਹੈ। ਗਰੀਨ ਪਾਰਟੀ ਨੇ 79 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ ਹੈ ਤੇ 44 ਸੀਟਾਂ ਦਾ ਲਾਭ ਹੋਇਆ ਹੈ। ਇੰਗਲੈਂਡ ਦੀ ਸਿਆਸਤ ਵਿਚ ਆ ਰਹੀ ਤਬਦੀਲੀ ਅਗਲੇ ਸਾਲਾਂ ਲਈ ਨਵੀਂ ਰੂਪ ਰੇਖਾ ਤਿਆਰ ਕਰਦੀ ਨਜ਼ਰ ਆ ਰਹੀ ਹੈ। ਰੀਫੋਰਮ ਯੂ.ਕੇ. ਦੇ ਲੂਕ ਕੈਮਬੈੱਲ ਨੇ ਹੁੱਲ ਐਂਡ ਈਸਟ ਯੌਰਕਸ਼ਾਇਰ ਤੋਂ ਅਤੇ ਐਂਡਰੇਆ ਜੈਨਕਿਨਸ ਨੇ ਗ੍ਰੇਟਰ ਲਿੰਕੋਲਨਸ਼ਾਇਰ ਤੋਂ ਚੋਣ ਜਿੱਤੀ ਹੈ। ਇਸ ਤੋਂ ਇਲਾਵਾ ਰਨਕੌਰਨ ਐਂਡ ਹੈਲਸਬੇਅ ਹਲਕੇ ਤੋਂ ਸਾਰਾਹ ਪੋਚਿਨ ਸੰਸਦ ਮੈਂਬਰ ਚੁਣੀ ਗਈ ਹੈ। ਰਿਫੌਰਮ ਯੂ.ਕੇ. ਦੇ ਆਗੂ ਪ੍ਰਭਦੀਪ ਸਿੰਘ ਨੇ ਕਿਹਾ ਕਿ ਇੰਗਲੈਂਡ ਦੇ ਲੋਕ ਰਿਵਾਇਤੀ ਪਾਰਟੀਆਂ ਤੋਂ ਅੱਕ ਚੁੱਕੇ ਹਨ ਤੇ ਭਵਿੱਖ ਵਿਚ ਬਹੁਤ ਕੁਝ ਬਦਲਣ ਜਾ ਰਿਹਾ ਹੈ।

# ਆਸਟ੍ਰੇਲੀਆ ਵਿੱਚ ਫੇਰ ਜਿੱਤੀ ਲੇਬਰ ਪਾਰਟੀ

**ਮੈਲਬੋਰਨ:** ਆਸਟਰੇਲੀਆ ਵਿੱਚ ਲੇਬਰ ਪਾਰਟੀ ਆਮ ਚੋਣਾਂ 'ਚ ਜਿੱਤ ਹਾਸਲ ਕਰਕੇ ਦੂਜੀ ਵਾਰ ਸਰਕਾਰ ਬਣਾਏਗੀ। ਲੇਬਰ ਪਾਰਟੀ ਦੇ ਐਂਥਨੀ ਅਲਬਨੀਜ਼ ਦੂਜੀ ਵਾਰ ਪ੍ਰਧਾਨ ਮੰਤਰੀ ਬਣਨਗੇ। ਲਿਬਰਲ ਗੱਠਜੋੜ ਦੀ ਅਗਵਾਈ ਕਰ




ਰਹੇ ਸੱਜੇ ਪੱਖੀ ਆਗੂ ਪੀਟਰ ਡਟਨ ਆਪਣੀ ਸੀਟ ਹਾਰ ਗਏ ਹਨ। ਲੇਬਰ ਪਾਰਟੀ ਨੇ ਸੰਸਦ ਦੀਆਂ ਕੁੱਲ 150 ਸੀਟਾਂ 'ਚੋਂ 78 'ਤੇ ਜਿੱਤ ਹਾਸਲ ਕਰ ਲਈ ਹੈ, ਜਦਕਿ ਬਹੁਮਤ ਲਈ 76 ਸੀਟਾਂ ਦੀ ਲੋੜ ਸੀ। ਵੱਖ ਵੱਖ ਪਾਰਟੀਆਂ ਤੋਂ ਚੋਣ ਲੜਨ ਵਾਲੇ ਪੰਜਾਬੀ ਮੂਲ ਦੇ ਉਮੀਦਵਾਰ ਕਿਸੇ ਵੀ ਸੀਟ 'ਤੇ ਆਪਣੀ ਜਿੱਤ ਦਰਜ ਨਹੀਂ ਕਰਵਾ ਸਕੇ। ਅਲਬਨੀਜ਼ ਸਾਲ 2004 ਵਿੱਚ ਲਿਬਰਲ-ਨੈਸ਼ਨਲ ਗੱਠਜੋੜ ਦੇ ਤਤਕਾਲੀ ਪ੍ਰਧਾਨ ਮੰਤਰੀ ਜੌਨ ਹਾਵਰਡ ਤੋਂ ਬਾਅਦ ਦੂਜੀ ਵਾਰ ਸਰਕਾਰ ਬਣਾਉਣ ਵਾਲੇ ਪਹਿਲੇਪ੍ਰਧਾਨ ਮੰਤਰੀ ਬਣ ਗਏ ਹਨ। ਮਾਹਿਰਾਂ ਮੁਤਾਬਕ ਮੁਲਕ 'ਚ ਮਹਿੰਗਾਈ ਅਤੇ ਕੌਮਾਂਤਰੀ ਪੱਧਰ 'ਤੇ ਬਦਲੇ ਸਿਆਸੀ ਹਾਲਾਤ ਦੇ ਚਲਦਿਆਂ ਲੋਕਾਂ ਨੇ ਲੇਬਰ ਪਾਰਟੀ ਨੂੰ ਮੁੜ ਮੌਕਾ ਦਿੱਤਾ ਹੈ। ਚੋਣ ਪ੍ਰਚਾਰ ਦੌਰਾਨ ਲਿਬਰਲ ਪਾਰਟੀ ਲੋਕਾਂ ਨੂੰ ਮਹਿੰਗਾਈ ਤੋਂ ਰਾਹਤ ਦੇਣ ਲਈ ਚੁੱਕੇ ਜਾਣ ਵਾਲੇ ਠੋਸ ਕਦਮਾਂ ਬਾਰੇ ਦੱਸਣ ਅਤੇ ਬਹੁਗਿਣਤੀ ਨੂੰ ਮੰਨਣਯੋਗ ਭਰੋਸਾ ਦੇਣ ਤੋਂ ਕਮਜ਼ੋਰ ਰਹੀ। ਲੇਬਰ ਪਾਰਟੀ ਵੱਲੋਂ ਐਂਥਨੀ ਅਲਬਨੀਜ਼ ਆਪਣੀ ਪ੍ਰਚਾਰ ਮੁਹਿੰਮ ਦੌਰਾਨ ਸਹੂਲਤਾਂ ਜਾਰੀ ਰੱਖਣਲਈ ਲੋਕਾਂ ਤੋਂ ਦੂਜੀ ਵਾਰ ਸਰਕਾਰ ਬਣਾਉਣ ਦੀ ਮੰਗ ਕਰਦੇ ਆ ਰਹੇ ਸਨ। ਲੇਬਰ ਪਾਰਟੀ ਨੇ ਮੁੱਢਲੀਆਂ ਸਿਹਤ ਸਹੂਲਤਾਂ ਅਤੇ ਮਹਿੰਗਾਈ ਦੀ ਮਾਰ ਝੱਲ ਰਹੇ ਆਮ ਲੋਕਾਂ ਲਈ ਟੈਕਸ ਰਾਹਤ ਦੇ ਐਲਾਨ ਕੀਤੇ ਸਨ। ਲਿਬਰਲ ਪਾਰਟੀ ਵੱਲੋਂ ਮੁਲਕ ਦੇ ਅਰਥਚਾਰੇ ਦੀ ਮਜ਼ਬੂਤੀ ਲਈ ਕਟੌਤੀਆਂ ਵਰਗੇ ਐਲਾਨ ਲੋਕਾਂ ਨੂੰ ਪ੍ਰਭਾਵਿਤ ਕਰਨ 'ਚ ਨਾਕਾਮ ਰਹੇ।

## ਮੋਦੀ ਨੇ ਐਲਬਨੀਜ਼ ਨੂੰ ਵਧਾਈ ਦਿੱਤੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਮ ਚੋਣਾਂ 'ਚ ਮੁੜ ਜਿੱਤ ਹਾਸਲ ਕਰਨ ਲਈ ਆਸਟਰੇਲੀਆ ਦੇ ਪ੍ਰਧਾਨ ਮੰਤਰੀ ਐਥਨੀ ਅਲਬਨੀਜ਼ ਨੂੰ ਵਧਾਈ ਦਿੱਤੀ ਹੈ। ਮੋਦੀ ਨੇ 'ਐੱਕਸ' 'ਤੇ ਕਿਹਾ ਕਿ ਚੋਣ ਫ਼ਤਵੇ ਤੋਂ ਸਪੱਸ਼ਟ ਹੈ ਕਿ ਆਸਟਰੇਲਿਆਈ ਲੋਕਾਂ ਨੇ ਐਲਬਨੀਜ਼ ਦੀ ਅਗਵਾਈ 'ਚ ਭਰੋਸਾ ਜ਼ਾਹਰ ਕੀਤਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਉਹ ਭਾਰਤ-ਆਸਟਰੇਲੀਆ ਵਿਆਪਕ ਰਣਨੀਤਕ ਭਾਈਵਾਲੀ ਨੂੰ ਹੋਰ ਗੂੜ੍ਹਾ ਕਰਨ ਲਈ ਰਲ ਕੇ ਕੰਮ ਕਰਨਗੇ। ਇਸ ਦੇ ਨਾਲ ਹਿੰਦ-ਪ੍ਰਸ਼ਾਂਤ ਖ਼ਿਤੇ 'ਚ ਸ਼ਾਂਤੀ, ਸਥਿਰਤਾ ਅਤੇ ਖ਼ੁਸ਼ਹਾਲੀ ਦੇ ਸਾਂਝੇ ਨਜ਼ਰੀਏ ਨੂੰ ਵੀ ਉਹ ਅੱਗੇ ਵਧਾਉਣਗੇ।

# ਅੱਤਵਾਦੀਆਂ ਅਤੇ ਉਨ੍ਹਾਂ ਦੇ ਮਦਦਗਾਰਾਂ ਖ਼ਿਲਾਫ਼ ਕਰਾਂਗੇ ਕਾਰਵਾਈ-ਮੋਦੀ ਨੇ ਫਿਰ ਕਿਹਾ

**ਨਵੀਂ ਦਿੱਲੀ:** ਕਈਦਿਨਾਂ ਦੀ ਚੁੱਪ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਕ ਪਹਿਲਗਾਮ ਹਮਲੇ ਨੂੰ ਅੰਜਾਮ ਦੇਣ ਵਾਲੇ ਅੱਤਵਾਦੀਆਂ ਅਤੇ ਉਨ੍ਹਾਂ ਦੇ ਆਕਾਵਾਂ ਨੂੰ ਚਿੱਤਾਵਨੀ ਦਿੱਤੀ ਹੈ। ਸ਼ਨਿੱਚਰਵਾਰ ਨੂੰ ਮੋਦੀ ਨੇ ਕਿਹਾ ਕਿ ਅਸੀਂ ਅੱਤਵਾਦੀਆਂ ਅਤੇ ਉਨ੍ਹਾਂ ਦੀ ਹਮਾਇਤ ਕਰਨ ਵਾਲਿਆਂ ਖ਼ਿਲਾਫ਼ ਠੋਸ ਤੇ ਫ਼ੈਸਲਾਕੁੰਨ ਕਾਰਵਾਈ ਕਰਨ ਨੂੰ ਲੈ ਕੇ ਪ੍ਰਤੀਬੱਧ ਹਾਂ। ਇਹ ਗੱਲ ਪ੍ਰਧਾਨ ਮੰਤਰੀ ਨੇ ਅੰਗੋਲਾ ਦੇ ਰਾਸ਼ਟਰਪਤੀ ਜੋਆਓ ਗੋਜਾਲਿਵਸ ਲੋਰੇਂਸੂ ਨਾਲ ਦੁਵੱਲੀ ਮੀਟਿੰਗ ਤੋਂ ਬਾਅਦ ਹੋਈ ਪ੍ਰੈੱਸ ਕਾਨਫਰੰਸ ਵਿਚ ਕਹੀ। ਅੰਗੋਲਾ ਦੇ ਰਾਸ਼ਟਰਪਤੀ ਲੋਰੇਂਸੂ ਨੇ ਨਾ ਸਿਰਫ਼ ਪਹਿਲਗਾਮ ਹਮਲੇ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ ਬਲਕਿ ਸਰਹੱਦ ਪਾਰ ਅੱਤਵਾਦ ਦੇ ਮੁੱਦੇ 'ਤੇ ਵੀ ਭਾਰਤ ਦਾ ਸਮਰਥਨ ਕੀਤਾ। ਪੀਐੱਮ ਮੋਦੀ ਨੇ ਇਸ 'ਤੇ ਉਨ੍ਹਾਂ ਦਾ ਧੰਨਵਾਦ ਵੀ ਕੀਤਾ। ਅਫਰੀਕਾ ਵਿਚ ਆਪਣੀ ਪਹੁੰਚ ਵਧਾਉਣ ਵਿਚ



ਲੱਗੇ ਭਾਰਤ ਲਈ ਅੰਗੋਲਾ ਦੇ ਰਾਸ਼ਟਰਪਤੀ ਦੀ ਇਹ ਯਾਤਰਾ ਕਾਫੀ ਅਹਿਮ ਮੰਨੀ ਜਾ ਰਹੀ ਹੈ। 38 ਸਾਲਾਂ ਬਾਅਦ ਇਹ ਅੰਗੋਲਾ ਦੇ ਕਿਸੇ ਰਾਸ਼ਟਰਪਤੀ ਦੀ ਪਹਿਲੀ ਭਾਰਤ ਯਾਤਰਾ ਹੈ। ਇਸ ਪੱਛਮੀ ਅਫਰੀਕੀ ਦੇਸ਼ ਨੂੰ ਨਾ ਸਿਰਫ਼ ਸਮੁੰਦਰੀ ਰਣਨੀਤੀ ਦੇ ਹਿਸਾਬ ਨਾਲ ਅਹਿਮ ਮੰਨਿਆ ਜਾ ਰਿਹਾ ਹੈ ਬਲਕਿ ਇਸ ਕੋਲ ਬੇਇੰਤਹਾ ਕੁਦਰਤੀ ਖਣਿਜ ਵੀ ਹਨ, ਜਿਸ 'ਤੇ ਦੁਨੀਆ ਭਰ ਦੀ ਨਜ਼ਰ ਹੈ। ਭਾਰਤ ਵੱਲੋਂ ਅੰਗੋਲਾ ਨੂੰ ਫ਼ੌਜੀ ਆਧੁਨਿਕੀਕਰਨ ਲਈ 20 ਕਰੋੜ ਡਾਲਰ ਦੀ ਮਦਦ ਦੀ ਤਜਵੀਜ਼ ਹੈ।

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਪਾਣੀਆਂ ਦੇ ਮਸਲੇ 'ਤੇ ਇਕ ਜੁੱਟ ਹੋਈਆਂ ਪੰਜਾਬ ਦੀਆਂ ਪਾਰਟੀਆਂ

## ਬੀ.ਬੀ.ਐਮ.ਬੀ ਵਿਰੁੱਧ ਸਰਬ ਸੰਮਤੀ ਨਾਲ ਮਤਾ ਪਾਸ



**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ 'ਚ ਚੱਲ ਰਹੇ ਪਾਣੀਆਂ ਦੇ ਵਿਵਾਦ ਦੇ ਮੱਦੇਨਜ਼ਰ ਸੋਮਵਾਰ ਨੂੰ ਸੱਦੇ ਗਏ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ 'ਚ ਸਰਬ ਸੰਮਤੀ ਨਾਲ ਮਤਾ ਪਾਸ ਕੀਤਾ ਗਿਆ ਕਿ ਪੰਜਾਬ ਨਦੀ ਜਲ ਬਟਵਾਰੇ ਸੰਬੰਧੀ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀਬੀਐਮਬੀ) ਦਾ ਕੋਈ ਵੀ ਫ਼ੈਸਲਾ ਨਹੀਂ ਮੰਨੇਗਾ। ਕੇਂਦਰ ਸਰਕਾਰ 'ਤੇ ਸੂਬਿਆਂ ਦੇ ਅਧਿਕਾਰਾਂ ਦਾ ਕਬਜ਼ਾ ਕਰਨ ਦਾ ਦੋਸ਼ ਲਗਾਉਂਦੇ ਹੋਏ ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਕੇਂਦਰ ਸਰਕਾਰ ਦੇ ਡੈਮ ਸੇਫਟੀ ਐਕਟ 2021 ਖ਼ਿਲਾਫ਼ ਛੇਤੀ ਹੀ ਸੂਬੇ ਦਾ ਆਪਣਾ ਐਕਟ ਲਿਆਂਦਾ ਜਾਵੇਗਾ। ਹਾਲਾਂਕਿ ਇਸ ਗੱਲ ਦਾ ਖ਼ਦਸ਼ਾ ਹੈ ਕਿ ਕੀ ਕੇਂਦਰ ਸਰਕਾਰ ਦੇ ਐਕਟ ਖ਼ਿਲਾਫ਼ ਸੂਬਾ ਸਰਕਾਰ ਆਪਣਾ ਐਕਟ ਲਿਆ ਸਕਦੀ ਹੈ! ਜੇਕਰ ਸਰਕਾਰ ਇਸ ਤਰ੍ਹਾਂ ਕਰਦੀ ਹੈ ਤਾਂ ਕੀ ਉਹ ਕਾਨੂੰਨ ਮੁਤਾਬਕ ਹੋਵੇਗਾ?

ਹਰਿਆਣਾ ਨੂੰ 4500 ਕਿਊਸਕ ਵਾਧੂ ਪਾਣੀ ਦੇਣ ਦੇ ਬੀ.ਬੀ.ਐਮ.ਬੀ ਦੇ ਫ਼ੈਸਲੇ ਖ਼ਿਲਾਫ਼ ਜਲ ਵਸੀਲੇ ਮੰਤਰੀ ਬਰਿੰਦਰ ਕੁਮਾਰ ਗੋਇਲ ਵੱਲੋਂ ਪੇਸ਼ ਮਤੇ 'ਤੇ ਬਹਿਸ 'ਚ ਹਿੱਸਾ ਲੈਂਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਬੀਬੀਐਮਬੀ ਨੂੰ ਚਿੱਟਾ ਹਾਥੀ ਦੱਸਿਆ ਤੇ ਇਸ ਨੂੰ ਭੰਗ ਕਰ ਕੇ ਇਸ ਦੇ ਪੁਨਰਗਠਨ ਦਾ ਵਿਚਾਰ ਰੱਖਿਆ। ਉਨ੍ਹਾਂ ਕਿਹਾ ਕਿ ਬੀਬੀਐਮਬੀ ਵੱਲੋਂ ਉਸ ਸੂਬੇ ਵਿਰੁੱਧ ਵੋਟ-ਅਧਾਰਤ ਫ਼ੈਸਲਾ ਲੈਣਾ ਬਿਲਕੁਲ ਗ਼ੈਰ-ਵਾਜਬ ਹੈ ਜਿਸ ਦੀ ਬੋਰਡ ਨੂੰ ਚਲਾਉਣ 'ਚ ਮੁੱਖ ਮੰਤਰੀ ਨੇ ਕਿਹਾ ਕਿ ਬੀਤੇ ਕੁਝ ਦਿਨਾਂ ਤੋਂ ਭਾਰਤੀ ਜਨਤਾ ਪਾਰਟੀ ਆਪਣੀ ਹਰਿਆਣਾ, ਕੇਂਦਰ ਸਰਕਾਰ ਤੇ ਬੀਬੀਐਮਬੀ ਰਾਹੀਂ ਪੰਜਾਬ ਦੇ ਅਧਿਕਾਰਾਂ 'ਤੇ ਡਾਕਾ ਮਾਰਨ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਰਾਤ ਵੇਲੇ ਗ਼ੈਰ ਕਾਨੂੰਨੀ ਤਰੀਕੇ ਨਾਲ ਬੈਠਕਾਂ ਬੁਲਾਈਆਂ ਜਾ ਰਹੀਆਂ ਹਨ। ਵਿਧਾਨ ਸਭਾ ਨਿਰਦੇਸ਼ ਦਿੰਦੀ ਹੈ ਕਿ ਬੀਬੀਐਮਬੀ ਨਿਯਮਾਂ ਦਾ ਪਾਲਣ ਕਰੋ। ਤਾਖੜਾ ਬੰਨ ਤੋਂ ਕਿਸ ਸੂਬੇ ਨੂੰ ਕਿੰਨਾ ਪਾਣੀ ਦੇਣਾ ਹੈ, ਇਹ 1981 ਦੇ ਜਲ ਸਮਝੌਤੇ 'ਚ ਲਿਖਿਆ ਹੈ। ਵਿਧਾਨ ਸਭਾ ਨੇ ਬੀਬੀਐਮਬੀ ਨੂੰ ਇਸ ਤਰ੍ਹਾਂ ਦੇ ਫੈਸਲੇ ਲੈਣ ਤੋਂ ਬਚਣ ਦਾ ਨਿਰਦੇਸ਼ ਦਿੱਤਾ। ਉਨ੍ਹਾਂ ਕਿਹਾ ਕਿ ਪਾਣੀ ਖੋਹਣ ਦੇ ਯਤਨ 'ਚ ਬੀਬੀਐਮਬੀ ਦੇ ਅਧਿਕਾਰੀਆਂ ਨੂੰ ਬਦਲਿਆ ਜਾ ਰਿਹਾ ਹੈ। ਪੰਜਾਬ ਦੇ ਦਰਿਆਵਾਂ ਦੇ ਪਾਣੀ ਦੇ ਪਾਕਿਸਤਾਨ ਜਾਣ ਦੇ ਬਿਰਤਾਂਤ ਨੂੰ ਤੋੜਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਪਾਣੀ ਦੀ ਇੱਕ ਬੂੰਦ ਵੀ ਪਾਕਿਸਤਾਨ ਨਹੀਂ ਜਾਂਦੀ, ਸਗੋਂ ਜਦੋਂ ਸੂਬੇ 'ਚ ਹੜ੍ਹ ਆਉਂਦਾ ਹੈ ਤਾਂ ਹਰਿਆਣਾ ਤੇ ਰਾਜਸਥਾਨ ਨੂੰ ਇਹ ਪਾਣੀ ਲੈਣ ਲਈ ਕਿਹਾ ਜਾਂਦਾ ਹੈ ਪਰ ਜਦੋਂ ਉਹ ਇਨਕਾਰ ਕਰ ਦਿੰਦੇ ਹਨ ਤਾਂ ਇਸਨੂੰ ਪਾਕਿਸਤਾਨ 'ਚ ਛੱਡ ਦਿੱਤਾ ਜਾਂਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਹਰ ਤਰ੍ਹਾਂ ਦੇ ਸਮਝੌਤਿਆਂ 'ਤੇ 25 ਸਾਲਾਂ ਬਾਅਦ ਮੁੜ ਵਿਚਾਰ ਕੀਤਾ ਜਾਂਦਾ ਹੈ ਪਰ ਇੱਥੇ ਅਜਿਹਾ ਨਹੀਂ ਹੋ ਰਿਹਾ। ਉਨ੍ਹਾਂ ਕਿਹਾ ਕਿ ਅੱਜ ਯਮੁਨਾ ਸਤਲੁਜ ਲਿੰਕ ਨਹਿਰ (ਵੀਐਸਐੱਲ) ਦੀ ਜ਼ਰੂਰਤ ਹੈ ਕਿਉਂਕਿ ਹਰਿਆਣਾ ਦੇ ਪਾਣੀ 'ਚ ਪੰਜਾਬ ਦਾ ਵੀ ਹਿੱਸਾ ਹੈ। ਉਨ੍ਹਾਂ ਕਿਹਾ ਕਿ ਸਤਲੁਜ, ਬਿਆਸ ਤੇ ਰਾਵੀ ਦਰਿਆ ਸਿਰਫ਼ ਪੰਜਾਬ ਤੋਂ ਹੋ ਕੇ ਲੰਘਦੇ ਹਨ ਤੇ ਜਦੋਂ 1981 'ਚ ਜਲ ਸਮਝੌਤਾ ਹੋਇਆ ਸੀ, ਉਦੋਂ ਜਿੰਨਾ ਪਾਣੀ ਸੀ, ਹੁਣ ਓਨਾ ਨਹੀਂ ਹੈ। ਇਸ ਹਾਲਤ 'ਚ ਇਨ੍ਹਾਂ ਨਦੀਆਂ ਪਾਣੀ ਦੀ ਵੰਡ ਲਈ ਇਕ ਨਵਾਂ ਸਮਝੌਤਾ ਹੋਣਾ ਚਾਹੀਦਾ ਹੈ। ਕੇਂਦਰੀ ਅੰਨ ਭੰਡਾਰ 'ਚ ਸਭ ਤੋਂ ਵੱਡਾ ਯੋਗਦਾਨ ਪੰਜਾਬ ਦਾ ਹੋਣ ਦੇ ਬਾਵਜੂਦ ਉਸ ਨੂੰ ਇਨਸਾਫ਼ ਨਾ ਮਿਲਣ ਦੀ ਗੱਲ ਦੁਹਰਾਉਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਨੂੰ ਹਰ ਕ੍ਰਾਂਤੀ ਬਹੁਤ ਮਹਿੰਗੀ ਪੈ ਰਹੀ ਹੈ। ਅੱਜ ਜਿੰਨੀ ਹੇਠਾਂ ਵੱਡੀਆਂ ਮੋਟਰਾਂ ਲਗਾ ਕੇ ਅਰਬ ਦੇਸ਼ਾਂ 'ਚ ਤੇਲ ਕੱਢਿਆ ਜਾ ਰਿਹਾ ਹੈ, ਓਡੀਆਂ ਮੋਟਰਾਂ ਨਾਲ ਪੰਜਾਬ 'ਚ ਧਰਤੀ ਹੇਠੋਂ ਪਾਣੀ ਕੱਢ ਰਹੇ ਹਾਂ। ਮਤੇ 'ਤੇ ਬਹਿਸ ਖ਼ਤਮ ਹੋਣ ਤੋਂ ਬਾਅਦ, ਕਾਂਗਰ ਨੇਤਾ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਕਿਹਾ ਕਿ ਡੈਮ ਸੁਰੱਖਿਆ ਐਕਟ 'ਤੇ ਪ੍ਰਸਤਾਵ ਦੀ ਬਜਾਏ ਕਾਨੂੰਨ ਬਣਾਉਣ ਦੇ ਮੁੱਦੇ 'ਤੇ ਮੁੱਖ ਮੰਤਰੀ ਨੇ ਕਿਹਾ ਕਿ ਇਸ ਵਾਰ ਸਮਾਂ ਘੱਟ ਸੀ, ਇਸ ਲਈ ਜਲਦੀ ਹੀ ਇਸ ਲਈ ਸੈਸ਼ਨ ਬੁਲਾਇਆ ਜਾਵੇਗਾ ਤੇ ਡੈਮ ਸੁਰੱਖਿਆ ਐਕਟ ਵਿਰੁੱਧ ਐਕਟ ਲਿਆਂਦਾ ਜਾਵੇਗਾ। ਪੰਜਾਬ ਜਾਣਦਾ ਹੈ ਕਿ ਆਪਣੇ ਡੈਮਾਂ ਦੀ ਸੁਰੱਖਿਆ ਕਿਵੇਂ ਯਕੀਨੀ ਬਣਾਈ ਜਾਵੇ। ਇਸ ਤੋਂ ਬਾਅਦ ਵਿਧਾਨ ਸਭਾ 'ਚ ਇਹ ਮਤਾ ਸਰਬਸੰਮਤੀ ਨਾਲ ਪਾਸ ਹੋ ਗਿਆ।

## ਸੁਪਰੀਮ ਕੋਰਟ ਨੇ ਸ੍ਰੀਨਗਰ ਦੇ ਪਰਿਵਾਰ ਨੂੰ ਪਾਕਿਸਤਾਨ ਭੇਜਣ 'ਤੇ ਲਾਈ ਰੋਕ

**ਨਵੀਂ ਦਿੱਲੀ:** ਪਹਿਲਗਾਮ ਹਮਲੇ ਤੋਂ ਬਾਅਦ ਪਾਕਿਸਤਾਨ ਤੋਂ ਆਏ ਲੋਕਾਂ ਨੂੰ ਉਨ੍ਹਾਂ ਦੇ ਮੁਲਕ ਵਾਪਿਸ ਭੇਜਣ ਦੀ ਕਵਾਇਦ ਦਰਮਿਆਨ ਸੁਪਰੀਮ ਕੋਰਟ ਨੇ 6 ਲੋਕਾਂ ਦੇ ਪਰਿਵਾਰ ਨੂੰ ਅੰਤਰਿਮ ਰਾਹਤ ਦਿੱਤੀ ਹੈ। ਸੁਪਰੀਮ ਕੋਰਟ ਨੇ ਸਰਕਾਰ ਤੋਂ ਉਨ੍ਹਾਂ ਦੇ ਕਾਗਜ਼ਾਤਾਂ ਦੀ ਪੁਸ਼ਟੀ ਕਰਨ ਨੂੰ ਕਿਹਾ ਹੈ। ਅਦਾਲਤ ਨੇ ਕਿਹਾ ਕਿ ਅਜਿਹਾ ਹੋਣ ਤੋਂ ਪਹਿਲਾਂ ਉਨ੍ਹਾਂ ਦੇ ਖ਼ਿਲਾਫ਼ ਕੋਈ ਸਜ਼ਾ ਵਾਲੀ ਕਾਰਵਾਈ ਨਾ ਕੀਤੀ ਜਾਏ। ਜਸਟਿਸ ਸੂਰਿਆ ਕਾਂਤ ਅਤੇ ਐਨ. ਕੋਟਿਸ਼ਵਰ ਸਿੰਘ ਦੇ ਬੈਂਚ ਨੇ ਕਿਹਾ ਕਿ ਆਦੇਸ਼ ਸਿਰਫ਼ ਇਸ ਮਾਮਲੇ ਲਈ ਹੈ। ਇਸ ਨੂੰ ਦੂਜੇ ਮਾਮਲਿਆਂ 'ਚ ਮਿਸਾਲ ਵਜੋਂ ਨਾ ਵੇਖਿਆ ਜਾਏ।

(ਬਾਕੀ ਸਫ਼ਾ 6 'ਤੇ)

## ਅਮਰੀਕਾ ਨੂੰ ਪਤਾ ਸੀ

ਬਹੁਤ ਸਾਰੇ ਲੋਕ ਇਹੀ ਕਹਿ ਰਹੇ ਨੇ ਕਿ ਇੰਡੀਆ ਪਾਕਿਸਤਾਨ ਦੇ ਵਿਚਕਾਰ ਜੰਗ ਛਿੜ ਗਈ ਹੈ ਕੀ ਵਾਕਿਆ ਹੀ ਇਹ ਜੰਗ ਛਿੜ ਚੁੱਕੀ ਹੈ? ਇਸ ਦੇ ਜਵਾਬ ਵਿਚ ਭਾਰਤ ਵਲੋਂ ਕਿਹਾ ਗਿਆ ਹੈ ਕਿ ਇਹ ਜੰਗ ਨਹੀਂ ਇਹ ਸਿਰਫ ਵਨ ਸਾਈਡਡ ਅਟੈਕ ਹੈ।ਇੰਡੀਆ ਨੇ ਅਟੈਕ ਕੀਤਾ ਨਿਸ਼ਚਿਤ ਟਿਕਾਣਿਆਂ ਉਤੇ ਸਟਰਾਈਕ ਕੀਤੀ ਹੈ। ਪੀਓਕੇ ਦੇ ਵਿੱਚ ਅਤੇ ਪਾਕਿਸਤਾਨ ਵਿੱਚ।ਬਹੁਤ ਸਾਰੀਆਂ ਵੀਡੀਓਜ਼ ਆ ਰਹੀਆਂ ਨੇ ਜੋ ਸਪੱਸ਼ਟ ਕਰ ਰਹੀਆਂ ਹਨ ਕਿ ਪੀਓਕੇ ਅਤੇ ਪਾਕਿਸਤਾਨੀ ਪੰਜਾਬ ਵਿਚ ਵਿੱਚ ਬਲਾਸਟ ਹੋਏ ਹਨ। ਮਿਨਿਸਟਰੀ ਆਫ ਡਿਫੈਂਸ ਦਾ ਜਿਹੜਾ ਇੱਕ ਪ੍ਰੈਸ ਬਿਆਨ ਅਧਿਕਾਰਤ ਤੌਰ ਤੇ ਜਾਰੀ ਕੀਤਾ ਗਿਆ ਉਹਦੇ ਵਿੱਚ ਬੜਾ ਸਪਸ਼ਟ ਕੀਤਾ ਗਿਆ ਕਿ ਇੱਕ ਵਜ ਕੇ44 ਮਿੰਟ ਤੇ ਇਹ ਆਪਰੇਸ਼ਨ ਸਿੰਦੂਰ ਲਾਂਚ ਕੀਤਾ ਗਿਆ।

ਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰ ਵਿੱਚ ਜਿਹੜੇ ਵੀ ਟੈਰਰਿਸਟ ਕੈਂਪ ਸਨ ਉਹਨਾਂ ਨੂੰ ਟਾਰਗੇਟ ਕੀਤਾ ਗਿਆ ਅਤੇ ਉਹਨਾਂ ਤੋਂ ਇਲਾਵਾ ਜਿੰਨੇ ਵੀ ਮਿਲਟਰੀ ਬੇਸ ਹਨ, ਉਹਨਾਂ ਨੂੰ ਬਿਲਕੁਲ ਵੀ ਟੱਚ ਨਹੀਂ ਕੀਤਾ ਗਿਆ। ਅਤੇ ਇੰਡੀਅਨ ਮਿਨਿਸਟਰੀ ਆਫ ਡਿਫੈਂਸ ਵੱਲੋਂ ਇਹ ਬਿਲਕੁਲ ਸਪੱਸ਼ਟ ਕੀਤਾ ਗਿਆ ਹੈ ਕਿ ਕੋਈ ਵੀ ਇਸ ਤਰ੍ਹਾਂ ਦੀ ਨਹੀਂ ਕੀਤੀ ਗਈ ਇੰਡੀਅਨ ਆਰਮਡ ਫੋਰਸਿਜ਼ ਵੱਲੋਂ ਕੋਈ ਵੀ ਅਜੇਹੀ ਕਾਰਵਾਈ ਨਹੀਂ ਕੀਤੀ ਗਈ ਜੋ ਜੰਗ ਨੂੰ ਸੱਦਾ ਦੇ ਰਹੀ ਹੋਵੇ ਯਾਨੀ ਕਿ ਉਹਨਾਂ ਨੇ ਪਹਿਲਾਂ ਜਿਹੜੇ ਟੈਰਰਿਸਟ ਆਊਟਫਿਟਸ ਨੇ ਉਹਨਾਂ ਦੀ ਨਿਸ਼ਾਨਦੇਹੀ ਕਰਕੇ ਉਹਨਾਂ ਤੇ ਅਟੈਕ ਕੀਤਾ ਹੈ। ਜਿੱਥੇ ਸਿਵਲੀਅਨ ਨਹੀਂ ਸਨ ਸਿਰਫ ਟੈਰਰਿਸਟ ਕੈਂਪ ਸਨ।

ਹੁਣ ਤੱਕ ਇਹ ਜਾਣਕਾਰੀ ਅਨੁਸਾਰ ਮਿਨਿਸਟਰੀ ਆਫ ਡਿਫੈਂਸ ਵੱਲੋਂ ਇਹ ਵੀ ਕਿਹਾ ਗਿਆ ਹ ਕਿ ਓਫਿਸ਼ੀਅਲ ਪ੍ਰੈਸ ਬਰੀਫਿੰਗ ਕਰਕੇ ਇਸ ਦੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਜਾਏਗੀ। ਪਾਕਿਸਤਾਨ ਦੇ ਵਖ ਵਖ ਥਾਂਵਾਂ ਤੋਂ ਅਟੈਕ ਦੇ ਨਾਲ ਨਾਲ ਹਸਪਤਾਲਾਂ ਦੀਆਂ ਤਸਵੀਰਾਂ ਵੀ ਸਾਹਮਣੇ ਆਈਆਂ ਹਨ। ਜਿੱਥੇ ਲੋਕ ਕੁਝ ਹਸਪਤਾਲਾਂ ਵਿੱਚ ਆਉਂਦੇ ਜਾਂਦੇ ਨਜ਼ਰ ਆਏ ਹਨ।



# ਨਾਜਾਇਜ਼ ਪਰਵਾਸੀਆਂ ਨੂੰ ਖ਼ੁਦ ਦੇਸ਼ ਛੱਡਣ 'ਤੇ 1000 ਡਾਲਰ ਦੀ ਪੇਸ਼ਕਸ਼



**ਵਾਸ਼ਿੰਗਟਨ:** ਟਰੰਪ ਪ੍ਰਸ਼ਾਸਨ ਨੇ ਐਲਾਨ ਕੀਤਾ ਹੈ ਕਿ ਉਹ ਅਮਰੀਕਾ ਵਿਚ ਗ਼ੈਰ-ਕਾਨੂੰਨੀ ਤਰੀਕੇ ਨਾਲ ਰਹਿ ਰਹੇ ਉਨ੍ਹਾਂ ਪਰਵਾਸੀਆਂ ਨੂੰ 1,000 ਡਾਲਰ ਦੀ ਰਕਮ ਦੇਣਗੇ, ਜੋ ਆਪਣੇ ਆਪ ਆਪਣੇ ਦੇਸ਼ ਵਾਪਸ ਜਾਣਾ ਚਾਹੁੰਦੇ ਹਨ। ਹੋਮਲੈਂਡ ਸੁਰੱਖਿਆ ਵਿਭਾਗ ਨੇ ਸੋਮਵਾਰ ਨੂੰ ਕਿਹਾ ਕਿ ਉਹ ਯਾਤਰਾ ਸਹਾਇਤਾ ਲਈ ਵੀ ਭੁਗਤਾਨ ਕਰ ਰਿਹਾ ਹੈ ਅਤੇ ਜੋ ਲੋਕ ਸੀਬੀਪੀ ਹੋਮ ਐਪ ਦੀ ਵਰਤੋਂ ਕਰਕੇ ਸਰਕਾਰ ਨੂੰ ਦੱਸਦੇ ਹਨ ਕਿ ਉਹ ਘਰ ਵਾਪਸ ਜਾਣ ਦੀ ਯੋਜਨਾ ਬਣਾ ਰਹੇ ਹਨ, ਉਨ੍ਹਾਂ ਨੂੰ ਇਮੀਗ੍ਰੇਸ਼ਨ ਇਨਫੋਰਸਮੈਂਟ ਦੁਆਰਾ ਗ੍ਰਿਫਤਾਰੀ ਅਤੇ ਨਿਕਾਸੀ ਲਈ ਤਰਜੀਹ ਸੂਚੀ ਤੋਂ ਹਟਾ ਦਿੱਤਾ ਜਾਵੇਗਾ।

(ਬਾਕੀ ਸਫ਼ਾ 6 'ਤੇ)

## ਕਈ ਉਡਾਣਾ ਰੱਦ

**ਸਪਾਈਸਜੈੱਟ ਏਅਰਲਾਈਨ ਦਾ ਵੱਡਾ ਫ਼ੈਸਲਾ -**

ਪਾਕਿਸਤਾਨ ਵਿੱਚ ਭਾਰਤ ਦੇ ਅੱਤਵਾਦ 'ਤੇ ਹਮਲੇ ਤੋਂ ਬਾਅਦ ਸਪਾਈਸਜੈੱਟ ਏਅਰਲਾਈਨਜ਼ ਨੇ ਇੱਕ ਵੱਡਾ ਫੈਸਲਾ ਲਿਆ ਹੈ। ਏਅਰਲਾਈਨ ਵੱਲੋਂ ਜਾਰੀ ਇੱਕ ਬਿਆਨ ਵਿੱਚ ਕਿਹਾ ਗਿਆ ਹੈ ਕਿ ਮੌਜੂਦਾ ਸਥਿਤੀ ਦੇ ਮੱਦੇਨਜ਼ਰ ਧਰਮਸ਼ਾਲਾ, ਲੇਹ, ਜੰਮੂ, ਸ੍ਰੀਨਗਰ ਅਤੇ ਅੰਮ੍ਰਿਤਸਰ ਸਮੇਤ ਉੱਤਰੀ ਭਾਰਤ ਦੇ ਕੁਝ ਹਿੱਸਿਆਂ ਵਿੱਚ ਹਵਾਈ ਅੱਡੇ ਅਗਲੇ ਹੁਕਮਾਂ ਤੱਕ ਬੰਦ ਕਰ ਦਿੱਤੇ ਗਏ ਹਨ। ਉਡਾਣਾਂ ਪ੍ਰਭਾਵਿਤ ਹੋ ਸਕਦੀਆਂ ਹਨ। ਯਾਤਰੀਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇਸ ਨੂੰ ਧਿਆਨ ਵਿੱਚ ਰੱਖਦੇ ਹੋਏ ਆਪਣੀ ਯਾਤਰਾ ਦੀ ਯੋਜਨਾ ਬਣਾਉਣ ਅਤੇ ਉਡਾਣ ਦੀ ਸਥਿਤੀ ਦੀ ਜਾਂਚ ਕਰਨ।

**ਉਡਾਣਾਂ ਸਬੰਧੀ ਇੰਡੀਗੋ ਏਅਰਲਾਈਨਜ਼ ਦਾ ਬਿਆਨ** –ਇੰਡੀਗੋ ਏਅਰਲਾਈਨਜ਼ ਨੇ ਭਾਰਤ ਦੇ ਆਪ੍ਰੇਸ਼ਨ ਸਿੰਦੂਰ ਤੋਂ ਬਾਅਦ ਇੱਕ ਬਿਆਨ ਜਾਰੀ ਕੀਤਾ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਬਦਲਦੇ ਹਵਾਈ ਖੇਤਰ ਦੇ ਹਾਲਾਤਾਂ ਕਾਰਨ, ਸ੍ਰੀਨਗਰ, ਜੰਮੂ, ਅੰਮ੍ਰਿਤਸਰ, ਲੇਹ, ਚੰਡੀਗੜ੍ਹ ਅਤੇ ਧਰਮਸ਼ਾਲਾ ਤੋਂ ਆਉਣ-ਜਾਣ ਵਾਲੀਆਂ ਸਾਡੀਆਂ ਉਡਾਣਾਂ ਪ੍ਰਭਾਵਿਤ ਹੋਈਆਂ ਹਨ। ਬੀਕਾਨੇਰ ਜਾਣ ਅਤੇ ਜਾਣ ਵਾਲੀਆਂ ਉਡਾਣਾਂ ਵੀ ਮੌਜੂਦਾ ਹਵਾਈ ਖੇਤਰ ਪਾਬੰਦੀਆਂ ਤੋਂ ਪ੍ਰਭਾਵਿਤ ਹੁੰਦੀਆਂ ਹਨ। ਯਾਤਰੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਹਵਾਈ ਅੱਡੇ 'ਤੇ ਪਹੁੰਚਣ ਤੋਂ ਪਹਿਲਾਂ ਵੈੱਬਸਾਈਟ 'ਤੇ ਆਪਣੀ ਉਡਾਣ ਬਾਰੇ ਜਾਣਕਾਰੀ ਚੈੱਕ ਕਰਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਬਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਸੁਰਿੰਦਰ ਸਿੰਘ ਸੁੰਨੜ

# ਸਿੱਖ ਕੌਮ ਬਾਰੇ ਗੱਲ ਕਰਨ ਤੋਂ ਪਹਿਲਾਂ ਸਿੱਖਾਂ ਦੇ ਕਾਤਲਾਂ ਨੂੰ ਪਾਰਟੀ ’ਚੋਂ ਬਾਹਰ ਕਰੋ: ਸੁਖਬੀਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਾਂਗਰਸੀ ਆਗੂ ਰਾਹੁਲ ਗਾਂਧੀ ਦੀ ਜ਼ੋਰਦਾਰ ਨਿਖੇਧੀ ਕੀਤੀ ਅਤੇ ਉਨ੍ਹਾਂ ਨੂੰ ਉਨ੍ਹਾਂ ਦੀ ਪਾਰਟੀ ਵਲੋਂ ਦਲੇਰ, ਬਹਾਦਰ ਤੇ ਦੇਸ਼ ਭਗਤ ਸਿੱਖ ਕੌਮ ਖਿਲਾਫ ਕੀਤੇ ਗੁਨਾਹਾਂ ਬਦਲੇ ਝੂਠੇ ਤੇ ਆਧਾਰਹੀਣ’ ਸ਼ਬਦਾਂ ਦੀ ਵਰਤੋਂ ਕਰਨ ‘ਤੇ ਅਨੇਕਾਂ ਸਵਾਲ ਕੀਤੇ। ਰਾਹੁਲ ਗਾਂਧੀ ਵਲੋਂ ਉਨ੍ਹਾਂ ਨੂੰ ਉਨ੍ਹਾਂ ਦੀ ਪਾਰਟੀ ਤੇ ਉਨ੍ਹਾਂ ਦੇ ਪੁਰਖਿਆਂ ਵਲੋਂ ਸਿੱਖਾਂ ਖਿਲਾਫ਼ ਚਲਾਈ ‘ਅਪਰਾਧ ਭਰੀ ਨਵਰਤੀ ਮੁਹਿੰਮ’ ਬਾਰੇ ਪੁੱਛੇ ਸਵਾਲਾਂ ਦੇ ਦਿੱਤੇ ਜਵਾਬਾਂ ‘ਤੇ ਤਿੱਖਾ ਪ੍ਰਤੀਕਰਮ



ਪ੍ਰਗਟ ਕਰਦਿਆਂ ਸ. ਬਾਦਲ ਨੇ ਕਿਹਾ ਕਿ ਕਾਂਗਰਸੀ ਆਗੂ ਨੇ ਜੋ ਸ਼ਬਦਾਵਲੀ ਵਰਤੀ, ਉਹ ਸਿੱਖਾਂ ਦੀਆਂ ਭਾਵਨਾਵਾਂ ਪ੍ਰਤੀ ਉਨ੍ਹਾਂ ਦੇ ਗੈਰ ਗੰਭੀਰ ਰਵੱਈਏ ਦਾ ਝਲਕਾਰਾ ਹੈ। ਸ. ਬਾਦਲ ਨੇ ਰਾਹੁਲ ਗਾਂਧੀ ਨੂੰ ਆਖਿਆ ਕਿ ਉਹ ਆਪਣੇ ਪੁਰ ਖ਼ਿਆਂ ਅਤੇ ਪਾਰਟੀ ਦੇ ਮੌਜੂਦਾ ਸਾਥੀਆਂ ਵਲੋਂ ਨਿਰਦੋਸ਼ ਸਿੱਖਾਂ ‘ਤੇ ਢਾਹੇ ਜ਼ੁਲਮਾਂ ਬਾਰੇ ਆਪਣੀ ਅੰਤਰ ਆਤਮਾ ਦੀ ਗੱਲ ਕਰਨ ਤੋਂ ਪਹਿਲਾਂ -ਆਪਣੀ ਸਾਖ਼ ਬਣਾਉਣ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਪਹਿਲਾਂ ਸੱਜਣ ਕੁਮਾਰ, ਕਮਲਨਾਥ ਅਤੇ ਜਗਦੀਸ਼ ਟਾਈਟਲਰ ਨੂੰ ਆਪਣੀ ਪਾਰਟੀ ਵਿਚੋਂ ਬਾਹਰ ਕੱਢਣ।

# ਜਨਰਲ ਡਾਇਰ ਦਾ ਸਨਮਾਨ ਕਰਨ ਵਾਲੇ ਪੂਰਵਜਾਂ ਨੂੰ ਯਾਦ ਕਰੋ: ਰਾਜਾ ਵੜਿੰਗ

**ਚੰਡੀਗੜ੍ਹ:** ਕਾਂਗਰਸੀ ਆਗੂ ਰਾਹੁਲ ਗਾਂਧੀ ‘ਤੇ ਕੀਤੀ ਇਕ ਟਿੱਪਣੀ ਨੂੰ ਲੈ ਕੇ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਅਕਾਲੀ ਦਲ ਦੀ ਸੰਸਦ ਮੈਂਬਰ ਬੀਬਾ ਹਰਸਿਮਰਤ ਕੌਰ ਬਾਦਲ ਵਲੋਂ ਆਹਮੋ-ਸਾਹਮਣੇ ਆ ਗਏ ਹਨ। ਰਾਜਾ ਵੜਿੰਗ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ‘ਤੇ ਰਾਹੁਲ ਗਾਂਧੀ ਵਲੋਂ ਮੁਆਫ਼ੀ ਮੰਗਣ ‘ਤੇ ਹਰਸਿਮਰਤ ਕੌਰ ਬਾਦਲ ਦੁਆਰਾ ਟਿੱਪਣੀ ਕਰਨ ਦੀ ਨਿੰਦਾ ਕੀਤੀ। ਵੜਿੰਗ ਨੇ ਟਵੀਟ ਕਰਦੇ ਹੋਏ ਬੀਬੀ ਬਾਦਲ ਨੂੰ ਯਾਦ ਦਿਵਾਇਆ ਕਿ ਇਸੇ ਮਿਆਰ ਤੋਂ ਉਨ੍ਹਾਂ ਨੂੰ ਆਪਣੇ ਪੜਦਾਦਾ ਸੁਰਿੰਦਰ ਸਿੰਘ ਮਜੀਠੀਆ ਲਈ ਵੀ ਮੁਆਫ਼ੀ ਮੰਗਣੀ ਚਾਹੀਦੀ ਹੈ ਜਿਨ੍ਹਾਂ ਨੇ ਉਸੇ ਸ਼ਾਮ ‘ ਜਲ੍ਹਿਆਂਵਾਲਾ ਬਾਗ਼ ਵਿਚ ਸੈਂਕੜੇ ਨਿਰਦੋਸ਼ ਲੋਕਾਂ ਨੂੰ ਮਾਰਨ ਤੋਂ ਬਾਅਦ ਜਨਰਲ ਡਾਇਰ ਦਾ ਸਨਮਾਨ ਕੀਤਾ ਸੀ। ਉਨ੍ਹਾਂ ਹਰਸਿਮਰਤ ਕੌਰ ਬਾਦਲ ਨੂੰ ਪੁੱਛਿਆ ਤੁਹਾਡੇ ਪੁਰਖਿਆਂ ਨੇ ਡਾਇਰ ਦੇ ਸਨਮਾਨ ਵਿਚ ਰਾਤ ਦੇ ਖਾਣੇ ਦੀ ਮੇਜ਼ਬਾਨੀ ਕੀਤੀ ਸੀ। ਕੀ ਤੁਹਾਨੂੰ ਇਸ



ਲਈ ਮੁਆਫ਼ੀ ਨਹੀਂ ਮੰਗਣੀ ਚਾਹੀਦੀ? ਵਿਰੋਧੀ ਧਿਰ ਦੇ ਨੇਤਾ ਸ.ਪ੍ਰਤਾਪ ਸਿੰਘ ਬਾਜਵਾ ਨੇ ਵੀ ਇਸ ਮਾਮਲੇ ‘ਚ ਟਵੀਟ ਕਰਦੇ ਹੋਏ ਬੀਬੀ ਹਰਸਿਮਰਤ ਕੌਰ ਬਾਦਲ ਨੂੰ ਘੇਰਿਆ ਹੈ।

# ਰਾਹੁਲ ਗਾਂਧੀ ਵਲੋਂ 1984 ਦੇ ਸਿੱਖ ਕਤਲੇਆਮ ਲਈ ਮੁਆਫੀ ਨਾ ਮੰਗਣਾ ਨਿੰਦਣਯੋਗ: ਹਰਸਿਮਰਤ ਬਾਦਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਬਠਿੰਡਾ ਦੇ ਸੰਸਦ ਮੈਂਬਰ ਸਰਦਾਰਨੀ ਹਰਸਿਮਰਤ ਕੌਰ ਬਾਦਲ ਨੇ ਅੱਜ ਸ੍ਰੀ ਦਰਬਾਰ ਸਾਹਿਬ ‘ਤੇ ਹੋਏ ਹਮਲੇ ਅਤੇ ਕਾਂਗਰਸ ਵਲੋਂ ਕਰਵਾਏ 1984 ਦੇ ਸਿੱਖ ਕਤਲੇਆਮ ਦੀ ਮੁਆਫੀ ਨਾ ਮੰਗਣ ਦੀ ਜ਼ੋਰਦਾਰ ਨਿਖੇਧੀ ਕੀਤੀ ਹੈ। ਇੱਥੇ ਜਾਰੀ ਕੀਤੇ ਇਕ ਬਿਆਨ ਵਿਚ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਇਹ ਜਾਣਦੇ ਹੋਏ ਵੀ ਕਿ ਉਨ੍ਹਾਂ ਦੀ ਦਾਦੀ ਨੇ 1984 ਵਿਚ ਸ੍ਰੀ ਦਰਬਾਰ ਸਾਹਿਬ ‘ਤੇ ਹਮਲੇ ਦੇ ਹੁਕਮ ਦਿੱਤੇ ਅਤੇ ਉਨ੍ਹਾਂ ਦੇ ਪਿਤਾ ਦੇ ਚੇਲਿਆਂ ਨੇ ਦਿੱਲੀ ਦੀਆਂ ਸੜਕਾਂ ‘ਤੇ ਸਿੱਖਾਂ ਦਾ ਕਤਲੇਆਮ ਕਰਨ ਤੇ ਉਨ੍ਹਾਂ ਨੂੰ ਜਿਉਂਦਿਆਂ ਸਾੜਨ ਵਰਗੇ ਕਤਲੇਆਮ ਦੀ ਅਗਵਾਈ ਕੀਤੀ, ਰਾਹੁਲ ਗਾਂਧੀ ਨੇ ਉਸ ਸਵਾਲ ਨੂੰ ਪਲਟਣ ਦੀ ਕੋਸ਼ਿਸ਼ ਕੀਤੀ



ਸੀ ਜਿਸ ਵਿਚ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ 1 ਹਜ਼ਾਰ ਸਿੱਖਾਂ ਦਾ ਕਤਲੇਆਮ ਕਰਨ ਵਾਲੀ ਭੀੜ ਵਿਚ ਕਾਂਗਰਸ ਪਾਰਟੀ ਦੀ ਭੂਮਿਕਾ ‘ਤੇ ਸਵਾਲ ਚੁੱਕੇ ਗਏ ਸਨ। ਸਰਦਾਰਨੀ ਬਾਦਲ ਨੇ ਕਿਹਾ ਕਿ ਜਦੋਂ ਉਨ੍ਹਾਂ ਨੂੰ ਅਮਰੀਕਾ ਦੀ ਬਰਾਊਨ ਯੂਨੀਵਰਸਿਟੀ ਵਿਚ ਇਸ ਸਵਾਲ ਦਾ ਜਵਾਬ ਦੇਣ ਲਈ ਮਜਬੂਰ ਕੀਤਾ ਗਿਆ ਤਾਂ ਕਾਂਗਰਸੀ ਆਗੂ ਨੇ ਆਪਣੀ ਦਾਦੀ ਤੇ ਪਿਤਾ ਵਲੋਂ ਕੀਤੇ ਗੁਨਾਹਾਂ ਦੀ ਮੁਆਫੀ ਨਹੀਂ ਮੰਗੀ ਬਲਕਿ ਇਹ ਕਹਿ ਕੇ ਟਲਣ ਦੀ ਕੋਸ਼ਿਸ਼ ਕੀਤੀ ਕਿ ਇਹ ਦੋਵੇਂ ਮਾਮਲੇ ਕਈ ਸਾਲ ਪਹਿਲਾਂ ਵਾਪਰੇ ਸਨ।

# ਚੀਨ ’ਚ ਬੇੜੀ ਪਲਟਣ ਨਾਲ 10 ਮਰੇ



**ਬੀਜਿੰਗ:** ਦੱਖਣੀ-ਪੱਛਮੀ ਚੀਨ ‘ਚ ਤੂਫ਼ਾਨ ਦੀ ਲਪੇਟ ‘ਚ ਆਈਆਂ ਚਾਰ ਬੇੜੀਆਂ ਦੇ ਪਲਟਣ ਨਾਲ ਮਰਨ ਵਾਲਿਆਂ ਦੀ ਗਿਣਤੀ 10 ਹੋ ਗਈ ਹੈ। ਐਤਵਾਰ ਦੀ ਦੁਪਹਿਰ ਗੁਈਝੋਊ ਸੂਬੇ ‘ਚ ਤੂਫ਼ਾਨ ਆਉਣ ਕਾਰਨ ਚਾਰ ਬੇੜੀਆਂ ਪਲਟ ਗਈਆਂ ਸਨ ਤੇ ਇਨ੍ਹਾਂ ‘ਤੇ ਸਵਾਰ 80 ਤੋਂ ਵੱਧ ਲੋਕ ਨਦੀ ‘ਚ ਡਿੱਗ ਗਏ ਸਨ। ਚੀਨ ਦੀ ਸਭ ਤੋਂ ਲੰਬੀ ਨਦੀ ਯਾਂਗਤਜੀ ਦੀ ਸਹਾਇਕ ਨਦੀ ਵੂ ਦੇ ਉੱਪਰੀ ਇਲਾਕਿਆਂ ‘ਚ ਇਸ ਦੌਰਾਨ ਤੇਜ਼ ਬਾਰਿਸ਼ ਤੇ ਗੜੇਮਾਰੀ ਵੀ ਹੋਈ। ਸ਼ੁਰੂਆਤੀ ਰਿਪੋਰਟਾਂ ‘ਚ ਕਿਹਾ ਗਿਆ ਸੀ ਕਿ ਦੋ ਸੈਲਾਨੀ ਬੇੜੀਆਂ ਪਲਟੀਆਂ ਸਨ ਪਰ ਸਰਕਾਰੀ ਮੀਡੀਆ ਨੇ ਸੋਮਵਾਰ ਨੂੰ ਕਿਹਾ ਕਿ ਹਾਦਸੇ ‘ਚ ਚਾਰ ਬੇੜੀਆਂ ਸ਼ਾਮਲ ਸਨ।

# ਵਿਧਾਨ ਸਭਾ ਵਿਚ ਭਗਵੰਤ ਮਾਨ ਅਤੇ ਪ੍ਰਤਾਪ ਬਾਜਵਾ ਦੀ ਨੋਕ-ਝੋਕ

**ਚੰਡੀਗੜ੍ਹ:** ਵਿਧਾਨ ਸਭਾ ਵਿੱਚ ਚਰਚਾ ਵੇਲੇ ਮੁੱਖ ਮੰਤਰੀ ਅਤੇ ਪ੍ਰਤਾਪ ਸਿੰਘ ਬਾਜਵਾ ਦਰਮਿਆਨ ਤਿੱਖੀ ਨੋਕ-ਝੋਕ ਹੁੰਦੀ ਰਹੀ। ਮੁੱਖ ਮੰਤਰੀ ਨੇ ਜਦੋਂ ਕਿਹਾ ਕਿ ਸੂਬੇ ਦੇ ਪਾਣੀਆਂ ਨੂੰ ਮਗਰਲੇ ਸਮੇਂ ਦੌਰਾਨ ਲੁਟਾਉਣ ਲਈ ਬਾਜਵਾ ਵੀ ਅੱਜ ਜਨਤਕ ਮਾਫ਼ੀ ਮੰਗਣ ਤਾਂ ਬਾਜਵਾ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਹਰਿਆਣਾ ਰੈਲੀਆਂ ਦੌਰਾਨ ਜਨਤਕ ਤੌਰ ‘ਤੇ ਹਰਿਆਣਾ ਨੂੰ ਹੋਰ ਪਾਣੀ ਦਿਵਾਉਣ ਦੇ ਭਰੋਸੇ ਦਿੰਦੇ ਰਹੇ, ਜੇ ਉਹ ਮੁਆਫ਼ੀ ਮੰਗਣ ਤਾਂ ਮੈਂ ਵੀ ਸੋਚ ਲਵਾਂਗਾ। ਪਰ ਉਨ੍ਹਾਂ ਕਿਹਾ ਕਿ ਸਾਡੀ ਪਾਰਟੀ ਦੀ ਸਰਕਾਰ ਨੇ ਤਾਂ ਕਾਨੂੰਨ ਬਣਾ ਕੇ ਇਤਰਾਜ਼ਯੋਗ ਸਾਰੇ ਸਮਝੌਤੇ ਹੀ ਰੱਦ ਕਰ ਦਿੱਤੇ ਸਨ। ‘ਆਪ’ ਦੇ ਸੂਬਾ ਪ੍ਰਧਾਨ ਅਮਨ ਅਰੋੜਾ ਨੇ ਸਦਨ ਵਿਚ

ਦੱਸਿਆ ਕਿ 1981 ਵਿਚ ਜਦੋਂ ਪਾਣੀਆਂ ਦੀ ਵੰਡ ਹੋਈ ਉਸ ਸਮੇਂ ਉਪਲਬਧ ਪਾਣੀ 17.17 ਐਮ.ਏ.ਐਫ. ਦਰਸਾਇਆ ਗਿਆ ਪਰ ਹੁਣ ਉਪਲਬਧ ਪਾਣੀ 12.91 ਐਮ.ਏ.ਐਫ. ਹੈ, ਪਰ ਹਰਿਆਣਾ ਪੁਰਾਣੀ ਵੰਡ ਅਨੁਸਾਰ ਪਾਣੀ ਮੰਗ ਰਿਹਾ ਹੈ। ਉਨ੍ਹਾਂ ਕਿਹਾ ਕਿ 1966 ਵਿਚ ਗੈਰ ਰਾਇਪੇਰੀਅਨ ਰਾਜ ਨੂੰ ਵੀ ਪਾਣੀ ਦਾ ਬਰਾਬਰ 50 ਪ੍ਰਤੀਸ਼ਤ ਹਿੱਸਾ ਦੇ ਦਿੱਤਾ ਗਿਆ। ਜੋ ਸਰਾਸਰ ਗੈਰ ਵਿਧਾਨਿਕ ਸੀ। ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਮਤੇ ‘ਤੇ ਬੋਲਦਿਆਂ ਕਿਹਾ ਕਿ ਭਾਰਤ ਦੀਆਂ ਸਰਕਾਰਾਂ ਪੰਜਾਬੀਆਂ ਨੂੰ ਸਨਮਾਨਯੋਗ ਜੀਵਨ ਦੇਣ ਦੇ ਵਾਅਦਿਆਂ ਤੋਂ ਮੁਨਕਰ ਹੋ ਗਈਆਂ ਹਨ।

ਬੀਕਾਨੇਰ ਦਾ ਰਾਜਾ ਪੰਜਾਬ ਦੇ ਪਾਣੀਆਂ ਦੀ ਜੋ ਰਾਇਲਟੀ ਦਿੰਦਾ ਸੀ ਆਜ਼ਾਦ ਭਾਰਤ ਨੇ ਉਹ ਬੰਦ ਕਰ ਦਿੱਤੀ ਤੇ ਗੁਆਂਢੀ ਰਾਜਾਂ ਲਈ ਪਾਣੀ ਮੁਫ਼ਤ ਹੋ ਗਿਆ। ਉਨ੍ਹਾਂ ਕਿਹਾ ਕਿ ਜਿਸ ਕੌਮ ਨੇ ਦੇਸ਼ ਦੀ ਆਜ਼ਾਦੀ ਲਈ 90 ਪ੍ਰਤੀਸ਼ਤ ਕੁਰਬਾਨੀਆਂ ਦਿੱਤੀਆਂ, ਉਸ ਕੋਲ ਆਪਣੇ ਸੂਬੇ ਦੀ ਅੱਜ ਰਾਜਧਾਨੀ ਵੀ ਨਹੀਂ। ਉਨ੍ਹਾਂ 1966 ਦੇ ਪੁਨਰਗਠਨ ਐਕਟ ਦੀ ਧਾਰਾ 78-79-80 ਨੂੰ ਰੱਦ ਕੀਤੇ ਜਾਣ ਦੀ ਮੰਗ ਕੀਤੀ ਤੇ ਇਸ ਨੂੰ ਗੈਰ ਸੰਵਿਧਾਨਕ ਦੱਸਿਆ। ਉਨ੍ਹਾਂ ਕਿਹਾ ਕਿ ਪੰਜਾਬ ਦੇ ਦਰਿਆਈ ਪਾਣੀਆਂ ‘ਚੋਂ ਪੰਜਾਬ ਨੂੰ ਕੇਵਲ 24 ਪ੍ਰਤੀਸ਼ਤ ਪਾਣੀ ਮਿਲ ਰਿਹਾ ਹੈ ਜਦੋਂ ਕਿ 50 ਪ੍ਰਤੀਸ਼ਤ ਰਾਜਸਥਾਨ, 20.30 ਪ੍ਰਤੀਸ਼ਤ ਹਰਿਆਣਾ, 3.80 ਜੰਮੂ ਤੇ 1.16 ਪ੍ਰਤੀਸ਼ਤ ਦਿੱਲੀ ਨੂੰ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਇਕ ਕਿਊਸਿਕ ਪਾਣੀ ਦਾ ਮੁੱਲ ਸਵਾ ਕਰੋੜ ਰੁਪਇਆ ਹੈ। ਉਨ੍ਹਾਂ ਮਗਰਲੀਆਂ ਕਾਂਗਰਸ ਸਰਕਾਰਾਂ ਦੀ ਪਾਣੀ ਲੁਟਾਉਣ ਲਈ ਤਿੱਖੀ ਨੁਕਤਾਚੀਨੀ ਕੀਤੀ। ਕਾਂਗਰਸ ਦੇ ਸੁਖਪਾਲ ਸਿੰਘ ਖਹਿਰਾ ਜਿਨ੍ਹਾਂ ਨੂੰ ਵਿਰੋਧੀ ਧਿਰ ਦੇ ਨੇਤਾ ਨੇ ਸਖ਼ਤ ਸਟੈਂਡ ਲੈ ਕੇ ਸਮਾਂ ਦਿਵਾਇਆ ਪਰ ਉਨ੍ਹਾਂ ਨੂੰ ਬਹੁਤੀ ਗੱਲ ਕਹਿਣ ਦਾ ਮੌਕਾ ਨਹੀਂ ਦਿੱਤਾ ਗਿਆ ਅਤੇ ਸਪੀਕਰ ਵਲੋਂ ਰਾਣਾ ਗੁਰਜੀਤ ਸਿੰਘ ਨੂੰ ਸਮਾਂ ਦੇ ਦਿੱਤਾ ਗਿਆ। ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੋਸ਼ ਲਗਾਏ ਕਿ ਬੀ.ਬੀ.ਐਮ.ਬੀ. ਵਲੋਂ ਪੰਜਾਬ ਦੇ ਸੈਂਕੜੇ ਏਕੜ ਜ਼ਮੀਨ ‘ਤੇ ਨਾਜਾਇਜ਼ ਕਬਜ਼ੇ ਕੀਤੇ ਹੋਏ ਹਨ। ਉਨ੍ਹਾਂ ਕਿਹਾ ਕਿ ਰੋਪੜ ਤੇ ਨੰਗਲ ਦੇ ਖੇਤਰ ਨੂੰ ਪਹਿਲੀ ਵਾਰ ਹੁਣ ਨਹਿਰੀ ਪਾਣੀ ਮਿਲਣਾ ਸ਼ੁਰੂ ਹੋਇਆ ਹੈ। ਪਰ ਉਥੇ ਡੈਮ ਮੌਜੂਦ ਹੋਣ ਦੇ ਬਾਵਜੂਦ ਪਹਿਲਾਂ ਇਸ ਖੇਤਰ ਨੂੰ ਨਹਿਰੀ ਪਾਣੀ ਨਹੀਂ ਮਿਲਿਆ ਸੀ। ਬੈਂਸ, ਜਿਨ੍ਹਾਂ ਖੁਦ ਵਰਕਰਾਂ ਨਾਲ ਨੰਗਲ ਡੈਮ ‘ਤੇ ਧਰਨਾ ਲਗਾ ਰੱਖਿਆ ਹੈ, ਨੇ ਕਿਹਾ ਕਿ ਅਸੀਂ ਹਰਿਆਣਾ ਨੂੰ ਇਕ ਬੂੰਦ ਪਾਣੀ ਵੀ ਪੰਜਾਬ ਦਾ ਨਹੀਂ ਜਾਣ ਦੇਵਾਂਗੇ।ਅਕਾਲੀ ਦਲ ਦੇ ਮਨਪ੍ਰੀਤ ਸਿੰਘ ਇਯਾਲੀ ਨੇ ਵੀ ਮਤੇ ਦਾ ਸਮਰਥਨ ਕੀਤਾ ਤੇ ਮੰਗ ਕੀਤੀ ਕਿ ਪਾਣੀਆਂ ਦੇ ਮੁੱਦੇ ‘ਤੇ ਮਗਰਲੀਆਂ ਸਰਕਾਰਾਂ ਦੀ ਜੋ ਕਾਰਗੁਜ਼ਾਰੀ ਰਹੀ ਹੈ ਉਸ ‘ਤੇ ਵੀ ਬਹਿਸ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਪਾਣੀਆਂ ਦੀ ਲੁੱਟ ਲਈ ਕਾਂਗਰਸ ਸਰਕਾਰਾਂ ਸਿੱਧੀਆਂ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਕਿ ਪੰਜਾਬ ਨਾਲ ਧੱਕਾ ਕਰਨ ਵਾਲੇ ਕਾਨੂੰਨਾਂ ਨੂੰ ਰੱਦ ਕਰਨ ਤੋਂ ਬਿਨਾਂ ਪੰਜਾਬ ਨਾਲ ਇਨਸਾਫ਼ ਨਹੀਂ ਹੋ ਸਕੇਗਾ। ਉਨ੍ਹਾਂ ਕਿਹਾ ਕਿ ਅਕਾਲੀ ਸਰਕਾਰ ਨੇ 2016 ਵਿਚ ਐਸ.ਵਾਈ.ਐਲ. ਦੀ ਜ਼ਮੀਨ ਕਿਸਾਨਾਂ ਨੂੰ ਵਾਪਿਸ ਕਰਨ ਅਤੇ ਰਾਜਸਥਾਨ ਤੋਂ ਪਾਣੀ ਦਾ ਮੁੱਲ ਲੈਣ ਲਈ ਵੀ ਮਤੇ ਕੀਤੇ ਸਨ। ਭਾਜਪਾ ਦੇ ਅਸ਼ਵਨੀ ਕੁਮਾਰ ਨੇ ਵੀ ਐਲਾਨ ਕੀਤਾ ਕਿ ਪੰਜਾਬ ਭਾਜਪਾ ਪਾਣੀਆਂ ਦੇ ਮੁੱਦੇ ‘ਤੇ ਸਰਕਾਰ ਨਾਲ ਚਟਾਨ ਵਾਂਗ ਖੜੀ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਮਗਰਲੇ ਤਿੰਨ ਸਾਲ ਹਰਿਆਣਾ ਨੂੰ ਵੱਧ ਪਾਣੀ ਮਿਲਿਆ। ਉਨ੍ਹਾਂ ਪਾਣੀ ਨੂੰ ਸੁਚੱਜੇ ਢੰਗ ਨਾਲ ਵਰਤਣ ਤੇ ਬਚਾਉਣ ਲਈ ਕਿਹਾ। ਮਤੇ ‘ਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਆਜ਼ਾਦ ਮੈਂਬਰ ਰਾਣਾ ਇੰਦਰ ਪ੍ਰਤਾਪ ਸਿੰਘ, ਨਰਿੰਦਰ ਪਾਲ ਸਿੰਘ (ਆਪ) ਕੈਬਨਿਟ ਮੰਤਰੀ ਬਲਜੀਤ ਕੌਰ, ਪ੍ਰਿੰਸੀਪਲ ਬੁੱਧ ਰਾਮ, ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਵੀ ਵਿਚਾਰ ਰੱਖੇ। ਕਾਂਗਰਸ ਦੇ ਪਰਗਟ ਸਿੰਘ ਦਾ ਕਹਿਣਾ ਸੀ ਕਿ ਜੇਕਰ ਸਿੰਧੂ ਜਲ ਨਾਂ ਸੰਧੀ ਰੱਦ ਹੋ ਸਕਦੀ ਹੈ ਤਾਂ ਪੰਜਾਬ ਦੇ ਪਾਣੀਆਂ ਸੰਬੰਧੀ ਹੋਏ ਸਮਝੌਤੇ ਕਿਉਂ ਨਹੀਂ ਰੱਦ ਹੋ ਸਕਦੇ। ਉਨ੍ਹਾਂ ਕਿਹਾ ਕਿ ਜੇ ਪਾਣੀ ਸਭ ਦਾ ਸਾਂਝਾ ਹੈ ਤਾਂ ਫਿਰ ਦੇਸ਼ ਵਿਚਲੇ ਦੂਜੇ ਸਾਰੇ ਕੁਦਰਤੀ ਸਰੋਤਾਂ ਪੈਟਰੋਲ, ਕਲਾ ਆਦਿ ਵਿਚ ਪੰਜਾਬ ਦਾ ਹਿੱਸਾ ਕਿਉਂ ਨਹੀਂ।



# ਅਮਰੀਕਾ ’ਚ ਔਰਤ ਨਾਲ ਠੱਗੀ ਦੀ ਕੋਸ਼ਿਸ਼ ’ਚ ਭਾਰਤੀ ਗ੍ਰਿਫ਼ਤਾਰ

**ਨਿਊਯਾਰਕ:** ਅਮਰੀਕਾ ‘ਚ ਇਕ 21 ਸਾਲਾ ਭਾਰਤੀ ਵਿਦਿਆਰਥੀ ਨੂੰ ਉੱਤਰੀ ਕੈਰੋਲੀਨਾ ਦੀ 78 ਸਾਲਾ ਔਰਤ ਨਾਲ ਠੱਗੀ ਕਰਨ ਦੀ ਕੋਸ਼ਿਸ਼ ਦੇ ਦੋਸ਼ ‘ਚ ਗ੍ਰਿਫ਼ਤਾਰ ਕੀਤਾ ਗਿਆ ਹੈ। ਦੋਸ਼ ਹੈ 1 ਕਿ ਉਸਨੇ ਆਪਣੇ ਆਪ ਨੂੰ ਕਾਨੂੰਨੀ ਅਧਿਕਾਰੀ ਵਜੋਂ ਪੇਸ਼ ਕੀਤਾ ਸੀ। ਕਿਸ਼ਨ ਸਿੰਘ 2024 ਤੋਂ ਵਿਦਿਆਰਥੀ ਵੀਜ਼ਾ ‘ਤੇ ਓਹੀਓ ਦੇ ਸਿਨਸਿਨਾਟੀ ਖੇਤਰ ‘ਚ ਰਹਿ ਰਿਹਾ ਹੈ। ਗਿਲਫੋਰਡ ਕਾਊਂਟੀ ਸ਼ੈਰਿਫ ਦਫ਼ਤਰ ਨੇ ਦੱਸਿਆ ਕਿ ਪੀੜਤ ਔਰਤ ਨੇ ਦਫ਼ਤਰ ਨਾਲ ਸੰਪਰਕ ਕੀਤਾ ਸੀ। ਉਸਨੇ ਦੱਸਿਆ ਕਿ ਉਸਨੂੰ ਗਿਲਫੋਰਡ ਕਾਊਂਟੀ ਸ਼ੈਰਿਫ ਦਫ਼ਤਰ ਦੇ ਡਿਪਟੀ ਹੋਣ ਦਾ ਦਾਅਵਾ ਕਰਨ ਵਾਲੇ ਲੋਕਾਂ ਤੋਂ ਅਤੇ ਸੰਘੀ ਏਜੰਟਾਂ ਤੋਂ ਵੀ ਫ਼ੋਨ ਕਾਲਾਂ ਆ ਰਹੀਆਂ ਸਨ। ਉੱਤਰੀ ਕੈਰੋਲੀਨਾ ਦੇ ਸਟੋਕਸਡੇਲ ਦੀ ਪੀੜਤਾ ਨੂੰ ਕਾਲ ਕਰਨ ਵਾਲਿਆਂ ਨੇ ਦੱਸਿਆ ਕਿ ਉਸਦੇ ਬੈਂਕ ਖਾਤਿਆਂ ਨਾਲ ਛੇੜਛਾੜ ਕੀਤੀ ਗਈ ਹੈ।



# ਨਹੀਂ ਜਾਰੀ ਹੋਏ ਫੰਡ- ਅਧਿਆਪਕਾਂ 'ਤੇ ਪਿਆ ਬੋਝ



**ਚੰਡੀਗੜ੍ਹ:** ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਪ੍ਰਧਾਨ ਵਿਕਰਮਦੇਵ ਸਿੰਘ, ਜਨਰਲ ਸਕੱਤਰ ਮਹਿੰਦਰ ਕੌੜਿਆਂਵਾਲੀ ਅਤੇ ਵਿੱਤ ਸਕੱਤਰ ਅਸ਼ਵਨੀ ਅਵਸਥੀ ਨੇ ਕਿਹਾ ਕਿ ਪੰਜਾਬ ਸਰਕਾਰ ਦੀ 'ਸਿੱਖਿਆ ਕ੍ਰਾਂਤੀ' ਮੁਹਿੰਮ ਅਧਿਆਪਕਾਂ ਨੂੰ ਮਹਿੰਗੀ ਪੈ ਰਹੀ ਹੈ। ਆਗੂਆਂ ਨੇ ਕਿਹਾ 'ਕਿ ਸਿੱਖਿਆ ਵਿਭਾਗ ਨੇ ਐਲਾਨੇ ਫੰਡ ਹਾਲੇ ਤੱਕ ਸਕੂਲਾਂ ਨੂੰ ਜਾਰੀ ਨਹੀਂ ਕੀਤੇ। ਅਧਿਆਪਕਾਂ ਨੂੰ ਉਦਘਾਟਨੀ ਸਮਾਰੋਹਾਂ ਦਾ ਖਰਚਾ ਮਜਬੂਰਨ ਆਪਣੀਆਂ ਜੇਬਾਂ 'ਚੋਂ ਖਰਚਣਾ ਪਿਆ ਹੈ। ਅਧਿਆਪਕ ਆਗੂਆਂ ਨੇ ਕਿਹਾ ਕਿ 'ਸਿੱਖਿਆ ਕ੍ਰਾਂਤੀ' ਦੇ ਨਾਂ ਹੇਠ ਕੀਤੇ ਜਾਣ ਵਾਲੇ ਉਦਘਾਟਨ ਸਮਾਰੋਹਾਂ ਲਈ ਲਗਭਗ 20 ਕਰੋੜ ਰੁਪਏ ਰੱਖੇ ਗਏ ਸਨ ਪਰ ਹਾਲੇ ਤੱਕ ਇਕ ਵੀ ਧੇਲਾ ਸਕੂਲਾਂ ਨੂੰ ਜਾਰੀ ਨਹੀਂ ਕੀਤਾ ਗਿਆ। ਪੰਜਾਬ ਦੀ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ, ਵਿਧਾਇਕ, ਮੰਤਰੀ ਸਕੂਲਾਂ ਤੋਂ ਜਿਸ ਤਰ੍ਹਾਂ ਦੇ ਸਮਾਗਮਾਂ ਦੀ ਉਮੀਦ ਕਰਦੇ ਹਨ, ਉਸ ਤਰ੍ਹਾਂ ਦੇ ਸਮਾਗਮ ਲਈ ਹਰੇਕ ਸਕੂਲ ਦਾ 50000 ਤੋਂ 60000 ਰੁਪਏ ਖ਼ਰਚ ਹੋ ਰਿਹਾ ਹੈ, ਜਦਕਿ ਸਰਕਾਰ ਵੱਲੋਂ ਸੈਕੰਡਰੀ ਸਕੂਲ ਨੂੰ ਸਮਾਗਮ ਲਈ 20000, ਹਾਈ ਸਕੂਲ ਨੂੰ 10000 ਅਤੇ ਪ੍ਰਾਇਮਰੀ ਸਕੂਲ ਨੂੰ ਸਿਰਫ 5000 ਰੁਪਏ ਅਤੇ ਹਰੇਕ ਵਿਕਾਸ ਕਾਰਜ ਲਈ ਨੀਂਹ ਪੱਥਰ ਲਈ 5000 ਰੁਪਏ ਅਲੱਗ ਤੋਂ ਜਾਰੀ ਕਰਨ ਬਾਰੇ 3 ਅਪ੍ਰੈਲ ਨੂੰ ਪੱਤਰ ਜਾਰੀ ਕੀਤਾ ਗਿਆ ਸੀ।

# ਮੁਸਲਮਾਨਾਂ ਦੀ ਵੀ ਹੋਵੇਗੀ ਜਾਤੀਵਾਰ ਗਣਨਾ

**ਨਵੀਂ ਦਿੱਲੀ:** ਮਰਦਮਸ਼ੁਮਾਰੀ ਨਾਲ ਹੋਣ ਵਾਲੀ ਜਾਤੀਵਾਰ ਗਣਨਾ 'ਚ ਹਿੰਦੂਆਂ ਦੇ ਨਾਲ-ਨਾਲ ਹੁਣ ਮੁਸਲਮਾਨ ਭਾਈਚਾਰੇ ਦੀਆਂ ਜਾਤਾਂ ਦੀ ਵੀ ਗਣਨਾ ਕੀਤੀ ਜਾਏਗੀ। ਹਾਲੇ ਤੱਕ ਮਰਦਮਸ਼ੁਮਾਰੀ ਨਾਲ ਮੁਸਲਮਾਨਾਂ ਦੀ ਗਣਨਾ ਇਕ ਧਾਰਮਿਕ ਸਮੂਹ ਦੇ ਰੂਪ 'ਚ ਕੀਤੀ ਜਾਂਦੀ ਸੀ। ਜਾਤੀਵਾਰ ਗਣਨਾ ਤੋਂ ਬਾਅਦ ਮੁਸਲਮਾਨ ਸਮਾਜ 'ਚ ਵੱਖ-ਵੱਖ ਜਾਤਾਂ ਤੇ ਉਨ੍ਹਾਂ ਦੇ ਸਮਾਜਿਕ, ਆਰਥਿਕ, ਵਿੱਦਿਅਕ ਸਥਿਤੀ ਦੇ ਠੋਸ ਅੰਕੜੇ ਸਾਹਮਣੇ ਆਉਣਗੇ। ਇਕਜੁੱਟ ਮੁਸਲਮਾਨ ਵੋਟ ਬੈਂਕ ਨੂੰ ਤੋੜਨ ਲਈ ਇਸਨੂੰ ਅਹਿਮ ਮੰਨਿਆ ਜਾ ਰਿਹਾ ਹੈ। ਬੁੱਧਵਾਰ ਨੂੰ ਹੋਈ ਕੈਬਨਿਟ ਦੀ ਬੈਠਕ 'ਚ ਪਹਿਲੀ ਵਾਰੀ ਮਰਦਮਸ਼ੁਮਾਰੀ ਨਾਲ ਜਾਤੀਵਾਰ ਗਣਨਾ ਕਰਾਉਣ ਦਾ ਫ਼ੈਸਲਾ ਕੀਤਾ ਗਿਆ ਸੀ।

ਜ਼ਾਹਿਰ ਹੈ ਕਿ ਇਸ ਕਦਮ ਨਾਲ ਮੁਸਲਮਾਨ ਸਮਾਜ 'ਚ ਵੱਖ ਵੱਖ ਜਾਤਾਂ ਦੀ ਸਹੀ ਗਿਣਤੀ ਪਹਿਲੀ ਵਾਰੀ ਸਾਹਮਣੇ ਆਏਗੀ। ਇਸਦੇ ਦੂਰਗਾਮੀ ਸਿਆਸੀ ਅਸਰ ਦੇਖਣ ਨੂੰ ਮਿਲ ਸਕਦੇ ਹਨ। ਅਸਲ 'ਚ ਹਾਲੇ ਤੱਕ ਜਾਤੀਵਾਰ ਗਣਨਾ ਦੀ ਮੰਗ ਓਬੀਸੀ ਵੋਟ ਬੈਂਕ ਨੂੰ ਧਿਆਨ 'ਚ ਰੱਖ ਕੇ ਹੁੰਦੀ ਰਹੀ ਹੈ। ਦਾਅਵਾ ਕੀਤਾ ਜਾਂਦਾ ਹੈ ਕਿ ਮੁਸਲਮਾਨ ਸਮਾਜ 'ਚ ਵੀ 85 ਫ਼ੀਸਦੀ ਆਬਾਦੀ ਪਸਮਾਂਦਾ ਮੁਸਲਮਾਨਾਂ ਦੀ ਹੈ, ਜਿਹੜੇ ਪੱਛੜੇ ਹੋਏ ਹਨ ਪਰ ਸਮਾਜਿਕ, ਸਿਆਸੀ ਖੇਤਰ 'ਚ ਉਨ੍ਹਾਂ ਨੂੰ ਨਮਾਇੰਦਗੀ ਨਹੀਂ ਮਿਲਦੀ। ਠੋਸ ਅੰਕੜੇ ਨਾ ਹੋਣ ਕਾਰਨ ਉਨ੍ਹਾਂ ਦੀ ਆਵਾਜ਼ ਅਣਸੁਣੀ ਕਰ ਦਿੱਤੀ ਜਾਂਦੀ ਹੈ। ਦੇਸ਼ ਦੇ ਸਾਰੇ ਮੁਸਲਮਾਨਾਂ ਦੀ ਨੁਮਾਇੰਦਗੀ ਕਰਨ ਦਾ ਦਾਅਵਾ ਕਰਨ ਵਾਲੇ ਆਲ ਇੰਡੀਆ ਮੁਸਲਿਮ ਪਰਸਨਲ ਬੋਰਡ 'ਚ ਵੀ ਇਕ ਵੀ ਪਸਮਾਂਦਾ ਮੁਸਲਮਾਨ ਮੈਂਬਰ ਨਹੀਂ ਹੈ। ਜਾਤੀਵਾਰ ਗਣਨਾ ਦੇ ਅੰਕੜੇ ਸਾਹਮਣੇ ਆਉਣ ਤੋਂ ਬਾਅਦ ਪਸਮਾਂਦਾ ਜਾਂ ਹੋਰ ਜਾਤਾਂ ਦੇ ਮੁਸਲਮਾਨ ਵੀ ਆਪਣੀ ਗਿਣਤੀ ਦੇ ਅਨੁਪਾਤ 'ਚ ਨੁਮਾਇੰਦਗੀ ਦੀ ਮੰਗ ਕਰ ਸਕਦੇ ਹਨ। ਭਾਜਪਾ ਲੰਬੇ ਸਮੇਂ ਤੋਂ ਜਾਤੀਵਾਰ ਗਣਨਾ 'ਚ ਮੁਸਲਮਾਨ ਜਾਤਾਂ ਨੂੰ ਸ਼ਾਮਲ ਕਰਨ ਦਾ ਮੁੱਦਾ ਉਠਾਉਂਦੀ ਰਹੀ ਹੈ। ਪਿਛਲੇ ਸਾਲ ਅਸਾਮ ਦੇ ਮੁੱਖ ਮੰਤਰੀ ਹਿਮੰਤਾ ਬਿਸਵ ਸਰਮਾ ਨੇ ਮੁਸਲਮਾਨਾਂ ਦੀ ਜਾਤੀਵਾਰ ਗਣਨਾ ਕਰਾਈ ਸੀ। ਇਸਦੀ ਰਿਪੋਰਟ ਦੇ ਆਧਾਰ 'ਤੇ ਅਸਾਮ ਦੇ ਮੂਲ ਮੁਸਲਮਾਨਾਂ ਨੂੰ ਐੱਸਟੀ ਦਾ ਦਰਜਾ ਵੀ ਦਿੱਤਾ ਗਿਆ। ਯਾਨੀ ਉਨ੍ਹਾਂ ਨੂੰ ਐੱਸਟੀ ਤਹਿਤ ਮਿਲਣ ਵਾਲੀਆਂ ਸਾਰੀਆਂ ਸਹੂਲਤਾਂ ਦਾ ਫ਼ਾਇਦਾ ਮਿਲੇਗਾ।



# ਐਨ.ਸੀ.ਬੀ.ਵਲੋਂ 547 ਕਰੋੜ ਦੇ ਨਸ਼ੀਲੇ ਪਦਾਰਥ ਜ਼ਬਤ

**ਨਵੀਂ ਦਿੱਲੀ:** ਨਾਰਕੋਟਿਕਸ ਕੰਟਰੋਲ ਬਿਊਰੋ (ਐਨ. ਸੀ. ਬੀ.) ਨੇ ਚਾਰ ਮਹੀਨਿਆਂ ਦੇ ਆਪ੍ਰੇਸ਼ਨ 'ਚ 547 ਕਰੋੜ ਰੁਪਏ ਦੇ ਨਸ਼ੀਲੇ ਪਦਾਰਥ ਜ਼ਬਤ ਕੀਤੇ ਹਨ ਤੇ 15 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਐਨ. ਸੀ. ਬੀ. ਦੀ ਅੰਮ੍ਰਿਤਸਰ ਜ਼ੋਨਲ ਯੂਨਿਟ ਨੇ ਪੰਜਾਬ, ਉਤਰਾਖੰਡ, ਹਿਮਾਚਲ ਪ੍ਰਦੇਸ਼ ਅਤੇ ਦਿੱਲੀ 'ਚ ਇਕ ਵੱਡੇ ਨਸ਼ਾ ਤਸਕਰੀ ਗਰੋਹ ਦਾ ਪਰਦਾਫਾਸ਼ ਕਰਦਿਆਂ 1.42 ਕਰੋੜ ਤੋਂ ਵੱਧ ਟ੍ਰਾਮਾਡੋਲ ਅਤੇ ਅਲਪ੍ਰਾਜ਼ੀਲਮ ਗੋਲੀਆਂ, 2.9 ਕਿੱਲੋਗ੍ਰਾਮ ਟ੍ਰਾਮਾਡੋਲ ਪਾਊਡਰ ਅਤੇ ਕੋਡੀਨ ਅਧਾਰਤ ਖੰਘ ਦੇ ਸਿਰਪ ਦੀਆਂ 9 ਲੱਖ ਤੋਂ ਵੱਧ ਸ਼ੀਸ਼ੀਆਂ ਜ਼ਬਤ ਕੀਤੀਆਂ ਹਨ।




# ਪਿੰਡਾਂ ਤੇ ਸ਼ਹਿਰਾਂ 'ਚ ਕੀਤੀ ਜਾਵੇਗੀ 'ਨਸ਼ਾ ਮੁਕਤੀ ਯਾਤਰਾ'

**ਚੰਡੀਗੜ੍ਹ:** ਲੋਕਾਂ 'ਚ ਨਸ਼ਾ ਵਿਰੋਧੀ ਜਾਗਰੂਕਤਾ ਪੈਦਾ ਕਰਨ ਲਈ ਸੂਬਾ ਸਰਕਾਰ ਨੇ 'ਨਸ਼ਾ ਮੁਕਤੀ ਯਾਤਰਾ' ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ, ਜੋ ਮਈ ਅਤੇ ਜੂਨ 2025 ਦੌਰਾਨ ਹਰ ਪਿੰਡ ਅਤੇ ਵਾਰਡ ਤੱਕ ਪਹੁੰਚ ਕਰੇਗੀ। ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਦੱਸਿਆ ਕਿ ਜ਼ਿਲ੍ਹਾ ਪੱਧਰੀ ਮੀਟਿੰਗਾਂ ਕਰਨ ਲਈ ਪਿੰਡ ਸੁਰੱਖਿਆ ਕਮੇਟੀਆਂ ਨੂੰ ਸ਼ਾਮਲ ਕਰ ਕੇ ਚਲਾਈ ਜਾਵੇਗੀ। ਇਹ ਮੀਟਿੰਗਾਂ 'ਨਸ਼ਾ ਮੁਕਤੀ ਯਾਤਰਾ' ਮੁਹਿੰਮ ਲਈ ਅਧਿਕਾਰਤ ਲਾਂਚ ਪਲੇਟਫਾਰਮ ਵਜੋਂ ਕੰਮ ਕਰਨਗੀਆਂ। ਪਿੰਡ ਸੁਰੱਖਿਆ ਕਮੇਟੀਆਂ ਦੇ ਸਾਰੇ ਮੈਂਬਰਾਂ ਤੋਂ ਇਲਾਵਾ ਇਸ ਮੀਟਿੰਗ 'ਚ ਪਿੰਡਾਂ ਦੇ ਸਰਪੰਚ, ਸਿਵਲ ਅਤੇ ਪੁਲਿਸ ਪ੍ਰਸ਼ਾਸਨ ਦੇ ਨਾਲ-ਨਾਲ ਹੋਰ ਸਬੰਧਤ ਵੀ ਸ਼ਾਮਲ ਹੋਣਗੇ।

ਮੁੱਖ ਮੰਤਰੀ ਨੇ ਡਿਪਟੀ ਕਮਿਸ਼ਨਰਾਂ ਅਤੇ ਐੱਸਐੱਸਪੀ ਨੂੰ ਉਨ੍ਹਾਂ ਪਿੰਡਾਂ ਵਿਚ ਪਿੰਡ ਸੁਰੱਖਿਆ ਕਮੇਟੀਆਂ ਬਣਾਉਣ ਲਈ ਕਿਹਾ ਹੈ, ਜਿੱਥੇ ਇਹ ਕਮੇਟੀਆਂ ਮੌਜੂਦ ਨਹੀਂ ਹਨ ਅਤੇ ਉਨ੍ਹਾਂ ਨੂੰ ਇਨ੍ਹਾਂ ਮੀਟਿੰਗਾਂ ਲਈ ਸੱਦਾ ਦੇਣ ਲਈ ਕਿਹਾ ਹੈ। ਇਸੇ ਤਰ੍ਹਾਂ ਨਗਰ ਨਿਗਮ ਖੇਤਰਾਂ ਦੇ ਹਰੇਕ ਵਾਰਡ ਵਿਚ ਵਾਰਡ ਸੁਰੱਖਿਆ ਕਮੇਟੀਆਂ ਵੀ ਬਣਾਈਆਂ ਜਾਣਗੀਆਂ ਅਤੇ ਉਨ੍ਹਾਂ ਨੂੰ ਇਨ੍ਹਾਂ ਮੀਟਿੰਗਾਂ ਲਈ ਸੱਦਿਆ ਜਾਵੇਗਾ। ਹਰੇਕ ਜ਼ਿਲ੍ਹਾ ਪੱਧਰੀ ਮੀਟਿੰਗ ਦੀ. ਪ੍ਰਧਾਨਗੀ ਇਕ ਕੈਬਨਿਟ ਮੰਤਰੀ ਵੱਲੋਂ ਕੀਤੀ ਜਾਵੇਗੀ, ਜਿਸ ਦਾ ਮੰਤਵ ਨਸ਼ਾ ਮੁਕਤੀ ਯਾਤਰਾ ਮੁਹਿੰਮ ਬਾਰੇ ਜਾਗਰੂਕ ਕਰਨਾ, ਚੌਕਸੀ ਲਈ ਪਿੰਡ-ਪੱਧਰੀ ਲੀਡਰਸ਼ਿਪ ਨੂੰ ਲਾਮਬੰਦ ਕਰਨਾ, ਪਿੰਡ ਸੁਰੱਖਿਆ ਕਮੇਟੀਆਂ, ਵਾਰਡ ਸੁਰੱਖਿਆ ਕਮੇਟੀਆਂ ਅਤੇ ਜ਼ਿਲ੍ਹਾ ਪ੍ਰਸ਼ਾਸਨ ਵਿਚਕਾਰ ਤਾਲਮੇਲ ਨੂੰ ਮਜ਼ਬੂਤ ਕਰਨਾ ਅਤੇ ਪਿੰਡ ਪੱਧਰ 'ਤੇ ਨਸ਼ਿਆਂ ਵਿਰੁੱਧ ਸਮੂਹਿਕ ਇਕਜੁੱਟਤਾ ਨੂੰ ਮਜ਼ਬੂਤ ਕਰਨਾ ਹੈ।




# ਗੋਗੀ ਨੇ ਪੇਡਾ ਦੇ ਚੇਅਰਪਰਸਨ ਵਜੋਂ ਅਹੁਦਾ ਸੰਭਾਲਿਆ

**ਚੰਡੀਗੜ੍ਹ:** ਸਾਬਕਾ ਵਿਧਾਇਕ ਮਰਹੂਮ ਗੁਰਪ੍ਰੀਤ ਗੋਗੀ ਦੀ ਧਰਮ ਪਤਨੀ ਡਾ ਸੁਖਚੈਨ ਗੋਗੀ ਨੇ ਮੰਗਲਵਾਰ ਨੂੰ ਇੱਥੇ ਪੇਡਾ ਕੰਪਲੈਕਸ ਵਿਖੇ ਪੰਜਾਬ ਊਰਜਾ ਵਿਕਾਸ ਏਜੰਸੀ (ਪੇਡਾ) ਦੇ ਚੇਅਰਪਰਸਨ ਵਜੋਂ ਅਹੁਦਾ ਸੰਭਾਲਿਆ। ਇਸ ਮੌਕੇ ਹਾਜ਼ਰ ਪੰਜਾਬ ਦੇ ਨਵੀਂ ਅਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ ਅਮਨ ਅਰੋੜਾ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਮਾਤਾ ਹਰਪਾਲ ਕੌਰ, ਸਮਾਜਿਕ ਨਿਆਂ, ਸਸ਼ਕਤੀਕਰਨ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ, ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ ਹਾਜ਼ਰ ਸਨ। ਡਾ ਗੋਗੀ ਨੇ . ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਉਨ੍ਹਾਂ ਉੱਤੇ ਭਰੋਸਾ ਪ੍ਰਗਟਾਉਣ ਲਈ ਧੰਨਵਾਦ ਕਰਦਿਆਂ ਸੌਂਪੀ ਗਈ ਇਸ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣ ਦਾ ਅਹਿਦ ਲਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਵਿਧਾਇਕ ਅਸ਼ੋਕ ਪਰਾਸ਼ਰ (ਪੱਪੀ), ਵਿਧਾਇਕ ਗੁਰਦਿੱਤ ਸਿੰਘ ਸੇਖੋਂ ਅਤੇ ਪਾਰਟੀ ਦੇ ਹੋਰ ਆਗੂ ਵੀ ਮੌਜੂਦ ਸਨ।



# ਦਲਿਤ ਨੌਜਵਾਨ ਨਾਲ ਬਦਸਲੂਕੀ ਦੇ ਦੋਸ਼ ਵਿਚ ਥਾਣੇਦਾਰ ਮੁਅੱਤਲ

**ਜਲੰਧਰ:** ਪੁਲਿਸ ਥਾਣੇ ਵਿਚ ਦਲਿਤ ਭਾਈਚਾਰੇ ਨਾਲ ਸੰਬੰਧਤ ਨੌਜਵਾਨਾਂ ਨਾਲ ਕੀਤੀਆਂ ਗਈਆਂ ਗਲਤ ਹਰਕਤਾਂ ਦੇ ਮਾਮਲੇ ਵਿਚ ਸ਼ਿਕਾਇਤ ਮਿਲਣ 'ਤੇ ਐੱਸਐੱਸਪੀ ਹਰਵਿੰਦਰ ਸਿੰਘ ਵਿਰਕ ਨੇ ਥਾਣਾ ਮਹਿਤਪੁਰ ਦੇ ਇੰਚਾਰਜ 'ਲਖਬੀਰ ਸਿੰਘ ਅਤੇ ਏਐੱਸਆਈ ਧਰਮਿੰਦਰ ਸਿੰਘ ਨੂੰ ਮੁਅੱਤਲ ਕਰ ਦਿੱਤਾ ਹੈ। ਨੌਜਵਾਨਾਂ'ਦੇ ਪਰਿਵਾਰਕ ਮੈਂਬਰਾਂ ਨੇ ਰਾਤ ਵੇਲੇ ਥਾਣੇ ਦੇ ਬਾਹਰ ਧਰਨਾ ਲਗਾ ਦਿੱਤਾ ਅਤੇ ਕਿਹਾ ਕਿ ਇਸ ਮਾਮਲੇ ਵਿਚ ਹੋਰ ਪੁਲਿਸ ਵਾਲੇ ਵੀ ਦੋਸ਼ੀ ਹਨ, ਉਨ੍ਹਾਂ ਨੂੰ ਵੀ ਸਜ਼ਾ ਦਿੱਤੀ ਜਾਵੇ। ਡੀਐੱਸਪੀ ਓਂਕਾਰ ਸਿੰਘ ਬਰਾਰ ਮੌਕੇ 'ਤੇ ਪਹੁੰਚੇ ਅਤੇ ਕਾਰਵਾਈ ਦਾ ਭਰੋਸਾ ਦੇ ਕੇ ਉਨ੍ਹਾਂ ਨੂੰ ਸ਼ਾਂਤ ਕੀਤਾ।

ਨਗਰ ਪੰਚਾਇਤ ਮਹਿਤਪੁਰ ਦੇ ਮੈਂਬਰਾਂ ਨੇ ਡੀਐੱਸਪੀ ਸ਼ਾਹਕੋਟ ਨੂੰ ਲਿਖਤੀ ਸ਼ਿਕਾਇਤ ਦੇ ਕੇ ਦੱਸਿਆ ਕਿ ਮਹਿਤਪੁਰ ਥਾਣੇ ਵਿਚ ਐੱਸਐੱਚਓ ਦੀ ਮੌਜੂਦਗੀ ਵਿਚ ਦਲਿਤ ਭਾਈਚਾਰੇ ਦੇ ਨੌਜਵਾਨਾਂ ਨੂੰ ਧਮਕਾਇਆ ਗਿਆ ਅਤੇ ਉਨ੍ਹਾਂ ਨੂੰ ਇਕ-ਦੂਜੇ ਨਾਲ ਗਲਤ ਹਰਕਤਾਂ ਕਰਨ ਲਈ ਕਿਹਾ ਗਿਆ ਅਤੇ ਤਸ਼ੱਦਦ ਕੀਤਾ ਗਿਆ। ਜਦੋਂ ਇਸ ਘਟਨਾ ਦੀ ਖ਼ਬਰ ਲੋਕਾਂ ਤੱਕ ਪਹੁੰਚੀ ਤਾਂ ਲੋਕ ਵਿਰੋਧ ਵਿਚ ਮਹਿਤਪੁਰ ਪੁਲਿਸ ਥਾਣੇ 'ਤੇ ਇਕੱਠੇ ਹੋਣ ਲੱਗੇ ਅਤੇ ਦੋਸ਼ੀ ਪੁਲਿਸ ਕਰਮਚਾਰੀਆਂ ਦੇ ਖ਼ਿਲਾਫ਼ ਕਾਰਵਾਈ ਦੀ ਮੰਗ ਕਰਨ ਲੱਗੇ। ਉਨ੍ਹਾਂ ਨੇ ਮੰਗ ਕੀਤੀ ਕਿ ਇਸ ਘਟਨਾ ਵਿਚ 4-5 ਲੋਕ ਸ਼ਾਮਲ ਹਨ ਪਰ ਕਾਰਵਾਈ ਸਿਰਫ਼ ਦੋ ਲੋਕਾਂ 'ਤੇ ਹੀ ਕੀਤੀ ਗਈ ਹੈ। ਇਸ ਮੌਕੇ 'ਤੇ ਅਸ਼ਵਨੀ ਧਾਰੀਵਾਲ, ਕੌਂਸਲਰ ਕ੍ਰਾਂਤੀਜੀਤ ਸਿੰਘ, ਕੈਪਟਨ ਰਾਜਵਿੰਦਰ ਸ਼ਰਮਾ, ਅਨੁਪਮ ਸੂਦ, ਰਾਕੇਸ਼ ਮਹੇਤਾ, ਪੰਕਜ ਕੁਮਾਰ, ਅਸ਼ਵਨੀ ਗਿੱਲ, ਮੰਗਾ ਪਹਲਵਾਨ, ਜਸਬੀਰ ਸਿੰਘ, ਜਗਦੀਪ ਸਿੰਘ, ਕੁਲਦੀਪ ਚੰਦ, ਮਲਕੀਤ ਚੰਦ, ਗੋਪੀ ਆਦਿ ਮੌਜੂਦ ਸਨ। ਇਸ ਘਟਨਾ ਦੇ ਸੰਬੰਧ ਵਿਚ ਜਦੋਂ ਡੀਐੱਸਪੀ ਸ਼ਾਹਕੋਟ ਓਂਕਾਰ ਸਿੰਘ ਬਰਾੜ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਇਸ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ। ਦੋਨੋਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ।




# ਨਸ਼ੇ ਦੇ ਕੇਸ 'ਚ ਫਸੇ ਸੀ ਨਾਬਾਲਗ ਸਣੇ ਤਿੰਨ ਨੌਜਵਾਨ

ਦੱਸਿਆ ਜਾ ਰਿਹਾ ਹੈ ਕਿ ਨਸ਼ੇ ਦੇ ਦੋਸ਼ ਵਿਚ ਪੁਲਿਸ ਇਕ ਨਾਬਾਲਗ ਸਮੇਤ ਤਿੰਨ ਨੌਜਵਾਨਾਂ ਨੂੰ ਚੁੱਕ ਕੇ ਲੈ ਗਈ ਸੀ। ਥਾਣਾ ਇੰਚਾਰਜ ਨੇ ਉਨ੍ਹਾਂ ਨੂੰ ਤੰਗ ਕੀਤਾ ਪਰ ਬਾਅਦ ਵਿਚ ਪਤਾ ਲੱਗਾ ਕਿ ਨਸ਼ਾ ਵੇਚਣ ਦੇ ਦੋਸ਼ੀ ਨਹੀਂ ਸਨ। ਥਾਣਾ ਇੰਚਾਰਜ ਨੇ ਪਹਿਲਾਂ ਤਿੰਨੋਂ ਨੂੰ ਗਲਤ ਹਰਕਤਾਂ ਕਰਨ ਲਈ ਕਿਹਾ ਅਤੇ ਫਿਰ ਉਨ੍ਹਾਂ ਨੂੰ ਤੰਗ ਕੀਤਾ। ਬਾਅਦ ਵਿਚ ਬਾਕੀ ਮੁਲਾਜ਼ਮ ਵੀ ਸ਼ਾਮਲ ਹੋ ਗਏ ਪਰ ਨੌਜਵਾਨਾਂ ਨੇ ਦੱਸਿਆ ਕਿ ਕੁਝ ਮੁਲਾਜ਼ਮ ਥਾਣਾ ਇੰਚਾਰਜ ਨੂੰ ਇਸ ਤਰ੍ਹਾਂ ਕਰਨ ਤੋਂ ਰੋਕ ਰਹੇ ਸਨ ਪਰ ਉਹ ਨਹੀਂ ਮੰਨ ਰਿਹਾ ਸੀ। ਐੱਸਐੱਸਪੀ ਵਿਰਕ ਨੇ ਦੱਸਿਆ ਕਿ ਇਸ ਸਾਰੇ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰਵਾਈ ਜਾਵੇਗੀ ਅਤੇ ਕੋਈ ਵੀ ਦੋਸ਼ੀ ਬਖਸ਼ਿਆ ਨਹੀਂ ਜਾਵੇਗਾ। ਉਧਰ ਨੰਬਰਦਾਰ ਅਸ਼ਵਨੀ ਨੇ ਦੱਸਿਆ ਕਿ ਸੋਮਵਾਰ ਰਾਤ ਘਟਨਾ ਦੇ ਬਾਅਦ ਧਰਨਾ ਲਗਾਇਆ ਸੀ ਪਰ ਡੀਐੱਸਪੀ ਉਕਾਰ ਸਿੰਘ ਬਰਾੜ ਨੇ ਦੋ ਦਿਨ ਵਿਚ ਜਾਂਚ ਪੂਰੀ ਕਰਨ ਦੀ ਗੱਲ ਕਹੀ ਜਿਸ ਤੋਂ ਬਾਅਦ ਧਰਨਾ ਉਠਾਇਆ ਗਿਆ।

# ਨਾਭਾ ਪੁਲਿਸ ਮੁਕਾਬਲੇ ਸੰਬੰਧੀ ਹਾਈ ਕੋਰਟ ਵਲੋਂ ਸਰਕਾਰ ਨੂੰ ਨੋਟਿਸ

**ਚੰਡੀਗੜ੍ਹ:** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਅੱਜ ਇਕ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ। ਇਹ ਪਟੀਸ਼ਨ ਇਕ ਜੋੜੇ ਵਲੋਂ ਦਾਇਰ ਕੀਤੀ ਗਈ ਹੈ, ਜਿਸ ਵਿਚ ਉਨ੍ਹਾਂ ਦੇ 22 ਸਾਲਾ ਪੁੱਤਰ ਦੀ ਫ਼ਰਜ਼ੀ ਮੁਕਾਬਲੇ ਵਿਚ ਮੌਤ ਦੀ ਅਦਾਲਤ ਦੀ ਨਿਗਰਾਨੀ ਹੇਠ ਸਮਾਂਬੱਧ ਸੀ.ਬੀ.ਆਈ. ਜਾਂਚ ਦੀ ਮੰਗ ਕੀਤੀ ਗਈ ਹੈ। ਜਸਟਿਸ ਸੰਜੀਵ ਬੇਰੀ ਦੇ ਸਿੰਗਲ ਬੈਂਚ ਸਾਹਮਣੇ ਪੇਸ਼ ਕੀਤੀ ਗਈ ਪਟੀਸ਼ਨ ਵਿਚ ਪਟੀਸ਼ਨਕਰਤਾਵਾਂ ਬਲਜੀਤ ਕੌਰ ਅਤੇ ਲਖਵਿੰਦਰ ਸਿੰਘ ਨੇ ਦਲੀਲ ਦਿੱਤੀ ਕਿ ਉਨ੍ਹਾਂ ਦਾ ਪੁੱਤਰ ਜਸਪ੍ਰੀਤ ਸਿੰਘ ਅਕਤੂਬਰ 2022 ਤੋਂ ਕੈਨੇਡਾ ਵਿਚ ਰਹਿ ਰਿਹਾ ਸੀ ਅਤੇ ਵਿਆਹ ਤੋਂ ਬਾਅਦ ਹਾਲ ਹੀ ਵਿਚ ਭਾਰਤ ਵਾਪਸ ਆਇਆ ਸੀ। ਦੋਸ਼ਾਂ ਤਹਿਤ 13 ਮਾਰਚ ਨੂੰ ਨਾਭਾ ਪੁਲਿਸ ਸਟੇਸ਼ਨ ਦੇ ਏਰੀਆ ਵਿਚ ਇਕ ਮੁਕਾਬਲੇ ਦੌਰਾਨ ਪੁਲਿਸ ਨੇ ਉਸ ਨੂੰ ਮਾਰ ਦਿੱਤਾ, ਜਦੋਂ ਕਿ ਉਸ ਉੱਤੇ ਅਗਵਾ ਕਰਨ ਦਾ ਝੂਠਾ ਦੋਸ਼ ਲਗਾਇਆ ਗਿਆ ਸੀ। ਪਟੀਸ਼ਨਕਰਤਾਵਾਂ ਦੇ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ 14 ਮਾਰਚ ਦੀ ਪੋਸਟਮਾਰਟਮ ਰਿਪੋਰਟ ਵਿਚ ਜਸਪ੍ਰੀਤ ਸਿੰਘ ਦੇ ਸਰੀਰ 'ਤੇ 7 ਗੋਲੀਆਂ ਦੇ ਜ਼ਖ਼ਮ ਮਿਲੇ ਹਨ, ਜਿਨ੍ਹਾਂ ਵਿਚੋਂ ਤਿੰਨ 'ਤੇ 'ਟੈਟੂਇੰਗ' ਦੇ ਨਿਸ਼ਾਨ ਸਨ, ਜੋ ਨੇੜਿਉਂ ਗੋਲੀਆਂ ਚਲਾਏ ਜਾਣ ਦਾ ਇਸ਼ਾਰਾ ਕਰਦੇ ਹਨ। ਇਕ ਗੋਲੀ ਉਸਦੇ ਮੱਥੇ 'ਤੇ ਬਹੁਤ ਨੇੜਿਉਂ ਚਲਾਈ ਗਈ ਸੀ, ਜੋ ਇਸਨੂੰ 'ਨਕਲੀ ਮੁਕਾਬਲਾ' ਸਾਬਤ ਕਰਦਾ ਹੈ। ਉਨ੍ਹਾਂ ਅਦਾਲਤ ਨੂੰ ਬੇਨਤੀ ਕੀਤੀ ਕਿ ਮਾਮਲੇ ਦੀ ਨਿਰਪੱਖਤਾ ਬਣਾਈ ਰੱਖਣ ਲਈ ਜਾਂਚ ਸੀ.ਬੀ.ਆਈ ਤੋਂ ਕਰਵਾਈ ਜਾਵੇ ਅਤੇ ਅਦਾਲਤ ਖ਼ੁਦ ਇਸਦੀ ਨਿਗਰਾਨੀ ਕਰੇ।



# ਮਜ਼ਦੂਰ ਦਿਹਾੜੇ ਨੂੰ ਸਮਰਪਿਤ ਫ਼ਿਲਮ ਸ਼ੋਅ ਕਰਵਾਇਆ






**ਪਾਪਾਕੋਰਾ(ਨਿਊਜ਼ੀਲੈਂਡ):** ਅਜ਼ਾਦ ਰੰਗ ਮੰਚ ਵਲੋਂ ਸ਼ਹੀਦ ਭਗਤ ਸਿੰਘ ਚੈਰੀਟੇਬਲ ਟਰੱਸਟ ਦੇ ਸਹਿਯੋਗ ਨਾ਼ਲ ਪਾਪਾਕੋਰਾ ਵਿਖੇ ਮਜ਼ਦੂਰ ਦਿਹਾੜੇ ਨੂੰ ਸਮਰਪਿਤ ਫ਼ਿਲਮ ਸ਼ੋਅ ਕਰਵਾਇਆ ਗਿਆ, ਜਿਸ ਵਿੱਚ ਰਾਜੂ ਸਾਹਿਬ ਨੇ ਸ਼ਹੀਦ ਭਗਤ ਸਿੰਘ ਚੈਰੀਟੇਬਲ ਟਰੱਸਟ ਬਾਰੇ ਦੱਸਦੇ ਹੋਏ 1 ਮਈ ਦੇ ਇਤਿਹਾਸ ਤੇ ਚਾਨਣਾ ਪਾਇਆ ਅਤੇ ਇਸ ਤੋਂ ਬਾਹਦ ਮਨਦੀਪ ਮਹਿਰਮ ਨੇ ਫਿਲਮਾਂ ਬਾਰੇ ਗੱਲਬਾਤ ਕਰਦਿਆਂ, ਫਿਲਮਾਂ ਦੇ ਪੈਦਾ ਹੋਣ ਤੋਂ ਫਿਲਮ ਕਲਾ ਵਿੱਚ ਮਜਦੂਰ ਜਮਾਤ ਦੀ ਦੇਣ , ਫਿਲਮਾਂ ਦੇ ਸੁਨੇਹੇ ਅਤੇ ਉਸ ਦੀ ਪੇਸ਼ਕਾਰੀ ਅਤੇ ਫਿਲਮਾਂ ਦੇ ਮੱਹਤਵ ਤੇ ਆਪਣੀ ਗੱਲ ਰੱਖੀ।

ਪ੍ਰੋਗਰਾਮ ਨੂੰ ਅੱਗੇ ਤੋਰਦਿਆਂ ਪਹਿਲੀ ਫਿਲਮ ਸੱਤਿਆਜੀਤ ਰੇਅ ਦੀ "ਸਦਗਤੀ" ਦੇਖੀ ਗਈ, ਅਤੇ ਫਿਲਮ ਤੋਂ ਬਾਹਦ ਹਾਜ਼ਰ ਦਰਸ਼ਕਾਂ ਨੇ ਫਿਲਮ ਉੱਤੇ ਵਿਚਾਰ ਚਰਚਾ ਕਰਦਿਆਂ ਕਿਹਾ ਕੇ ਅੱਜ ਵੀ ਜਾਤ ਪਾਤੀ ਪ੍ਰਬੰਧ ਭਾਵੇ ਵੱਖਰੇ ਰੂਪ ਵਿੱਚ ਹੈ, ਪਰ ਇਹ ਸਾਡੇ ਸਮਾਜ ਨੂੰ ਲੱਗੇ ਹੋਏ ਕੋਹੜ ਵਾਂਗ ਅੱਜ ਵੀ ਮੌਜੂਦ ਹੈ ਅਤੇ ਇਸ ਤੇ ਚਿੰਤਨ ਦੀ ਲੋੜ ਹੈ, ਫਿਰ ਰਾਤ ਦੇ ਖਾਣੇ ਤੋਂ ਬਾਹਦ ਦੂਜੀ ਡਾਕੂਮੈਂਟਰੀ "ਸਾਂਸੋ ਮੇ ਸਿਲਿਕਾ" ਦੇਖੀ ਗਈ ਅਤੇ ਉਸ ਤੋਂ ਉਪਰੰਤ ਵੀ ਵੱਖਰੇ ਵੱਖਰੇ ਵਿਚਾਰ ਆਏ ਅਤੇ ਭਾਰਤ ਵਿੱਚ ਕੰਮ ਕਰਦੇ ਮਜਦੂਰਾਂ ਦੀਆਂ ਹਾਲਤਾਂ ਦੀ ਚਿੰਤਾ ਸਭਨਾ ਦੇ ਮਨਾਂ ਵਿੱਚ ਉੱਭਰੀ।

ਤਕਰੀਬਨ 3 ਘੰਟੇ ਚੱਲਿਆ ਇਹ ਪ੍ਰੋਗਰਾਮ ਆਪਣੀ ਅਰਥ ਭਰਪੂਰ ਵਿਚਾਰ ਚਰਚਾ ਕਰਕੇ ਆਪਣੀ ਕਾਮਯਾਬੀ ਨੂੰ ਛੂਹ ਸਕਿਆ ਅਤੇ ਪੰਜਾਬੀਆਂ ਦੀ ਨਿਊਜ਼ੀਲੈਂਡ ਜੰਮਪਲ ਅਗਲੀ ਪੀੜ੍ਹੀ ਦੀ ਲਗਾਈ ਹਾਜ਼ਰੀ ਅਤੇ ਓਹਨਾ ਵਲੋਂ ਨਿਭਾਈ ਵਲੰਟੀਅਰ ਸੇਵਾ ਰਾਤ ਦੇ ਪ੍ਰੋਗਰਾਮ ਵਿੱਚ ਚੰਦ ਵਾਂਗ ਚਮਕਦੀ ਰਹੀ।

ਕਿਤਾਬਾਂ ਦੇ ਸਟਾਲ ਦੇ ਸੰਗ ਅੰਤ ਵਿੱਚ ਮਨਪ੍ਰੀਤ ਨੇ ਸਟੇਜ ਕਰਦਿਆਂ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦੇ ਸਮਾਜ ਪ੍ਰਤੀ ਕੰਮ ਕਰਨ ਅਤੇ ਨਵੇਂ ਵਿਚਾਰਾਂ ਨਾ਼ਲ ਜੁੜਨ ਦੇ ਅਹਿਦ ਨਾ਼ਲ ਦਰਸ਼ਕਾਂ ਤੋਂ ਵਿਦਾਇਗੀ ਲਈ।

## ਮਜੀਠੀਆ ਦੀ ਸੁਰੱਖਿਆ 'ਤੇ 12 ਤੱਕ ਰਿਪੋਰਟ ਤਲਬ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਨੇਤਾ ਵਿਕਰਮ ਸਿੰਘ ਮਜੀਠੀਆ ਦੀ ਜ਼ੈੱਡ ਪਲੱਸ ਸ਼੍ਰੇਣੀ ਦੀ ਸੁਰੱਖਿਆ ਹਟਾਏ ਜਾਣ ਦੇ ਮਾਮਲੇ ਵਿਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇਂ ਪੰਜਾਬ ਸਰਕਾਰ ਨੂੰ 12



ਮਈ ਤੱਕ ਉਨ੍ਹਾਂ ਦੀ ਸੁਰੱਖਿਆ ਦਾ ਮੁੜ ਮੁਲਾਂਕਣ ਕਰ ਕੇ ਵਿਸਥਾਰਤ ਰਿਪੋਰਟ ਦਾਖ਼ਲ ਕਰਨ ਦੇ ਹੁਕਮ ਦਿੱਤੇ ਹਨ। ਹਾਈ ਕੋਰਟ ਨੇ ਨਿਰਦੇਸ਼ ਦਿੱਤੇ ਕਿ ਮਜੀਠੀਆ ਦੀ ਸੁਰੱਖਿਆ ਦੀ ਸਮੀਖਿਆ ਹੁਣ ਏਡੀਜੀਪੀ ਪੱਧਰ ਦਾ ਅਧਿਕਾਰੀ ਕਰੇਗਾ ਅਤੇ ਅਗਲੀ ਸੁਣਵਾਈ 'ਤੇ ਡੀਜੀਪੀ' ਖ਼ੁਦ ਉਨ੍ਹਾਂ ਦੀ ਸੁਰੱਖਿਆ ਨਾਲ ਜੁੜੀ ਵਿਸਥਾਰਤ ਰਿਪੋਰਟ ਪੇਸ਼ ਕਰਨਗੇ। ।

# ਦੇਸਰਪੁਰ ਵਿਚ ਗੀਤਕਾਰ ਅਲਮਸਤ ਦੇਸਰਪੁਰੀ ਦੀ ਯਾਦ ਵਿਚ ਸਮਾਗਮ



*ਗੀਤਕਾਰ ਸਤੀਸ਼ ਦਰਦੀ ਦਾ ਸਨਮਾਨ ਕਰਦੇ ਹੋਏ ਸਾਗਰ ਦੇਸਰਪੁਰੀ, ਸੋਨੂੰ ਦੇਸਰਪੁਰੀ, ਸਾਈਂ ਕੁਲਵਿੰਦਰ ਸ਼ਾਹ ਤੇ ਹੋਰ।*

**ਜਲੰਧਰ:** ਬੀਤੇ ਦਿਨੀ ਫ਼ਕੀਰ ਸ਼ਾਇਰ ਅਲਮਸਤ ਦੇਸਰਪੁਰੀ ਦੀ ਯਾਦ ਵਿਚ ਤੀਸਰਾ ਯਾਦਗਾਰੀ ਬਰਸੀ ਸਮਾਗਮ ਉਨ੍ਹਾਂ ਦੇ ਜੱਦੀ ਪਿੰਡ ਦੇਸਰਪੁਰ 'ਚ ਕਰਵਾਇਆ ਗਿਆ। ਇਹ ਬਰਸੀ ਸਮਾਗਮ ਉਨ੍ਹਾਂ ਦੇ ਵੱਡੇ ਬੇਟੇ ਸਾਗਰ ਦੇਸਰਪੁਰੀ, ਸੋਨੂੰ ਦੇਸਰਪੁਰੀ, ਸਮੂਹ ਗ੍ਰਾਮ ਪੰਚਾਇਤ ਅਤੇ ਨਗਰ ਨਿਵਾਸੀਆਂ ਵਲੋਂ ਸੰਯੁਕਤ ਰੂਪ ਵਿਚ ਕਰਵਾਇਆ ਗਿਆ। ਪਰਿਵਾਰ ਵਲੋਂ ਸ਼ਾਇਰ ਅਲਮਸਤ ਦੇਸਰਪੁਰੀ ਦੀ ਮਜ਼ਾਰ 'ਤੇ ਚਾਦਰ ਚੜ੍ਹਾਈ ਗਈ। ਇਹ ਰਸਮ ਸਾਗਰ ਦੇਸਰਪੁਰੀ ਤੇ ਪਰਿਵਾਰਕ ਮੈਂਬਰਾਂ ਵਲੋਂ ਅਦਾ ਕੀਤੀ ਗਈ।

ਦਰਬਾਰ ਬਾਬਾ ਰੋਡੇ ਸ਼ਾਹ ਜੱਲੋਵਾਲ ਦੇ ਗੱਦੀ ਨਸ਼ੀਨ ਸਾਈਂ ਕੁਲਵਿੰਦਰ ਸ਼ਾਹ, ਪਰਵਾਨਾ ਯਾਦਗਾਰੀ ਸੱਭਿਆਚਾਰਕ ਮੰਚ ਅਠੌਲਾ ਦੇ ਕਾਲੇਸ਼ਾਹ, ਹਰਬੰਸ ਅਰੋੜਾ ਯਾਦਗਾਰੀ ਵੈਲੇਫਅਰ ਕਮੇਟੀ ਦੇ ਚੇਅਰਮੈਨ ਸ੍ਰੀ ਰਜਨੀਸ਼ ਕੁਮਾਰ ਅਤੇ ਹੋਰ ਵੱਖ-ਵੱਖ ਦਰਬਾਰਾਂ ਤੋਂ ਫੱਕਰ-ਫ਼ਕੀਰ ਰੂਹਾਂ ਨੇ ਇਸ ਮੌਕੇ ਉਚੇਚੇ ਤੌਰ 'ਤੇ ਪਹੁੰਚ ਕੇ ਅਲਮਸਤ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਸਟੇਜ ਦੀ ਸ਼ੁਰੂਆਤ ਵਿਚ ਇਲਾਕੇ ਦੇ ਗਾਇਕਾਂ ਨੇ ਆਪਣੇ ਗੀਤਾਂ ਰਾਹੀਂ ਅਲਮਸਤ ਜੀ ਨੂੰ ਯਾਦ ਕੀਤਾ ਅਤੇ ਇਨ੍ਹਾਂ ਤੋਂ ਇਲਾਵਾ ਜਸਵਿੰਦਰ ਗੁਲਾਮ, ਵਿਜੈ ਪਾਲ, ਰਾਜਿੰਦਰ ਰਾਜਨ, ਮਨੀ ਕੋਟਲੀ ਆਦਿ ਨੇ ਸ਼ਰਧਾਂਜਲੀ ਵਜੋਂ ਆਪਣੀ ਹਾਜ਼ਰੀ ਲਗਵਾਈ। ਮੇਲਿਆਂ ਦੀ ਸ਼ਾਨ ਵਜੋਂ ਜਾਣੇ ਜਾਂਦੇ ਦਲਵਿੰਦਰ ਦਿਆਲਪੁਰੀ ਨੇ ਸਟੇਜ ਸੰਭਾਲਦਿਆਂ ਅਲਮਸਤ ਦੇਸਰਪੁਰੀ ਹੁਰਾਂ ਨਾਲ ਬਿਤਾਏ ਪਲਾਂ ਨੂੰ ਯਾਦ ਕੀਤਾ ਅਤੇ ਆਪਣੇ ਗੀਤਾਂ ਰਾਹੀਂ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ। ਗਾਇਕਾ ਮਨਜੀਤ ਸਾਇਰਾ, ਨੀਤੂ ਸਿੰਘ ਨੇ ਵੀ ਆਪਣਾ ਗੀਤਾਂ ਰਾਹੀਂ ਸਮਾਂ ਬੰਨ੍ਹਿਆ। ਦੋਗਾਣਾ ਜੋੜੀ ਅਮਰੀਕ ਬਲ-ਮੈਡਮ ਸੋਨੀਆ ਅਤੇ ਅਮਰੀਕ ਮਾਈਕਲ ਤੇ ਮੈਡਮ ਆਰਤੀ ਨੇ ਵੀ ਅਲਮਸਤ ਦੇਸਰਪੁਰੀ ਹੁਰਾਂ ਨੂੰ ਯਾਦ ਕਰਦਿਆਂ ਆਪਣੀ ਕਲਾ ਦਾ ਰੰਗ ਬਿਖੇਰਿਆ। ਸਮੂਚੇ ਪ੍ਰੋਗਰਾਮ ਦੌਰਾਨ ਸਟੇਜ ਦਾ ਸੰਚਾਲਨ ਸਾਬੀ ਬਰਾੜ ਵਲੋਂ ਕੀਤਾ ਗਿਆ। ਇਸ ਯਾਦਗਾਰੀ ਤੀਸਰੇ ਬਰਸੀ ਮੇਲੇ ਦੌਰਾਨ ਪ੍ਰਬੰਧਕਾਂ ਵਲੋਂ ਗਾਇਕਾਂ ਅਤੇ ਗੀਤਕਾਰਾਂ ਦਾ ਉਚੇਚਾ ਸਨਮਾਨ ਕੀਤਾ ਗਿਆ। ਖਾਸ ਕਰਕੇ ਅਲਮਸਤ ਦੇਸਰਪੁਰੀ ਦੇ ਸ਼ਗਿਰਦ ਗੀਤਕਾਰ ਸਤੀਸ ਦਰਦੀ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਉਨ੍ਹਾਂ ਤੋਂ ਇਲਾਵਾ ਰਾਹੁਲ ਲਹਿਰੀ ਗੀਤਕਾਰ ਚਹਿਰਕੇ, ਪਰਮਜੀਤ ਪੰਮਾ ਆਦਿ ਵੀ ਹਾਜ਼ਰ ਸਨ। ਅਖੀਰ ਵਿਚ ਸਾਗਰ ਦੇਸਰਪੁਰੀ ਨੇ ਆਏ ਹੋਏ ਪਤਵੰਤਿਆਂ ਦਾ ਧੰਨਵਾਦ ਕੀਤਾ।

# ਹਰਿਆਣਾ ਸੁਪਰੀਮ ਕੋਰਟ 'ਚ ਦਾਖ਼ਲ ਕਰੇਗਾ ਪਟੀਸ਼ਨ




**ਚੰਡੀਗੜ੍ਹ:** ਹਰਿਆਣਾ ਦੀ ਸਿੰਚਾਈ ਮੰਤਰੀ ਸ਼ਰੂਤੀ ਚੌਧਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਭਾਖੜਾ ਡੈਮ ਦੇ ਕੰਟਰੋਲ ਰੂਮ ਨੂੰ ਤਾਲਾ ਲਗਾਉਣ ਦੇ ਵਿਰੋਧ ਅਤੇ ਹਰਿਆਣਾ ਦੀ ਮੰਗ ਮੁਤਾਬਕ ਪਾਣੀ ਦੇਣ ਨੂੰ ਲੈ ਕੇ ਹਰਿਆਣਾ ਸਰਕਾਰ ਸੁਪਰੀਮ ਕੋਰਟ ਦਾ ਰੁਖ਼ ਕਰੇਗੀ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਚੌਧਰੀ ਨੇ ਕਿਹਾ ਕਿ ਉਹ ਕਾਨੂੰਨੀ ਮਾਹਰਾਂ ਨਾਲ ਸਲਾਹ ਮਸ਼ਵਰਾ ਕਰ ਰਹੇ ਹਨ। ਐੱਸਵਾਈਐੱਲ ਸਬੰਧੀ ਸੁਪਰੀਮ ਕੋਰਟ ਵੱਲੋਂ ਦਿੱਤੇ ਗਏ. ਫ਼ੈਸਲੇ ਨੂੰ ਭਾਖੜਾ ਮਾਮਲੇ ਵਿਚ ਵੀ ਆਧਾਰ ਬਣਾਇਆ ਜਾਵੇਗਾ।

ਚੌਧਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਆਮ ਲੋਕਾਂ ਨੂੰ ਪਰੇਸ਼ਾਨ ਨਹੀਂ ਕਰਨਾ ਚਾਹੀਦਾ। ਮਾਨ ਨੇ ਅਹੁਦੇ ਦੀ ਮਰਿਆਦਾ ਦਾ ਸਤਿਕਾਰ ਕੀਤੇ ਬਿਨਾਂ ਪਾਣੀ ਦੀ ਸਪਲਾਈ ਬੰਦ ਕਰ ਦਿੱਤੀ।

# ਬੀ.ਬੀ.ਐੱਮ.ਬੀ. ਦੀ ਮੀਟਿੰਗ ਵਿਚ ਸ਼ਾਮਿਲ ਨਾ ਹੋਇਆ ਪੰਜਾਬ

**ਚੰਡੀਗੜ੍ਹ:** ਹਰਿਆਣਾ ਨੂੰ 4500 ਕਿਊਸਕ ਵਾਧੂ ਪਾਣੀ ਦੇਣ ਨੂੰ ਲੈ ਕੇ ਗ੍ਰਹਿ ਮੰਤਰਾਲੇ ਦੇ ਨਿਰਦੇਸ਼ 'ਤੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀਬੀਐੱਮਥੀ) ਵੱਲੋਂ ਸ਼ਨਿਚਰਵਾਰ ਸ਼ਾਮ ਇੱਥੇ ਬੁਲਾਈ ਗਈ ਮੀਟਿੰਗ ਵਿਚ ਸ਼ਾਮਲ ਹੋਣ ਤੋਂ ਪੰਜਾਬ ਨੇ ਮਨ੍ਹਾ ਕਰ ਦਿੱਤਾ।




ਪੰਜਾਬ ਦੇ ਜਲ ਸਰੋਤ ਵਿਭਾਗ ਦੇ ਪ੍ਰਮੁੱਖ ਸਕੱਤਰ ਕ੍ਰਿਸ਼ਣ ਕੁਮਾਰ ਨੇ ਬੀਬੀਐੱਮਥੀ ਦੇ ਚੇਅਰਮੈਨ ਮਨੋਜ ਤ੍ਰਿਪਾਠੀ ਨੂੰ ਚਿੱਠੀ ਲਿਖ ਕੇ ਸੋਮਵਾਰ ਨੂੰ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾਉਣ ਦਾ ਹਵਾਲਾ ਦਿੱਤਾ ਅਤੇ ਮੀਟਿੰਗ ਮੁਲਤਵੀ ਕਰਨ ਦੀ ਗੁਜ਼ਾਰਿਸ਼ ਕੀਤੀ। ਪੰਜਾਬ ਦੀ ਗੁਜ਼ਾਰਿਸ਼ ਦੇ ਬਾਵਜੂਦ ਬੀਬੀਐੱਮਬੀ ਦੇ ਅਧਿਕਾਰੀਆਂ ਨੇ ਮੀਟਿੰਗ ਕੀਤੀ, ਜਿਸ ਵਿਚ ਹਰਿਆਣਾ ਦੇ ਅਧਿਕਾਰੀ ਸ਼ਾਮਲ ਹੋਏ। ਰਾਜਸਥਾਨ ਦੇ ਅਧਿਕਾਰੀ ਆਨਲਾਈਨ ਸ਼ਾਮਲ ਹੋਏ। ਪੰਜਾਬ ਨੇ ਮੀਟਿੰਗ ਨੂੰ ਨਿਯਮਾਂ ਦੇ ਖ਼ਿਲਾਫ਼ ਦੱਸਿਆ ਹੈ। ਕ੍ਰਿਸ਼ਣ ਕੁਮਾਰ ਨੇ ਆਪਣੀ ਚਿੱਠੀ ਵਿਚ ਕਿਹਾ ਕਿ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਨੂੰ ਧਿਆਨ ਵਿਚ ਰੱਖਦੇ ਹੋਏ ਇਸ ਦੀ ਤਿਆਰੀ ਕੀਤੀ ਜਾਣੀ ਹੈ, ਇਸ ਲਈ ਬੀਬੀਐੱਮਬੀ ਦੀ ਇਸ ਮੀਟਿੰਗ ਨੂੰ ਮੁਲਤਵੀ ਕਰ ਦਿੱਤਾ ਜਾਵੇ।

ਚਿੱਠੀ ਵਿਚ ਪੰਜਾਬ ਪੁਨਰਗਠਨ ਐਕਟ 1966 ਦੀ ਧਾਰਾ 79 ਦੀ ਉਪ ਧਾਰਾ (9) ਦੇ ਖੰਡ (ਏ) ਤੇ (ਬੀ) ਦਾ ਹਵਾਲਾ ਵੀ ਦਿੱਤਾ ਗਿਆ, ਜਿਸ ਵਿਚ ਕਿਹਾ ਗਿਆ ਹੈ ਕਿ ਬੋਰਡ ਨਾਲ ਸਬੰਧਤ ਕੰਮਾਂ ਲਈ ਇਕ ਮਹੀਨੇ ਦਾ ਨੋਟਿਸ ਦੇਣ ਦਾ ਪ੍ਰਬੰਧ ਹੈ ਅਤੇ ਇਹ ਵੀ ਕਿਹਾ ਗਿਆ ਕਿ ਜੇਕਰ ਕੋਈ ਐਮਰਜੈਂਸੀ ਮੀਟਿੰਗ' ਵੀ ਬੁਲਾਈ ਜਾਣੀ ਹੈ ਤਾਂ ਘੱਟ ਤੋਂ ਘੱਟ ਸੱਤ ਦਿਨਾਂ ਦਾ ਨੋਟਿਸ ਦਿੱਤਾ ਜਾਵੇਗਾ। ਚਿੱਠੀ ਵਿਚ ਅੱਗੇ ਕਿਹਾ ਗਿਆ ਕਿ ਇਸ ਤੋਂ ਪਹਿਲਾਂ ਬੋਰਡ ਨੇ 28 ਅਪ੍ਰੈਲ 2025 ਨੂੰ ਹੋਣ ਵਾਲੀ ਮੀਟਿੰਗ ਲਈ 27 ਅਪ੍ਰੈਲ ਨੂੰ ਨੋਟਿਸ ਜਾਰੀ ਕੀਤਾ ਸੀ।

ਇਸ ਤੋਂ ਬਾਅਦ 30 ਅਪ੍ਰੈਲ ਨੂੰ ਹੋਣ ਵਾਲੀ ਮੀਟਿੰਗ ਲਈ 29 ਅਪ੍ਰੈਲ ਨੂੰ ਨੋਟਿਸ ਜਾਰੀ ਕੀਤਾ ਸੀ, ਜੋ ਰੈਗੂਲੇਸ਼ਨ ਐਕਟ 1976 ਦੀ ਧਾਰਾ ਤਿੰਨ ਦੀਆਂ ਤਜਵੀਜ਼ਾਂ ਦੀ ਉਲੰਘਣਾ ਹੈ। ਇਨ੍ਹਾਂ ਹਾਲਾਤ ਵਿਚ ਦੋਵੇਂ ਮੀਟਿੰਗ ਵਿਚ ਲਿਆ ਗਿਆ ਫ਼ੈਸਲਾ ਕਾਨੂੰਨ ਦੇ ਮੁਤਾਬਕ ਨਹੀਂ ਹੈ। ਪੰਜਾਬ ਸਰਕਾਰ ਨੇ ਇਹ ਚਿੱਠੀ ਐਨ ਉਸ ਸਮੇਂ ਭੇਜੀ ਜਦੋਂ ਮੀਟਿੰਗ ਸ਼ੁਰੂ ਹੋਣ ਵਿਚ ਕੁਝ ਘੰਟਿਆਂ ਦਾ ਸਮਾਂ ਹੀ ਰਹਿ ਗਿਆ ਸੀ।




# ਇਕੱਠੀਆਂ ਹੋਈਆਂ ਹਰਿਆਣਾ ਦੀਆਂ ਸਿਆਸੀ ਪਾਰਟੀਆਂ

**ਚੰਡੀਗੜ੍ਹ:** ਪਾਣੀ ਦੇ ਮੁੱਦੇ 'ਤੇ ਪੰਜਾਬ ਦੇ ਰਵੱਈਏ ਦੇ ਦੇਖਦੇ ਹੋਏ ਹਰਿਆਣੇ ਦੀਆਂ ਰਾਜਸੀ ਪਾਰਟੀਆਂ ਨੇ ਵੀ ਇਕਜੁਟਤਾ ਵਿਖਾਈ ਹੈ। ਭਾਖੜਾ ਤੋਂ ਆਪਣੇ ਹਿੱਸੇ ਦਾ ਪੂਰਾ ਪਾਣੀ ਲੈਣ ਅਤੇ ਐਸ.ਵਾਈ.ਐਲ. ਨਹਿਰ ਦੇ ਨਿਰਮਾਣ ਦੇ ਮੁੱਦੇ 'ਤੇ ਹਰਿਆਣਾ ਨੂੰ ਪਾਣੀ ਦੇਣ ਦੇ ਫੈਸਲੇ ਨੂੰ ਬਿਨਾ ਕਿਸੇ ਸ਼ਰਤ ਲਾਗੂ ਕਰਨ ਦੀ ਮੰਗਕੀਤੀਜਾ ਰਹੀ ਹੈ।। ਹਰਿਆਣਾ ਦੇ ਹਿੱਸੇ 'ਤੇ ਲਗਾਈ ਗਈ ਅਨੈਤਿਕ, ਅਨੁਚਿਤ, ਗ਼ੈਰਕਾਨੂੰਨੀ ਅਤੇ ਅਵਿਧਾਨਿਕ ਰੋਕ ਨੂੰ ਤੁਰੰਤ ਹਟਾਉਣ ਲਈ ਕਿਹਾ ਗਿਆਹੈ।। ਸਾਰੇ ਦਲਾਂ ਨੇ ਇਸ ਮਾਮਲੇ ਨੂੰ ਲੈ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕਰਨ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾਉਣ ਜਾਂ ਫਿਰ ਕਾਨੂੰਨੀ ਕਾਰਵਾਈ ਕਰਨ ਲਈ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੂੰ ਅਧਿਕਾਰਿਤ ਕੀਤਾ।

ਪੰਜਾਬ ਟਾਈਮਜ਼

10 ਮਈ, ਸ਼ਨਿਚਰਵਾਰ

# ਪਾਣੀਆਂ ਦਾ ਮਸਲਾ

ਕਈ ਸਾਲਾਂ ਬਾਅਦ ਇਕ ਵਾਰ ਫੇਰ ਪੰਜਾਬ ਅਤੇ ਹਰਿਆਣਾ ਪਾਣੀ ਦੇ ਮਸਲੇ ਉੱਤੇ ਆਹਮੋ-ਸਾਹਮਣੇ ਹਨ। ਕੇਂਦਰ ਸਰਕਾਰ ਇਕ ਵਾਰ ਫੇਰ ਉਹੀ ਭੂਮਿਕਾ ਨਿਭਾ ਰਹੀ ਹੈ ਜੋ ਭਾਰਤੀ ਡੀਪ ਸਟੇਟ ਪਿਛਲੇ 78 ਸਾਲਾਂ ਤੋਂ ਪੰਜਾਬ ਪ੍ਰਤੀ ਨਿਭਾਉਂਦੀ ਆ ਰਹੀ ਹੈ। ਸਰਕਾਰ ਚਾਹੇ ਕਾਂਗਰਸ ਦੀ ਹੋਵੇ, ਜਨਤਾ ਪਾਰਟੀ ਦੀ ਹੋਵੇ, ਮਿਲੀ-ਜੁਲੀ ਹੋਵੇ ਜਾਂ ਭਾਰਤੀ ਜਨਤਾ ਪਾਰਟੀ ਅਤੇ ਉਸ ਦੀਆਂ ਭਾਈਵਾਲ ਪਾਰਟੀਆਂ ਦੀ ਹੋਵੇ। ਪੰਜਾਬ ਨਾਲ ਵਿਤਕਰਾ ਕਰਨ ਲਈ ਸਾਰੇ ਇਕ ਮੱਤ ਹੀ ਰਹੇ ਹਨ। ਅਟਲ ਬਿਹਾਰੀ ਵਾਜਪਾਈ ਦੇ ਛੇ ਸਾਲ ਅਤੇ ਨਰਿੰਦਰ ਮੋਦੀ ਦੇ ਕਾਰਜਕਾਲ ਦੇ 2014 ਤੋਂ 2020 ਤੱਕ ਦੇ ਛੇ ਸਾਲ ਤਾਂ ਸ਼ਰੋਮਣੀ ਅਕਾਲੀ ਦਲ ਵੀ ਇਨ੍ਹਾਂ ਵਿਤਕਰਿਆਂ ਸੰਬੰਧੀ ਕੰਨ ਵਲੇਟ ਕੇ ਚੁੱਪ ਚਾਪ ਸੁੱਤਾ ਹੀ ਰਿਹਾ।

ਹੁਣ ਪੀਣ ਲਈ ਵਾਧੂ ਪਾਣੀ ਲੈਣ ਦੇ ਨਾਂ ਉਤੇ ਪੰਜਾਬ ਨੂੰ ਧੱਕੇ ਨਾਲ ਹੀਣਾ ਕਰਨ ਦਾ ਯਤਨ ਕੀਤਾ ਗਿਆ। ਪਹਿਲਾਂ ਡੈਮ ਸੇਫਟੀ ਕਾਨੂੰਨ ਬਣਾ ਕੇ ਪੰਜਾਬ ਦੇ ਖੰਭ ਕੁਤਰੇ ਗਏ ਅਤੇ ਹੁਣ ਸਾਰੇ ਨਿਯਮ ਕਾਨੂੰਨ ਛਿੱਕੇ ਟੰਗ ਕੇ ਇਸ ਦੇ ਪਾਣੀਆਂ ਉਤੇ ਡਾਕਾ ਮਾਰਨ ਦਾ ਯਤਨ ਕੀਤਾ ਗਿਆ। ਸੰਤੋਖ ਵਾਲੀ ਗੱਲ ਇਹ ਹੋਈ ਕਿ ਹਰਿਆਣਾ,ਰਾਜਸਥਾਨ ਅਤੇ ਕੇਂਦਰ ਵਲੋਂ ਇਕੱਠੇ ਹੋ ਕੇ ਕੀਤੀ ਜਾ ਰਹੀ ਸੀਨਾਜ਼ੋਰੀ ਵਿਰੁੱਧ ਪੰਜਾਬ ਇਕ ਮੱਤ ਹੋ ਕੇ ਨਿਤਰਿਆ। ਪੰਜਾਬ ਸਰਕਾਰ ਦੀ ਪਹਿਲ ਉੱਤੇ ਬੁਲਾਈ ਗਈ ਸਰਬ ਪਾਰਟੀ ਮੀਟਿੰਗ ਵਿੱਚੋਂ ਬੁਲੰਦ ਹੋਈ ਸਾਂਝੀ ਆਵਾਜ਼ ਇਕ ਸ਼ੁਭ ਸੰਕੇਤ ਹੈ ਕਿ ਪੰਜਾਬ ਆਪਣੇ ਹੱਕਾਂ ਦੀ ਰਾਖੀ ਲਈ ਜਾਗਰੂਕ ਵੀ ਹੈ, ਅਤੇ ਇਕਮੁੱਠ ਵੀ ਹੈ। ਸਰਬ ਪਾਰਟੀ ਮੀਟਿੰਗ ਤੋਂ ਬਾਅਦ ਸੋਮਵਾਰ ਨੂੰ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਹੋਇਆ। ਇਸ 'ਚ ਜਿੱਥੇ ਪੰਜਾਬ ਕੋਲ ਇਕ ਬੂੰਦ ਵੀ ਵਾਧੂ ਪਾਣੀ ਨਾ ਹੋਣ ਦੀ ਗੱਲ ਦੁਹਰਾਈ ਗਈ, ਉੱਥੇ ਹੀ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀਬੀਐਮਬੀ) ਦੇ ਰਵੱਈਏ ਦੀ ਵੀ ਆਲੋਚਨਾ ਕੀਤੀ ਗਈ। ਪੰਜਾਬ-ਹਰਿਆਣਾ ਵਿਚਲੇ ਪਾਣੀ ਦੇ ਵਿਵਾਦ ਨੂੰ ਲੈ ਕੇ ਇਹ ਨੌਵਾਂ ਮਤਾ ਸੀ ਜੋ ਪੰਜਾਬ ਵਿਧਾਨ ਸਭਾ ਵਿਚ ਆਇਆ। ਇਸ ਤੋਂ ਪਹਿਲਾਂ 1966 ਤੋਂ ਲੈ ਕੇ ਹੁਣ ਤੱਕ ਅੱਠ ਮਤੇ ਪਾਸ ਹੋ ਚੁੱਕੇ ਹਨ। ਆਖ਼ਰੀ ਮਤਾ 2023 ਦੇ ਅਕਤੂਬਰ ਮਹੀਨੇ 'ਚ ਲਿਆਂਦਾ ਗਿਆ ਸੀ। ਫਿਲਹਾਲ, ਪੰਜਾਬ ਵਿਧਾਨ ਸਭਾ 'ਚ ਜਿਹੜੇ ਮਤੇ ਪਾਸ ਕੀਤੇ ਗਏ, ਉਨ੍ਹਾਂ ਮੁਤਾਬਕ ਪੰਜਾਬ ਆਪਣੇ ਹਿੱਸੇ ਦੇ ਪਾਣੀ ਦੀ ਇਕ ਬੂੰਦ ਵੀ ਹਰਿਆਣਾ ਨੂੰ ਨਹੀਂ ਦੇਵੇਗਾ। ਪ੍ਰੰਤੂ ਹਰਿਆਣਾ ਨੂੰ ਪੀਣ ਵਾਲੇ ਪਾਣੀ ਲਈ ਦਿੱਤਾ ਜਾ ਰਿਹਾ 4000 ਕਿਊਸਿਕ ਪਾਣੀ ਮਨੁੱਖੀ ਆਧਾਰ 'ਤੇ ਜਾਰੀ ਰਹੇਗਾ। ਇਹ ਵੀ ਸੰਤੋਖ ਵਾਲੀ ਗੱਲ ਹੈ ਕਿ ਵਿਧਾਨ ਸਭਾ ਨੇ ਡੈਮ ਸੇਫਟੀ ਐਕਟ 2021 ਨੂੰ ਪੰਜਾਬ ਦੇ ਅਧਿਕਾਰਾਂ 'ਤੇ ਹਮਲਾ ਮੰਨਿਆ ਹੈ। ਹਾਲਾਂ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਪਿਛਲੇ ਤਿੰਨ ਸਾਲ ਤੋਂ ਇਸ ਕਾਨੂੰਨ ਬਾਰੇ ਦੜ ਵੱਟ ਕੇ ਬੈਠੀ ਸੀ।ਇਹ ਕਾਨੂੰਨ ਕੇਂਦਰ ਸਰਕਾਰ ਨੂੰ ਸੂਬਿਆਂ ਦੇ ਡੈਮਾਂ ਤੇ ਦਰਿਆਵਾਂ 'ਤੇ ਪੂਰਾ ਕੰਟਰੋਲ ਦਿੰਦਾ ਹੈ, ਭਾਵੇਂ ਡੈਮ ਪੂਰੀ ਤਰ੍ਹਾਂ ਸੂਬੇ ਦੀਆਂ ਸੀਮਾਵਾਂ ਦੇ ਅੰਦਰ ਹੀ ਕਿਉਂ ਨਾ ਹੋਣ। ਇਹ ਡੈਮ ਸੇਫ਼ਟੀ ਕਾਨੂੰਨ ਭਾਰਤ ਦੇ ਸੰਘੀ ਢਾਂਚੇ ਦੇ ਵਿਰੁੱਧ ਹੈ ਅਤੇ ਸੂਬਿਆਂ ਦੇ ਹੱਕਾਂ ਨੂੰ ਕਮਜ਼ੋਰ ਕਰਦਾ ਹੈ। ਵਿਧਾਨ ਸਭਾ ਵਲੋਂ ਸਰਬ ਸੰਮਤੀ ਨਾਲ ਫੈਸਲਾ ਕਰਕੇ ਇਸ ਐਕਟ ਨੂੰ ਪੂਰੀ ਤਰ੍ਹਾਂ ਰੱਦ ਕੀਤਾ ਗਿਆ ਹੈ। ਸਤਲੁਜ, ਰਾਵੀ ਤੇ ਬਿਆਸ ਦਰਿਆ ਸਿਰਫ਼ ਪੰਜਾਬ 'ਚੋਂ ਵਗਦੇ ਹਨ, ਫਿਰ ਉਨ੍ਹਾਂ ਦਾ ਪਾਣੀ ਦੂਜੇ ਸੂਬਿਆਂ ਨੂੰ ਕਿਸ ਆਧਾਰ 'ਤੇ ਵੰਡਿਆ ਜਾ ਰਿਹਾ ਹੈ? ਕੇਂਦਰੀ ਸਰਕਾਰਾਂ ਵਲੋਂ ਸਮੇਂ ਸਮੇਂ ਲਏ ਗਏ ਫੈਸਲੇ ਪੰਜਾਬ ਨਾਲ ਲਗਾਤਾਰ ਹੁੰਦੀ ਰਹੀ ਧੱਕੇਸ਼ਾਹੀ ਅਤੇ ਵਿਤਕਰੇ ਦੇ ਹੀ ਸਬੂਤ ਹਨ।

ਸੰਨ 1981 'ਚ ਇਨ੍ਹਾਂ ਦਰਿਆਵਾਂ ਦੇ ਪਾਣੀਆਂ ਦੀ ਵੰਡ ਸਮਝੌਤੇ 'ਚ ਲਿਖੀ ਗਈ ਪਾਣੀ ਦੀ ਮਾਤਰਾ ਤੇ ਅਸਲ 'ਚ ਉਪਲਬਧ ਪਾਣੀ ਦੀ ਮਾਤਰਾ 'ਚ ਬਹੁਤ ਵੱਡਾ ਫ਼ਰਕ ਹੈ। ਇਸ ਲਈ, ਇਨ੍ਹਾਂ ਦਰਿਆਵਾਂ ਦੇ ਪਾਣੀਆਂ ਦੀ ਵੰਡ ਲਈ ਇਕ ਨਵਾਂ ਸਮਝੌਤਾ ਕੀਤਾ ਜਾਣਾ ਚਾਹੀਦਾ ਹੈ। ਵਿਧਾਨ ਸਭਾ ਨੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੀ ਮੀਟਿੰਗ ਬੁਲਾਉਣ ਦੀ ਗ਼ੈਰ-ਕਾਨੂੰਨੀ ਅਤੇ ਗ਼ੈਰ-ਸੰਵਿਧਾਨਕ ਕਾਰਵਾਈ ਦੀ ਵੀ ਸਖ਼ਤ ਨਿਖੇਧੀ ਕੀਤੀ ਹੈ। ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੀਆਂ ਮੀਟਿੰਗਾਂ ਵਿਚ ਨਾ ਤਾਂ ਪੰਜਾਬ ਦੀ ਗੱਲ ਹੀ ਸੁਣੀ ਜਾ ਰਹੀ ਹੈ ਅਤੇ ਨਾ ਹੀ ਪੰਜਾਬ ਦੇ ਹੱਕਾਂ ਦਾ ਧਿਆਨ ਰੱਖਿਆ ਜਾ ਰਿਹਾ ਹੈ। ਇਸ ਲਈ, ਪੰਜਾਬ ਦੇ ਹੱਕਾਂ ਦੀ ਰਾਖੀ ਲਈ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦਾ ਪੁਨਰਗਠਨ ਕੀਤਾ ਜਾਣਾ ਚਾਹੀਦਾ ਹੈ। ਕਾਨੂੰਨ ਅਨੁਸਾਰ ਬੀ.ਬੀ.ਐਮ.ਬੀ. ਦੀ ਕਿਸੇ ਵੀ ਮੀਟਿੰਗ ਲਈ ਘੱਟੋ-ਘੱਟ ਇਕ ਮਹੀਨੇ ਦਾ ਨੋਟਿਸ ਦੇਣਾ ਜ਼ਰੂਰੀ ਹੈ। ਬੀ.ਬੀ.ਐਮ

ਬੀ. ਇਸ ਕਾਨੂੰਨ ਦੀ ਪਾਲਣਾ ਨਹੀਂ ਕਰਦਾ ਅਤੇ ਰਾਤ ਨੂੰ ਗ਼ੈਰ-ਕਾਨੂੰਨੀ ਮੀਟਿੰਗਾਂ ਬੁਲਾਉਂਦਾ ਹੈ। ਪੰਜਾਬ ਵਿਧਾਨ ਸਭਾ ਨੇ ਬੀ.ਬੀ.ਐਮ.ਬੀ. ਨੂੰ ਇਸ ਸੰਬੰਧ 'ਚ ਕਾਨੂੰਨ ਦੀ ਪਾਲਣਾ ਕਰਨ ਦਾ ਨਿਰਦੇਸ਼ ਦਿੱਤਾ ਹੈ। ਸੰਨ 1981 ਦੀ ਸੰਧੀ ਸਪਸ਼ਟ ਤੌਰ 'ਤੇ ਦੱਸਦੀ ਹੈ ਕਿ ਕਿਹੜੇ ਸੂਬੇ ਨੂੰ ਕਿੰਨਾ ਪਾਣੀ ਮਿਲੇਗਾ।

ਭਾਖੜਾ ਬਿਆਸ ਮੈਨੇਜਮੈਂਟ ਬੋਰਡ ਨੂੰ ਇਸ ਨੂੰ ਬਦਲਣ ਦਾ ਕੋਈ ਹੱਕ ਨਹੀਂ ਹੈ। ਜੇ ਬੀ.ਬੀ.ਐਮ.ਬੀ. ਇਕ ਸੂਬੇ ਦਾ ਪਾਣੀ ਦੂਜੇ ਨੂੰ ਦਿੰਦਾ ਹੈ ਤਾਂ ਅਜਿਹੇ ਫ਼ੈਸਲੇ ਗ਼ੈਰ-ਕਾਨੂੰਨੀ ਤੇ ਗ਼ੈਰ-ਸੰਵਿਧਾਨਕ ਹੋਣਗੇ। ਉਸ ਨੂੰ ਅਜਿਹੇ ਗ਼ੈਰ-ਕਾਨੂੰਨੀ ਫ਼ੈਸਲਿਆਂ ਤੋਂ ਬਚਣਾ ਚਾਹੀਦਾ ਹੈ। ਪੰਜਾਬ ਨੇ ਵਿਧਾਨ ਸਭਾ ਵਿਚ ਇਨ੍ਹਾਂ ਮਤਿਆਂ ਨੂੰ ਪਾਸ ਕਰ ਕੇ ਕੇਂਦਰ, ਹਰਿਆਣਾ ਤੇ ਬੀ.ਬੀ.ਐਮ.ਬੀ ਨੂੰ ਸਪਸ਼ਟ ਸੰਦੇਸ਼ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਪੰਜਾਬ ਦੇ ਪਾਣੀਆਂ ਨੂੰ ਏਦਾਂ ਨਹੀਂ ਖੋਹਿਆ ਜਾ ਸਕਦਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਬੀਤੇ ਦਿਨੀਂ ਇਹ ਵੀ ਕਿਹਾ ਸੀ ਕਿ ਪੰਜਾਬ ਕਦੇ ਵੀ ਹਰਿਆਣੇ ਨਾਲ ਲੜਾਈ ਨਹੀਂ ਚਾਹੁੰਦਾ ਸੀ ਪਰ ਵਾਰ-ਵਾਰ ਲੜਾਈ ਸਾਡੇ ਉੱਤੇ ਥੋਪੀ ਗਈ। ਹੁਣ ਸਰਹੱਦਾਂ ਤੋਂ ਬਾਅਦ ਪੰਜਾਬ ਨੂੰ ਪਾਣੀ ਦੀ ਲੜਾਈ 'ਚ ਧੱਕਿਆ ਜਾ ਰਿਹਾ ਹੈ। ਹਰਿਆਣਾ ਨਾਲ ਬੇਵਜ੍ਹਾ ਟਕਰਾਅ ਬਣਾਇਆ ਗਿਆ। ਪਰ ਹੁਣ ਪੰਜਾਬ ਵੀ ਡਟ ਗਿਆ ਹੈ। ਮੁੱਖ ਮੰਤਰੀ ਨੇ ਦੱਸਿਆ ਕਿ ਉਹ ਖੁਦ ਨੰਗਲ ਡੈਮ ਗਏ ਅਤੇ ਫ਼ਾਲਤੂ ਪਾਣੀ ਦੀ ਸਪਲਾਈ ਰੁਕਵਾਈ। ਹੁਣ ਪੰਜਾਬੀ ਕਿਸੇ ਵੀ ਜ਼ਬਰਦਸਤੀ ਨੂੰ ਸਹਿਣ ਵਾਲੇ ਨਹੀਂ ਹਨ। ਭਗਵੰਤ ਮਾਨ ਨੇ ਕੇਂਦਰ ਸਰਕਾਰ ਨੂੰ ਇਕ ਵਾਰ ਫਿਰ ਸਲਾਹ ਦਿੱਤੀ ਕਿ ਜੇ ਪਾਕਿਸਤਾਨ ਵੱਲੋਂ ਰੋਕਿਆ ਗਿਆ ਪਾਣੀ ਪੰਜਾਬ ਦੇ ਡੈਮਾਂ ਵਿੱਚ ਆ ਜਾਂਦਾ ਹੈ ਤਾਂ ਪੰਜਾਬ ਭਾਖੜਾ ਰਾਹੀਂ ਹਰਿਆਣਾ ਨੂੰ ਹੋਰ ਪਾਣੀ ਦੇ ਸਕਦਾ ਹੈ।

ਬਿਨਾਂ ਸ਼ੱਕ ਪਾਣੀਆਂ ਸੰਬੰਧੀ ਪੰਜਾਬ ਦੀ ਇਹ ਪਹੁੰਚ ਵਾਜਬ ਵੀ ਹੈ ਅਤੇ ਦਰੁਸਤ ਵੀ, ਪਰ ਇਸ ਦੇ ਬਾਵਜੂਦ ਸਾਲਾ ਤੋਂ ਇਹ ਮਸਲਾ ਰਿੜਕ ਹੋ ਰਿਹਾ ਹੈ ਅਤੇ ਕਿਸੇ ਸਪਸ਼ਟ ਅਤੇ ਠੋਸ ਨਤੀਜੇ ਉੱਤੇ ਨਹੀਂ ਪਹੁੰਚ ਰਿਹਾ।ਅਜਿਹੇ 'ਚ ਲਾਜ਼ਮੀ ਹੋ ਜਾਂਦਾ ਹੈ ਕਿ ਸਾਰੀਆਂ ਸੰਬੰਧਤ ਧਿਰਾਂ ਮਿਲ-ਬੈਠ ਕੇ ਇਸ ਦਾ ਹੱਲ ਕੱਢਣ ਅਤੇ ਕੇਂਦਰ ਸਰਕਾਰ ਨੂੰ ਮਜਬੂਰ ਕਰਨ ਕਿ ਉਹ ਪੰਜਾਬ ਨਾਲ ਵਾਰ-ਵਾਰ ਧੱਕੇਸ਼ਾਹੀ ਅਤੇ ਵਿਤਕਰਾ ਕਰਨ ਦੀ ਬਜਾਏ, ਪਾਣੀਆਂ ਦੀ ਵੰਡ ਦੇ ਮਸਲੇ ਦਾ ਕਾਨੂੰਨ ਅਨੁਸਾਰ ਹੱਕੀ ਹੱਲ ਕੱਢੇ। ਪੰਜਾਬ,ਹਰਿਆਣਾ, ਰਾਜਸਥਾਨ, ਹਿਮਾਚਲ ਅਤੇ ਕੇਂਦਰ ਸਰਕਾਰ ਦੀ ਬਿਹਤਰੀ ਵੀ ਇਸੇ ਵਿੱਚ ਹੈ।ਵਿਕਾਸ ਅਤੇ ਅਮਨ ਚੈਨ ਚਾਹੁਣ ਵਾਲੀ ਜਨਤਾ ਦੀ ਭਲਾਈ ਵੀ ਇਸੇ ਵਿੱਚ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਹਾਕਮੋ ਠੰਢ ਰੱਖੋ!

ਚਾਹੁੰਦਾ ਹੋਣਾ ਨੀ ਫੌਜੀ ਕੋਈ ਜੰਗ ਲੱਗੇ, ਚੜ੍ਹਿਆ ਚਾਅ ਹੈ ਨਫਰਤਾਂ ਮਾਰਿਆਂ ਨੂੰ।
ਪੁੱਤਰ ਸੈਨਾ ਵਿਚ ਉਨ੍ਹਾਂ ਦਾ ਹੋਣਾ ਨਹੀਂਉਂ, ਜਿਹੜੇ ਲਾ ਰਹੇ ਤੱਤਿਆਂ ਨਾਹਰਿਆਂ ਨੂੰ।
ਦੇਖੋ ਕਿੱਦਾਂ ਫਿਰ 'ਤਾਲੂ ਨੂੰ ਜੀਭ' ਲੱਗਣੀ, ਭੇਜੋ ਬਾਰਡਰ 'ਤੇ ਵੱਡਿਆਂ 'ਦਾਰਿਆਂ' ਨੂੰ।
ਜ਼ੁਲਮ ਕਰਦੇ ਨੂੰ ਕਰੜੀ ਜਿਹੀ ਸਜ਼ਾ ਦੇਵੋ, ਗੁਨਾਹਗਾਰ ਕਿਉਂ ਸਮਝਦੇ ਸਾਰਿਆਂ ਨੂੰ।
ਸ਼ਾਂਤੀ ਵਾਸਤੇ ਰ.ਲ ਮਿ.ਲ ਕੇ ਯਤਨ ਕਰੀਏ, ਤੁਰੀਏ ਅਮਨ ਦੇ 'ਪੱਬ ਵਿਚ ਪੱਬ' ਧਰਕੇ।
ਲਹੂ-ਪੀਣੀਆਂ ਜੰਗਾਂ ਤੋਂ ਦੂਰ ਰਹਿ ਕੇ, 'ਹੁਕਮਰਾਨੋ ਜੀ' ਠੰਢੇ ਰਹੋ ਰੱਬ ਕਰਕੇ!

# ਜਾਤੀ ਮਰਦਮਸ਼ੁਮਾਰੀ ਦੇ ਆਸੇ-ਪਾਸੇ ਘੁੰਮਦੀ ਰਾਜਨੀਤੀ




ਜਿੱਥੋਂ ਤੱਕ ਆਮ ਆਦਮੀ ਦਾ ਸਵਾਲ ਹੈ, ਉਹ ਤਾਂ ਪਤਾ ਨਹੀਂ ਕਦੋਂ ਤੋਂ ਮੂੰਹ 'ਤੇ ਜੰਦਰਾ ਲਾ ਕੇ ਬੈਠਾ ਹੈ। ਪਿਛਲੇ ਕਈ ਦਹਾਕਿਆਂ ਤੋਂ ਬੌਧਿਕ ਸੰਸਥਾਵਾਂ ਸਮਾਜਕ-ਸੱਭਿਆਚਾਰਕ ਸੰਗਠਨ, ਬੁੱਧੀਜੀਵੀ, ਰੰਗਕਰਮੀ, ਸਿਆਸੀ ਦਲਾਂ ਦੇ ਪਰਛਾਵੇਂ ਹੇਠ ਹਨ। ਸਿੱਟਾ ਇਹ ਕਿ ਲੋਕ-ਮੁੱਦੇ, ਲੋਕ-ਮਸਲੇ, ਲੋਕ-ਚੇਤਨਾ, ਲੋਕ-ਸਰੋਕਾਰ, ਲੋਕ-ਸੋਚ, ਲੋਕ ਰਾਏ ਦਾ ਕੰਮ 50ਵਿਆਂ-60ਵਿਆਂ ਦੇ ਬਾਅਦ ਲਗਭਗ ਬੰਦ ਹੋ ਕੇ ਰਹਿ ਗਿਆ ਹੈ। ਇਹ ਸਭ ਕੁਝ ਲੋਕ ਮਸਲਿਆਂ ਤੋਂ ਲੈ ਕੇ ਲੋਕ ਰਾਏ ਤੱਕ ਸਿਆਸੀ ਲੋਕਾਂ ਨੇ ਹਥਿਆ ਲਿਆ ਹੈ। ਅਸਲ 'ਚ ਸਿਰੇ ਦੀ ਗੱਲ ਤਾਂ ਇਹ ਹੈ ਕਿ ਅਸੀਂ ਲੋਕਤੰਤਰ ਨੂੰ ਸਿਆਸੀ ਦਲਾਂ ਦਾ ਅਖਾੜਾ ਮੰਨ ਲਿਆ ਹੈ। ਫਿਰ ਇਹ ਕਲਪਨਾ ਵੀ



ਗੁਰਮੀਤ ਸਿੰਘ ਪਲਾਹੀ
ਫੋਨ: 98158-02070

ਕਿਵੇਂ ਕਰੀਏ ਕਿ ਜਨਤੰਤਰ, ਲੋਕਤੰਤਰ ਸਿਆਸੀ ਅਖਾੜੇ ਦੇ ਨਿਯਮਾਂ ਬਿਨਾ ਚੱਲ ਸਕੇਗਾ?

ਸਿਆਸਤ ਅਤੇ ਲੋਕ ਮੁੱਦੇ ਹਥਿਆਉਣ ਦਾ ਤਾਜ਼ਾ ਮਾਮਲਾ ਜਾਤੀ ਮਰਦਮਸ਼ੁਮਾਰੀ ਦਾ ਹੈ। ਜਾਤੀ ਮਰਦਮਸ਼ੁਮਾਰੀ ਦੇ ਕਾਂਗਰਸ ਦੇ ਮੁੱਦੇ ਉੱਤੇ ਭਾਜਪਾ ਨੇ ਜਿਵੇਂ ਬਿੱਲੀ ਝਪੱਟਾ ਮਾਰਿਆ, ਸਰਜੀਕਲ ਸਟਰਾਈਕ ਕੀਤੀ, ਉਸ ਨੇ ਦੇਸ਼ 'ਤੇ ਕਾਬਜ਼ ਸਿਆਸੀ ਧਿਰ ਦਾ ਚਿਹਰਾ-ਮੋਹਰਾ ਨੰਗਾ ਕਰ ਦਿੱਤਾ। ਕੱਲ ਤੱਕ ਜਾਤੀ ਮਰਦਮਸ਼ੁਮਾਰੀ ਦੇ ਕਾਂਗਰਸ ਦੇ ਮੁੱਦੇ ਨੂੰ ਦੇਸ਼ ਨੂੰ ਵੰਡਣ ਵਾਲਾ ਮੁੱਦਾ ਦੱਸਣ ਵਾਲੇ ਭਾਜਪਾ ਨੇਤਾ ਹੀ ਅੱਜ ਕੇਂਦਰ ਸਰਕਾਰ ਦੇ ਇਸ ਫ਼ੈਸਲੇ ਦੇ ਹੱਕ ਵਿਚ ਕਸੀਦੇ ਪੜ੍ਹ ਰਹੇ ਹਨ, ਜਿਸ ਵੱਲੋਂ ਇਸ ਵਾਰ ਦੇਸ਼ ਦੀ ਮਰਦਮਸ਼ੁਮਾਰੀ ਵਿਚ ਜਾਤੀ ਮਰਦਮਸ਼ੁਮਾਰੀ ਵੀ ਕਰਵਾਈ ਜਾਵੇਗੀ।

ਦੇਸ਼ ਵਿਚ ਪਿਛਲੀ ਮਰਦਮਸ਼ੁਮਾਰੀ 2011 ਵਿਚ ਹੋਈ ਸੀ। ਮੁੜ ਇਹ 2021 ਵਿਚ ਹੋਣੀ ਸੀ, ਪਰੰਤੂ ਕੋਵਿਡ ਕਾਰਨ ਇਸ ਨੂੰ ਅੱਗੇ ਪਾਉਣਾ ਪਿਆ। ਹੁਣ ਇਹ ਸਤੰਬਰ 2025 'ਚ ਕੀਤੀ ਜਾਵੇਗੀ ਤੇ ਇਸ ਤੋਂ ਅਗਲੀ ਮਰਦਮਸ਼ੁਮਾਰੀ 2035 ਵਿਚ। ਦੇਸ਼ ਵਿਚ ਮਰਦਮਸ਼ੁਮਾਰੀ ਹਰ 10 ਸਾਲਾਂ ਬਾਅਦ ਹੁੰਦੀ ਰਹੀ ਹੈ। ਹੁਣ ਦੇਸ਼ ਵਿਚ 2011 ਦੀ ਮਰਦਮਸ਼ੁਮਾਰੀ ਦੇ ਆਧਾਰ 'ਤੇ ਹੀ ਭਵਿੱਖ ਲਈ ਯੋਜਨਾਵਾਂ ਬਣਦੀਆਂ ਹਨ ਅਤੇ ਇਸੇ ਅਧਾਰ 'ਤੇ ਅਨੁਮਾਨ ਲਗਾਏ ਜਾਂਦੇ ਹਨ।

ਜਨਗਣਨਾ ਅਰਥਾਤ ਮਰਦਮਸ਼ੁਮਾਰੀ ਦਾ ਅਸਲ ਮੰਤਵ ਸਮਾਜ ਦੀਆਂ ਨੈਤਿਕ ਅਤੇ ਭੌਤਿਕ ਦੋਵਾਂ ਸਥਿਤੀਆਂ ਦਾ ਮੁਲਾਂਕਣ ਹੈ। ਉਂਵ ਲੋਕਤੰਤਰ ਵਿਚ ਜਨਗਣਨਾ ਦਾ ਖ਼ਾਸ ਮਹੱਤਵ ਹੈ। ਇਹ ਜਾਣਕਾਰੀਆਂ ਨੂੰ ਸਮਾਜਿਕ-ਆਰਥਕ ਅਤੇ ਸੱਭਿਆਚਾਰਕ ਪ੍ਰਕਿਰਿਆਵਾਂ, ਅਸਲੀਅਤ ਅਤੇ ਬਦਲਦੇ ਹਲਾਤਾਂ ਨੂੰ ਪਾਰਦਰਸ਼ੀ ਢੰਗ ਨਾਲ ਸਾਹਮਣੇ ਲਿਆਉਂਦੀ ਹੈ। ਇਸ ਨਾਲ ਅਸੀਂ ਉਸ ਅਸਲੀਅਤ ਨੂੰ ਜਾਣ ਅਤੇ ਸਮਝ ਸਕਦੇ ਹਾਂ, ਜੋ ਅੱਖੋਂ-ਪਰੋਖੇ ਰਹਿੰਦੀ ਹੈ। ਇਹ ਸਾਡੀ ਸੋਚ ਦਾ ਦਾਇਰਾ ਵਧਾਉਣ, ਸੋਚ ਨੂੰ ਵਿਸ਼ਾਲ ਕਰਨ ਅਤੇ ਬਦਲਣ 'ਚ ਵੀ ਸਹਾਈ ਹੁੰਦੀ ਹੈ। 1921 ਵਿਚ ਮਰਦਮਸ਼ੁਮਾਰੀ ਨੇ ਜਦੋਂ ਇਹ ਵਿਖਾਇਆ ਕਿ ਇੱਕ ਸਾਲ ਤੋਂ ਹੇਠ ਦੀ ਉਮਰ ਦੀਆਂ 597, ਇੱਕ ਸਾਲ ਤੋਂ ਦੋ ਸਾਲ ਦੇ ਵਿਚਕਾਰਲੀ ਉਮਰ ਦੀਆਂ 494 ਬੱਚੀਆਂ ਵਿਧਵਾ ਸਨ ਤਾਂ ਇਸ ਤਰ੍ਹਾਂ ਦੇ ਅੰਕੜਿਆਂ ਨੇ ਸਮਾਜ ਨੂੰ ਝੰਜੋੜਿਆ ਅਤੇ ਸਮਾਜ ਦੀ ਚੇਤਨਾ ਵਿਚ ਬਾਲ-ਵਿਆਹ ਅਤੇ ਵਿਧਵਾ-ਵਿਆਹ ਸੰਬੰਧੀ ਜਾਗਰੂਕਤਾ ਪੈਦਾ ਹੋਈ।

ਲੋਕਤੰਤਰ ਦੀ ਖ਼ੂਬਸੂਰਤੀ ਅਤੇ ਖ਼ਾਸੀਅਤ ਖੁੱਲ੍ਹਾਪਨ ਹੈ। ਜਿਸ ਨੂੰ ਸਾਡੀਆਂ ਸਿਆਸੀ ਪਾਰਟੀਆਂ ਨੇ ਤੰਗ-ਸੰਕੀਰਨ ਸੋਚ 'ਚ ਬਦਲ ਦਿੱਤਾ ਹੈ। ਜਾਤੀ ਮਰਦਮਸ਼ੁਮਾਰੀ ਵੀ ਇਸ ਸਿਆਸੀ ਤੰਗਦਿਲੀ ਦਾ ਸ਼ਿਕਾਰ ਹੋ ਰਹੀ ਹੈ। ਅਸਲੀਅਤ 'ਚ ਦੇਸ਼ ਵਿਚ ਧਾਰਮਿਕ ਧਰੁਵੀਕਰਨ ਦੀ ਸਮਾਜਿਕ ਸਿਉਂਕ, ਜਾਤੀ ਮਰਦਮਸ਼ੁਮਾਰੀ ਤੱਕ ਵੀ ਪੁੱਜ ਗਈ ਹੈ ਅਤੇ ਇਸ 'ਤੋਂ ਵੀ ਅੱਗੇ ਮੌਜੂਦਾ ਸਰਕਾਰ ਵੱਲੋਂ ਵੋਟਾਂ ਦੀ ਸਿਆਸਤ ਦਾ ਸਾਧਨ ਬਣਾ ਦਿੱਤੀ ਗਈ ਹੈ।

ਜਾਤੀ ਮਰਦਮਸ਼ੁਮਾਰੀ ਨੂੰ ਲੈ ਕੇ ਟਾਲ-ਮਟੋਲ, ਨਾਂਹ-ਨੁੱਕਰ ਅਤੇ ਅਣਗਹਿਲੀ ਕਰਨ ਵਾਲੀ ਭਾਜਪਾ ਨੂੰ ਜਾਤੀ ਮਰਦਮਸ਼ੁਮਾਰੀ ਨਾਲ ਹੁਣ ਅਚਾਨਕ ਹੀ ਇੰਨਾ ਤੇਹ-ਪਿਆਰ ਕਿਉਂ ਜਾਗ ਪਿਆ? ਕੀ ਇਹ ਪਹਿਲਗਾਮ ਅੱਤਵਾਦੀ ਹਮਲੇ ਵੱਲੋਂ ਲੋਕਾਂ ਦਾ ਧਿਆਨ ਪਾਸੇ ਕਰਨ ਦੀ ਰਾਜਨੀਤੀ ਹੈ ਜਾਂ ਜਾਤੀ ਮਰਦਮਸ਼ੁਮਾਰੀ ਦਾ ਵਿਰੋਧੀ ਪਾਰਟੀਆਂ ਦਾ ਮੁੱਦਾ ਹਥਿਆ ਕੇ ਉਨ੍ਹਾਂ ਨੂੰ ਕਮਜ਼ੋਰ ਕਰਨ ਦੀ ਰਾਜਨੀਤੀ ਹੈ? ਸਵਾਲ ਇਹ ਵੀ ਉੱਠ ਰਿਹਾ ਹੈ ਕਿ ਅਜ਼ਾਦੀ ਦੇ ਲਗਭਗ ਅੱਠ ਦਹਾਕਿਆਂ ਬਾਅਦ ਜਾਤੀ ਮਰਦਮਸ਼ੁਮਾਰੀ! ਆਖਰ ਕਿਉਂ?

ਯਾਦ ਕਰੋ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਦਿੱਤੇ ਪਿਛਲੇ ਸਾਲ ਦੇ ਬਿਆਨ, ਜਿਨ੍ਹਾਂ ਵਿਚ ਉਨ੍ਹਾਂ ਕਿਹਾ ਸੀ, 'ਮੇਰੇ ਲਈ ਚਾਰ ਹੀ ਜਾਤਾਂ ਹਨ- ਔਰਤਾਂ, ਨੌਜਵਾਨ, ਗ਼ਰੀਬ ਅਤੇ ਕਿਸਾਨ।' ਫਿਰ ਇਹ ਜਾਤ ਅਧਾਰਤ ਗਿਣਤੀਆਂ-ਮਿਣਤੀਆਂ ਦੀ ਲੋੜ ਕਿਉਂ ਅਤੇ ਇਸ ਤਰ੍ਹਾਂ ਅਚਾਨਕ ਹੀ ਕਿਉਂ ?

ਕਿਹਾ ਜਾਂਦਾ ਹੈ ਕਿ 2011 ਦੀ ਮਰਦਮਸ਼ੁਮਾਰੀ ਵਿਚ ਇਹ ਪਤਾ ਲੱਗਾ ਸੀ ਕਿ ਭਾਰਤ ਵਿਚ 46 ਲੱਖ ਜਾਤੀਆਂ ਹਨ। ਸਿਆਸੀ ਰੂਪ 'ਚ ਦੇਖਿਆ ਜਾਵੇ ਤਾਂ 2025 ਦੀ ਜਾਤੀ ਗਣਨਾ ਦਾ ਮੰਤਵ ਪੱਛੜੀਆਂ ਸ਼੍ਰੇਣੀਆਂ ਦੀ ਸਥਿਤੀ ਪਤਾ ਕਰਨ ਅਤੇ ਉਨ੍ਹਾਂ ਦਾ ਸਮਰਥਨ ਲੈਣ ਲਈ ਅਗਾਊਂ ਸਿਆਸੀ ਪਹਿਲਕਦਮੀ ਕਰਨਾ ਹੈ। ਭਾਜਪਾ ਇਸ ਸਿਆਸੀ ਬ੍ਰਹਮਅਸਤਰ ਦੀ ਵਰਤੋਂ ਕਰਕੇ ਬਿਹਾਰ ਅਤੇ ਹੋਰ ਰਾਜਾਂ ਦੀਆਂ ਚੋਣਾਂ ਜਿੱਤਣਾ ਚਾਹੇਗੀ ਅਤੇ ਅਗਲੀਆਂ ਚੋਣਾਂ ਲਈ ਵੀ ਇਸ ਨੂੰ ਅਧਾਰ ਬਣਾਉਣ ਦਾ ਯਤਨ ਕਰੇਗੀ, ਕਿਉਂਕਿ ਕਾਂਗਰਸ ਅਤੇ ਵਿਰੋਧੀ ਧਿਰਾਂ ਜਾਤ ਅਧਾਰਤ ਮਰਦਮਸ਼ੁਮਾਰੀ ਦਾ ਹਥਿਆਰ ਵਰਤ ਕੇ, ਭਾਜਪਾ ਤੋਂ ਸੱਤਾ ਖੋਹਣ ਲਈ ਲਗਾਤਾਰ 'ਜਾਤੀ ਅਧਾਰਤ ਮਰਦਮਸ਼ੁਮਾਰੀ' ਦੀ ਮੰਗ ਕਰ ਰਹੀਆਂ ਸਨ ਅਤੇ ਚੋਣਾਂ ਸਮੇਂ ਇਸ ਦਾ ਪੂਰਾ ਪ੍ਰਚਾਰ ਕਰ ਰਹੀਆਂ ਸਨ।

ਕੇਂਦਰ ਸਰਕਾਰ ਨੇ ਮਰਦਮਸ਼ੁਮਾਰੀ ਵਿਚ ਜਾਤੀ ਸੰਖਿਆ ਕਰਨ ਦਾ ਜੋ ਐਲਾਨ ਕੀਤਾ ਹੈ, ਉਸ ਨੂੰ ਮੁਕੰਮਲ ਕਰਨ ਲਈ ਲਗਭਗ ਦੋ ਸਾਲ ਲੱਗਣਗੇ। ਇਸ ਦੇ ਨਤੀਜੇ 2027 ਦੇ ਅੰਤ ਤੱਕ ਪ੍ਰਾਪਤ ਹੋਣਗੇ। 2028 ਦਾ ਅੱਧਾ ਸਾਲ ਸਿਆਸੀ ਦਲ ਇਸ ਦੇ ਆਧਾਰ 'ਤੇ ਵੋਟਾਂ ਦੀ ਗੁਣਾ-ਘਟਾ" ਕਰਨਗੇ। ਤਦ 2029 'ਚ ਲੋਕ ਸਭਾ ਚੋਣਾਂ ਹੋਣਗੀਆਂ। ਸਾਲ 2029 ਦੀਆਂ ਚੋਣਾਂ ਪਾਰਟੀਆਂ ਇਸੇ ਆਧਾਰ 'ਤੇ ਲੜਨਗੀਆਂ ਅਤੇ ਜਿੱਤਣਗੀਆਂ। ਜਿਹੜੀ ਪਾਰਟੀ ਇਸ ਮੁੱਦੇ ਨੂੰ ਵਧੇਰੇ ਪ੍ਰਚਾਰੇਗੀ, ਪੱਛੜੀਆਂ ਸ਼੍ਰੇਣੀਆਂ ਲਈ ਵੱਧ ਵਾਇਦੇ ਕਰੇਗੀ, ਉਹ ਪਾਰਟੀ ਹੀ ਫ਼ਾਇਦੇ 'ਚ ਰਹੇਗੀ।

ਬਿਹਾਰ, ਤਿਲੰਗਾਨਾ ਅਤੇ ਕਰਨਾਟਕ ਜਿਹੇ ਰਾਜਾਂ ਵਿਚ ਜਾਤੀ ਮਰਦਮਸ਼ੁਮਾਰੀ ਉਥੋਂ ਦੀਆਂ ਸੂਬਾ ਸਰਕਾਰਾਂ ਨੇ ਕਰਵਾਈ, ਜਿਸ 'ਤੋਂ ਪਤਾ ਲੱਗਿਆ ਕਿ ਪੱਛੜੀਆਂ ਸ਼੍ਰੇਣੀਆਂ ਦੀ ਗਿਣਤੀ ਵਧੀ ਹੈ। 2023 'ਚ ਬਿਹਾਰ 'ਚ ".ਬੀ.ਸੀ. ਅਬਾਦੀ 63 ਫੀਸਦੀ ਸੀ। ਸਾਲ 1931 ਵਿਚ ".ਬੀ.ਸੀ. ਦੀ ਰਾਸ਼ਟਰੀ ਔਸਤ 52 ਫੀਸਦੀ ਸੀ। 63% ਤੱਕ ".ਬੀ.ਸੀ. ਪਹੁੰਚਣ ਨਾਲ ਆਰਥਿਕ ਅਤੇ ਸਿਆਸੀ ਖੇਤਰ 'ਚ ਇਹ ਧਿਰਾਂ ਨੌਕਰੀਆਂ, ਸਿੱਖਿਆ ਸੰਸਥਾਵਾਂ 'ਚ ਵੱਧ ਰਾਖਵਾਂਕਰਨ ਮੰਗਣਗੀਆਂ, ਜਿਸ ਦੇ ਸਿੱਟੇ ਦੂਰਗਾਮੀ ਹੋਣਗੇ। 63% ".ਬੀ.ਸੀ. ਅਬਾਦੀ ਬਿਹਾਰ 'ਚ ਹੋਣ ਨਾਲ, ਬਿਹਾਰ ਚੋਣਾਂ 'ਚ ਰਾਜਦ ਅਤੇ ਕਾਂਗਰਸ 'ਜਿਸ ਦੀ ਜਿੰਨੀ ਅਬਾਦੀ, ਉਸ ਦੀ "ਨੀ ਹਿੱਸੇਦਾਰੀ' ਦਾ ਨਾਅਰਾ ਬੁਲੰਦ ਕਰ ਰਹੀਆਂ ਹਨ। ਫ਼ਿਲਹਾਲ ਦੱਖਣ ਦੇ ਕੁਝ ਰਾਜਾਂ ਨੂੰ ਛੱਡ ਕੇ ".ਬੀ.ਸੀ. ਦਾ ਕੋਟਾ 27.5 ਫ਼ੀਸਦੀ ਹੈ।

1891, 1901, 1911 ਅਤੇ 1921 ਵਿਚ ਭਾਰਤ 'ਚ ਮਰਦਮਸ਼ੁਮਾਰੀ ਹੋਈ। ਇਨ੍ਹਾਂ ਮਰਦਮਸ਼ੁਮਾਰੀਆਂ ਨੂੰ ਕਰਵਾਉਣ ਵਾਲੇ ਪ੍ਰਸ਼ਾਸਨਿਕ ਅਧਿਕਾਰੀ ਸੂਝਵਾਨ, ਚੰਗੇਰੀ ਸਿੱਖਿਆ ਵਾਲੇ ਅਤੇ ਵਿਸ਼ੇਸ਼ ਯੋਗਦਾਨ ਦੇਣ ਵਾਲੇ ਸਨ। ਜਿਨ੍ਹਾਂ ਵਿਚੋਂ ਐਚ.ਐਚ. ਰੋਸਲੀ, ਈ.ਏ. ਗੇਟ ਅਤੇ ਜੇ.ਐਚ.ਹਟਨ ਜਿਹੇ ਸਿਆਣੇ ਲੋਕ ਸਨ। ਇਹ ਅਧਿਕਾਰੀ ਭਾਰਤੀ ਵਿਸ਼ਿਆਂ 'ਚ ਰੁਚੀ ਲੈਣ ਵਾਲੇ ਸਨ। ਪਰ ਜਦੋਂ ਅਜ਼ਾਦ ਭਾਰਤ 'ਚ ਮਰਦਮਸ਼ੁਮਾਰੀ ਹੋਈ ਤਾਂ ਸਵਾਲ ਉੱਠੇ ਕਿ ਮਰਦਮਸ਼ੁਮਾਰੀ ਸਿਰਫ਼ ਭੌਤਿਕ ਪ੍ਰਸਥਿਤੀਆਂ ਤੱਕ ਸਮੇਟ ਦਿੱਤੀ ਗਈ ਹੈ।

ਅੱਜ ਸਮਾਜਿਕ ਲੋਕਤੰਤਰ ਨੂੰ ਭਾਸ਼ਣਾਂ ਤੱਕ ਨਿਪਟਾ ਦਿੱਤਾ ਗਿਆ ਹੈ। ਇਸ ਦਾ ਸਿੱਟਾ ਇਹ ਨਿਕਲਿਆ ਹੈ ਕਿ ਧਾਰਮਿਕ ਧਰੁਵੀਕਰਨ ਨੂੰ ਖੁੱਲ੍ਹਾ ਮੈਦਾਨ ਮਿਲ ਗਿਆ ਹੈ। ਜਾਤੀ ਅਤੇ ਜਾਤੀ ਸਿਆਸਤ ਭਾਰਤ 'ਚ ਵੱਡੇ ਸੱਚ ਵਜੋਂ ਉੱਭਰੀ ਹੈ। ਕੀ ਇਸ ਨਾਲ 'ਅਸੀਂ ਭਾਰਤ ਦੇ ਲੋਕ' ਦਾ ਅਕਸ ਅਤੇ ਮੰਤਵ ਹਾਸਲ ਹੋ ਸਕਦਾ ਹੈ? ਜਾਤੀਹੀਣਤਾ ਤਾਂ ਭਾਰਤ ਵਿਚ ਅਪਰਾਧ ਬਣਦੀ ਜਾ ਰਹੀ ਹੈ। ਇਹ ਅਢੁੱਕਵੀਂ ਵੀ ਨਹੀਂ ਰਹੀ। ਲੋਕਤੰਤਰ ਦੀ ਸਫ਼ਲਤਾ ਤਾਂ ਸੰਪਰਦਾਵਾਂ, ਖੇਤਰੀ ਅਤੇ ਨਸਲੀ ਸੋਚ ਨੂੰ ਖ਼ਤਮ ਕਰਨ ਨਾਲ ਹਾਸਲ ਹੋਵੇਗੀ ਅਤੇ ਜਾਤੀਹੀਣ ਬਣਨਾ ਅਤੇ ਬਣਾਉਣਾ ਨੈਤਿਕ ਪ੍ਰਾਪਤੀ ਹੋਵੇਗੀ।

ਪਰ ਦੇਸ਼ ਵਿਚ ਜਿਸ ਕਿਸਮ ਦੀ ਸਿਆਸਤ ਹੋ ਰਹੀ ਹੈ, ਉਸ ਨਾਲ ਸੰਸਾਰ ਵਿਚ ਦੇਸ਼ ਦਾ ਅਕਸ ਧੁੰਦਲਾ ਬਣ ਰਿਹਾ ਹੈ। ਕਿਸਾਨ, ਮਜ਼ਦੂਰ ਹਾਸ਼ੀਏ 'ਤੇ ਹਨ। ਉਨ੍ਹਾਂ ਲਈ ਬਣਾਈਆਂ ਯੋਜਨਾਵਾਂ ਦੀਆਂ ਸੂਚੀਆਂ ਤਾਂ ਵੱਡੀਆਂ ਹਨ, ਪਰ ਇਹ ਉਨ੍ਹਾਂ ਦੀ ਪਹੁੰਚ ਤੋਂ ਬਹੁਤ ਦੂਰ ਹਨ। ਕਿੰਨੇ ਕੁ ਲੋਕ ਹਨ ਜਿਨ੍ਹਾਂ ਤੱਕ ਆਯੁਸ਼ਮਾਨ, ਸ਼ੌਚਾਲਿਆ, ਅਵਾਸ ਅਤੇ ਦਵਾਈ ਕੇਂਦਰਾਂ ਜਿਹੀਆਂ ਯੋਜਨਾਵਾਂ ਪਹੁੰਚਦੀਆਂ ਹਨ। ਕਿੰਨੇ ਕੁ ਗ਼ਰੀਬ ਲੋਕ ਹਨ ਜਿਨ੍ਹਾਂ ਤੱਕ ਸਹੀ ਸਿੱਖਿਆ-ਸੋਚ ਪਹੁੰਚਦੀ ਹੈ।


ਲੋੜ ਹੈ ਕਿ ਮਰਦਮਸ਼ੁਮਾਰੀ ਦੇਸ਼ ਦੇ ਅਸਲ ਹਾਲਾਤ ਦੀ ਜਾਣਕਾਰੀ ਦਾ ਸਾਧਨ ਬਣੇ। ਮਰਦਮਸ਼ੁਮਾਰੀ ਅਧਾਰਤ ਯੋਜਨਾਵਾਂ ਆਮ ਲੋਕਾਂ ਦੇ ਪੱਲੇ ਪੈਣ। ਉਨ੍ਹਾਂ ਦਾ ਸਮਾਜਕ, ਆਰਥਕ ਕਲਿਆਣ ਕਰ ਸਕਣ। ਵਿਕਾਸ ਦੇ ਨਾਲ-ਨਾਲ ਸਮੂਹਿਕ ਚੇਤਨਾ ਵੀ ਪੈਦਾ ਕਰੇ। ਤਦੇ ਇਹ ਸਾਰਥਕ ਗਿਣੀ ਜਾਏਗੀ। ਪਰ ਸਭ ਤੋਂ ਬੁਨਿਆਦੀ ਸਵਾਲ ਇਹ ਹੈ ਕਿ ਸੱਤਾ ਧਿਰਾਂ ਜਾਤੀ ਮਰਦਮਸ਼ੁਮਾਰੀ ਤੋਂ ਬਾਅਦ ਉਨ੍ਹਾਂ ਦੇ ਸਮਾਜਿਕ ਅਤੇ ਆਰਥਿਕ ਕਲਿਆਣ ਲਈ ਕੰਮ ਕਰਨਗੀਆਂ ਜਾਂ ਇਸ ਮੁੱਦੇ ਦੇ ਆਸੇ-ਪਾਸੇ ਸਿਰਫ਼ ਰਾਜਨੀਤੀ ਹੀ ਕਰਦੀਆਂ ਰਹਿਣਗੀਆਂ।

## ਭਾਰਤ ਅਤੇ ਪਾਕਿਸਤਾਨ ਦਰਮਿਆਨ ਵਧਦਾ ਤਣਾਅ:

# ਕੀ ਯੁੱਧ ਵੱਲ ਵਧ ਰਹੇ ਨੇ ਦੋਨੋਂ ਮੁਲਕ?

***ਨੀਲੋਫਰ ਸੁਹਰਵਰਦੀ ਸੀਨੀਅਰ ਪੱਤਰਕਾਰ ਅਤੇ ਕਮਿਊਨੀਕੇਸ਼ਨ ਅਧਿਐਨ ਅਤੇ ਪ੍ਰਮਾਣੂ ਕੂਟਨੀਤੀ ਦੇ ਖੇਤਰ ਦੀ ਮਾਹਰ ਵਿਸ਼ਲੇਸ਼ਣਕਾਰ ਹੈ। ਉਸ ਨੇ ਵੱਖ-ਵੱਖ ਵਿਸ਼ਿਆਂ ਉੱਪਰ ਕਈ ਮਹੱਤਵਪੂਰਨ ਕਿਤਾਬਾਂ ਲਿਖੀਆਂ ਹਨ। ਪਹਿਲਗਾਮ ਵਿਚ ਦਹਿਸ਼ਤਗਰਦ ਹਮਲੇ ਤੋਂ ਬਾਅਦ ਬਣੇ ਹਾਲਾਤ ਬਾਰੇ ਉਸਦੀ ਇਹ ਟਿੱਪਣੀ ਦੋਹਾਂ ਮੁਲਕਾਂ ਦਰਮਿਆਨ ਯੁੱਧ ਦੀ ਸੰਭਾਵਨਾ, ਦੋਹਾਂ ਮੁਲਕਾਂ ਦੇ ਰਾਜਨੀਤਕ ਰਹਿਬਰਾਂ ਦੀ ਖ਼ੁਦ ਨੂੰ ਜੇਤੂ ਸਾਬਤ ਕਰਨ ਦੀ ਲਾਲਸਾ ਅਤੇ ਪ੍ਰਮਾਣੂ ਕੂਟਨੀਤੀ ਦੀ ਸਫ਼ਲਤਾ-ਅਸਫ਼ਲਤਾ ਆਦਿ ਪੱਖਾਂ ਦਾ ਵਿਸ਼ਲੇਸ਼ਣ ਕਰਦੀ ਹੈ। ਹਾਲਾਤ ਨੂੰ ਸਮਝਣ ਲਈ ਇਸ ਦਾ ਪੰਜਾਬੀ ਅਨੁਵਾਦ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ।- ਸੰਪਾਦਕ***

ਭਾਰਤ ਦੇ ਕਬਜ਼ੇ ਵਾਲੇ ਜੰਮੂ-ਕਸ਼ਮੀਰ (ਜੇ.ਕੇ.) ਦੇ ਪਹਿਲਗਾਮ ਵਿਖੇ ਬੈਸਰਨ ਘਾਟੀ ਵਿਚ ਸੈਲਾਨੀਆਂ 'ਤੇ ਹੋਏ ਦਹਿਸ਼ਤਵਾਦੀ ਹਮਲੇ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਦਰਮਿਆਨ ਤਣਾਅ ਨੇ ਯੁੱਧ ਵੱਲ ਵਧਣ ਦੀ ਸੰਭਾਵਨਾ ਵਧਾ ਦਿੱਤੀ ਹੈ। 22 ਅਪ੍ਰੈਲ 2025 ਨੂੰ ਹੋਏ ਇਸ ਹਮਲੇ ਵਿਚ 26 ਸੈਲਾਨੀ ਮਾਰੇ ਗਏ ਸਨ। ਭਾਰਤ ਨੇ ਪਹਿਲਗਾਮ ਹਮਲੇ ਲਈ ਪਾਕਿਸਤਾਨ ਨੂੰ ਜ਼ਿੰਮੇਵਾਰ ਠਹਿਰਾਇਆ ਹੈ, ਜਦਕਿ ਪਾਕਿਸਤਾਨ ਨੇ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਇਸ ਤੋਂ ਬਾਅਦ, ਇਹ ਗੱਲ ਸਾਫ਼ ਹੈ ਕਿ ਦੋਵਾਂ ਮੁਲਕਾਂ ਨੇ ਕੁਝ ਐਸੇ ਕਦਮ ਚੁੱਕੇ ਹਨ ਜੋ ਇਸ਼ਾਰਾ ਕਰਦੇ ਹਨ ਕਿ ਉਹ 'ਯੁੱਧ' ਵੱਲ ਵਧ ਰਹੇ ਹਨ।



**ਨੀਲੋਫਰ ਸੁਹਰਵਰਦੀ,**
**ਅਨੁਵਾਦ : ਬੂਟਾ ਸਿੰਘ ਮਹਿਮੂਦਪੁਰ**


ਇਨ੍ਹਾਂ ਕਦਮਾਂ ਵਿਚ ਭਾਰਤ ਵੱਲੋਂ ਇੰਡਸ ਜਲ ਸਮਝੌਤੇ ਨੂੰ ਮੁਅੱਤਲ ਕਰਨਾ ਸ਼ਾਮਲ ਹੈ, ਜਿਸ ਅਧੀਨ ਸਿੰਧ ਦਰਿਆ ਦੇ ਪਾਣੀ ਦੀ ਵੰਡ ਦੋਵਾਂ ਮੁਲਕਾਂ ਵਿਚ ਹੁੰਦੀ ਹੈ। ਇਸਦੇ ਜਵਾਬ ਵਿਚ ਪਾਕਿਸਤਾਨ ਨੇ ਭਾਰਤੀ ਹਵਾਈ ਜਹਾਜ਼ਾਂ ਲਈ ਆਪਣਾ ਹਵਾਈ ਖੇਤਰ ਬੰਦ ਕਰ ਦਿੱਤਾ ਹੈ ਅਤੇ ਭਾਰਤ ਨਾਲ ਸਾਰਾ ਵਪਾਰ ਮੁਅੱਤਲ ਕਰ ਦਿੱਤਾ ਹੈ। ਇਨ੍ਹਾਂ ਤੋਂ ਇਲਾਵਾ, ਵੀਜ਼ਾ ਸੇਵਾਵਾਂ ਰੋਕ ਦਿੱਤੀਆਂ ਗਈਆਂ ਹਨ, ਰਾਜਦੂਤ ਵਾਪਸ ਬੁਲਾ ਲਏ ਗਏ ਹਨ ਆਦਿ। ਲਾਈਨ-ਆਫ-ਕੰਟਰੋਲ (LOC) ਉੱਤੇ ਦੋਹਾਂ ਪਾਸਿਆਂ ਦੇ ਫੌਜੀਆਂ ਦਰਮਿਆਨ ਮਾਮੂਲੀ ਝੜਪਾਂ ਵੀ ਹੋਈਆਂ ਹਨ, ਹਾਲਾਂਕਿ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਭਾਰਤ ਵਿਚ ਉੱਚ ਪੱਧਰੀ ਸੁਰੱਖਿਆ ਮੀਟਿੰਗਾਂ ਦਾ ਹੋਣਾ ਵੀ ਇਹ ਦਰਸਾਉਂਦਾ ਹੈ ਕਿ ਪਾਕਿਸਤਾਨ ਨਾਲ ਟਕਰਾਅ ਦੇ ਸਾਰੇ ਬਦਲਾਂ ਉੱਪਰ ਵਿਚਾਰ ਕੀਤਾ ਜਾ ਰਿਹਾ ਹੈ।

ਇਸ 'ਚ ਕੋਈ ਸ਼ੱਕ ਨਹੀਂ ਹੈ ਕਿ ਭਾਰਤ ਅਤੇ ਪਾਕਿਸਤਾਨ ਦੇ ਸੰਬੰਧ ਕਦੇ ਵੀ ਪੂਰੀ ਤਰ੍ਹਾਂ ਸ਼ਾਂਤੀਪੂਰਨ ਨਹੀਂ ਰਹੇ। ਭਾਰਤੀ ਆਗੂਆਂ ਵੱਲੋਂ ਵੋਟਾਂ ਹਾਸਲ ਕਰਨ ਅਤੇ ਲੋਕਾਂ ਦੀ ਹਮਾਇਤ ਲੈਣ ਲਈ ਅਕਸਰ 'ਪਾਕਿਸਤਾਨ-ਪੱਤਾ' ਵਰਤਿਆ ਜਾਂਦਾ ਹੈ। ਭਾਰਤ ਵਿਚ ਅੱਜ ਵੀ 'ਪਾਕਿਸਤਾਨ ਵਿਰੋਧੀ ਯੁੱਧ ਨਾਅਰਾ' ਹਰਮਨ-ਪਿਆਰਾ ਅਤੇ ਪ੍ਰਭਾਵਸ਼ਾਲੀ ਮੰਨਿਆ ਜਾਂਦਾ ਹੈ। ਇਹ ਮੰਨ ਕੇ ਕਿ ਇਸ ਨਾਲ ਆਮ ਲੋਕਾਂ 'ਚ ਉਨ੍ਹਾਂ ਦੀ ਹਰਮਨ-ਪਿਆਰਤਾ ਵਧੇਗੀ, ਕਈ ਭਾਰਤੀ ਆਗੂ ਇਸ ਰਣਨੀਤੀ ਦਾ ਸਹਾਰਾ ਲੈਂਦੇ ਹਨ। ਭਾਰਤ ਦੀ ਮੌਜੂਦਾ ਸਰਕਾਰ, ਜੋ ਭਾਜਪਾ ਦੀ ਅਗਵਾਈ ਹੇਠ ਚੱਲ ਰਹੀ ਹੈ, ਆਪਣੀ ਹਿੰਦੂ ਕੱਟੜਵਾਦੀ ਨੀਤੀ ਅਤੇ ਮੁਸਲਮਾਨ ਵਿਰੋਧੀ ਫਿਰਕੂ ਪ੍ਰਚਾਰ ਨੂੰ ਬਹੁਤ ਮਹੱਤਵ ਦਿੰਦੀ ਹੈ, ਇਸ ਤੱਥ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ।

ਪਾਕਿਸਤਾਨ ਇਸਲਾਮਿਕ ਰਾਜ ਹੋਣ ਦੇ ਨਾਤੇ, ਭਾਰਤ ਵਿਚ ਅਕਸਰ ਮੁਸਲਮਾਨਾਂ ਨੂੰ ਪਾਕਿਸਤਾਨ ਨਾਲ ਜੋੜ ਕੇ ਦੇਖਣ ਦੀ ਫਿਰਕੂ ਸੋਚ ਰਹੀ ਹੈ। ਜੰਮੂ-ਕਸ਼ਮੀਰ ਮੁਸਲਮਾਨ ਬਹੁਗਿਣਤੀ ਵਾਲਾ ਰਾਜ ਹੈ, ਅਤੇ ਇੱਥੋਂ ਦੇ ਮੁਸਲਮਾਨਾਂ ਪ੍ਰਤੀ ਵੀ ਇਸੇ ਤਰ੍ਹਾਂ ਦੀ ਤੁਅੱਸਬੀ ਸੋਚ ਮਿਲਦੀ ਹੈ, ਹਾਲਾਂਕਿ ਭਾਰਤ ਦੁਨੀਆ ਦਾ ਸਭ ਤੋਂ ਵੱਡੀ ਮੁਸਲਮਾਨ ਅਬਾਦੀ ਵਾਲਾ ਦੂਜਾ ਮੁਲਕ ਹੈ। ਇਸ ਪ੍ਰਸੰਗ 'ਚ, ਭਾਰਤ ਵੱਲੋਂ ਪਾਕਿਸਤਾਨ-ਵਿਰੋਧੀ ਪੱਤੇ ਦੀ ਵਰਤੋਂ ਇਕ ਰਾਜਨੀਤਕ ਰਣਨੀਤੀ ਹੈ, ਜਿਸਦਾ ਉਦੇਸ਼ ਭਾਰਤੀ ਹਿੰਦੂ ਲੋਕਾਂ ਵਿਚ ਮੁਸਲਮਾਨ-ਵਿਰੋਧੀ ਅਤੇ ਪਾਕਿਸਤਾਨ-ਵਿਰੋਧੀ ਭਾਵਨਾਵਾਂ ਨੂੰ ਭੜਕਾਉਣਾ ਹੈ। ਭਾਰਤ ਦੀ ਲਗਭਗ 80% ਅਬਾਦੀ ਹਿੰਦੂ ਹੈ।

ਹਾਲਾਂਕਿ ਭਾਰਤੀ ਲੋਕਾਈ ਹੁਣ ਪਹਿਲਾਂ ਵਾਲੀ ਨਹੀਂ ਰਹੀ ਅਤੇ ਇਨ੍ਹਾਂ ਰਾਜਨੀਤਿਕ ਸੰਕੇਤਾਂ ਦੇ ਝਾਂਸੇ ਵਿਚ ਐਨਾ ਸੌਖਿਆਂ ਨਹੀਂ ਆਉਂਦੀ, ਫਿਰ ਵੀ ਇਹ ਸੰਭਵ ਹੈ ਕਿ ਮੌਜੂਦਾ ਸਰਕਾਰ ਪਹਿਲਗਾਮ ਤ੍ਰਾਸਦੀ ਤੋਂ ਬਾਅਦ ਰਾਜਨੀਤਕ ਅਤੇ ਕੂਟਨੀਤਕ ਤੌਰ 'ਤੇ ਲਾਭ ਲੈਣ ਦੀ ਕੋਸ਼ਿਸ਼ ਕਰ ਰਹੀ ਹੈ। ਸੱਚ ਇਹ ਵੀ ਹੈ ਕਿ ਇਸ ਤ੍ਰਾਸਦੀ ਨੇ ਭਾਰਤ ਦੇ ਸੁਰੱਖਿਆ ਪ੍ਰਬੰਧ ਉੱਪਰ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ। ਇਕ ਆਗੂ ਵੱਲੋਂ ਕਿਹਾ ਗਿਆ ਕਿ ਜਿੱਥੇ ਹਮਲਾ ਹੋਇਆ, ਉਹ ਘਾਟੀ ਸੈਲਾਨੀਆਂ ਲਈ ਖੋਲ੍ਹੀ ਨਹੀਂ ਸੀ ਜਾਣੀ ਚਾਹੀਦੀ। ਜੇ ਅਜਿਹੀ ਗੱਲ ਸੀ, ਤਾਂ ਫਿਰ ਸੈਲਾਨੀਆਂ ਨੂੰ ਇੱਥੇ ਆਉਣ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ ਸੀ ਅਤੇ ਸੁਰੱਖਿਆ ਦੇ ਇੰਤਜ਼ਾਮ ਇਸ ਦੇ ਸ਼ੁਰੂ ਹੋਣ ਦੇ ਵਕਤ ਹੀ ਹੋ ਜਾਣੇ ਚਾਹੀਦੇ ਸਨ।

ਇਸ ਤੋਂ ਇਲਾਵਾ, ਇਕ ਸਾਲਾਨਾ ਹਿੰਦੂ ਯਾਤਰਾ (ਅਮਰਨਾਥ ਯਾਤਰਾ) ਵੀ ਪਹਿਲਗਾਮ ਵਿਚੋਂ ਦੀ ਹੋ ਕੇ ਲੰਘਦੀ ਹੈ ਜੋ ਕੁਝ ਹਫ਼ਤਿਆਂ ਵਿਚ ਸ਼ੁਰੂ ਹੋਣ ਵਾਲੀ ਹੈ, ਇਸ ਕਰਕੇ ਇਨ੍ਹਾਂ




ਦਿਨਾਂ ਤੋਂ ਹੀ ਸੁਰੱਖਿਆ ਇੰਤਜ਼ਾਮ ਸ਼ੁਰੂ ਹੋ ਜਾਣੇ ਚਾਹੀਦੇ ਸਨ। ਇਹ ਵੀ ਜਾਣਿਆ-ਪਛਾਣਿਆ ਤੱਥ ਹੈ ਕਿ ਭਾਰਤ ਦੇ ਕਿਸੇ ਵੀ ਹਿੱਸੇ ਵਿਚ, ਖ਼ਾਸ ਕਰਕੇ ਜੰਮੂ-ਕਸ਼ਮੀਰ ਵਿਚ, ਦਹਿਸ਼ਤਗਰਦ ਕਦੇ ਵੀ ਹਮਲਾ ਕਰ ਸਕਦੇ ਹਨ, ਖ਼ਾਸ ਕਰਕੇ ਸੈਲਾਨੀ ਥਾਵਾਂ ਨੂੰ ਨਿਸ਼ਾਨਾ ਬਣਾ ਸਕਦੇ ਹਨ। ਇਹ ਹੈਰਾਨੀਜਨਕ ਨਹੀਂ ਹੈ ਕਿ ਜੋ ਸੈਲਾਨੀ ਇਸ ਹਮਲੇ ਵਿਚ ਬਚ ਗਏ, ਉਹ ਇਹ ਸਵਾਲ ਉਠਾ ਰਹੇ ਹਨ ਕਿ ਇੱਥੇ ਕੋਈ ਸੁਰੱਖਿਆ ਕਿਉਂ ਨਹੀਂ ਸੀ? ਸੈਲਾਨੀਆਂ ਦੇ ਦੱਸਣ ਮੁਤਾਬਕ ਹਮਲਾਵਰ ਘੱਟੋ-ਘੱਟ 20-30 ਮਿੰਟ ਤੱਕ ਉੱਥੇ ਰਹੇ। ਜੇ ਸੁਰੱਖਿਆ ਹੁੰਦੀ, ਤਾਂ ਸ਼ਾਇਦ ਉਹ ਪਹਿਲੀ ਗੋਲੀ ਚਲਾਉਂਦੇ ਹੀ ਮਾਰੇ ਜਾਂਦੇ ਜਾਂ ਫਿਰ ਦਹਿਸ਼ਤਗਰਦ ਖੁੱਲ੍ਹੇਆਮ ਹਮਲਾ ਕਰਨ ਦੀ ਬਜਾਏ ਲੁਕ-ਛਿਪ ਕੇ ਗੋਲੀਆਂ ਚਲਾਉਂਦੇ ਅਤੇ ਫਿਰ ਤੁਰੰਤ ਭੱਜ ਜਾਂਦੇ।

ਨਿਰਸੰਦੇਹ, ਪਹਿਲਗਾਮ ਕਾਂਡ ਦੀ ਦੁਨੀਆ ਭਰ ਵਿਚ ਨਿੰਦਾ ਹੋਈ ਹੈ ਅਤੇ ਇਸ ਨਾਲ ਭਾਰਤ ਨੂੰ ਵਿਸ਼ਵ ਭਰ ਤੋਂ ਹਮਦਰਦੀ ਵੀ ਮਿਲੀ ਹੈ। ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਇਸ ਨਾਲ ਭਾਰਤ ਨੂੰ ਪਾਕਿਸਤਾਨ ਨਾਲ ਯੁੱਧ ਕਰਨ ਦੀ ਮਨਜ਼ੂਰੀ ਮਿਲ ਗਈ ਹੈ। ਸੰਯੁਕਤ ਰਾਸ਼ਟਰ ਅਤੇ ਚੀਨ ਵੱਲੋਂ ਦੋਹਾਂ ਮੁਲਕਾਂ ਨੂੰ 'ਸੰਜਮ' ਵਰਤਣ ਦੀ ਅਪੀਲ ਕੀਤੀ ਗਈ ਹੈ। ਸਾਊਦੀ ਅਰਬ ਅਤੇ ਇਰਾਨ ਵੱਲੋਂ ਵੀ 'ਤਣਾਅ ਵਧਣ' ਤੋਂ ਰੋਕਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਅਮਰੀਕਾ ਵੀ ਮੌਜੂਦਾ ਹਾਲਾਤ ਦੇ 'ਕੂਟਨੀਤਕ' ਹੱਲ ਦੇ ਪੱਖ ਵਿਚ ਹੈ।

ਇਹ ਸੰਭਾਵਨਾ ਸ਼ਾਇਦ ਘੱਟ ਹੀ ਹੈ ਕਿ ਭਾਰਤ ਜਾਂ ਪਾਕਿਸਤਾਨ ਇਨ੍ਹਾਂ ਕੂਟਨੀਤਕ ਸੰਕੇਤਾਂ ਨੂੰ ਪੂਰੀ ਤਰ੍ਹਾਂ ਅਣਡਿੱਠ ਕਰ ਦੇਣਗੇ। ਦੋਵਾਂ ਮੁਲਕਾਂ ਦੇ ਕੂਟਨੀਤਕ ਸੰਬੰਧ ਹਮੇਸ਼ਾ ਤਣਾਅ ਵਾਲੇ ਹੀ ਰਹੇ ਹਨ, ਖ਼ਾਸ ਕਰਕੇ ਦਹਿਸ਼ਤਵਾਦ ਅਤੇ ਕਸ਼ਮੀਰ ਦੇ ਮਾਮਲਿਆਂ ਵਿਚ। ਕਸ਼ਮੀਰ ਦੇ ਮਸਲੇ ਉੱਪਰ ਤਾਂ ਉਨ੍ਹਾਂ ਵਿਚਕਾਰ ਅਜਿਹਾ ਟਕਰਾਅ ਹੈ ਜੋ ਕਦੇ ਵੀ ਦੂਰ ਨਹੀਂ ਹੋਇਆ। ਪਰ ਇਹ ਵੀ ਸੱਚ ਹੈ ਕਿ ਜਦੋਂ ਤੋਂ ਦੋਵੇਂ ਮੁਲਕ ਪ੍ਰਮਾਣੂ ਤਾਕਤ ਬਣੇ ਹਨ, ਉਹ ਖੁੱਲ੍ਹੇ ਯੁੱਧ ਤੋਂ ਬਚਦੇ ਰਹੇ ਹਨ ਅਤੇ ਉਨ੍ਹਾਂ ਨੇ 'ਪ੍ਰਮਾਣੂ ਕੂਟਨੀਤੀ' ਨੂੰ ਪਹਿਲ ਦਿੱਤੀ ਹੈ ਤਾਂ ਕਿ ਉਹ 'ਦੁਵੱਲੇ ਰੂਪ 'ਚ ਯਕੀਨਨ ਤਬਾਹੀ' ਤੋਂ ਬਚ ਸਕਣ। ਜੇ ਉਹ ਹੁਣ ਖੁੱਲ੍ਹੇ ਯੁੱਧ ਵੱਲ ਵਧਦੇ ਹਨ ਤਾਂ ਇਹ ਉਨ੍ਹਾਂ ਦੀ ਪ੍ਰਮਾਣੂ ਰਣਨੀਤੀ ਲਈ ਵੱਡਾ ਝਟਕਾ ਹੋਵੇਗਾ। ਇਸ ਨੂੰ 'ਮਿਊਚੁਅਲ ਅਸ਼ੋਰਡ ਡਿਸਟਰਕਸ਼ਨ' (MAD) ਵੱਲ ਵਧਣ ਦੀ ਤਰ੍ਹਾਂ ਹੀ ਮੰਨਿਆ ਜਾਵੇਗਾ। ਦੋਵੇਂ ਮੁਲਕ ਭਲੇ ਹੀ ਇਕ ਦੂਜੇ ਦੇ ਦੁਸ਼ਮਣ ਹੋਣ, ਨਾ ਭਾਰਤ ਅਤੇ ਨਾ ਹੀ ਪਾਕਿਸਤਾਨ ਦੋਹਾਂ 'ਚੋਂ ਕੋਈ ਵੀ ਇਹ ਰਸਤਾ ਚੁਣਨਾ ਨਹੀਂ ਚਾਹੁੰਦਾ।

ਫਿਰ, ਇਹ ਜੋ ਸੰਕੇਤ ਮਿਲ ਰਹੇ ਹਨ ਕਿ ਦੋਵੇਂ 'ਸੱਚਮੁੱਚ' ਯੁੱਧ ਵੱਲ ਵਧ ਰਹੇ ਹਨ, ਇਨ੍ਹਾਂ ਦਾ ਕੀ ਅਰਥ ਲਿਆ ਜਾਵੇ? ਇਹ ਸੱਚ ਹੈ ਕਿ ਭਾਰਤ ਅਤੇ ਪਾਕਿਸਤਾਨ ਦੇ ਸੰਬੰਧ ਕਦੇ ਵੀ 'ਦੋਸਤਾਨਾ' ਨਹੀਂ ਰਹੇ, ਅਤੇ ਉਨ੍ਹਾਂ ਦੇ ਯੁੱਧ ਨਾ ਛੇੜਨ ਨੂੰ ਇਕ ਚੰਗੇ ਸੰਕੇਤ ਵਜੋਂ ਵੇਖਿਆ ਜਾ ਸਕਦਾ ਹੈ, ਪਰ ਇਹ ਵੀ ਸਪੱਸ਼ਟ ਹੈ ਕਿ ਇਹ ਦੋਸਤੀ ਵਾਲਾ ਸੰਕੇਤ ਨਹੀਂ ਹੈ। ਦੋਹਾਂ ਮੁਲਕਾਂ ਦੇ ਕਲਾਕਾਰ ਅਤੇ ਗਾਇਕ ਦੋਹਾਂ ਪਾਸਿਆਂ ਦੇ ਲੋਕਾਂ ਵਿਚ ਕਾਫ਼ੀ ਹਰਮਨ-ਪਿਆਰੇ ਹਨ, ਇਸ ਗੱਲ ਨੇ ਉਨ੍ਹਾਂ ਨੂੰ ਇਕ ਦੂਜੇ ਦੇ ਨੇੜੇ ਲਿਆਉਣ 'ਚ ਭੂਮਿਕਾ ਨਿਭਾਈ ਹੈ। ਪਰ ਹੁਣ ਇਸ ਉੱਪਰ ਵੀ ਅਸਰ ਪਿਆ ਹੈ - ਭਾਰਤ ਵਿਚ ਪਾਕਿਸਤਾਨੀ ਕਲਾਕਾਰਾਂ ਵਾਲੀਆਂ ਫਿਲਮਾਂ ਰਿਲੀਜ਼ ਨਹੀਂ ਹੋ ਰਹੀਆਂ, ਪਾਕਿਸਤਾਨੀ ਸੀਰੀਅਲਾਂ ਵਾਲੇ ਟੀਵੀ ਚੈਨਲ ਭਾਰਤ ਵਿਚ ਅਸਥਾਈ ਤੌਰ 'ਤੇ ਰੋਕ ਦਿੱਤੇ ਗਏ ਹਨ ਆਦਿ। ਇਨ੍ਹਾਂ ਨੂੰ ਇਸ ਤਰ੍ਹਾਂ ਵੀ ਦੇਖਿਆ ਜਾ ਸਕਦਾ ਹੈ ਕਿ ਇਹ ਭਾਰਤੀ ਆਗੂਆਂ ਵੱਲੋਂ ਆਪਣੇ ਲੋਕਾਂ ਨੂੰ ਆਪਣੇ ਪਾਕਿਸਤਾਨ ਵਿਰੋਧੀ ਸਖ਼ਤ ਸਟੈਂਡ ਦੇ ਸੰਕੇਤ ਦੇਣਾ ਹੈ।

ਯੁੱਧ ਵੱਲ ਵਧਣਾ ਅਮਰੀਕਾ ਅਤੇ ਹੋਰ ਤਾਕਤਾਂ ਵੱਲੋਂ ਅਪਣਾਏ ਗਏ ਕੂਟਨੀਤਕ ਯਤਨਾਂ ਨੂੰ ਨਜ਼ਰ-ਅੰਦਾਜ਼ ਕਰਨਾ ਹੋਵੇਗਾ। ਦੋਹਾਂ ਪਾਸਿਆਂ ਦੇ ਆਗੂ ਇਹ ਵੀ ਭਾਂਪ ਰਹੇ ਹੋਣਗੇ ਕਿ ਹੁਣ ਦੀ ਤਣਾਅ ਵਾਲੀ ਹਾਲਤ ਉੱਪਰ ਉਨ੍ਹਾਂ ਦੇ ਨਾਗਰਿਕਾਂ ਅਤੇ ਆਲਮੀ ਭਾਈਚਾਰੇ ਦਾ ਪ੍ਰਤੀਕਰਮ ਕੀ ਹੈ। ਯੁੱਧ ਨਾਲ ਨਾ ਤਾਂ ਤਣਾਅ ਘਟੇਗਾ ਅਤੇ ਨਾ ਹੀ ਉਨ੍ਹਾਂ ਦੇ ਲੰਮੇ ਸਮੇਂ ਤੋਂ ਚੱਲ ਰਹੇ ਮਸਲਿਆਂ ਦਾ ਹੱਲ ਨਿਕਲੇਗਾ। ਭਾਰਤ ਦਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਸ਼ਾਇਦ ਜੇਤੂ ਆਗੂ ਵਜੋਂ ਆਪਣਾ ਅਕਸ ਉਭਾਰਨਾ ਚਾਹ ਰਿਹਾ ਹੈ ਅਤੇ ਸ਼ਾਇਦ ਇਹੀ ਉਸਦਾ ਹਮਰੁਤਬਾ ਸ਼ਹਿਬਾਜ਼ ਸ਼ਰੀਫ਼ ਕਰਨਾ ਚਾਹੁੰਦਾ ਹੈ। 'ਯੁੱਧ ਕੂਟਨੀਤੀ' ਨੂੰ ਦੋਹਾਂ ਮੁਲਕਾਂ ਵੱਲੋਂ ਕੁਝ ਹੋਰ ਸਮੇਂ ਤੱਕ ਪਹਿਲੀ ਤਰਜੀਹ ਦੇਣ ਦੀ ਸੰਭਾਵਨਾ ਹੈ। ਅਸਲ ਵਿਚ ਯੁੱਧ ਛੇੜਨ ਅਤੇ 'ਚੋਣਵੇਂ' ਜਾਂ ਸੀਮਤ ਹਮਲਿਆਂ' ਨੂੰ ਅੰਜਾਮ ਦੇਣ ਅਤੇ ਯੁੱਧ ਵਰਗੀ ਕੂਟਨੀਤੀ ਅਪਣਾਉਣ ਵਿਚ ਸਪੱਸ਼ਟ ਫ਼ਰਕ ਹੁੰਦਾ ਹੈ।

ਮੌਜੂਦਾ ਸਥਿਤੀ ਦੋਹਾਂ ਮੁਲਕਾਂ ਵੱਲੋਂ ਅਪਣਾਈ ਗਈ 'ਯੁੱਧ ਵਰਗੀ ਕੂਟਨੀਤੀ' ਦਾ ਸੰਕੇਤ ਦਿੰਦੀ ਹੈ, ਜਿੱਥੇ ਕਿ ਦੋਹਾਂ ਮੁਲਕਾਂ ਵੱਲੋਂ ਰਣਨੀਤਕ ਕਦਮ ਇਸ ਤਰ੍ਹਾਂ ਚੁੱਕੇ ਜਾ ਰਹੇ ਹਨ ਜੋ ਯੁੱਧ ਵੱਲ ਵਧਣ ਦੀ ਸੰਭਾਵਨਾ ਨੂੰ ਦਰਸਾਉਂਦੇ ਹਨ। ਹੁਣ ਸਵਾਲ ਇਹ ਹੈ ਕਿ ਇਹ 'ਯੁੱਧ-ਕੂਟਨੀਤੀ' ਕਿੰਨੇ ਸਮੇਂ ਤਕ ਚੱਲੇਗੀ? ਕਿਸੇ ਵੀ ਹਾਲਤ ਵਿਚ, ਇਹ ਉਨ੍ਹਾਂ ਦੀ ਪ੍ਰਮਾਣੂ ਰਣਨੀਤੀ ਦੀ ਨਾਕਾਮੀ ਦਾ ਸੰਕੇਤ ਹੈ।

# ਮਜ਼ਹਬ - ਅੱਤਵਾਦ - ਮਨੁੱਖੀ ਅਧਿਕਾਰ ਤੇ ਵਪਾਰ...

ਪਰਦੇਸੀ ਵਸਦਿਆਂ ਬਹੁਤ ਸਾਰੇ ਲੋਕ ਜਦੋਂ ਧਰਮ ਅਧਾਰਤ ਅੱਤਵਾਦ 'ਤੇ ਗੱਲ ਕਰਦੇ ਹਨ ਤਾਂ ਮੇਰੇ ਕੋਲ ਕਹਿਣ ਲਈ ਬਹੁਤ ਕੁਝ ਹੁੰਦਾ ਹੈ।

ਦਸ 'ਯਾਰਾਂ' ਸਾਲ ਦੀ ਉਮਰ ਵਿਚ ਭਰਾ ਅਗਵਾ ਹੁੰਦਾ ਵੇਖਿਆ, ਬਾਪ ਅਗਵਾ ਹੁੰਦਾ ਵੇਖਿਆ। 25 ਮਾਰਚ 1989 ਸੀ ਜਦੋਂ ਟਰਾਲੀਆਂ 'ਚ ਸਮਾਨ ਲੱਦ ਪਿੰਡ ਵਾਲਾ ਘਰ ਛੱਡਣਾ ਪਿਆ। ਉਹ ਘਰ ਜੋ ਮੇਰੇ ਬਾਪ ਦੀਆਂ ਰੀਝਾਂ ਦੀ ਬੁਣਤੀ

**ਨਵਚੇਤਨ**

ਸੀ। ਇੱਕ ਹੱਸਾਸ ਬੰਦਾ ਜਦੋਂ ਪਸ਼ੇਮਾਨ ਤੇ ਬੇਵਸ ਹੁੰਦਾ ਹੈ ਤਾਂ ਉਹ ਕਿੰਜ ਬਿਹੇਵ ਕਰਦਾ ਹੈ। ਕੋਈ ਚਾਰ-ਪੰਜ ਸਾਲ ਐਸੇ ਸਨ ਜਦੋਂ ਮੈਂ ਆਪਣੇ ਬਾਪ ਨੂੰ ਅਧੇੜ ਉਮਰੇ ਰੋਜ਼ ਖੁਰਦਿਆਂ, ਖਪਦਿਆਂ, ਖਿਝਦਿਆਂ, ਟੁੱਟਦਿਆਂ-ਭੁਰਦਿਆਂ ਵੇਖਿਆ ਹੈ। ਏਅਰ ਫੋਰਸ ਛੱਡਣ ਤੋਂ ਬਾਅਦ ਸਕੂਲ ਚਲਾਉਣਾ ਉਹਦੀ ਲੋੜ ਨਹੀਂ ਉਹਦਾ ਇਸ਼ਟ ਸੀ। ਨਹੀਂ ਤੇ ਐਕਸ-ਸਰਵਿਸਮੈਨ ਕੋਟੇ ਵਾਲਿਆਂ ਨੂੰ ਸਰਕਾਰੀ ਨੌਕਰੀਆਂ ਦੀ ਕਦੀ ਵੀ ਤੋਟ ਨਹੀਂ ਹੁੰਦੀ ਉਨ੍ਹਾਂ ਵੇਲਿਆਂ 'ਚ ਤਾਂ ਬਿਲਕੁਲ ਹੀ ਨਹੀਂ ਸੀ ਹੁੰਦੀ। ਪੰਤਾਲੀਆਂ ਨੂੰ ਢੁੱਕੇ ਬਾਪ ਨੂੰ ਆਪਣੇ ਰੋਜ਼ੀ ਰੋਟੀ ਦੇ ਵਸੀਲੇ ਦੀ ਪੂਣੀ ਫਿਰ ਤੋਂ ਕੱਤਣੀ ਪੈਣੀ ਸੀ ਕਿਉਂਕਿ ਸਕੂਲ ਬੰਦ ਕਰਵਾ ਦਿੱਤਾ ਗਿਆ ਸੀ।

ਉਹ ਦਲਬੀਰ ਚੇਤਨ ਜਿਸ ਦੇ ਅੰਦਰ ਕਹਾਣੀਆਂ ਦਾ ਇੱਕ ਬਾਰਾਂ ਮਾਸੀ ਬੂਟਾ ਵੱਸਦਾ ਸੀ ਉਹ ਪੰਜ-ਛੇ ਸਾਲ ਇੱਕ ਅੱਖਰ ਵੀ ਨਹੀਂ ਲਿਖ ਸਕਿਆ।

ਮੇਰੀ ਬੇਹਦ ਧਾਰਮਿਕ ਬਿਰਤੀ ਵਾਲੀ ਦਾਦੀ ਸਿਰਫ ਇੱਕੋ ਗੱਲ ਆਖਦੀ ਹੁੰਦੀ ਸੀ ਕਿ, "ਸ਼ੁਕਰ ਹੈ ਰੱਬ ਦਾ ਕਿ ਸਾਰੇ ਜੀ ਸਹੀ ਸਲਾਮਤ ਹਨ।" ਮੈਂ ਆਪਣੀ ਹੋਸ਼ ਵਿਚ ਆਪਣੇ ਬਾਪ ਨੂੰ ਗੁਰਦੁਆਰੇ ਦੀ ਰੌਲ 'ਤੇ ਬੈਠਦਿਆਂ ਵੀ ਤੱਕਿਆ ਹੈ। ਇਹ ਉਹਦਾ ਅਕੀਦਾ ਸੀ ਜਨੂੰਨ ਨਹੀਂ।

ਇਹ ਸਭ ਕਾਸੇ ਦੇ ਬਾਵਜੂਦ ਵੀ ਅਸੀਂ ਬਹੁਤ ਸਾਰੇ ਲੋਕਾਂ ਤੋਂ ਵੱਧ ਖੁਸ਼ਕਿਸਮਤ ਸਾਂ।

ਇਹ ਸਾਰਾ ਕੁਝ ਧਰਮ ਦੇ ਨਾਂ 'ਤੇ ਹੋ ਰਿਹਾ ਸੀ।

ਮੇਰੀ ਧਰਮ ਨਾਲ ਉਪਰਾਮਤਾ ਇਥੋਂ ਸ਼ੁਰੂ ਹੁੰਦੀ। ਕੋਈ ਵੀ ਧਰਮ ਜਦੋਂ ਕਿਸੇ ਕਮਜ਼ੋਰ ਨੂੰ ਡੰਡੇ ਨਾਲ ਹੱਕਣ ਦਾ ਸੰਦ ਬਣ ਜਾਂਦਾ ਹੈ ਤਾਂ ਕੋਈ ਕਿੰਨੀ ਵੀ ਡੌਂਡੀ ਪਿੱਟੀ ਜਾਵੇ ਮੈਂ ਉਸ ਵੱਲ ਵੇਖਣਾ ਵੀ ਗਵਾਰਾ ਨਹੀਂ ਕਰਦਾ।

ਅੱਜ ਜਦੋਂ 20-22 ਸਾਲਾਂ ਦੇ ਛੋਕਰੇ 'ਵਲਾਗਰ' ਆ ਕੇ ਸਮਝਾਉਂਦੇ ਹਨ ਕਿ "ਫਲਾਣਾ ਸਿੰਘ ਢਿਮਕਾ" ਮਨੁੱਖੀ ਅਧਿਕਾਰਾਂ ਲਈ ਲੜਦਾ ਮਾਰਿਆ ਗਿਆ ਤਾਂ ਮੇਰਾ ਪਹਿਲਾ ਰਿਐਕਸ਼ਨ ਹੁੰਦਾ ਹੈ ਇਹ ਚਵਲ ਵੀ ਉਨ੍ਹਾ ਹੀ "ਮਰਜੀਵੜਿਆਂ" ਦਾ ਹਿੱਸਾ ਸੀ। ਸੋ ਗੁੱਡ ਰਿਡੈਂਸ...

ਮਨੁੱਖੀ ਅਧਿਕਾਰ ਸਿਰਫ ਉਨ੍ਹਾਂ ਲਈ ਹੁੰਦੇ ਹਨ ਜੋ ਦੂਜਿਆਂ ਦੇ ਮਨੁੱਖੀ ਅਧਿਕਾਰਾਂ ਦੀ ਕਦਰ ਕਰਦੇ ਹਨ।

ਕਈ ਵਾਰ ਹੈਰਾਨੀ ਦੇ ਨਾਲ-ਨਾਲ ਹਾਸਾ ਵੀ ਆਉਂਦਾ ਹੈ। ਕਿ ਬਹੁਤ ਸਾਰੇ ਐਸੇ ਸੋ ਕਾਲਡ ਮਨੁੱਖੀ ਅਧਿਕਾਰਾਂ ਦੇ ਕਾਰਕੁਨ ਉਨੇ ਵੱਡੇ ਨਹੀਂ ਸਨ ਜਿੰਨੀਆਂ ਵੱਡੀਆਂ ਉਨ੍ਹਾਂ 'ਤੇ ਮਿੱਥਾਂ ਬਣਾ ਦਿੱਤੀਆਂ ਗਈਆਂ ਹਨ। ਮਾਝੇ ਵਾਲਿਆਂ ਦੇ ਦੋਵਾਂ ਪਾਸਿਆਂ ਤੋਂ ਕੁਟਾਏ ਪਿੰਡੇ ਜਦੋਂ ਤੱਕ ਲਸ-ਲਸ ਕਰਦੇ ਸਨ ਉਦੋਂ ਤੱਕ ਲੋਕੀਂ ਐਸੀਆਂ ਮਿੱਥਾਂ ਨੂੰ ਮੂੰਹ ਲਾਉਣੋਂ ਪਰਹੇਜ਼ ਕਰਦੇ ਸਨ। ਹੁਣ ਮੁੜ ਉਸੇ ਚੱਕੀ ਵਿਚ ਪੈ ਕੇ ਪਿਛਵਾੜੇ ਕੁਟਾਉਣ ਲਈ ਪੱਬਾਂ ਭਾਰ ਹੋਏ ਫਿਰਦੇ ਹਨ।

ਮੈਨੂੰ ਕਈ ਦੋਸਤ ਪੁੱਛਦੇ ਹਨ ਕਿ ਕੀ ਪੰਜਾਬ ਵਿਚ ਖਾਲਿਸਤਾਨ ਲਹਿਰ ਦੇ ਮੁੜ ਉਭਰਨ ਦੀ ਸੰਭਾਵਨਾ ਹੈ।

ਮੇਰਾ ਜਵਾਬ ਹੁੰਦਾ ਹੈ ਕਿ ਖਾਲਿਸਤਾਨ ਕੱਲ੍ਹ ਨੂੰ ਕਨੇਡਾ ਵਿਚ ਤਾਂ ਬਣ ਸਕਦਾ ਹੈ, ਟੋਰਾਂਟੋ ਜਿਸ ਦੀ ਰਾਜਧਾਨੀ ਹੋ ਸਕਦੀ ਹੈ ਪਰ ਪੰਜਾਬ ਵਿਚ ਸੰਭਵ ਨਹੀਂ ਹੈ।

ਕਾਰਨ ਇਹ ਕਿ ਪੰਜਾਬ ਹਿੰਦੁਸਤਾਨ ਨਾਲ ਆਰਥਿਕ ਤੌਰ 'ਤੇ ਇਨਾ ਗੁੰਦਿਆ ਹੋਇਆ ਹੈ। ਪੰਜਾਬ ਦਾ ਜਿਹੜਾ ਵੀ ਬੱਚਾ ਕਵਾਲੀਫਾਈਡ ਹੈ ਤੇ ਪ੍ਰਾਈਵੇਟ ਸੈਕਟਰ ਵਿਚ ਨੌਕਰੀ ਕਰਦਾ ਹੈ ਉਹ ਲਾਜ਼ਮੀ ਤੌਰ 'ਤੇ ਪੰਜਾਬ ਤੋਂ ਬਾਹਰ ਕਿਸੇ ਹੋਰ ਸੂਬੇ ਵਿਚ ਆਪਣੀ ਰੋਜ਼ੀ ਰੋਟੀ ਕਮਾ ਰਿਹਾ ਹੈ ਸ਼ਤਾਬਦੀ ਟ੍ਰੇਨਾਂ ਤਾਂ ਚਲਾਈਆਂ ਹੀ ਇਸ ਲਈ ਗਈਆਂ ਸਨ ਤਾਂ ਜੋ ਉਹ ਵਪਾਰੀ ਜਿਨ੍ਹਾਂ ਦੇ ਕਾਰੋਬਾਰ ਦੀ ਤੰਦ ਦਿੱਲੀ ਨਾਲ ਜੁੜਦੀ ਹੈ ਉਹ ਆਪਣੀ ਸਾਰੇ ਦਿਨ ਦੇ ਕੰਮ ਕਾਰ ਇੱਕੋ ਦਿਨ ਵਿਚ ਨਿਬੇੜ ਕੇ ਵਾਪਸ ਆ ਸਕਣ। ਧਰਨਿਆਂ 'ਤੇ ਬੈਠੇ ਹੋਏ ਕਿਸਾਨ ਐਮਐਸਪੀ ਦੀ ਮੰਗ ਪੰਜਾਬ ਸਰਕਾਰ ਨਹੀਂ, ਹਿੰਦੁਸਤਾਨ ਦੀ ਸਰਕਾਰ ਤੋਂ ਕਰ ਰਹੇ ਹਨ। ਉਹ ਵੀ ਉਦੋਂ ਜਦੋਂ ਉੜੀਸਾ ਵਰਗੇ ਸੂਬੇ ਲਈ ਆਸਟਰੇਲੀਆ ਤੋਂ ਕਣਕ ਮੰਗਾਉਣੀ ਪੰਜਾਬ ਦੀ ਬਨਿਸਬਤ ਕਿਤੇ ਸਸਤੀ ਪੈਂਦੀ ਹੈ।

ਇਸ ਆਰਥਿਕ ਗੁੰਦਵੇਂਪਣ ਜਾਂ ਇਕਨੌਮਿਕ ਇੰਟੀਗਰੇਸ਼ਨ ਦੀਆਂ ਇੰਨੀਆਂ ਤੈਹਾਂ ਹਨ ਕਿ ਪੰਜਾਬ ਆਰਥਿਕ ਤੌਰ 'ਤੇ ਹਿੰਦੁਸਤਾਨ ਨਾਲੋਂ ਕਦੇ ਵੱਖ ਹੋਣ ਦਾ ਤਸੱਵਰ ਵੀ ਨਹੀਂ ਕਰ ਸਕਦਾ। ਇਹੋ ਕਾਰਨ ਹੈ ਕਿ ਪੰਜਾਬ ਵਿਚ ਖਾਲਿਸਤਾਨ ਨੂੰ ਕੋਈ ਘਾਹ ਪਾ ਕੇ ਰਾਜ਼ੀ ਨਹੀਂ।

ਜੋ ਪੰਜਾਬ ਵਿਚ ਹੋਇਆ ਉਹ ਅਸੀਂ ਕਸ਼ਮੀਰ ਵਿਚ ਵੀ ਹੁੰਦਾ ਵੇਖ ਰਹੇ ਹਾਂ। ਕਸ਼ਮੀਰ ਵਿਚ ਇਸ ਘਟਨਾਕ੍ਰਮ ਤੋਂ ਬਾਅਦ ਜੋ ਕਸ਼ਮੀਰੀਆਂ ਦਾ ਰੱਦੇ ਅਮਲ ਹੈ ਉਹ ਬਹੁਤ ਕੁਝ ਅਚੰਭਿਤ ਕਰ ਦੇਣ ਵਾਲਾ ਹੈ।

ਅਰਵਿੰਦਰ ਸੰਧੂ ਹੁਰਾਂ ਕਸ਼ਮੀਰ ਤੋਂ ਦੋ ਕੁ ਦਿਨ ਪਹਿਲਾਂ ਇਹ ਲਿਖਿਆ ਸੀ ਕਿ ਘੱਟੋ-ਘੱਟ ਇਕ ਲੱਖ ਲੋਕ ਹਨ ਜੋ ਸੜਕਾਂ 'ਤੇ ਇਸ ਕਤਲੇਆਮ ਦੇ ਵਿਰੁੱਧ ਵਿਚ ਸੜਕਾਂ 'ਤੇ ਆਏ।

ਕਾਰਨ ਸਾਫ ਸਮਝ ਆ ਰਿਹਾ ਹੈ। "ਇਟ ਇਜ਼ ਦੀ ਇਕੋਨੌਮੀ ਸਟੁਪਿਡ"। ਪਿਛਲੇ ਸਾਲ ਵਾਦੀ 'ਚ ਗਏ ਟੂਰਿਸਟਾਂ ਦੀ ਗਿਣਤੀ 35 ਲੱਖ ਹੈ। ਜੋ ਚਾਰ ਸਾਲ ਪਹਿਲਾਂ ਨਾਲੋਂ ਕੋਈ ਛੇ ਗੁਣਾ ਵੱਧ ਹੈ।

ਐਸੀਆਂ ਥਾਵਾਂ ਜਿੱਥੇ ਆਮਦਨ ਦੇ ਹੋਰ ਵਸੀਲੇ ਬਿਲਕੁਲ ਨਿਗੂਣੇ ਹਨ ਤੇ ਟੂਰਿਜ਼ਮ ਹੀ ਸਭ ਤੋਂ ਵੱਡੀ ਇੰਡਸਟਰੀ ਜੇ ਕੋਈ ਵੀ ਵਾਕਿਆ ਘਰਾਂ ਦੇ ਚੁੱਲ੍ਹਿਆਂ ਨੂੰ ਬੁੱਝਣ ਦੀ ਨੌਬਤ ਪੈਦਾ ਕਰ ਦਿੰਦਾ ਹੈ ਤਾਂ ਲੋਕੀਂ ਹੋਰ ਕੀ ਕਰਨ। ਢਿੱਡ 'ਤੇ ਵੱਜਦੀ ਲੱਤ ਦੀ ਪੀੜ ਬਹੁਤ ਦੁਖਵੀਂ ਹੁੰਦੀ ਹੈ।

ਸੱਖਣੇ ਚੁੱਲ੍ਹਿਆਂ ਨੂੰ ਰੋਜ਼ੀ ਰੋਟੀ ਦਾ ਜੁਗਾੜ ਕਰਨ ਦੇਣ ਤੋਂ ਵੱਡਾ ਕੋਈ ਮਨੁੱਖੀ ਅਧਿਕਾਰ ਨਹੀਂ ਹੁੰਦਾ।

ਇਹ ਫਿਰ ਇਸ ਗੱਲ ਦੀ ਸ਼ਾਹਦੀ ਭਰਦੀ ਹੈ ਕਿ ਜਦੋਂ ਕੋਈ ਖਿੱਤਾ ਆਰਥਿਕ ਤੌਰ 'ਤੇ ਕਿਸੇ ਮੁਲਕ ਨਾਲ ਗੁੰਦਿਆ ਜਾਂਦਾ ਹੈ ਤਾਂ ਉਹਦੇ 'ਚੋਂ ਨਿਕਲੀਆਂ ਸਾਂਝਾਂ ਕਿਤੇ ਵੱਧ ਸਦੀਵੀ ਹੋਣਗੀਆਂ।

ਉਪ ਮਹਾਂਦੀਪ ਫਿਰ ਜੰਗ ਦੇ ਦਹਾਨੇ 'ਤੇ ਖੜ੍ਹਾ ਹੈ। ਇੱਕ ਐਸੀ ਜੰਗ ਜਿਹਦੇ ਵਿਚ ਜਿੱਤ ਕਿਸੇ ਦੀ ਨਹੀਂ ਹੋਣੀ ਤੇ ਥੋੜ੍ਹੇ ਬਹੁਤੇ ਫਰਕ ਨਾਲ ਖਵਾਰੀ ਦੋਵੇਂ ਪਾਸੇ ਹੋਵੇਗੀ।

ਬਰੇ ਸਗੀਰ ਜਾਂ ਉਪ-ਮਹਾਦੀਪ ਦੀ ਇਸ ਖਵਾਰੀ ਦਾ ਇੱਕ ਵੱਡਾ ਕਾਰਨ ਇਹ ਵੀ ਹੈ ਕਿ ਇਸ ਦੇ ਰਹਿਨੁਮਾ ਵੱਖੋ ਵੱਖਰੇ ਕਾਰਨਾਂ ਕਰਕੇ ਇਸ ਖਿੱਤੇ ਨੂੰ ਆਰਥਿਕ ਤੌਰ 'ਤੇ ਇੱਕ ਦੂਜੇ ਨਾਲ ਗੁੰਦ ਨਹੀਂ ਸਕੇ।

ਦੋਹਾਂ ਮੁਲਕਾਂ ਵਿਚਲਾ ਵਪਾਰ ਪਾਕਿਸਤਾਨ ਨੇ ਪਿਛਲੇ ਛੇ ਸਾਲਾਂ ਤੋਂ ਬੰਦ ਕੀਤਾ ਹੋਇਆ ਹੈ। ਟਮਾਟਰਾਂ ਤੇ ਪਿਆਜ਼ਾਂ ਵਰਗੀਆਂ ਬੁਨਿਆਦੀ ਚੀਜ਼ਾਂ ਹਿੰਦੁਸਤਾਨ ਤੋਂ ਪਾਕਿਸਤਾਨ ਦੁਬਈ ਦੇ ਰਸਤੇ ਨਵੇਂ ਠੱਪਿਆਂ ਸਮੇਤ ਭੇਜੀਆਂ ਜਾ ਰਹੀਆਂ ਹਨ।

ਉਪ-ਮਹਾਦੀਪ ਜਿਸ ਦੀ ਕੁੱਲ ਆਬਾਦੀ 200 ਕਰੋੜ ਦੇ ਕਰੀਬ ਹੈ ਤੇ ਉਸਦੇ ਦੋ ਸਭ ਤੋਂ ਵੱਡੇ ਮੁਲਕਾਂ 'ਚ ਵਪਾਰ ਲਈ ਇੱਕ 4 ਲੱਖ ਦੀ ਆਬਾਦੀ ਵਾਲਾ ਦੁਬਈ ਜੇ ਸਭ ਤੋਂ ਵੱਡੀ ਟ੍ਰੇਡਿੰਗ ਹੱਬ ਹੈ ਤਾਂ ਇਸ ਤੋਂ ਵੱਡਾ ਵਿਅੰਗ ਬਰੇਸਗੀਰ ਦੇ ਸਿਆਸਤਦਾਨਾਂ ਲਈ ਕੋਈ ਨਹੀਂ ਹੋ ਸਕਦਾ।

## ਨਿਰਵਿਘਨ ਪ੍ਰਕਾਸ਼ਨ ਦੇ 26ਵੇਂ ਸਾਲ 'ਚ (ਪਹਿਲੀ ਜਨਵਰੀ 2000-2025)

ਪੰਜਾਬ ਟਾਈਮਜ਼ ਦੇ ਬਾਨੀ ਸੰਪਾਦਕ ਸ. ਅਮੋਲਕ ਸਿੰਘ ਜੰਮੂ ਅਤੇ ਉਨ੍ਹਾਂ ਦੇ ਸਹਿਯੋਗੀ ਸਾਥੀਆਂ ਪ੍ਰੋ. ਜੋਗਿੰਦਰ ਸਿੰਘ ਰਮਦੇਵ, ਸਵਰਨਜੀਤ ਸਿੰਘ ਢਿੱਲੋਂ, ਗੁਰਿੰਦਰ ਗਿੱਲ, ਅਯੋਧਿਆ ਸਲਵਾਨ ਅਤੇ ਸ. ਰਾਜਿੰਦਰ ਸਿੰਘ ਬੈਂਸ ਨੂੰ ਸਮਰਪਿਤ ਪੰਜਾਬ ਟਾਈਮਜ਼ ਦੀ 26ਵੀਂ ਵਰ੍ਹੇਗੰਢ

# 'ਪੰਜਾਬ ਟਾਈਮਜ਼ ਨਾਈਟ'

## 17 ਮਈ 2025 ਸ਼ਨਿਚਰਵਾਰ ਸ਼ਾਮੀ 6:00 ਵਜੇ

**Atlantis Banquets**
1273 N. Rand Road,
Arlington Heights, IL 60004

### ਚੀਫ ਗੈਸਟ



ਦਰਸ਼ਨ ਸਿੰਘ ਧਾਲੀਵਾਲ

### ਗੈਸਟ ਆਫ ਆਨਰ



ਅਮਰਜੀਤ ਢੀਂਡਸਾ



ਗੁਰਬਖਸ਼ ਰਾਹੀ



ਹਰਮਨ ਝਿੰਦ

ਯਾਦ ਸਲਾਮਤ ਰਹੇ...



ਸ. ਅਮੋਲਕ ਸਿੰਘ ਜੰਮੂ

### ਗੈਸਟ ਆਫ ਆਨਰ



ਜੇ ਪੀ ਖਹਿਰਾ



ਲਖਵੀਰ ਢੀਂਡਸਾ



ਪਾਲਾ ਸ਼ੇਰਮਾਰ



ਲਵ ਮਿਨਹਾਸ

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਦਰਸ਼ਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਹਰਦਿਆਲ ਸਿੰਘ ਦਿਓਲ | ਡਾ. ਗੁਰਦਿਆਲ ਸਿੰਘ ਬਸਰਾਨ | ਜੈਦੇਵ ਸਿੰਘ ਭੱਠਲ | ਜਗਦੀਸ਼ਰ ਸਿੰਘ ਕਲੇਰ | ਗੁਰਚਰਨ ਸਿੰਘ ਗਰੇਵਾਲ | ਹਰਜੀਤ ਸਿੰਘ ਸਾਹੀ | ਦਰਸ਼ਨ ਸਿੰਘ ਦਰੜ | ਮਨਦੀਪ ਸਿੰਘ ਭੂਰਾ



ਰਘਬੀਰ ਸਿੰਘ ਥੁੰਨ | ਪਰਮਿੰਦਰ ਸਿੰਘ ਵਾਲੀਆ | ਅਮਰੀਕ ਸਿੰਘ (ਅਮਰ ਕਾਰਪੈਟ) | ਜਸਕਰਨ ਸਿੰਘ ਧਾਲੀਵਾਲ | ਡਾ. ਤੇਜਿੰਦਰ ਸਿੰਘ ਮੰਡੇਰ | ਅਵਤਾਰ ਸਿੰਘ ਸਪਰਿੰਗਫੀਲਡ | ਗੁਲਜ਼ਾਰ ਸਿੰਘ ਮੁਲਤਾਨੀ | ਭੁਪਿੰਦਰ ਸਿੰਘ ਧਾਲੀਵਾਲ | ਗੁਰਦੇਵ ਸਿੰਘ ਜੌੜਾ | ਅੰਮ੍ਰਿਤਪਾਲ ਸਿੰਘ ਸੰਘਾ | ਆਗਿਆਪਾਲ ਸਿੰਘ ਬਾਠ



ਜਸਵੀਰ ਕੌਰ ਢਿਲੋਂ | ਡਾ. ਇਨਕਲਾਬੀ ਚਾਂਦੀ | ਡਾ. ਨਵਦੀਪ ਕੌਰ ਸੰਧੂ | ਬਲਵਿੰਦਰ ਕੌਰ (ਨਿੱਕੀ) ਸੇਖੋਂ | ਹਰਵਿੰਦਰ ਪਾਲ ਸਿੰਘ ਲੈਲ | ਜਗਜੀਤ ਸਿੰਘ ਢੀਂਡਸਾ | ਸਰਵਣ ਸਿੰਘ ਟਿਵਾਣਾ | ਸੁਖਮੇਲ ਸਿੰਘ ਅਟਵਾਲ | ਸ. ਹੈਪੀ ਸਿੰਘ ਹੀਰ | ਅਮੋਲਕ ਸਿੰਘ ਗਾਖਲ | ਜੱਸੀ ਗਿੱਲ

# PUNJAB TIMES NIGHT 2025

## ਵਿਸ਼ੇਸ਼ ਮਹਿਮਾਨ



ਡਾ. ਹਰਜਿੰਦਰ ਸਿੰਘ ਦਿਲਗੀਰ (ਸਿੱਖ ਹਿਸਟੋਰੀਅਨ) · ਧਰਮ ਸਿੰਘ ਗੋਰਾਇਆ · ਪ੍ਰੋ. ਸੁਹਿੰਦਰ ਬੀਰ · ਦਵਿੰਦਰ ਕੌਰ ਗੁਰਾਇਆ · ਦਵੀ ਦਵਿੰਦਰ (ਸੰਪਾਦਕ: ਸਪੋਕਸਮੈਨ) · ਮੈਡੀ ਸਿੰਘ (ਗਾਇਕ)



ਡਾ. ਆਤਮਜੀਤ ਸਿੰਘ · ਰਵਿੰਦਰ ਸਹਿਰਾਅ · ਕੁਲਵਿੰਦਰ · ਜਗਜੀਤ ਨੌਸ਼ਹਿਰਵੀ · ਮੱਖਣ ਬੈਂਸ · ਰਜਿੰਦਰ ਟਾਂਡਾ · ਗੁਰਚਰਨ ਮਾਨ · ਡਾ. ਦਲਬੀਰ ਪੰਨੂ · ਸੈਮ ਚਾਹਲ · ਅਜੇ ਤਨਵੀਰ



ਗੁਰਚਰਨ ਸਿੰਘ ਝੱਜ · ਜਸਮੀਰ ਸਿੰਘ · ਡਾ. ਸਰਬਜੀਤ ਭੰਡਾਲ · ਬੱਬੂ ਐਪਲਟਨ · ਸੋਹਣ ਸਿੰਘ ਗਿੱਲ · ਰਾਣਾ ਸਿੰਘ ਵਿਰਕ · ਰਣਬੀਰ ਸਿੰਘ ਧਾਲੀਵਾਲ · ਜੱਸੀ ਸਹੋਤਾ · ਪਾਲ ਖਲੀਲ · ਹਰਵਿੰਦਰ ਵਾਲੀਆ · ਲਖਵੀਰ ਜੌਹਲ · ਮਨਜੀਤ ਨਾਗਰਾ




ਭਾਈ ਮਹਿੰਦਰ ਸਿੰਘ · ਜੈਰਾਮ ਸਿੰਘ ਕਾਹਲੋਂ · ਰਾਜਵੀਰ ਬੋਪਾਰਾਏ · ਕੁਲਦੀਪ ਗਿੱਲ · ਮੁਖਤਿਆਰ ਖਹਿਰਾ · ਹਰਜਿੰਦਰ ਜਿੰਦੀ · ਜਰਨੈਲ ਸਿੰਘ ਮਿਆਣੀ · ਪਰਮਿੰਦਰ ਗੋਲਡੀ · ਡਾ. ਵਿਕਰਮ ਗਿੱਲ · ਦਵਿੰਦਰ ਸਿੰਘ ਰੰਗੀ · ਜਗਪਾਲ ਗਰੇਵਾਲ · ਗੁਰਮੇਲ ਕੰਗ



ਲੱਕੀ ਸਹੋਤਾ · ਡਾ. ਹਰਜਿੰਦਰ ਖਹਿਰਾ · ਅਜੈਬ ਲੱਖਣ · ਜਸਪਾਲ ਘੋਤੜਾ · ਡਾ. ਰਛਪਾਲ ਸਿੰਘ ਬਾਜਵਾ · ਰਘਵਿੰਦਰ ਸਿੰਘ ਮਾਹਲ · ਠਾਕਰ ਬਸਾਤੀ · ਸਨੀ ਕੁਲਾਰ · ਰੋਨੀ ਕੁਲਾਰ · ਪ੍ਰਦੀਪ ਕਾਹਲੋਂ · ਜੱਸੀ ਸਿੰਘ · ਗੁਰਮੁਖ ਸਿੰਘ ਭੁੱਲਰ · ਧਰਮਿੰਦਰ ਖਟੜਾ · ਯਾਦਵਿੰਦਰ ਖਟੜਾ



ਲਖਬੀਰ ਸਿੰਘ ਸੰਧੂ · ਜਗਦੀਸ਼ ਸਿੰਘ ਸੰਧੂ · ਜਸਬੀਰ ਸਿੰਘ · ਕੁਲਬੀਰ ਸਿੰਘ · ਸ਼ਿਵਇੰਦਰ ਸਿੰਘ · ਮੱਖਣ ਸਿੰਘ ਕਲੇਰ · ਸਤਨਾਮ ਸਿੰਘ ਔਲਖ · ਕਮਲਜੀਤ ਘੁਮਾਣ · ਦੀਪਇੰਦਰ ਵਿਰਕ · ਬਲਜੀਤ ਟਿਵਾਣਾ · ਜਸਵਿੰਦਰ ਗਿੱਲ · ਪਿੰਦੀ ਛੀਨਾ · ਹਨੀ ਖੰਗੂੜਾ



ਜਸਬੀਰ ਪਲੀਆ · ਸੁਰਿੰਦਰ ਪਲੀਆ · ਅਮਰਦੇਵ ਬਦੇਸ਼ਾ · ਪ੍ਰਦੀਪ ਸਲਵਾਨ · ਰਜਿੰਦਰ ਦਿਆਲ · ਸੰਤੋਖ ਸਿੰਘ ਡੀ ਸੀ · ਨਰਿੰਦਰ ਸਿੰਘ ਸਰਾਂ · ਰਾਣਾ ਸੇਖੋਂ · ਪਰਵਿੰਦਰ ਸਿੰਘ ਨਨੂੰਆ · ਨਵਤੇਜ ਸੋਹੀ · ਪਾਲ ਧਾਲੀਵਾਲ · ਸੁਖਪਾਲ ਗਿੱਲ · ਬਲਬੀਰ ਬੈਦਵਾਨ

**ਪੰਜਾਬ ਟਾਈਮਜ਼ ਦੀ 26ਵੀਂ ਵਰ੍ਹੇਗੰਢ ਮੌਕੇ 17 ਮਈ ਨੂੰ ਕਰਵਾਈ ਜਾ ਰਹੀ 'ਪੰਜਾਬ ਟਾਈਮਜ਼ ਨਾਈਟ' ਵਿਚ ਸਾਹਿਤਕਾਰ, ਗਾਇਕ ਤੁਹਾਡਾ ਮਨੋਰੰਜਨ ਕਰਨਗੇ।**

**ਸਹਿਯੋਗੀ ਸੰਸਥਾਵਾਂ:** ਪੰਜਾਬੀ ਕਲਚਰਲ ਸੁਸਾਇਟੀ (ਪੀ ਸੀ ਐਸ) ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ (ਮਿਡਵੈਸਟ); ਪੰਜਾਬੀ ਅਮੈਰੀਕਨ ਆਰਗੇਨਾਈਜ਼ੇਸ਼ਨ ਸ਼ਿਕਾਗੋ (ਪਾਓ); ਫਾਈਵ ਰਿਵਰਜ਼ ਐਂਟਰਟੇਨਮੈਂਟ, ਪੰਜਾਬੀ ਕਲਚਰਲ ਆਰਗੇਨਾਈਜੇਸ਼ਨ-ਮਿਲਵਾਕੀ; ਗੁਰੂ ਲਾਧੋ ਰੇ ਸੇਵਾ ਸੁਸਾਇਟੀ, ਪੰਜਾਬੀ ਹੈਰੀਟੇਜ ਆਰਗੇਨਾਈਜ਼ੇਸ਼ਨ (ਪੀ ਐਚ ਓ), ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ-ਇੰਡੀਆਨਾ; ਸੰਤ ਬਾਬਾ ਪ੍ਰੇਮ ਸਿੰਘ ਜੀ ਸਪੋਰਟਸ ਕਲੱਬ ਸਾਊਥਬੈਂਡ, ਇੰਡੀਆਨਾ; ਪੰਜਾਬੀ ਅਮੈਰੀਕਨ ਯੂਥ ਕਲੱਬ ਇੰਡੀਆਨਾ; ਪੰਜਾਬੀ ਕਲਚਰਲ ਸੁਸਾਇਟੀ ਆਫ ਮਿਸ਼ੀਗਨ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਡੇਅਟਨ (ਓਹਾਇਓ); ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ; ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜ਼ੇਸ਼ਨ ਸੈਕਰਾਮੈਂਟੋ; ਇੰਡੋ ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ; ਇੰਡੋ ਯੂ ਐਸ ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ, ਸਵੇਰਾ ਇੰਕ।

ਮੀਡੀਆ ਪਾਰਟਨਰ: ਰੇਡੀਓ ਚੰਨ ਪ੍ਰਦੇਸੀ, ਦੇਸੀ ਜੰਕਸ਼ਨ, ਢੋਲ ਰੇਡੀਓ, ਪੀ.ਟੀ.ਸੀ।

# ਮਈ ਦਿਵਸ ਕੀ ਹੈ ਅਤੇ ਅਜੋਕੇ ਸਮੇਂ ਇਸ ਨੂੰ ਯਾਦ ਕਰਨ ਦੀ ਜ਼ਰੂਰਤ ਕਿਉਂ ਹੈ?

***ਸਾਰੇ ਪਾਠਕਾਂ ਨੂੰ ਮਈ ਦਿਵਸ ਦੀਆਂ ਇਨਕਲਾਬੀ ਸ਼ੁਭਕਾਮਨਾਵਾਂ। ਅਮਰੀਕਾ ਦੇ ਸ਼ਹਿਰ ਸ਼ਿਕਾਗੋ ਵਿਚ 1 ਮਈ 1886 ਨੂੰ ਵਾਪਰੀ ਘਟਨਾ ਅਤੇ ਉਸ ਤੋਂ ਬਾਅਦ ਇਸ ਅੰਤਰਰਾਸ਼ਟਰੀ ਦਿਵਸ ਦੇ ਪ੍ਰਚੱਲਤ ਹੋਣ ਅਤੇ ਬਾਅਦ ਵਿਚ ਸੱਚਮੁੱਚ ਧਰਤੀ ਦਾ ਇਕ ਅਨੂਠਾ ਦਿਨ ਬਣ ਜਾਣ ਬਾਰੇ ਬਹੁਤ ਵਾਰ ਲਿਖਿਆ ਜਾ ਚੁੱਕਾ ਹੈ। ਇੱਥੇ ਇਸ ਦੇ ਇਤਿਹਾਸ ਦਾ ਵੇਰਵਾ ਨਹੀਂ ਦੇਣਾ, ਸਗੋਂ ਇਸ ਦੇ ਯੁਗ-ਪਲਟਾਊ ਪ੍ਰਭਾਵ ਦਾ ਜਾਇਜ਼ਾ ਲੈਣਾ ਹੈ।***

**ਬਾਦਲ ਸਰੋਜ**
**ਅਨੁਵਾਦ: ਸੁਖਦਰਸ਼ਨ ਨੱਤ**

ਸਭ ਤੋਂ ਪਹਿਲੀ ਗੱਲ ਇਹ ਕਿ ਇਸ ਨੂੰ ਸਿਰਫ਼ ਮਜ਼ਦੂਰਾਂ ਦਾ ਦਿਨ ਸਮਝਣਾ ਸਿਰੇ 'ਤੋਂ ਗ਼ਲਤ ਹੈ। ਇਹ ਵਿਸ਼ਵ ਇਤਿਹਾਸ ਦੀ ਅਜਿਹੀ ਘਟਨਾ ਹੈ ਜਿਸ ਨੇ ਪੂਰੀ ਦੁਨੀਆ ਨੂੰ ਬਦਲ ਕੇ ਰੱਖ ਦਿੱਤਾ। ਅੱਠ ਘੰਟੇ ਦੀ ਕੰਮ ਦਿਹਾੜੀ ਦੀ ਮੰਗ ਨੂੰ ਹਾਸਲ ਕਰਨਾ- ਅਤੇ ਇਸੇ ਦੀ ਨਿਰੰਤਰਤਾ ਵਿਚ ਹੋਇਆ ਸੋਵੀਅਤ ਯੂਨੀਅਨ ਦਾ ਸਮਾਜਵਾਦੀ ਇਨਕਲਾਬ- ਇੱਕ ਅਜਿਹਾ ਬਦਲਾਅ ਸੀ ਜਿਸ ਨੇ ਮਨੁੱਖ ਨੂੰ ਮਨੁੱਖ ਬਣਾਇਆ। ਜਿਸ ਨੇ ਉਸ ਦੀ ਕਿਰਤ ਤੇ ਸਿਰਜਣਸ਼ੀਲਤਾ ਨੂੰ ਇਸ ਕਦਰ ਮੁਕਤ ਕੀਤਾ ਕਿ ਮਨੁੱਖਤਾ ਨੇ ਜਿੰਨੀ ਤੇਜ਼ੀ ਨਾਲ ਇਸ 'ਤੋਂ ਬਾਅਦ ਦੇ 140 ਸਾਲਾਂ ਵਿਚ ਤਰੱਕੀ ਕੀਤੀ, ਓਨੀ ਉਸ ਨੇ ਇਸ ਤੋਂ ਪਹਿਲਾਂ ਦੇ 10 ਹਜ਼ਾਰ ਸਾਲਾਂ ਵਿਚ ਵੀ ਨਹੀਂ ਸੀ ਕੀਤੀ। ਕੁੱਲ ਮਿਲਾ ਕੇ ਇਹ ਕਿ ਇਸ ਨੇ ਮਨੁੱਖੀ ਸਮਾਜ ਨੂੰ ਰਹਿਣ ਯੋਗ ਬਣਾਇਆ। ਇਸ ਵਾਰ ਦਾ ਮਈ ਦਿਵਸ ਇਸ ਲਈ ਵੀ ਮਹੱਤਵਪੂਰਨ ਅਤੇ ਪ੍ਰਸੰਗਿਕ ਹੋ ਜਾਂਦਾ ਹੈ ਕਿਉਂਕਿ ਇਨ੍ਹੀਂ ਦਿਨੀਂ ਠੀਕ ਉਹੀ ਹਾਲਾਤ ਨਜ਼ਰ ਆ ਰਹੇ ਹਨ ਜਿਨ੍ਹਾਂ ਕਾਰਨ ਡੇਢ ਸਦੀ ਪਹਿਲਾਂ ਮਈ ਦਿਵਸ ਦੀ ਘਟਨਾ ਵਾਪਰੀ ਸੀ।

ਸੰਖੇਪ ਵਿਚ, ਅੱਠ ਘੰਟੇ ਕੰਮ ਦਿਹਾੜੀ ਦੀ ਪ੍ਰਾਪਤੀ ਉਤੇ ਪੂੰਜੀ ਦੀਆਂ ਗਿਰਝਾਂ ਅਤੇ ਮੁਨਾਫੇ ਦੇ ਬਘਿਆੜ ਝਪਟ ਰਹੇ ਹਨ। ਵਰਕਰਾਂ 'ਤੋਂ ਅਠਾਰਾਂ-ਅਠਾਰਾਂ ਘੰਟੇ ਕੰਮ ਲੈਣ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ ਅਤੇ ਇਸ ਲਈ ਸਿਰਫ਼ ਮਾਹੌਲ ਹੀ ਨਹੀਂ ਬਣਾਇਆ ਜਾ ਰਿਹਾ, ਸਗੋਂ ਕਾਨੂੰਨ ਵੀ ਬਦਲੇ ਜਾ ਰਹੇ ਹਨ। ਕੰਮ ਦੀਆਂ ਸਥਿਤੀਆਂ ਨੂੰ ਅਸਹਿਣਯੋਗ ਅਤੇ ਅਣਮਨੁੱਖੀ ਬਣਾਇਆ ਜਾ ਰਿਹਾ ਹੈ, ਪੱਕੇ ਰੁਜ਼ਗਾਰ ਦਾ ਜੋ ਅਧਿਕਾਰ ਸੀ, ਹੁਣ ਠੇਕਾ ਮਜ਼ਦੂਰੀ ਵਿਚ ਬਦਲਦੇ-ਬਦਲਦੇ ਉਸ ਤੋਂ ਵੀ ਨੀਵੀਂ ਸਥਿਤੀ ਵਿਚ ਪਹੁੰਚਾਇਆ ਜਾ ਰਿਹਾ ਹੈ। ਔਰਤ ਕਾਮਿਆਂ ਨੂੰ ਇਕ ਵਰਕਰ, ਇਕ ਨਾਗਰਿਕ ਅਤੇ ਔਰਤ ਹੋਣ ਦੇ ਨਾਤੇ, ਤੀਹਰੇ ਸ਼ੋਸ਼ਣ ਦੀ ਚੱਕੀ ਵਿਚ ਪੀਸਣ ਦੀ ਸਥਿਤੀ ਵਿਚ ਲਿਆ ਦਿੱਤਾ ਗਿਆ ਹੈ ਅਤੇ ਮਜ਼ਦੂਰਾਂ ਦੇ ਲੋਕਤੰਤਰੀ ਅਧਿਕਾਰ ਤਾਂ ਦੂਰ ਦੀ ਗੱਲ, ਟਰੇਡ ਯੂਨੀਅਨ ਬਣਾਉਣ ਅਤੇ ਉਨ੍ਹਾਂ ਰਾਹੀਂ ਸਮੂਹਿਕ ਸੌਦੇਬਾਜ਼ੀ ਕਰਨ ਦੇ ਮੁੱਢਲੇ ਅਧਿਕਾਰ ਵੀ ਲਗਭਗ ਮੁਅੱਤਲ ਕਰ ਦਿੱਤੇ ਗਏ ਹਨ। ਦਮਨ ਦੀ ਤੀਬਰਤਾ ਸਾਰੇ ਮਨੁੱਖੀ ਅਧਿਕਾਰਾਂ ਦਾ ਘਾਣ ਕਰ ਰਹੀ ਹੈ ਅਤੇ ਮਿਹਨਤਕਸ਼ ਹੀ ਨਹੀਂ, ਹਰ ਤਰ੍ਹਾਂ ਦੀ ਅਸਹਿਮਤੀ ਦੇ ਪ੍ਰਗਟਾਵੇ ਨਾਲ ਨਜਿੱਠਣ ਲਈ ਹਿੰਸਕ ਤਰੀਕੇ ਅਪਣਾਏ ਜਾ ਰਹੇ ਹਨ।

ਸ਼ਾਸਕ ਵਰਗਾਂ ਦੇ ਇਸ ਵਹਿਸ਼ੀਪੁਣੇ ਦੇ ਸਪੱਸ਼ਟ ਤਰਕ ਹਨ; ਉਨ੍ਹਾਂ ਦਾ ਗੁਬਾਰਾ ਸੁੰਗੜ ਰਿਹਾ ਹੈ, ਸ਼ੀਰਾਜ਼ਾ ਖਿੰਡ ਰਿਹਾ ਹੈ। ਲੱਖ ਸਾਜ਼ਿਸ਼ਾਂ ਦੇ ਬਾਵਜੂਦ ਪੂੰਜੀਵਾਦ ਦਾ ਸੰਕਟ ਸੁਲਝਣ ਵਿਚ ਨਹੀਂ ਆ ਰਿਹਾ, ਹਰ ਲੰਘਦੇ ਦਿਨ ਨਾਲ ਹੋਰ ਡੂੰਘਾ ਹੋ ਰਿਹਾ ਹੈ। ਆਪਣੇ-ਆਪ ਨੂੰ ਬਚਾਉਣ ਲਈ ਪੂੰਜੀਵਾਦ ਨੇ ਜਿਸ ਵਿਸ਼ਵੀਕਰਨ ਦੀ ਰਣਨੀਤੀ ਅਪਣਾਈ ਸੀ, ਉਹ ਵੀ ਇਸ ਸ਼ੋਸ਼ਣਕਾਰੀ ਨਿਜ਼ਾਮ ਨੂੰ ਬਚਾ ਨਹੀਂ ਸਕੀ। ਪੂੰਜੀਵਾਦ ਨੂੰ ਗਾਂ ਦੀ ਪੂਛ ਫ਼ੜ ਕੇ ਵੈਤਰਣੀ ਨਦੀ ਪਾਰ ਕਰਨ ਦੇ 'ਪਵਿੱਤਰ' ਢੰਗ ਦੱਸਣ ਵਾਲੇ ਪੰਡਤ ਵੀ ਹੁਣ ਵਿਰਲਾਪ ਕਰ ਰਹੇ ਹਨ। ਉਨ੍ਹਾਂ ਨੇ ਵੀ ਇਸ ਵਿਵਸਥਾ ਦੇ ਦੀਵਾਲੀਏਪਣ ਨੂੰ ਕਬੂਲ ਕਰ ਲਿਆ ਹੈ। ਪੂੰਜੀਵਾਦ ਦੇ ਇਸ ਤਰਕਹੀਣ ਬੇਤੁਕੇਪਣ 'ਤੋਂ ਮੁਕਤੀ ਪਾਉਣ ਲਈ ਉਹ ਨਵ-ਉਦਾਰਵਾਦੀ ਚਾਲਬਾਜ਼ੀ ਦੇ ਉਸੇ ਤਰ੍ਹਾਂ ਦੇ ਇਕ ਹੋਰ ਤਰਕਹੀਣ ਰਾਹ ਨੂੰ ਅਜ਼ਮਾਉਣ ਲਈ ਤਿਆਰ ਸਨ। ਪਰ ਇਹ ਨਵ-ਉਦਾਰਵਾਦੀ ਮੰਤਰ ਵੀ, ਜਿਵੇਂ ਕਿ ਹੋਣਾ ਹੀ ਸੀ, ਅਸਫਲ ਹੋ ਕੇ ਮੂਧੇ-ਮੂੰਹ ਡਿੱਗ ਪਿਆ ਹੈ। ਇਸ ਦੇ ਚੱਲਦਿਆਂ ਜੋ ਹੋਣਾ ਸੀ, ਉਹੀ ਹੋ ਰਿਹਾ ਹੈ; ਗਰੀਬੀ ਤੇਜ਼ੀ ਨਾਲ ਵਧ ਰਹੀ ਹੈ, ਪੂਰੀ ਦੁਨੀਆ ਵਿਚ ਨਾ-ਬਰਾਬਰੀ ਦੀ ਖਾਈ ਚੌੜੀ ਹੋਈ ਹੈ ਅਤੇ ਦੌਲਤ ਦਾ ਕੁਝ ਹੱਥਾਂ ਵਿਚ ਬੇਸ਼ਰਮੀ ਦੀ ਹੱਦ ਤੱਕ ਕੇਂਦਰੀਕਰਨ ਹੋ ਗਿਆ ਹੈ। ਇਸ ਸਭ ਨੇ ਇਸ ਨਿਜ਼ਾਮ ਦੇ ਖੋਖਲੇਪਨ ਅਤੇ ਅਵਿਵਹਾਰਕਤਾ ਨੂੰ ਉਜਾਗਰ ਕਰ ਦਿੱਤਾ।

ਮੌਜੂਦਾ ਦਰਬਾਰੀ ਪੂੰਜੀਵਾਦ ਨੇ ਆਪਣੇ ਲਈ ਮੋਹਲਤ ਹਾਸਲ ਕਰਨ ਲਈ ਧੁਰ ਸੱਜੇਪੱਖੀ ਰੁਝਾਨਾਂ ਨੂੰ ਬੜੇ ਤਰਦੱਦ ਨਾਲ ਪਾਲਿਆ-ਪੋਸਿਆ ਅਤੇ ਉਕਸਾਇਆ ਹੈ। ਭਾਵੇਂ ਇਤਿਹਾਸ ਵਿਚ ਥੋੜ੍ਹੇ ਸਮੇਂ ਲਈ ਹੀ, ਇਹ ਤਾਕਤਾਂ ਆਪਣੀ ਸ਼ੈਤਾਨੀਅਤ ਨੂੰ ਸਿਖ਼ਰ 'ਤੇ ਲਿਆ ਰਹੀਆਂ ਹਨ। ਟਰੰਪ ਦੀ ਅਗਵਾਈ ਵਾਲਾ ਸੰਯੁਕਤ ਰਾਜ ਅਮਰੀਕਾ ਖੁਦ ਇੱਕ ਗੰਭੀਰ ਸੰਕਟ ਵਿਚ ਫਸਿਆ ਹੋਇਆ ਹੈ। ਇਸ ਸੰਕਟ ਤੋਂ ਉਭਰਨ ਲਈ ਉਹ ਆਪਣਾ ਬੋਝ ਦੁਨੀਆ ਉਤੇ ਸੁੱਟਣਾ ਚਾਹੁੰਦਾ ਹੈ ਅਤੇ ਇਸ ਲਈ ਲਗਾਤਾਰ ਨਵੇਂ-ਨਵੇਂ ਸਾਮਰਾਜਵਾਦੀ ਹਮਲੇ ਕਰ ਰਿਹਾ ਹੈ। ਪ੍ਰਤੱਖ ਅਤੇ ਅਪ੍ਰਤੱਖ ਰੂਪ ਵਿਚ ਸਾਰੀ ਦੁਨੀਆ 'ਤੇ ਸਾਮਰਾਜਵਾਦੀ ਜੰਗਾਂ ਥੋਪ ਰਿਹਾ ਹੈ। ਫਿਲਸਤੀਨ ਦੇ ਗਾਜ਼ਾ ਵਿਚ ਇਨਸਾਨੀਅਤ ਦਾ ਕਤਲੇਆਮ ਲਗਾਤਾਰ ਜਾਰੀ ਹੈ। ਹੁਣ ਲੜਾਈ ਦੇ ਇਸ ਮੈਦਾਨ ਨੂੰ ਈਰਾਨ ਤੋਂ ਲੈ ਕੇ ਏਸ਼ੀਆ ਅਤੇ ਲਾਤੀਨੀ




ਅਮਰੀਕਾ ਤੋਂ ਲੈ ਕੇ ਕੈਨੇਡਾ ਅਤੇ ਯੂਰਪ ਤੱਕ ਫੈਲਾਉਣ ਦੀਆਂ ਸ਼ਾਤਰ ਯੋਜਨਾਵਾਂ ਬਣਾਈਆਂ ਜਾ ਰਹੀਆਂ ਹਨ। ਇਹ ਸਭ ਜਿੰਨੀ ਤੇਜ਼ ਰਫਤਾਰ ਨਾਲ ਹੋ ਰਿਹਾ ਹੈ, ਉਹ ਕਲਪਨਾ ਤੋਂ ਵੀ ਬਾਹਰ ਹੈ- ਇਹ ਦੁਨੀਆ ਨੂੰ ਜਿਸ ਮੁਹਾਨੇ 'ਤੇ ਧੱਕ ਰਿਹਾ ਹੈ, ਉਹ ਬਹੁਤ ਭਿਆਨਕ ਹੈ।

ਭਾਰਤ ਵਿਚ ਇਸ ਕੱਟੜ ਸੱਜੇਪੱਖ ਦੀ ਹੀ ਇੱਕ ਸਿਆਸੀ ਪ੍ਰਜਾਤੀ- ਨਵ-ਫਾਸੀਵਾਦੀ ਮੋਦੀ ਸਰਕਾਰ ਹੈ, ਜੋ ਦੇਸ਼ ਦੇ ਆਮ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਹੱਲ ਕਰਨ ਵਿਚ ਬੁਰੀ ਤਰ੍ਹਾਂ ਨਾਕਾਮ ਰਹੀ ਹੈ। ਇਸੇ ਕਾਰਨ ਇਸ ਨੇ ਲੋਕ ਸਭਾ ਵਿਚ ਬਹੁਮਤ ਵੀ ਗੁਆ ਦਿੱਤਾ। ਪਿਛਲੇ ਸਾਲ ਹੋਈਆਂ ਚੋਣਾਂ ਵਿਚ ਮੋਦੀ ਦੀ ਅਜੇਤੂ ਸਥਿਤੀ ਨੂੰ ਚੁਣੌਤੀ ਮਿਲੀ ਅਤੇ ਜਨਤਾ ਨੇ ਇਸ ਨੂੰ ਜ਼ਮੀਨ ਸੁੰਘਾ ਦਿੱਤੀ। ਪਰ, ਇਸ ਤੋਂ ਕੋਈ ਸਬਕ ਲੈਣ ਦੀ ਬਜਾਏ, ਨਵ-ਫਾਸੀਵਾਦ ਦੀ ਅਗਵਾਈ ਵਾਲੀ ਦਰਬਾਰੀ ਪੂੰਜੀਵਾਦ ਦੀ ਇਹ ਨਸਲ ਹਮਲਿਆਂ ਦੇ ਨਵੇਂ-ਨਵੇਂ ਤਰੀਕੇ ਅਤੇ ਰਾਹ ਲੱਭਣ ਵਿਚ ਜੁਟੀ ਹੋਈ ਹੈ। ਵਕਫ ਦਾ ਨਵਾਂ ਕਾਨੂੰਨ, ਕਸ਼ਮੀਰ ਵਿਚ ਅੱਤਵਾਦੀ ਹਮਲਾ ਅਤੇ ਕਸ਼ਮੀਰ ਦੇ ਇਸ ਭਿਆਨਕ ਕਾਂਡ ਤੋਂ ਬਾਅਦ ਉਭਾਰਿਆ ਜਾ ਰਿਹਾ ਨਫਰਤੀ ਜ਼ਹਿਰ ਅਤੇ ਜੰਗੀ ਜਨੂੰਨ, ਜ਼ਬਰਦਸਤੀ ਹਿੰਦੀ ਥੋਪਣ ਦੀਆਂ ਕੋਸ਼ਿਸ਼ਾਂ ਆਦਿ ਅਜਿਹੀਆਂ ਹੀ ਚਾਲਾਂ ਹਨ। ਇਹ ਸਭ ਮਿਲ ਕੇ ਵੰਡੀਆਂ ਪੈਦਾ ਕਰਨ ਵਾਲੇ ਨਫ਼ਰਤ ਤੇ ਜਨੂੰਨ ਦੀ ਅੱਗ ਵਿਚ ਘਿਓ ਵਾਂਗ ਵਰਤੇ ਜਾ ਰਹੇ ਹਨ।

ਮੁੱਠੀ ਭਰ ਲੋਕ ਆਮ ਜਨਤਾ ਉੱਪਰ ਆਸਾਨੀ ਨਾਲ ਰਾਜ ਕਰ ਸਕਣ, ਇਸ ਲਈ ਚਾਣਕਯ ਤੋਂ ਅਰਸਤੂ ਅਤੇ ਮੈਕਿਆਵੇਲੀ ਤੱਕ ਨੇ ਗੁਆਂਢੀਆਂ ਨਾਲ ਜੰਗ ਛੇੜ ਦੇਣ ਦਾ ਰਾਹ ਸੁਝਾਇਆ ਸੀ। ਹੁਣ ਅਜਿਹੇ ਨੁਸਖੇ ਵੀ ਪੁਰਾਣੇ ਪੈ ਗਏ ਜਾਪਦੇ ਹਨ, ਇਸ ਲਈ ਹੁਣ ਦੇਸ਼ ਦੇ ਅੰਦਰ, ਘਰ ਦੇ ਅੰਦਰ ਆਪਣੇ ਹੀ ਨਾਗਰਿਕਾਂ ਦੇ ਇੱਕ ਹਿੱਸੇ ਨੂੰ ਬਾਕੀਆਂ ਦਾ ਦੁਸ਼ਮਣ ਦੱਸ ਕੇ ਵੰਡ ਦੀ ਭੱਠੀ ਸੁਲਗਾਈ ਜਾ ਰਹੀ ਹੈ। ਟਰੰਪ ਨੇ ਆਪਣੇ ਅਮਰੀਕਾ ਵਿਚ ਆਪਣੇ ਹੀ ਨਾਗਰਿਕਾਂ ਦੇ ਇੱਕ ਵਰਗ ਨੂੰ ਨਿਸ਼ਾਨੇ 'ਤੇ ਲਿਆ ਹੋਇਆ ਹੈ, ਤਾਂ ਉਸ ਦੇ ਖਾਸ ਦੋਸਤ ਮੋਦੀ ਨੇ ਸਾਡੇ ਇਥੇ ਆਪਣੀ ਹੀ ਆਬਾਦੀ ਦੇ ਖਿਲਾਫ ਜ਼ਹਿਰੀਲੀ ਮੁਹਿੰਮ ਛੇੜ ਰੱਖੀ ਹੈ; ਇਸ ਵੇਲੇ ਨਿਸ਼ਾਨੇ 'ਤੇ ਮੁਸਲਮਾਨ ਅਤੇ ਈਸਾਈ ਹਨ, ਪਰ ਗੱਲ ਇੱਥੇ ਹੀ ਰੁਕਣ ਵਾਲੀ ਨਹੀਂ, ਜਿਸ ਏਜੰਡੇ ਨੂੰ ਲੈ ਕੇ ਨਵ-ਫਾਸੀਵਾਦੀ ਅਗਵਾਈ ਵਾਲਾ ਹਿੰਦੁਤਵੀ ਕਾਰਪੋਰੇਟੀ ਗਿਰੋਹ ਅੱਗੇ ਵਧ ਰਿਹਾ ਹੈ, ਉਹ ਆਦਿਵਾਸੀਆਂ, ਦਲਿਤਾਂ, ਪਛੜੀਆਂ ਜਾਤੀਆਂ ਅਤੇ ਸਾਰੀਆਂ ਜਾਤੀਆਂ ਦੀਆਂ ਸਾਰੀਆਂ ਔਰਤਾਂ ਨੂੰ ਮਨੂਵਾਦ ਦੇ ਪਿੰਜਰੇ ਵਿਚ ਬੰਦ ਕਰਨ ਦੀ ਬਦਨੀਅਤੀ ਨਾਲ ਭਰਿਆ ਹੋਇਆ ਹੈ।

ਲੁੱਟ ਦੀ ਇਹ ਮੁਹਿੰਮ ਫੁੱਟ ਦੀ ਇਸ ਚਾਲ ਸਦਕਾ ਹੀ ਅੱਗੇ ਵਧ ਰਹੀ ਹੈ; ਪਰ ਕੀ ਲੁੱਟੇ ਜਾਣ ਵਾਲੇ ਇਸ ਸੱਚ ਤੋਂ ਵਾਕਿਫ ਹਨ? ਅਜਿਹਾ ਨਹੀਂ ਜਾਪਦਾ। ਉਨ੍ਹਾਂ ਨੂੰ ਕਦੇ ਪੁਲਵਾਮਾ ਕਾਂਡ ਦੇ ਨਾਂ 'ਤੇ ਭੁਚਲਾਇਆ ਜਾਂਦਾ ਹੈ, ਕਦੇ ਪਹਿਲਗਾਮ ਵਿਚ ਉਲਝਾਇਆ ਜਾਂਦਾ ਹੈ। ਕਦੇ ਫੁਲੇ ਨਾਮ ਦੀ ਫਿਲਮ ਦੇ ਬਹਾਨੇ ਬ੍ਰਾਹਮਣਾਂ ਦੇ ਖਤਰੇ ਵਿਚ ਹੋਣ ਦਾ ਰੋਣਾ ਰੋਇਆ ਜਾਂਦਾ ਹੈ, ਤਾਂ ਕਦੇ ਮੰਦਿਰ-ਮਸਜਿਦ ਦੇ ਨਾਮ 'ਤੇ ਵੋਟਾਂ ਦੀਆਂ ਰੋਟੀਆਂ ਸੇਕੀਆਂ ਜਾਂਦੀਆਂ ਹਨ। ਉਂਝ ਵੀ ਇਤਿਹਾਸ ਦਾ ਸੱਚ ਇਹ ਹੈ ਕਿ ਲੋਕ ਆਪਣੇ-ਆਪ ਸਭ ਕੁਝ ਨਹੀਂ ਜਾਣ ਲੈਂਦੇ, ਕਿ ਰਾਜ ਕਰਨ ਵਾਲੇ ਸਿਰਫ਼ ਸੱਤਾ ਦੇ ਬੁੱਤੇ 'ਤੇ ਰਾਜ ਨਹੀਂ ਕਰਦੇ, ਜਿਨ੍ਹਾਂ 'ਤੇ ਰਾਜ ਕਰਦੇ ਹਨ, ਉਨ੍ਹਾਂ ਦੇ ਸੋਚ-ਵਿਚਾਰ ਦੇ ਮੁੱਦਿਆਂ ਨੂੰ ਵੀ ਇਸ ਤਰ੍ਹਾਂ ਢਾਲਦੇ ਹਨ ਕਿ ਉਹ ਆਪਣੇ ਅਸਲੀ ਦੁਸ਼ਮਣ ਦੀ ਪਛਾਣ ਹੀ ਨਹੀਂ ਕਰ ਸਕਦੇ। ਸੂਚਨਾ ਦੇ ਖੇਤਰ ਵਿਚ ਹੋਈ ਕ੍ਰਾਂਤੀ ਅਤੇ ਪੂੰਜੀਵਾਦ ਦੇ ਨਵੇਂ ਦਰਬਾਰੀ ਕਾਰਪੋਰੇਟੀ ਰੂਪ ਵਿਚ ਆਉਣ ਅਤੇ ਕਾਰਪੋਰੇਟ ਮੀਡੀਆ ਨਾਲ ਇਸ ਦਾ ਗਠਜੋੜ ਪੱਕਾ ਹੋ ਜਾਣ 'ਤੋਂ ਬਾਅਦ ਤਾਂ ਇਹ ਕੰਮ ਹੋਰ ਵੀ ਆਸਾਨ ਹੋ ਗਿਆ ਹੈ। ਇਸ ਲਈ ਚੇਤਨਾ 'ਤੇ ਉੱਗੇ ਅਤੇ ਉਗਾਏ ਜਾ ਰਹੇ ਹਾਨੀਕਾਰਕ ਨਦੀਨਾਂ ਦੀ ਸਫਾਈ ਵੀ ਇੱਕ ਜ਼ਰੂਰੀ ਕੰਮ ਬਣ ਜਾਂਦਾ ਹੈ। ਵੈਸੇ ਵੀ ਬਦਲਾਅ ਲਈ ਜਾਣਨਾ, ਅਤੇ ਸਮਝਣਾ ਇੱਕ ਮੁੱਢਲੀ ਸ਼ਰਤ ਹੁੰਦੀ ਹੈ।

2025 ਦੇ ਮਈ ਦਿਵਸ ਇਹੀ ਉਹ ਪਿਛੋਕੜ ਹੈ, ਜਿਸ ਵਿਚ ਦੇਸ਼ ਦੀਆਂ 10 ਕੇਂਦਰੀ ਟਰੇਡ ਯੂਨੀਅਨਾਂ ਅਤੇ ਕਈ ਸੁਤੰਤਰ ਮਹਾਸੰਘਾਂ, ਫੈਡਰੇਸ਼ਨਾਂ ਅਤੇ ਐਸੋਸੀਏਸ਼ਨਾਂ ਨੇ ਮਿਲ ਕੇ 20 ਮਈ 2025 ਨੂੰ ਦੇਸ਼ਵਿਆਪੀ ਆਮ ਹੜਤਾਲ ਦਾ ਨਾਅਰਾ ਦਿੱਤਾ ਹੈ। ਯਕੀਨਨ ਇਸ ਹੜਤਾਲ ਨੂੰ ਇਤਿਹਾਸਕ ਸਫਲਤਾ ਦਿਲਾ ਕੇ ਹੀ ਇਤਿਹਾਸ ਨੂੰ ਸਹੀ ਦਿਸ਼ਾ ਵਿਚ ਲਿਜਾਣ ਦਾ ਰਾਹ ਖੋਲ੍ਹਿਆ ਜਾ ਸਕਦਾ ਹੈ। ਠੀਕ ਇਸੇ ਕਰਕੇ ਇਹ ਹੜਤਾਲ ਸਿਰਫ਼ ਉਸ ਦਿਨ – 20 ਮਈ ਨੂੰ – ਕੀਤੀ ਜਾਣ ਵਾਲੀ ਕਾਰਵਾਈ ਦਾ ਮਾਮਲਾ ਨਹੀਂ, ਇਹ ਆਮ ਮਜ਼ਦੂਰਾਂ ਤੱਕ ਉਨ੍ਹਾਂ ਦੇ ਜੀਵਨ ਨਾਲ ਜੁੜੇ ਰੋਜ਼ਮਰਾ ਦੇ ਮੁੱਦਿਆਂ, ਉਨ੍ਹਾਂ ਨਾਲ ਜੁੜੇ ਹਾਲਾਤ ਅਤੇ ਉਨ੍ਹਾਂ ਦੇ ਹੱਲ ਬਾਰੇ ਸੰਦੇਸ਼ ਲਿਜਾਣ ਦਾ ਵੀ ਇੱਕ ਵੱਡਾ ਮੌਕਾ ਹੈ। ਇਹ ਵਿਸ਼ਾਲ, ਜੁਝਾਰੂ ਅਤੇ ਇਕਜੁੱਟ ਕਾਰਵਾਈ ਮਜ਼ਦੂਰ ਵਰਗ ਦੇ ਹੱਥਾਂ ਵਿਚ ਅਜਿਹਾ ਹਥਿਆਰ ਬਣਨੀ ਚਾਹੀਦੀ ਹੈ, ਜਿਸ ਨਾਲ ਉਹ ਪੂੰਜੀਵਾਦ ਅਤੇ ਇਸ ਦੇ ਸਿਆਸੀ ਮਾਲਕਾਂ ਦੇ ਘਿਨਾਉਣੇ ਹਮਲਿਆਂ ਨੂੰ ਬੇਨਕਾਬ ਕਰ ਸਕੇ, ਉਨ੍ਹਾਂ ਵੱਲੋਂ ਫੈਲਾਈ ਜਾ ਰਹੀ ਧੁੰਦ ਅਤੇ ਕੋਹਰੇ ਨੂੰ ਚੀਰ ਸਕੇ। ਮਨੁੱਖੀ ਸਮਾਜ ਦਾ ਇਤਿਹਾਸ ਸਾਬਤ ਕਰ ਚੁੱਕਾ ਹੈ ਕਿ ਮਸਿਆ ਸਦੀਵੀ ਨਹੀਂ ਹੁੰਦੀ, ਰਾਤ ਚਾਹੇ ਕਿੰਨੀ ਵੀ ਲੰਮੀ ਹੋਵੇ, ਰਾਤ ਹੀ ਹੁੰਦੀ ਹੈ, ਗ੍ਰਹਿਣ ਚਾਹੇ ਕਿੰਨਾ ਵੀ ਸਮਾਂ ਚੱਲੇ, ਜ਼ਿਆਦਾ ਲੰਬੇ ਸਮੇਂ ਲਈ ਨਹੀਂ ਹੁੰਦਾ; ਪੂਰਨਮਾਸੀ ਆਉਂਦੀ ਹੈ, ਸਵੇਰ ਹੁੰਦੀ ਹੈ ਅਤੇ ਮਿਥਿਹਾਸ ਵਿਚ ਦੱਸੇ ਜਾਣ ਵਾਲੇ ਰਾਹੂ-ਕੇਤੂ ਦੀ ਜਕੜ 'ਤੋਂ ਸੂਰਜ ਅਤੇ ਚੰਦ ਮੁਕਤ ਹੁੰਦੇ ਹੀ ਹਨ। ਫਰਕ ਸਿਰਫ਼ ਇਹ ਹੈ ਕਿ ਸਮਝਦਾਰ ਅਤੇ ਜੁਝਾਰੂ ਸਮਾਜ ਅਪਣੇ ਆਪ ਅਜਿਹਾ ਹੋਣ ਦੀ ਉਡੀਕ ਵਿਚ ਨਹੀਂ ਬੈਠਦਾ- ਅਜਿਹਾ ਜਲਦੀ ਹੋਵੇ, ਇਸ ਦੇ ਲਈ ਲੜਦਾ ਹੈ ਅਤੇ ਜਾਨਤੋੜ ਯਤਨ ਕਰਦਾ ਹੈ।

# ਅੰਤਰਰਾਸ਼ਟਰੀ ਮਜ਼ਦੂਰ ਦਿਵਸ ਵਿਚ ਔਰਤਾਂ ਦੀ ਭੂਮਿਕਾ ਅਤੇ ਯੋਗਦਾਨ

**ਕੰਵਲਜੀਤ ਕੌਰ ਗਿੱਲ**

ਸ਼ਿਕਾਗੋ ਸ਼ਹਿਰ ਵਿਚ ਹੇਮਾਰਕੀਟ ਸਕੁਏਅਰ 'ਤੇ ਵਾਪਰੇ ਸਾਕੇ ਦੌਰਾਨ 4 ਮਈ 1886 ਨੂੰ ਆਪਣੀਆਂ ਹੱਕੀ ਮੰਗਾਂ ਲਈ ਮੁਜ਼ਾਹਰਾ ਕਰਦਿਆਂ ਸ਼ਹੀਦ ਹੋਏ ਮਜ਼ਦੂਰਾਂ ਦੀ ਯਾਦ ਵਿਚ ਹਰ ਸਾਲ 1 ਮਈ ਨੂੰ 'ਮਜ਼ਦੂਰ ਦਿਵਸ' ਮਨਾਇਆ ਜਾਂਦਾ ਹੈ। ਇਸ ਮਜ਼ਦੂਰ ਅੰਦੋਲਨ ਵਿਚ ਮਰਦਾਂ ਅਤੇ ਔਰਤਾਂ ਨੇ ਸਾਂਝੇ ਤੌਰ 'ਤੇ ਸ਼ਮੂਲੀਅਤ ਹੀ ਨਹੀਂ ਕੀਤੀ ਸਗੋਂ ਔਰਤਾਂ ਵੱਲੋਂ ਲੀਡਰਸ਼ਿਪ ਦੀ ਭੂਮਿਕਾ ਵੀ ਅਦਾ ਕੀਤੀ ਗਈ ਸੀ। ਇਹ ਉਹ ਸਮਾਂ ਸੀ ਜਦੋਂ ਔਰਤ ਨੂੰ ਸਰੀਰਕ ਅਤੇ ਮਾਨਸਿਕ ਤੌਰ 'ਤੇ ਕਮਜ਼ੋਰ ਸਮਝਿਆ ਜਾਂਦਾ ਸੀ। ਕੁਝ ਇੱਕ ਖਿੱਤਿਆਂ ਵਿਚ ਔਰਤ ਦਾ ਕੰਮ ਕਰਨਾ ਵੀ ਲਗਭਗ ਵਰਜਿਤ ਸੀ। ਜਿਵੇਂ, ਕੋਲੇ ਦੀਆਂ ਖਾਣਾਂ, ਲੰਬੇ ਸਮੇਂ ਦੀਆਂ ਹਵਾਈ ਉਡਾਣਾਂ ਆਦਿ। ਪਰੰਤੂ ਸ਼ਿਕਾਗੋ ਦੀ ਇੰਟਰਨੈਸ਼ਨਲ ਵਰਕਿੰਗ ਪੀਪਲਜ਼ ਐਸੋਸੀਏਸ਼ਨ ਨੇ ਮਰਦ ਔਰਤ ਨਾ-ਬਰਾਬਰੀ ਨੂੰ ਨਕਾਰਦਿਆਂ ਸਾਰੇ ਵਰਕਰਾਂ ਨੂੰ ਹਰ ਪੱਖ ਤੋਂ ਬਰਾਬਰ ਕਰਾਰ ਦਿੱਤਾ। ਐਸੋਸੀਏਸ਼ਨ ਨਾਲ ਸੰਬੰਧਿਤ ਔਰਤਾਂ ਇਸ ਬਰਾਬਰੀ ਦੀ ਉਮੀਦ 'ਤੇ ਪੂਰੀਆਂ ਉਤਰਦੀਆਂ ਸਨ। 25 ਅਪ੍ਰੈਲ ਤੋਂ 4 ਮਈ 1886 ਦੇ 10 ਦਿਨਾਂ ਦੌਰਾਨ ਸ਼ਹਿਰ ਦੇ ਸਧਾਰਨ ਵਰਕਰ, ਸੁਧਾਰਕ, ਸਮਾਜਵਾਦੀ ਅਤੇ ਅਰਾਜਕਤਾਵਾਦੀ, ਸਾਰੇ ਹੀ ਇਕੱਠੇ ਹੋ ਕੇ ਬਾਹਰ ਸੜਕਾਂ ਉੱਪਰ ਨਿਕਲ ਆਏ ਤੇ ਆਪਣੇ ਕੰਮ ਦੇ ਹਾਲਾਤ ਵਿਚ ਸੁਧਾਰ ਅਤੇ ਤਬਦੀਲੀਆਂ ਕਰਾਉਣ ਲਈ ਕਰੀਬ 19 ਮੀਟਿੰਗਾਂ ਕੀਤੀਆਂ। ਪਹਿਲੀ ਮਈ ਤੋਂ ਹੋਰ 35,000 ਵਰਕਰ ਉਨ੍ਹਾਂ ਨਾਲ ਆ ਰਲੇ। ਇਸੇ ਦੌਰਾਨ 3-4 ਮਈ ਨੂੰ 10 ਹਜ਼ਾਰ ਦੇ ਲਗਭਗ ਹੋਰ ਹੁਨਰਮੰਦ ਅਤੇ ਗੈਰ-ਹੁਨਰਮੰਦ ਵਰਕਰਾਂ ਦੇ ਸ਼ਾਮਲ ਹੋਣ ਨਾਲ ਕਾਫ਼ਲਾ ਵਧਦਾ ਗਿਆ। ਮਜ਼ਦੂਰਾਂ ਨੇ 8 ਘੰਟੇ ਪ੍ਰਤੀ ਦਿਨ ਦੇ ਕੰਮ ਦੀ ਮੰਗ ਨੂੰ ਉਭਾਰਿਆ ਕਿਉਂਕਿ ਪਹਿਲਾਂ ਉਹ 10 ਤੋਂ 12 ਘੰਟੇ ਪ੍ਰਤੀ ਦਿਨ ਕੰਮ ਕਰ ਰਹੇ ਸਨ। ਇਸ ਦੌਰਾਨ ਅੰਦੋਲਨਕਾਰੀਆਂ ਅਤੇ ਪੁਲਿਸ ਵਿਚਕਾਰ ਘੱਟੋ-ਘੱਟ 12 ਵਾਰ ਝੜਪਾਂ ਹੋਈਆਂ, ਜਿਸ ਵਿਚ ਪੁਲਿਸ ਵਲੋਂ ਗੋਲੀਆਂ ਵੀ ਚਲਾਈਆਂ ਗਈਆਂ। ਮੈਕ ਕੌਰਮਿਕ ਰੀਪਰ ਪਲਾਂਟ ਵਿਚ ਵੀ ਹੜਤਾਲ ਚੱਲ ਰਹੀ ਸੀ, ਜਿਸ ਵਿਚ 3 ਮਈ ਨੂੰ ਹਿੰਸਾ ਭੜਕ ਉੱਠੀ। ਪੁਲਿਸ ਦੀਆਂ ਗੋਲੀਆਂ ਨਾਲ ਦੋ-ਤਿੰਨ ਮਜ਼ਦੂਰ ਮਾਰੇ ਗਏ। ਇਸ ਦਾ ਬਦਲਾ ਲੈਣ ਲਈ ਹੀ ਹੇਮਾਰਕੀਟ ਸਟਰੀਟ 'ਤੇ ਮਜ਼ਦੂਰਾਂ ਦਾ ਇਕੱਠ ਕੀਤਾ ਗਿਆ ਤੇ ਵੱਡੀ ਪੱਧਰ 'ਤੇ ਹੜਤਾਲ ਦਾ ਸੱਦਾ ਦਿੱਤਾ ਗਿਆ।

4 ਮਈ ਨੂੰ ਸ਼ਾਂਤਮਈ ਢੰਗ ਨਾਲ ਹੜਤਾਲ ਚੱਲ ਰਹੀ ਸੀ ਅਤੇ ਤਕਰੀਰਾਂ ਆਦਿ ਹੋ ਰਹੀਆਂ ਸਨ। ਉਧਰ ਮੇਅਰ, ਸੀ.ਐਚ. ਹੈਰੀਸਨ ਨੇ ਪੁਲਿਸ ਕਰਮਚਾਰੀਆਂ ਨੂੰ ਮੀਟਿੰਗ ਵਿਚ ਕਿਸੇ ਪ੍ਰਕਾਰ ਦੀ ਗੜਬੜੀ ਨਾ ਕਰਨ ਦੀ ਹਦਾਇਤ ਵੀ ਦਿੱਤੀ ਹੋਈ ਸੀ ਕਿ ਅਚਾਨਕ ਭੀੜ ਵਿਚੋਂ ਪੁਲਿਸ ਵੱਲ ਇੱਕ ਬੰਬ ਦੇ ਡਿੱਗਣ ਦੀ ਆਵਾਜ਼ ਆਈ। ਉਧਰੋਂ ਪੁਲਿਸ ਨੇ ਵੀ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ। ਲਗਭਗ 60 ਦੇ ਕਰੀਬ ਪੁਲਿਸ ਕਰਮਚਾਰੀ ਜ਼ਖਮੀ ਹੋਏ ਤੇ 8 ਦੀ ਮੌਤ ਹੋ ਗਈ।




ਵਰਕਰਾਂ ਵਿਚੋਂ ਕਿੰਨੇ ਜ਼ਖਮੀ ਹੋਏ ਤੇ ਕਿੰਨੇ ਮਾਰੇ ਗਏ, ਇਸ ਬਾਰੇ ਕਿਸੇ ਵੀ ਅਖਬਾਰ ਵਿਚ ਕੋਈ ਜਾਣਕਾਰੀ ਨਾ ਛਪੀ। ਪਰ ਇਸ ਨਾਲ ਇਨਕਲਾਬੀ ਵਿਚਾਰਧਾਰਾ ਤੋਂ ਪ੍ਰਭਾਵਿਤ ਮਜ਼ਦੂਰ ਅੰਦੋਲਨ ਦਾ ਖਦਸ਼ਾ ਪੈਦਾ ਹੋ ਗਿਆ। ਤੇ ਬਾਅਦ ਵਿਚ ਇਸ ਨੇ ਵੱਡੇ ਅੰਦੋਲਨ ਦਾ ਰੂਪ ਧਾਰ ਲਿਆ। ਪੁਲਿਸ ਵੱਲੋਂ ਅਨੇਕਾਂ ਗ੍ਰਿਫਤਾਰੀਆਂ ਕੀਤੀਆਂ ਗਈਆਂ। ਪਰ ਬੰਬ ਕਿਸ ਨੇ ਸੁੱਟਿਆ ਸੀ, ਇਸ ਦਾ ਅੰਤ ਤੱਕ ਪਤਾ ਨਾ ਲੱਗ ਸਕਿਆ। ਭਾਸ਼ਨਾਂ ਅਤੇ ਲਿਖਤਾਂ ਤੇ ਆਧਾਰ 'ਤੇ ਹੀ 8 ਵਰਕਰਾਂ ਉੱਪਰ ਮੁਕੱਦਮਾ ਦਰਜ ਕੀਤਾ ਗਿਆ। ਇਨ੍ਹਾਂ ਵਿਚੋਂ ਸੱਤ ਨੂੰ ਮੌਤ ਦੀ ਸਜ਼ਾ ਸੁਣਾਈ ਗਈ। ਬਾਕੀ ਸਾਥੀਆਂ ਵਲੋਂ ਕੀਤੀ ਅਪੀਲ 'ਤੇ ਕੋਈ ਗੌਰ ਨਾ ਕੀਤਾ ਗਿਆ। ਇਨ੍ਹਾਂ ਵਿਚੋਂ ਚਾਰ ਵਰਕਰਾਂ ਨੂੰ ਕੁੱਕ ਕਾਉਂਟੀ ਦੀ ਜੇਲ੍ਹ ਵਿਚ 11 ਨਵੰਬਰ 1887 ਨੂੰ ਫਾਂਸੀ 'ਤੇ ਲਟਕਾ ਦਿੱਤਾ ਗਿਆ ਅਤੇ ਇੱਕ ਨੇ ਆਤਮ-ਹੱਤਿਆ ਕਰ ਲਈ। ਬਾਕੀ ਤਿੰਨਾਂ ਵਿਰੁੱਧ ਕੋਈ ਠੋਸ ਸਬੂਤ ਨਾ ਹੋਣ ਕਰਕੇ ਉਨ੍ਹਾਂ ਨੂੰ ਛੱਡ ਦਿੱਤਾ ਗਿਆ।

ਅਮਰੀਕਾ ਦੇ ਸ਼ਿਕਾਗੋ ਸ਼ਹਿਰ ਵਿਚ ਇਸ ਮਜ਼ਦੂਰ ਅੰਦੋਲਨ ਨੂੰ ਹੀ ਬਾਅਦ ਵਿਚ 'ਮਈ ਦਿਵਸ' ਜਾਂ 'ਮਜ਼ਦੂਰ ਦਿਵਸ' ਦਾ ਨਾਮ ਦਿੱਤਾ ਗਿਆ। ਇਹ ਅੰਦੋਲਨ ਮੁੱਖ ਰੂਪ ਵਿਚ ਕੰਮ ਦੇ ਘੰਟੇ ਘਟਾਉਣ ਨਾਲ ਸੰਬੰਧਿਤ ਸੀ। ਬਾਅਦ ਵਿਚ ਸੋਵੀਅਤ ਯੂਨੀਅਨ ਅਤੇ ਹੋਰ ਕਮਿਊਨਿਸਟ ਵਿਚਾਰਧਾਰਾ ਵਿਚ ਵਿਸ਼ਵਾਸ ਰੱਖਣ ਵਾਲੇ ਦੇਸ਼ਾਂ ਨੇ ਵੀ ਇਸ ਦਾ ਸਮਰਥਨ ਕੀਤਾ। ਪ੍ਰੰਤੂ ਪਹਿਲੀ ਵਿਸ਼ਵ ਜੰਗ ਤੋਂ ਬਾਅਦ ਜਦੋਂ ਅਮਰੀਕਾ ਵਿਚ ਕੋਲਡ ਵਾਰ ਚੱਲ ਰਹੀ ਸੀ ਤਾਂ 1955 ਵਿਚ ਇਸ ਦਿਨ ਨੂੰ ਅਮਰੀਕਾ ਵਾਲਿਆਂ ਨੇ 'ਲਾਇਲਟੀ ਡੇਅ' ਜਾਂ ਵਫਾਦਾਰੀ ਦਿਵਸ ਦਾ ਨਾਮ ਦੇ ਦਿੱਤਾ।

ਇਸ ਮਜ਼ਦੂਰ ਦਿਵਸ ਵਿਚ ਔਰਤਾਂ ਦੀ ਅਹਿਮ ਭੂਮਿਕਾ ਰਹੀ ਹੈ। ਔਰਤ ਮਜ਼ਦੂਰਾਂ ਨੇ ਵੀ ਬਾਕੀ ਹੋਰ ਮਜ਼ਦੂਰਾਂ, ਵਰਕਰਾਂ ਵਾਂਗ ਹੀ ਆਪਣੇ ਹੱਕਾਂ ਪ੍ਰਤੀ ਪ੍ਰੇਰਿਤ ਕੀਤਾ, ਮਜ਼ਦੂਰ ਯੂਨੀਅਨ ਨਾਲ ਜੁੜੀਆਂ ਤੇ ਆਪਣੇ ਕੰਮਕਾਜ ਦੀਆਂ ਹਾਲਤਾਂ ਵਿਚ ਸੁਧਾਰ ਕਰਨ ਲਈ ਇਕੱਠੇ ਹੋ ਕੇ ਆਪਣੀ ਆਵਾਜ਼ ਉਠਾਉਣ ਲਈ ਜਾਗਰੂਕ ਹੋਈਆਂ। ਮੈਰੀ ਜੌਹਨ ਪਹਿਲੀ ਔਰਤ ਸੀ ਜਿਸ ਨੇ ਵਰਕਰਾਂ ਦੇ ਹੱਕਾਂ ਪ੍ਰਤੀ ਆਵਾਜ਼ ਉਠਾਈ। ਲੂਸੀ ਪਾਰਸਨ, ਅਲਾਈਸ ਪਾਲ ਅਤੇ ਹੈਰੀਅਟ ਸਟੈਨਟਨ ਆਦਿ ਨੇ ਇਸ ਅੰਦੋਲਨ ਦੌਰਾਨ ਆਪਣੇ ਮਰਦ ਸਾਥੀਆਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਸਾਥ ਦਿੱਤਾ। ਲੂਸੀ ਪਾਰਸਨ ਪਹਿਲੀ ਔਰਤ ਸੀ ਜਿਸਨੇ ਮਈ ਦਿਵਸ ਵਿਚ ਅਹਿਮ ਭੂਮਿਕਾ ਨਿਭਾਈ। ਉਹ ਇੰਟਰਨੈਸ਼ਨਲ ਲੇਡੀਜ਼ ਗਾਰਮੈਂਟ ਵਰਕਰਜ਼ ਯੂਨੀਅਨ ਦੀ ਪ੍ਰਧਾਨ ਵੀ ਸੀ, ਜਿਨ੍ਹਾਂ ਨੇ ਸਭ ਤੋਂ ਪਹਿਲਾਂ ਉਦਯੋਗਾਂ ਵਿਚ ਰੋਜ਼ਾਨਾ ਕੰਮ ਦੇ 8 ਘੰਟਿਆਂ ਦੀ ਮੰਗ ਕੀਤੀ ਸੀ। ਲੂਸੀ ਪਾਰਸਨ ਅਤੇ ਲਿਜੀ ਹੋਲਮਸ ਅਜਿਹੀਆਂ ਔਰਤਾਂ ਸਨ, ਜਿਨ੍ਹਾਂ ਨੇ ਨਾ ਕੇਵਲ ਆਪਣੇ ਹੱਕਾਂ ਪ੍ਰਤੀ ਹੋਰ ਔਰਤਾਂ ਨੂੰ ਸੁਚੇਤ ਕੀਤਾ ਸਗੋਂ ਉਹ ਇਨਕਲਾਬੀ ਸਾਹਿਤ ਵੀ ਲੁਕ-ਛਿਪ ਕੇ ਵੰਡਦੀਆਂ ਰਹੀਆਂ ਸਨ। ਰੈਲੀਆਂ ਦੌਰਾਨ ਉਹ ਦੋਵੇਂ ਸਪਸ਼ਟ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਭਾਸ਼ਣ ਵੀ ਦਿੰਦੀਆਂ ਸਨ। ਆਪਣੀਆਂ ਦ੍ਰਿੜ੍ਹਤਾ ਅਤੇ ਦਲੇਰੀ ਭਰੀਆਂ ਤਕਰੀਰਾਂ ਸਦਕਾ ਉਨ੍ਹਾਂ ਨੂੰ ਪੁਲਿਸ ਅਤੇ ਹੁਕਮਰਾਨਾਂ ਵੱਲੋਂ ਜ਼ਿਆਦਤੀਆਂ ਦਾ ਸਾਹਮਣਾ

***(ਬਾਕੀ ਅਗਲੇ ਸਫੇ 'ਤੇ)***

# ਦੇਖ ਕਬੀਰਾ

### ਦੇਖ ਕਬੀਰਾ ਹੱਸਿਆ

ਇਕ ਪ੍ਰਸਿੱਧ ਦਾਰਸ਼ਨਿਕ ਨੇ ਬੁਧੀਮਾਨਾਂ ਦੀ ਇਕ ਭਰੀ ਸਭਾ ਵਿਚ ਰੱਬ ਦੀ ਹੋਂਦ 'ਤੇ ਇਕ ਬਹੁਤ ਧੂੰਆਂ-ਧਾਰ ਲੈਕਚਰ ਦਿੱਤਾ। ਉਸਨੇ ਬੜੀਆਂ ਸੱਜਰੀਆਂ ਅਤੇ ਤਰਕ-ਯੁਕਤ ਦਲੀਲਾਂ ਦੇ ਕੇ ਇਹ ਸਿੱਧ ਕੀਤਾ ਕਿ ਸਮੁੱਚੇ ਬ੍ਰਹਿਮੰਡ ਦੇ ਵਰਤਾਰੇ ਨੂੰ ਚਲਾਉਣ ਵਾਲਾ ਕੋਈ ਪਰਮੇਸ਼ਵਰ, ਪ੍ਰਭੂ, ਖ਼ੁਦਾ, ਅੱਲ੍ਹਾ-ਤਾਲਾ, ਰੱਬ ਜਾਂ ਕੋਈ ਗ਼ੈਬ-ਸ਼ਕਤੀ ਹੈ, ਜਿਸ ਅੱਗੇ ਮਨੁੱਖ ਤੁਛ ਹੈ। ਉਸ ਦਾ ਲੈਕਚਰ ਬਹੁਤ ਪ੍ਰਭਾਵਸ਼ਾਲੀ ਅਤੇ ਵੇਗਮੱਤਾ ਸੀ। ਉਹ ਰੱਬ ਦੀ ਹੋਂਦ ਬਾਰੇ ਕਿੰਨਾ ਕੁਝ ਜਾਣਦਾ ਸੀ, ਸੋਚ ਕੇ ਹੈਰਤ ਗੁੰਮ ਹੁੰਦੀ ਸੀ। ਉਸ ਦੇ ਸ਼ਬਦਾਂ ਦਾ ਜਾਦੂ ਸਿਰ ਚੜ੍ਹ ਕੇ ਬੋਲਦਾ ਸੀ। ਉਸ ਵੱਲੋਂ

ਕਿਰਪਾਲ ਕਜ਼ਾਕ

ਪੇਸ਼ ਦਲੀਲਾਂ ਦੀ ਕਿਸੇ ਕੋਲ ਕੋਈ ਕਾਟ ਨਹੀਂ ਸੀ। ਲੋਕ ਮੰਤਰ-ਮੁਗਧ ਹੋ ਕੇ ਸੁਣ ਰਹੇ ਸਨ। ਸਭ ਦੇ ਮਨਾਂ 'ਤੇ ਉਸ ਦੇ ਸ਼ਬਦਾਂ ਦਾ ਵਜਦ ਤਾਰੀ ਸੀ। ਦਲੀਲਾਂ ਦੀ ਭਰਮਾਰ ਸੁਣ ਕੇ ਲੋਕ ਅਸ਼-ਅਸ਼ ਕਰ ਉਠੇ।

ਉਸਦੇ ਭਾਸ਼ਣ ਦਾ ਅਸਰ ਏਨਾ ਸੀ ਕਿ ਲੈਕਚਰ ਖ਼ਤਮ ਹੋਣ ਤੋਂ ਬਾਅਦ ਵੀ ਸਮੁੱਚੇ ਹਜੂਮ ਵਿਚ ਕਿੰਨੀ ਦੇਰ ਸੰਨਾਟਾ ਛਾਇਆ ਰਿਹਾ।

ਅਚਾਨਕ ਉਸ ਪ੍ਰਸਿੱਧ ਦਾਰਸ਼ਨਿਕ ਨੇ ਮਾਈਕ 'ਤੋਂ ਐਲਾਨ ਕੀਤਾ ਕਿ ਰੱਬ ਦੀ ਹੋਂਦ ਬਾਰੇ ਕੋਈ ਵੀ ਵਿਅਕਤੀ ਪ੍ਰਸ਼ਨ ਪੁੱਛ ਕੇ ਸ਼ੰਕਾ ਨਵਿਰਤ ਕਰ ਸਕਦਾ ਹੈ।

ਪਹਿਲਾਂ ਤਾਂ ਕਿਸੇ ਦੀ ਹਿੰਮਤ ਹੀ ਨਾ ਪਈ। ਪਰ ਬਹੁਤ ਵੱਡਾ ਹਜੂਮ ਸੀ। ਡਰਦੇ-ਡਰਦੇ ਕੁਝ ਲੋਕ ਉਠ ਖੜ੍ਹੇ ਹੋਏ। ਪਰ ਜਿਉਂ ਹੀ ਉਸ ਵਿਦਵਾਨ ਨੇ ਇਕ ਦੋ ਸੁਆਲੀਆਂ ਦੇ ਉਤਰ ਦਿੱਤੇ ਅਤੇ ਉਨ੍ਹਾਂ ਨੂੰ ਹਲਕੇ ਸੁਆਲ ਕਰਨ ਦੇ ਦੋਸ਼ ਵਜੋਂ ਸ਼ਬਦਾਂ ਨਾਲ ਝੰਬਿਆ, ਬਾਕੀ ਦੇ ਪ੍ਰਸ਼ਨ-ਕਰਤਾ, ਬੇਇਜ਼ਤੀ ਦੇ ਡਰੋਂ ਬਿਨਾਂ ਪ੍ਰਸ਼ਨ ਪੁੱਛੇ ਹੀ ਬੈਠ ਗਏ। ਦਾਰਸ਼ਨਿਕ ਵਿਦਵਾਨ ਨੇ ਐਲਾਨ ਕੀਤਾ ਕਿ ਰੱਬ ਦੀ ਹੋਂਦ ਬਾਰੇ ਉਹ ਹਾਲੇ ਕਈ ਘੰਟੇ ਹੋਰ ਬੋਲ ਸਕਦਾ ਹੈ। ਪਰ ਵਕਤ ਦੀ ਸੀਮਾ ਕਰਕੇ ਉਸ ਨੂੰ ਲੈਕਚਰ ਛੇਤੀ ਖ਼ਤਮ ਕਰਨਾ ਪਿਆ। ਫਿਰ ਵੀ ਜੇ ਕੋਈ ਵਿਅਕਤੀ ਰੱਬ ਦੀ ਹੋਂਦ ਬਾਰੇ ਸ਼ੱਕ-ਸ਼ੁਭਾ ਦੂਰ ਕਰਨੇ ਚਾਹੁੰਦਾ ਹੋਵੇ ਤਾਂ ਉਹ ਬਿਨਾਂ ਝਿਜਕ ਪ੍ਰਸ਼ਨ ਪੁੱਛ ਸਕਦਾ ਹੈ।

ਉਸ ਵਿਦਵਾਨ ਨੇ ਮਾਈਕ 'ਤੇ ਖਲੋ ਕੇ ਇਹ ਐਲਾਨ ਇਕ ਤੋਂ ਵਧੇਰੇ ਵਾਰ ਕੀਤਾ ਪਰ ਉਹਦੇ ਸ਼ਬਦਾਂ ਦੀ ਮਾਰ ਤੋਂ ਡਰਦਿਆਂ ਕਿਸੇ ਦਾ ਹੀਆ ਨਾ ਪਿਆ।

ਜਦੋਂ ਸਭ ਨੇ ਸੰਤੁਸ਼ਟੀ ਵਜੋਂ ਉਸ ਦੀ ਜਿੱਤ ਦੇ ਜੈਕਾਰੇ ਬੁਲਾਏ ਤਾਂ ਉਸ ਨੇ ਭਰੇ ਹਜੂਮ ਨੂੰ ਹੱਥ ਹਿਲਾ ਕੇ ਇਕ ਜੇਤੂ ਅਲਵਿਦਾ ਕਹੀ ਪਰ ਜਿਉਂ ਹੀ ਉਹ ਸਟੇਜ ਤੋਂ ਉਤਰਨ ਲਈ ਮੁੜਿਆ, ਲੋਕਾਂ ਦੇ ਭਾਰੀ ਇਕੱਠ ਵਿਚੋਂ ਇਕ ਸ਼ਖ਼ਸ ਉਠ ਕੇ ਐਨ ਉਸ ਦੇ ਸਾਹਮਣੇ ਆ ਖੜ੍ਹਿਆ। ਉਹ ਕਾਫ਼ੀ ਦੇਰ ਤੋਂ ਸਾਰੇ ਵਰਤਾਰੇ ਨੂੰ ਧਿਆਨ ਨਾਲ ਵੇਖ ਰਿਹਾ ਸੀ ਅਤੇ ਵਿਦਵਾਨ ਦੇ ਇਕ-ਇਕ ਸ਼ਬਦ ਨੂੰ ਸੁਣ ਕੇ ਹੈਰਾਨ ਹੋ ਰਿਹਾ ਸੀ।

ਉਸ ਨੇ ਕਿਹਾ, ਉਹ ਵੀ ਇਕ ਸ਼ੰਕਾ ਜ਼ਾਹਰ ਕਰਨਾ ਚਾਹੁੰਦਾ ਹੈ। ਤਦ ਉਸ ਨੇ ਦਾਰਸ਼ਨਿਕ ਨੂੰ ਮੁਖ਼ਾਤਿਬ ਹੁੰਦੇ ਕਿਹਾ ਕਿ ਉਹ ਲੈਕਚਰ ਸੁਣ ਕੇ ਬਹੁਤ ਪ੍ਰਭਾਵਿਤ ਹੋਇਆ ਹੈ। ਅਸਲ ਵਿਚ ਉਸ ਨੇ ਕਦੇ ਅਜਿਹਾ ਧੂੰਆਂਧਾਰ ਅਤੇ ਦਲੀਲ-ਯੁਕਤ ਲੈਕਚਰ ਸੁਣਿਆ ਹੀ ਨਹੀਂ। ਉਸ ਦੀ ਇੱਛਾ ਸੀ ਕਿ ਕਾਸ਼ ਉਹ ਵੀ ਆਪਣੀ ਸਭਾ ਵਿਚ ਬੁਲਾ ਕੇ ਉਸਦਾ ਲੈਕਚਰ ਕਰਵਾਉਂਦਾ, ਪਰ ਅਫ਼ਸੋਸ! ਉਸ ਦੀ ਇਹ ਇੱਛਾ ਪੂਰੀ ਨਹੀਂ ਹੋ ਸਕਦੀ, ਕਿਉਂਕਿ ਉਹ ਅਤੇ ਉਸ ਦੀ ਸਭਾ ਅਜਿਹੇ ਸਿਧਾਂਤਾਂ ਦੀ ਧਾਰਨੀ ਹੈ ਜਿਥੇ ਰੱਬ ਦੀ ਹੋਂਦ ਨੂੰ ਮੰਨਿਆ ਹੀ ਨਹੀਂ ਜਾਂਦਾ। ਜਿਥੇ ਰੱਬ ਨਹੀਂ ਮਨੁੱਖ ਵੱਡਾ ਹੈ। ਇਹ ਆਸਤਕ ਲੋਕਾਂ ਦੀ ਸਭਾ ਹੈ ਪਰ ਸਾਡੀ ਸਭਾ ਤਾਂ ਨਾਸਤਕ ਲੋਕਾਂ ਦੀ ਸਭਾ ਹੈ।

ਦਾਰਸ਼ਨਿਕ ਨੇ ਇਕ ਪਲ ਉਸ ਨਾਸਤਕ ਵੱਲ ਵੇਖਿਆ ਅਤੇ ਉੱਚੀ-ਉੱਚੀ ਹੱਸਣ ਲੱਗਾ। ਦਾਰਸ਼ਨਿਕ ਮਾਈਕ ਅੱਗੇ ਖੜ੍ਹਾ ਸੀ ਉਸ ਨੂੰ ਪਤਾ ਹੀ ਨਾ ਲੱਗਾ ਕਿ ਉਸ ਦਾ ਹਾਸਾ ਸਾਰੇ ਪੰਡਾਲ ਵਿਚ ਗੂੰਜ ਰਿਹਾ ਸੀ। ਸਭ ਲੋਕ ਸਾਹ ਰੋਕ ਕੇ ਸੁਣਨ ਲੱਗੇ।

'ਮੂਰਖ!' ਦਾਰਸ਼ਨਿਕ ਚੀਕਿਆ, 'ਕੀ ਤੈਨੂੰ ਇਕ ਵਿਦਵਾਨ ਦੀ ਪਰਿਭਾਸ਼ਾ ਬਾਰੇ ਪਤਾ ਨਹੀਂ? ਵਿਦਵਤਾ ਕਦੇ ਆਸਤਿਕ-ਨਾਸਤਿਕ ਨਹੀਂ ਹੁੰਦੀ, ਤਰਕ ਹੀ ਆਸਤਿਕ ਹੈ ਅਤੇ ਤਰਕ ਹੀ ਨਾਸਤਿਕ...।'

'ਇਥੇ ਅੱਜ ਮੈਂ 500 ਡਾਲਰ ਲੈ ਕੇ ਸੌ ਦਲੀਲ ਦਿੱਤੀ ਹੈ ਕਿ ਰੱਬ ਹੈ। ਕਿਉਂਕਿ ਇਹ ਆਸਤਕ ਲੋਕਾਂ ਦੀ ਸਭਾ ਹੈ। ਤੁਸੀਂ ਨਾਸਤਿਕ ਲੋਕ ਬੁਲਾਓ...500 ਡਾਲਰ ਦਿਉ...ਮੈਂ ਸੌ ਦਲੀਲ ਦੇ ਕੇ ਸਿੱਧ ਕਰਾਂਗਾ ਕਿ ਰੱਬ ਨਹੀਂ ਹੈ।...

-

### ਦੇਖ ਕਬੀਰਾ ਰੋਇਆ

ਇਕ ਵਿਦਵਾਨ ਨੂੰ ਗਿਰਜੇ ਵਿਚ ਲੈਕਚਰ ਦੇਣ ਦਾ ਵਿਸ਼ੇਸ਼ ਸੱਦਾ ਆਇਆ। ਸੱਦੇ ਵਿਚ ਹਦਾਇਤ ਕੀਤੀ ਗਈ ਕਿ ਇਕ ਖ਼ਾਸ ਕਿਸਮ ਦਾ ਲੈਕਚਰ ਤਿਆਰ ਕੀਤਾ ਜਾਵੇ, ਜਿਸ ਦਾ ਮੂਲ ਵਿਸ਼ਾ ਇਹ ਹੋਵੇ ਕਿ ਕਿਹੋ ਜਿਹੇ ਲੋਕਾਂ ਅੱਗੇ ਕਿਹੋ ਜਿਹੀ ਭਾਸ਼ਾ ਵਿਚ ਬੋਲਿਆ ਜਾਵੇ ਕਿ ਸੁਣਨ ਵਾਲੇ ਦੇ ਗੱਲ ਪੱਲੇ ਪੈ ਜਾਵੇ। ਸੁਣਨ ਵਾਲੇ ਲੋਕ ਕਿਉਂਕਿ ਖ਼ੁਦ ਜਗ੍ਹਾ-ਜਗ੍ਹਾ ਜਾ ਕੇ ਲੈਕਚਰ ਕਰਨ ਵਾਲੇ ਸਨ, ਇਸ ਲਈ ਇਹ ਲੈਕਚਰ, ਲੈਕਚਰਾਰਾਂ ਦੀ ਸਿੱਖਿਆ ਲਈ ਹੋਣਾ ਚਾਹੀਦਾ ਹੈ। ਲੈਕਚਰ ਤਿਆਰ ਕਰਨ ਲਈ ਵਿਦਵਾਨ ਨੂੰ ਕੁਝ ਮਹੀਨਿਆਂ ਦਾ ਸਮਾਂ ਦਿੱਤਾ ਗਿਆ, ਤਾਂ ਜੋ ਕੋਈ ਕੱਚ ਨਾ ਰਹੇ। ਕਿਉਂਕਿ ਇਹ ਇਕ ਵੱਖਰੀ ਤਰ੍ਹਾਂ ਦਾ ਕੰਮ ਸੀ, ਇਸ ਲਈ ਵਿਦਵਾਨ ਨੇ ਕਿਤਾਬਾਂ ਪੜ੍ਹਦਿਆਂ ਦਿਨ-ਰਾਤ ਇਕ ਕਰ ਦਿੱਤਾ। ਮਿਥੇ ਸਮੇਂ ਵਿਦਵਾਨ ਦੱਸੀ ਹੋਈ ਥਾਂ 'ਤੇ ਬੜੇ ਜੋਸ਼ ਅਤੇ ਉਤਸ਼ਾਹ ਨਾਲ ਪੁੱਜਾ। ਉਸ ਦਾ ਅੰਦਾਜ਼ਾ ਸੀ ਕਿ ਸੁਣਨ ਵਾਲੇ ਕਈ ਹਜ਼ਾਰ ਹੋਣਗੇ। ਪਰ ਉਹ ਗਿਰਜੇ ਵਿਚ ਕੇਵਲ ਇਕ ਸਧਾਰਨ ਜਿਹੇ ਵਿਅਕਤੀ ਨੂੰ ਵੇਖ ਕੇ ਹੈਰਾਨ ਰਹਿ ਗਿਆ।

ਅਸਲ ਵਿਚ ਸੱਦਾ ਦੇਣ ਵਾਲੇ ਲੋਕਾਂ ਵੱਲੋਂ ਕਿਸੇ ਕਾਰਨ ਲੈਕਚਰ ਮੁਲਤਵੀ ਕਰ ਦਿੱਤਾ ਗਿਆ ਸੀ ਜਿਸ ਦੀ ਇਤਲਾਹ ਵਿਦਵਾਨ ਨੂੰ ਮਿਲ ਨਹੀਂ ਸੀ ਸਕੀ। ਇਸ ਲਈ ਵਿਦਵਾਨ ਨੂੰ ਪਤਾ ਨਹੀਂ ਸੀ ਕਿ ਪ੍ਰੋਗਰਾਮ ਮੁਲਤਵੀ ਹੋ ਚੁੱਕਾ ਸੀ।

ਉਹਨੇ ਉਸ ਸਧਾਰਨ ਵਿਅਕਤੀ ਨੂੰ ਬਾਕੀ ਲੋਕਾਂ ਬਾਰੇ ਪੁੱਛਿਆ ਕਿ ਉਹ ਕਿਉਂ ਨਹੀਂ ਆਏ? ਤਦ ਉਸ ਸਧਾਰਨ ਵਿਅਕਤੀ ਨੇ ਕੁਝ ਵੀ ਨਾ ਜਾਣਨ ਦੀ ਅਸਮਰਥਤਾ ਪ੍ਰਗਟ ਕੀਤੀ ਤਾਂ ਵਿਦਵਾਨ ਬਹੁਤ ਨਿਰਾਸ਼ ਹੋਇਆ। ਸਾਰੀ ਤਿਆਰੀ ਵਿਅਰਥ ਗਈ।

ਉਹ ਸਧਾਰਨ ਵਿਅਕਤੀ ਪ੍ਰੇਅਰ ਕਰਕੇ ਵਿਹਲਾ ਹੋਇਆ ਤਾਂ ਉਹਨੇ ਇਕ ਬੈਂਚ 'ਤੇ ਵਿਦਵਾਨ ਨੂੰ ਨਿੰਮੋਝੂਣਾ ਹੋਏ ਬੈਠੇ ਦੇਖਿਆ। ਉਹ ਵਿਦਵਾਨ ਦੇ ਕੋਲ ਆਇਆ ਅਤੇ ਪੁੱਛਿਆ ਕਿ ਉਹ ਉਸ ਦੀ ਕੀ ਮਦਦ ਕਰ ਸਕਦਾ ਹੈ। ਤਦ ਉਸ ਵਿਦਵਾਨ ਨੇ ਸਾਰੀ ਗੱਲ ਦੱਸੀ ਅਤੇ ਗਿਲਾ ਕੀਤਾ ਕਿ ਉਸ ਨਾਲ ਕਿੰਨਾ ਧੱਕਾ ਹੋਇਆ ਹੈ।

ਤਦ ਉਸ ਵਿਅਕਤੀ ਨੇ ਕਿਹਾ ਕਿ ਉਹ ਇਕ ਸਧਾਰਨ ਘੋੜਿਆਂ ਦੀ ਸਾਂਭ-ਸੰਭਾਲ ਕਰਨ ਵਾਲਾ ਸਾਈਸ ਹੈ। ਉਸ ਨੂੰ ਬਹੁਤੀਆਂ ਗੱਲਾਂ ਬਾਰੇ ਪਤਾ ਨਹੀਂ। ਇਸ ਲਈ ਉਹ ਹਰ ਸਥਿਤੀ ਨੂੰ ਘੋੜਿਆਂ ਦੀ ਦ੍ਰਿਸ਼ਟੀ ਤੋਂ ਸਮਝਣ ਦੀ ਕੋਸ਼ਿਸ਼ ਕਰ ਸਕਦਾ ਹੈ। ਹੋ ਸਕਦੈ ਕੋਈ ਹੱਲ ਨਿਕਲ ਆਵੇ। ਵਿਦਵਾਨ ਨੂੰ ਕੁਝ ਤਸੱਲੀ ਹੋਈ। ਉਸ ਨੇ ਕਿਹਾ, ਠੀਕ ਹੈ। ਸਮਝ ਕੇ ਦਿਖਾਉ।

'ਦੇਖੋ! ਤੁਸੀਂ ਬਹੁਤ ਸਾਰੇ ਲੋਕਾਂ ਨੂੰ ਭਾਸ਼ਣ ਦੇਣ ਲਈ ਆਏ ਹੋ...ਪਰ ਏਥੇ ਮੈਂ ਇਕੱਲਾ ਹਾਂ, ਜੋ ਸੁਣਨ ਵਾਲਾ ਸਰੋਤਾ ਹੋ ਸਕਦਾ ਹਾਂ।'

'ਹਾਂ ਬਿਲਕੁਲ ਠੀਕ...'

'ਦੇਖੋ! ਸਥਿਤੀ ਇਹ ਹੈ ਕਿ ਮੰਨ ਲਵੋ ਮੈਂ ਇਕ ਅਸਤਬਲ ਵਿਚ ਵੀਹ ਘੋੜਿਆਂ ਦਾ ਚਾਰਾ ਲੈ ਕੇ ਜਾਂਦਾ ਹਾਂ...ਪਰ ਉਥੇ ਜਾਣ 'ਤੇ ਪਤਾ ਲਗਦਾ ਹੈ ਕਿ ਅਸਤਬਲ ਵਿਚ ਤਾਂ ਕੇਵਲ ਇਕੋ ਘੋੜਾ ਹੈ, ਬਾਕੀ ਪਤਾ ਨਹੀਂ ਕਿਥੇ ਗਏ ਹਨ? ਤਾਂ ਕੀ ਮੈਂ ਉਸ ਇਕੱਲੇ ਘੋੜੇ ਨੂੰ ਚਾਰਾ ਨਹੀਂ ਪਾਵਾਂਗਾ? ਜੋ ਉਥੇ ਨਹੀਂ ਹਨ, ਉਨ੍ਹਾਂ ਦੀ ਸਜ਼ਾ, ਜੋ ਉਥੇ ਹੈ, ਉਸ ਨੂੰ ਭੁੱਖਾ ਰੱਖ ਕੇ ਦਿਆਂਗਾ?'

'ਨਹੀਂ...!' ਵਿਦਵਾਨ ਨੇ ਕਿਹਾ।

'ਤਾਂ ਮੈਂ ਜੋ ਇਸ ਵੇਲੇ ਸਰੋਤੇ ਦੇ ਰੂਪ ਵਿਚ ਤੁਹਾਡੇ ਸਾਹਮਣੇ ਹਾਂ, ਉਸ ਨੂੰ ਆਪਣੇ ਭਾਸ਼ਣ ਤੋਂ ਵਾਂਝਾ ਰੱਖੋਗੇ?'

ਵਿਦਵਾਨ ਨੇ ਕਿਹਾ, 'ਠੀਕ ! ਮੈਨੂੰ ਤੇਰੀ ਗੱਲ ਸਮਝ ਆ ਗਈ, ਜੋ ਨਹੀਂ ਹਨ, ਉਨ੍ਹਾਂ ਦੀ ਸਜ਼ਾ ਤੈਨੂੰ ਕਿਉਂ?'

'ਤਾਂ ਸ਼ੁਰੂ ਕਰੋ...ਮੈਂ ਸੁਣਦਾ ਹਾਂ।'

ਵਿਦਵਾਨ ਨੇ ਭਾਸ਼ਣ ਸ਼ੁਰੂ ਕੀਤਾ। ਪਹਿਲਾਂ ਥੋੜ੍ਹੇ ਜਿਹੇ ਘੱਟ ਉਤਸ਼ਾਹ ਨਾਲ... ਅਤੇ ਫਿਰ ਹੌਲੀ ਹੌਲੀ ਪੂਰੇ ਜਲੌਅ ਨਾਲ...। ਸ਼ੁਰੂ ਵਿਚ ਜਿਹੜੇ ਸ਼ਬਦ ਝਿੜਕਦੇ ਸੀ ਸਥਿਰ ਹੋ ਗਏ। ਸ਼ੁਰੂ ਵਿਚ ਜਿਹੜੀ ਆਵਾਜ਼ ਧੀਮੀ ਸੀ, ਸਹਿਜੇ-ਸਹਿਜੇ ਗਿਰਜੇ ਦੇ ਹਾਲ ਵਿਚ ਗੂੰਜਣ ਲੱਗੀ। ਸ਼ੁਰੂ ਵਿਚ ਜਿਹੜੀਆਂ ਕੁਰਸੀਆਂ ਬੈਂਚ ਖਾਲੀ ਦਿਸਦੇ ਸਨ ਭਰੇ-ਭਰੇ ਦਿੱਸਣ ਲੱਗੇ...ਅਚਾਨਕ ਇਹ ਹਾਲਤ ਹੋ ਗਈ ਕਿ ਹਰ ਫ਼ਿਕਰੇ 'ਤੇ ਵਿਦਵਾਨ ਦੇ ਕੰਨਾਂ ਵਿਚ ਤਾੜੀਆਂ ਦੀ ਗੂੰਜਾਰ ਗੂੰਜਣ ਲੱਗੀ, ਉਹ ਭੁੱਲ ਹੀ ਗਿਆ ਕਿ ਹਾਲ ਵਿਚ ਕੇਵਲ ਇਕੋ ਆਦਮੀ ਬੈਠਾ ਸੀ। ਉਹਦੀ ਆਵਾਜ਼ ਹੋਰ ਉੱਚੀ, ਹੋਰ ਉੱਚੀ ਹੁੰਦੀ ਚਲੀ ਗਈ। ਉਹਨੂੰ ਲੱਗਾ ਉਹਦੇ ਸਾਹਮਣੇ ਬਹੁਤ ਸਾਰੇ ਬੁੱਧੀਜੀਵੀ ਬੈਠੇ ਹਨ। ਉਹਦੇ ਮੂੰਹ ਵਿਚੋਂ ਝੱਗ ਡਿੱਗਣ ਲੱਗੀ। ਉਹਦੀਆਂ ਬਾਹਾਂ ਦੀਆਂ ਕੱਛਾਂ ਹੇਠੋਂ ਪਸੀਨਾ ਵਗਣ ਲੱਗਾ ਅਤੇ ਮੱਥਾ ਧਨੁਸ਼ ਵਾਂਗ ਤਣ ਗਿਆ। ਸ਼ਬਦ ਬੰਬਾਂ ਵਾਂਗ ਡਿੱਗਣ ਲੱਗੇ। ਵੱਡੇ-ਵੱਡੇ ਸ਼ਬਦਾਂ ਦੀਆਂ ਪਰਿਭਾਸ਼ਾਵਾਂ ਮਿਜ਼ਾਈਲਾਂ ਵਾਂਗ ਚੱਲਣ ਲੱਗੀਆਂ।

ਅਚਾਨਕ ਵਿਦਵਾਨ ਦੇ ਗਲੇ ਵਿਚ ਪਾਣੀ ਦੀ ਤਲਬ ਹੋਈ, ਉਹ ਰੁਕਿਆ... ਅਤੇ ਉਹਨੂੰ ਯਾਦ ਆਇਆ ਕਿ ਹਾਲ ਵਿਚ ਤਾਂ ਸਿਰਫ਼ ਇਕੋ ਆਦਮੀ ਹੈ।

ਵਿਦਵਾਨ ਕਾਹਲੀ ਨਾਲ ਸਟੇਜ ਤੋਂ ਥੱਲੇ ਉਤਰਿਆ ਅਤੇ ਧਾਹ ਕੇ ਉਸ ਸਾਈਸ ਵੱਲ ਵਧਿਆ।

'ਕੈਸਾ ਲੱਗਾ ਮੇਰਾ ਭਾਸ਼ਣ...?'

ਇਸ ਤੋਂ ਪਹਿਲਾਂ ਕਿ ਉਹ ਸਾਧਾਰਨ ਸਾਈਸ ਕੋਈ ਉਤਰ ਦਿੰਦਾ...ਉਹ ਉੱਚੀ-ਉੱਚੀ ਰੋਣ ਲੱਗਾ।

ਵਿਦਵਾਨ ਹੈਰਾਨ!

ਉਹਨੇ ਸਾਈਸ ਨੂੰ ਝੰਜੋੜ ਕੇ ਪੁੱਛਿਆ...'ਮੂਰਖ! ਤੂੰ ਬਾਅਦ ਵਿਚ ਰੋ ਲਈਂ ਪਹਿਲਾਂ ਮੇਰੇ ਭਾਸ਼ਣ ਬਾਰੇ ਦੱਸ।'

ਸਾਈਸ ਅਚਾਨਕ ਚੁੱਪ ਹੋਇਆ ਅਤੇ ਚੀਕਿਆ!

'ਸੌ ਘੋੜੇ ਦਾ ਚਾਰਾ ਇਕ ਨੂੰ ਖੁਆ ਦਿਓਗੇ ਤਾਂ ਉਹ ਕੁਝ ਬੋਲਣ ਜੋਗਾ ਰਹੇਗਾ?

**ਦੁੰਮ ਛੱਲਾ:**

ਇਕ ਵਿਅਕਤੀ ਨੇ ਦੋਸਤ ਨੂੰ ਪੁੱਛਿਆ, 'ਕੀ ਗੱਲ ਤੂੰ ਅੱਜ ਕੱਲ੍ਹ ਆਪਣੀ ਪਤਨੀ ਦੀ ਤਾਰੀਫ਼ ਕਰਨੀ ਛੱਡ ਦਿੱਤੀ?

'ਨਹੀਂ ਤਾਰੀਫ਼ ਨਹੀਂ, ਕੇਵਲ ਝੂਠ ਬੋਲਣਾ ਛੱਡਿਆ ਹੈ।

000

ਇਕ ਔਰਤ ਆਪਣੀ ਸਹੇਲੀ ਨਾਲ ਥਾਣੇ ਆਪਣੇ ਗੁੰਮ ਹੋਏ ਪਤੀ ਬਾਰੇ ਰਿਪੋਰਟ ਲਿਖਵਾਉਣ ਗਈ।

ਬਾਹਰ ਆਈ ਤਾਂ ਉਹਦੀ ਸਹੇਲੀ ਨੇ ਕਿਹਾ, 'ਨੀਂ ਇਹ ਕੀ ਕੀਤਾ? ਤੂੰ ਪਤੀ ਦਾ ਏਨਾ ਸੁੰਦਰ ਹੁਲੀਆ ਲਿਖਵਾਇਆ, ਜਦ ਕਿ ਉਹ ਤਾਂ ਬਿਲਕੁਲ ਟੁੱਚ ਜਿਹਾ ਸੀ।'

'ਤਾਂ ਕੀ ਐ? ਜੇ ਹੁਣ ਗੁਆਚ ਈ ਗਿਐ ਤਾਂ ਲੱਭ ਤਾਂ ਚੰਗਾ ਲਵਾਂ।'

000

ਮੈਂ ਤੇ ਮੇਰੀ ਪਤਨੀ ਆਪਣੇ ਦੋਸਤ ਸੁਰਿੰਦਰ ਸ਼ਰਮਾ ਦੇ ਘਰ ਗਏ। ਸੁਰਿੰਦਰ ਬੜੇ ਹੱਸਦੇ ਚਿਹਰੇ ਨਾਲ ਮਿਲਿਆ।

'ਭੈਣ ਜੀ ਘਰ ਈ ਨੇ?' 'ਮੇਰੀ ਪਤਨੀ ਨੇ ਪੁੱਛਿਆ।

'ਕਮਾਲ ਐ! ਮੇਰੇ ਚਿਹਰੇ ਤੋਂ ਨਹੀਂ ਪਤਾ ਲੱਗਾ?'

000

ਬੀਵੀ ਬਹੁਤ ਖ਼ੂਬਸੂਰਤ ਅਤੇ ਖਾਵੰਦ ਬਦਸੂਰਤ ਜਿਹਾ ਸੀ। ਕਿਸੇ ਤੀਵੀਂ ਨੇ ਪੁੱਛਿਆ, 'ਭੈਣੇ! ਕਿਤੇ ਬਾਹਰ-ਅੰਦਰ ਜਾਣ ਵੇਲੇ ਕੋਈ ਦਿੱਕਤ ਤਾਂ ਨੀਂ ਆਉਂਦੀ?'

'ਬਿਲਕੁਲ ਨਹੀਂ'

'ਕਿਵੇਂ ਅਡਜਸਟ ਕਰਦੀ ਐਂ?'

'ਕਰਨਾ ਕੀ ਐ ਜਿਥੇ ਖ਼ੁਸ਼ੀ ਦਾ ਕੰਮ ਹੋਵੇ ਉਥੇ ਆਪ ਚਲੇ ਜਾਈਦੈ, ਜਿਥੇ ਮਰਨਾ-ਪਰਨਾ ਹੋਵੇ, ਇਨ੍ਹਾਂ ਨੂੰ ਘੱਲ ਦੇਈਦੈ।'

## ਪੁਰਾਣਾ ਸ਼ਹਿਦ

***ਹਜ਼ਾਰਾਂ ਗੁੰਮਨਾਮ ਸੂਰਮਿਆਂ ਦੀਆਂ ਬਹੁਤ ਹੀ ਦਿਲਚਸਪ ਅਣਲਿਖੀਆਂ ਕਹਾਣੀਆਂ (ਜਿਨ੍ਹਾਂ ਵਿਚ ਸਿੱਖਿਆ ਵੀ ਹੈ, ਇਤਿਹਾਸ ਵੀ ਤੇ ਸਾਹਿਤ ਵੀ) ਨੂੰ ਪਾਠਕਾਂ ਤਕ ਪੁਜਦਾ ਕਰਨ ਲਈ ਅਸੀਂ ਇਹ ਨਵਾਂ ਕਾਲਮ 'ਪੁਰਾਣਾ ਸ਼ਹਿਦ' ਸ਼ੁਰੂ ਕਰਨ ਜਾ ਰਹੇ ਹਾਂ। ਸਾਨੂੰ ਆਸ ਹੈ ਕਿ ਪਾਠਕਾਂ ਵਲੋਂ ਭਰਪੂਰ ਹੁੰਗਾਰਾ ਮਿਲੇਗਾ। -ਸੰਪਾਦਕ***

## ਅੰਤਰਰਾਸ਼ਟਰੀ ਮਜ਼ਦੂਰ ਦਿਵਸ

*(ਪਿਛਲੇ ਸਫੇ ਦਾ ਬਾਕੀ)*

ਵੀ ਕਰਨਾ ਪੈਂਦਾ ਸੀ। ਉਨ੍ਹਾਂ ਨੂੰ ਕਈ ਵਾਰ ਡਰਾਇਆ ਧਮਕਾਇਆ ਵੀ ਗਿਆ। ਫਾਂਸੀ 'ਤੇ ਲਟਕਾਏ ਜਾਣ ਕਾਰਨ ਮਾਰੇ ਗਏ ਅਲਬਰਟ ਪਾਰਸਨ ਦੀ ਪਤਨੀ ਲੂਸੀ ਪਾਰਸਨ ਕੋਲ ਕਫ਼ਾਈ ਕੀਤਾ ਹੋਇਆ ਲਾਲ ਰੰਗ ਦਾ ਝੰਡਾ ਸੀ, ਜਿਹੜਾ ਰੋਸ ਪ੍ਰਦਰਸ਼ਨ ਦੌਰਾਨ ਉਹ ਹਮੇਸ਼ਾਂ ਆਪਣੇ ਕੋਲ ਹੀ ਰੱਖਦੀ ਸੀ। ਉਸ ਵਿਚ ਆਪਣੇ ਪਤੀ ਦੀ ਦੇਹ ਨੂੰ ਉਸਨੇ ਚੰਗੀ ਤਰ੍ਹਾਂ ਲਪੇਟ ਦਿੱਤਾ। ਭਾਵੇਂ ਮੇਅਰ ਨੇ ਅੰਤਿਮ ਯਾਤਰਾ ਦੌਰਾਨ ਕਿਸੇ ਵੀ ਲਾਲ ਰੰਗ ਜਾਂ ਲਾਲ ਰੰਗ ਦੇ ਝੰਡੇ ਦੀ ਵਰਤੋਂ ਕਰਨ ਤੋਂ ਗੁਰੇਜ਼ ਕਰਨ ਲਈ ਹੁਕਮ ਦਿੱਤੇ ਸਨ, ਪਰ ਉਹ ਦ੍ਰਿੜ੍ਹ ਸੀ ਕਿ ਇਹ ਲਾਲ ਰੰਗ ਦਾ ਝੰਡਾ ਤਾਂ ਉਸਦੇ ਪਤੀ ਦੀ ਕਬਰ ਤੱਕ ਨਿਸ਼ਚਿਤ ਤੌਰ 'ਤੇ ਜਾਵੇਗਾ ਹੀ। ਇਹ ਅੰਤਿਮ ਯਾਤਰਾ 1,25,000 ਦੇ ਕਰੀਬ ਮਜ਼ਦੂਰਾਂ ਨਾਲ ਸ਼ਾਂਤਮਈ ਢੰਗ ਨਾਲ ਸ਼ਿਕਾਗੋ ਦੀਆਂ ਗਲੀਆਂ ਵਿਚੋਂ ਨਿਕਲੀ। ਇਸ ਤੋਂ ਬਾਅਦ ਲੂਸੀ ਪਾਰਸਨ ਨੇ ਆਪਣੀਆਂ ਸਹਿਯੋਗੀ ਔਰਤ ਵਰਕਰਾਂ ਦੀ ਸਹਾਇਤਾ ਨਾਲ 1887 ਵਿਚ ਅਲਬਰਟ ਦੀ ਕਿਤਾਬ ਵੀ ਛਪਵਾਈ ਜਿਸ ਦੀਆਂ 300 ਕਾਪੀਆਂ ਵੰਡੀਆਂ ਗਈਆਂ। ਪਰ ਬਾਕੀਆਂ ਨੂੰ ਪੁਲਿਸ ਨੇ ਜ਼ਬਤ ਕਰ ਲਿਆ।

ਹੇਮਾਰਕੀਟ ਸਾਕੇ ਦੌਰਾਨ ਹੋਏ ਮਜ਼ਦੂਰਾਂ ਦੇ ਜਾਨੀ ਨੁਕਸਾਨ ਦੇ ਮੱਦੇਨਜ਼ਰ ਹੀ ਮਈ ਦਿਵਸ ਵਾਲੇ ਦਿਨ ਮਜ਼ਦੂਰ ਸਭਾਵਾਂ, ਜਲਸੇ, ਕਾਨਫਰੰਸਾਂ ਕਰਦੇ ਹਨ। ਇਸ ਸਾਕੇ ਤੋਂ ਪਹਿਲਾਂ ਅਤੇ ਤੁਰੰਤ ਬਾਅਦ ਵਿਚ ਔਰਤਾਂ ਦੁਆਰਾ ਨਿਭਾਈ ਭੂਮਿਕਾ ਅਤੇ ਯੋਗਦਾਨ ਨੂੰ ਵੀ ਸਲਾਮ ਕੀਤਾ ਜਾਂਦਾ ਹੈ, ਜਿਨ੍ਹਾਂ ਨੇ ਆਪਣੇ ਸਾਰੇ ਦੇ ਸਾਰੇ ਪਰਿਵਾਰ ਨੂੰ ਮਜ਼ਦੂਰ ਹਿੱਤਾਂ ਦੀ ਪ੍ਰਾਪਤੀ ਵਾਸਤੇ ਕੁਰਬਾਨ ਕਰ ਦਿੱਤਾ। ਇਨ੍ਹਾਂ ਵਿਚੋਂ ਕੁਝ ਆਪਣੇ ਨਾਲ ਹੋਏ ਸਮਾਜਿਕ ਅਨਿਆਂ ਵਿਰੁੱਧ ਬਾਅਦ ਵਿਚ ਵੀ ਲੜਦੀਆਂ ਰਹੀਆਂ ਹਨ। ਇਹ ਔਰਤਾਂ ਦੇ ਅਣਥੱਕ ਯਤਨਾਂ ਦਾ ਨਤੀਜਾ ਹੀ ਸੀ ਕਿ ਉਹ ਆਪਣੇ ਰੁਜ਼ਗਾਰ ਨਾਲ ਸੰਬੰਧਿਤ ਮੰਗਾਂ ਨੂੰ ਮਨਵਾਉਣ ਵਿਚ ਕਾਮਯਾਬ ਹੋਈਆਂ ਜਿਵੇਂ ਕੰਮ ਦੇ ਪ੍ਰਤੀ ਦਿਨ ਨਿਸ਼ਚਿਤ ਅੱਠ ਘੰਟੇ, ਛੁੱਟੀਆਂ ਦੇ ਦਿਨ, ਕੰਮ ਕਰਨ ਲਈ ਸੁਰੱਖਿਆ ਸਮੱਗਰੀ ਪ੍ਰਦਾਨ ਕਰਨਾ, ਔਰਤਾਂ ਲਈ ਵੱਖਰੇ ਵਾਸ਼ਰੂਮ, ਰਾਤ ਦੀਆਂ ਸ਼ਿਫਟਾਂ ਵਿਚ ਕੰਮ ਕਰਨ ਵਾਲੀਆਂ ਔਰਤਾਂ ਲਈ ਟ੍ਰਾਂਸਪੋਰਟ ਸੁਵਿਧਾ, ਸੁਰੱਖਿਅਤ ਕੰਮ ਕਾਜ ਦੇ ਹਾਲਾਤ, ਬਰਾਬਰ ਕੰਮ ਬਦਲੇ ਬਰਾਬਰ ਤਨਖਾਹ ਅਤੇ ਉਜਰਤਾਂ, ਅਤੇ ਕੰਮ ਬਦਲੇ ਹੋਣ ਵਾਲੀਆਂ ਮਰਦ-ਔਰਤਾਂ ਨੂੰ ਅਦਾਇਗੀਆਂ ਵਿਚਲੇ ਪਾੜੇ ਨੂੰ ਖ਼ਤਮ ਕਰਨਾ ਆਦਿ। ਉਨ੍ਹਾਂ ਨੇ ਕੰਮ ਦੌਰਾਨ ਮਾਲਕਾਂ ਦੁਆਰਾ ਆਪਣੇ ਹੀ ਮਜ਼ਦੂਰਾਂ ਉਪਰ ਕੀਤੇ ਜਾਂਦੇ ਸ਼ੋਸ਼ਣ ਖ਼ਿਲਾਫ਼ ਵੀ ਆਵਾਜ਼ ਉਠਾਈ। ਇਹ ਵੀ ਨਿਸ਼ਚਿਤ ਕੀਤਾ ਗਿਆ ਕਿ ਕਿਸੇ ਵੀ ਪ੍ਰਕਾਰ ਦਾ ਲਿੰਗ ਅਧਾਰਤ ਵਿਤਕਰਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਆਪਣੇ ਹੱਕਾਂ ਦੀ ਪ੍ਰਾਪਤੀ ਵਾਸਤੇ ਸੰਘਰਸ਼ ਕਰਨ ਦਾ ਰੁਝਾਨ ਬਾਅਦ ਵਿਚ ਵੀ ਚੱਲਦਾ ਆ ਰਿਹਾ ਹੈ। ਇਨ੍ਹਾਂ ਸੰਘਰਸ਼ਾਂ ਦਾ ਹੀ ਨਤੀਜਾ ਹੈ ਕਿ ਜਦੋਂ 1911 ਵਿਚ ਨਿਊਯਾਰਕ ਦੀ ਸ਼ਰਟਵੇਸਟ ਫੈਕਟਰੀ ਵਿਚ ਭਿਆਨਕ ਅੱਗ ਲੱਗ ਗਈ ਸੀ ਤੇ ਸੁਰੱਖਿਆ ਪ੍ਰਬੰਧਾਂ ਦੀ ਅਣਹੋਂਦ ਕਾਰਨ 150 ਦੇ ਕਰੀਬ ਔਰਤ ਮਜ਼ਦੂਰ ਝੁਲਸ ਗਈਆਂ ਸਨ ਤਾਂ 1913 ਵਿਚ ਲੇਬਰ ਵਿਭਾਗ ਹੋਂਦ ਵਿਚ ਆਇਆ। ਇਸ ਦਾ ਮੁੱਖ ਕਾਰਜ ਅਮਰੀਕਾ ਦੀ ਸਰਕਾਰ ਨੂੰ ਮਜ਼ਦੂਰਾਂ ਨੂੰ ਦਰਪੇਸ਼ ਮੁਸ਼ਕਲਾਂ ਤੋਂ ਜਾਣੂ ਕਰਵਾਉਣਾ ਸੀ। ਮਜ਼ਦੂਰ ਔਰਤਾਂ ਦੇ ਕਾਨੂੰਨੀ ਅਧਿਕਾਰਾਂ ਦੀ ਸੁਰੱਖਿਆ ਵਾਸਤੇ ਅਮਰੀਕਾ ਦੀ ਕਾਂਗਰਸ ਦੁਆਰਾ ਲੇਬਰ ਵੂਮੈਨ ਬਿਊਰੋ ਵਿਭਾਗ ਦੀ ਸਥਾਪਨਾ 1913 ਵਿਚ ਕੀਤੀ ਗਈ। 1920 ਵਿਚ ਸੰਵਿਧਾਨਕ ਸੋਧ ਕਰਨ ਉਪਰੰਤ ਔਰਤਾਂ ਨੂੰ ਵੋਟ ਪਾਉਣ ਦਾ ਅਧਿਕਾਰ ਮਿਲਿਆ। ਉਥੋਂ ਦੀ ਸੁਪਰੀਮ ਕੋਰਟ ਨੇ ਔਰਤਾਂ ਨੂੰ ਮਜ਼ਦੂਰ ਯੂਨੀਅਨ ਵਿਚ ਸ਼ਮੂਲੀਅਤ ਕਰਨ ਵਾਸਤੇ ਅਤੇ ਵੱਖਰੀਆਂ ਯੂਨੀਅਨਾਂ ਬਣਾਉਣ ਦਾ ਅਧਿਕਾਰ ਵੀ ਦਿੱਤਾ।

ਮਜ਼ਦੂਰ ਦਿਵਸ ਤੋਂ ਸਬਕ ਲੈਂਦਿਆਂ ਅੱਜ ਸਾਰੀਆਂ ਜਾਗਰੂਕ ਜਥੇਬੰਦੀਆਂ, ਸੰਸਥਾਵਾਂ ਅਤੇ ਖਾਸ ਤੌਰ 'ਤੇ ਔਰਤ ਜਥੇਬੰਦੀਆਂ ਨੂੰ ਗੁਜ਼ਾਰਿਸ਼ ਹੈ ਕਿ ਆਪਣੇ ਹੱਕਾਂ ਦੀ ਪ੍ਰਾਪਤੀ ਵਾਸਤੇ ਸਾਂਝੇ ਤੌਰ 'ਤੇ ਕਦਮ ਚੁੱਕਣ। ਆਓ ਪ੍ਰਣ ਕਰੀਏ ਕਿ ਅੱਜ ਤੋਂ ਬਾਅਦ ਜਿਹੜੇ ਵੀ ਸੰਘਰਸ਼ ਜਾਂ ਅੰਦੋਲਨ ਕੀਤੇ ਜਾਣਗੇ ਉਹ ਕਿਸੇ ਖਾਸ ਹੁਕਮਰਾਨ ਪਾਰਟੀ ਦੇ ਇਸ਼ਾਰਿਆਂ 'ਤੇ ਨਹੀਂ ਹੋਣਗੇ ਅਤੇ ਨਾ ਹੀ ਫ਼ਿਰਕੂ ਫਸਾਦਾਂ ਨੂੰ ਭੜਕਾਉਣ ਲਈ। ਭਾਵੇਂ ਇਹ ਸੰਘਰਸ਼ ਅਧਿਆਪਕ ਜਥੇਬੰਦੀਆਂ ਕਰ ਰਹੀਆਂ ਹੋਣ ਤੇ ਭਾਵੇਂ ਡਾਕਟਰ, ਵਕੀਲ, ਕਿਸਾਨ ਜਥੇਬੰਦੀਆਂ ਜਾਂ ਕੋਈ ਹੋਰ। ਸਹੀ ਮੰਗਾਂ ਦੀ ਨਿਸ਼ਾਨਦੇਹੀ ਕਰਨ ਉਪਰੰਤ ਹੱਕਾਂ ਦੀ ਪ੍ਰਾਪਤੀ ਲਈ ਮਨਾਹੀ ਹੋਣ ਉਪਰੰਤ ਹੀ ਸੰਘਰਸ਼ ਦੇ ਰਾਹ 'ਤੇ ਤੁਰਿਆ ਜਾਵੇ। ਮਨੁੱਖਾਂ ਦੇ ਜਾਨੀ ਨੁਕਸਾਨ ਹੋਣ ਤੋਂ ਹਰ ਪ੍ਰਕਾਰ ਦਾ ਗੁਰੇਜ਼ ਕੀਤਾ ਜਾਵੇ। ਇਹੀ ਮਈ ਦਿਵਸ ਦੇ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

## ਮਈ ਦਿਵਸ ਦੇ ਮਹਾਨ ਸ਼ਹੀਦੋ...

ਦੁਨੀਆਂ ਭਰ ਦੇ ਕਾਮੇ ਤੁਹਾਨੂੰ,
ਆਪਣਾ ਸੀਸ ਝੁਕਾਉਂਦੇ ਨੇ।
ਮਈ ਦਿਵਸ ਦੇ ਮਹਾਨ ਸ਼ਹੀਦੋ,
ਤੁਹਾਡੇ ਗੁਣ ਪਏ ਗਾਉਂਦੇ ਨੇ।
ਪਸ਼ੂਆਂ ਵਾਂਗੂ ਮਾਲਕ ਤੁਹਾਨੂੰ,
ਦਿਨ ਰਾਤ ਪਹਿਲਾਂ ਵਾਹੁੰਦੇ ਸੀ।
ਆਪਣੀ ਮਰਜ਼ੀ ਦੀ ਮਜ਼ਦੂਰੀ,
ਤੁਹਾਡੇ ਪੱਲੇ ਪਾਉਂਦੇ ਸੀ।
ਜ਼ਾਲਮ ਜ਼ੁਲਮ ਕਰਕੇ ਹੱਥੀਂ,
ਸੁੱਤੀਆਂ ਜ਼ਮੀਰਾਂ ਜਗਾਉਂਦੇ ਨੇ।
ਮਹਾਨ ਸ਼ਹੀਦੋ...।

ਹੱਕ ਸੱਚ ਇਨਸਾਫ ਦੇ ਲਈ,
ਤੁਹਾਡੀ ਜਾਗੀ ਸੀ ਜਦੋਂ ਜ਼ਮੀਰ।
ਸਰਕਾਰ ਨੂੰ ਸੀ ਕੰਬਣੀ ਛੇੜੀ,
ਤੁਸਾਂ ਦਿੱਤੀ ਸੀ ਖਿੱਚ ਲਕੀਰ।
ਗਿੱਦੜ ਜਦੋਂ ਵੀ ਕਲੋਲਾਂ ਕਰਦੇ,
ਸ਼ੇਰ ਫਿਰ ਸਬਕ ਸਿਖਾਉਂਦੇ ਨੇ।
ਮਹਾਨ ਸ਼ਹੀਦੋ...।

ਘੰਟੇ ਘਟਾਉਣ ਦੀ ਜੋ ਗੱਲ,
ਪਹਿਲਾਂ ਸੁਣਨ ਨੂੰ ਨਾ ਸੀ ਤਿਆਰ।
ਹਫਤਾ ਵਾਰੀ ਛੁੱਟੀ ਵੀ ਕਹਿੰਦੇ,
ਸਾਡੇ ਨਾਹੀਂ ਇਹ ਅਖ਼ਤਿਆਰ।
ਹੰਕਾਰ ਦਾ ਭਾਂਡਾ ਚੁਰਸਤੇ ਭੰਨ,
ਯੋਧੇ ਫਿਰ ਈਨ ਮਨਾਉਂਦੇ ਨੇ।
ਮਹਾਨ ਸ਼ਹੀਦੋ...।
ਤਨਖਾਹਾਂ ਵਧਾਉਣ ਦੀ ਵੀ ਗੱਲ,
ਜੋ ਗੱਲੀਂ-ਬਾਤੀਂ ਟਾਲਦੇ ਸੀ।
ਸਾਰਾ ਕੰਮ ਹੀ ਮੁਫਤ ਦੇ ਵਿਚ,
ਜਰਬਾਣੇ ਤੁਹਾਥੋਂ ਭਾਲਦੇ ਸੀ।
ਉਹ ਤਾਂ ਤੁਹਾਨੂੰ ਸਮਝਦੇ ਸਨ,
ਇਹ ਸਾਡੇ ਲਈ ਕਮਾਉਂਦੇ ਨੇ।
ਮਾਹਨ ਸ਼ਹੀਦੋ...।

ਤੁਹਾਡੇ ਰੋਸ ਮੁਜ਼ਾਹਰੇ ਦੇ ਉੱਤੇ,
ਸਰਕਾਰ ਨੇ ਗੋਲੀ ਚਲਾਈ ਸੀ।
ਆਪਣੇ ਜਾਣੇ ਤਾਂ ਤੁਹਾਡੀ ਆਵਾਜ਼,
ਗੋਲੀ ਦੇ ਨਾਲ ਦਬਾਈ ਸੀ।
ਇਹ ਨ੍ਹੀਂ ਪਤਾ ਸੀ ਗੇਂਦ ਵਾਂਗਰਾਂ,
ਦੱਬਿਆਂ ਉਪਰ ਆਉਂਦੇ ਨੇ।
ਮਾਹਨ ਸ਼ਹੀਦੋ...।

ਗੋਲੀਆਂ ਸਾਹਮਣੇ ਖੜ੍ਹ ਕੇ ਤੁਸਾਂ,
ਛਾਤੀ ਛਲਨੀ ਕਰਵਾਈ ਸੀ।
ਉਸਦੇ ਸਦਕਾ ਤੁਸਾਂ ਨੇ ਸ਼ੇਰੋ,
ਕਾਮਿਆਂ ਨੂੰ ਰਾਹਤ ਦਵਾਈ ਸੀ।
ਤੁਹਾਡੇ ਪਾਏ ਪੂਰਨਿਆਂ ਉੱਤੇ,
ਮਜ਼ਦੂਰ ਵੀ ਪੈਰ ਟਿਕਾਉਂਦੇ ਨੇ।
ਮਾਹਨ ਸ਼ਹੀਦੋ...।
ਉਂਝ ਤਾਂ ਅੱਜ ਦੇ ਦਿਨ ਤੁਹਾਨੂੰ,
ਸਾਰਾ ਸੰਸਾਰ ਯਾਦ ਕਰਦਾ ਹੈ।
ਪਰ 'ਅਮਰੀਕ' ਦੇ ਦਿਲ ਵਿਚ,
ਤੁਹਾਡੇ ਲਈ ਵੱਖਰੀ ਸ਼ਰਧਾ ਹੈ।
'ਤਲਵੰਡੀ' ਵਾਂਗਰ ਲੱਖਾਂ ਲੋਕੀਂ,
ਆਪਣਾ ਫਰਜ਼ ਨਿਭਾਉਂਦੇ ਨੇ।
ਮਈ ਦਿਵਸ ਦੇ ਮਹਾਨ ਸ਼ਹੀਦੋ...।

***-ਅਮਰੀਕ ਸਿੰਘ ਤਲਵੰਡੀ ਕਲਾਂ***
***ਫੋਨ: 94635-42896***

# ਦੋਸਤੀ ਮੁੱਖ ਮੰਤਰੀ ਅਤੇ ਜਾਸੂਸ ਦੀ

ਇਹ ਘਟਨਾ 12 ਫਰਵਰੀ 2020 ਦੀ ਹੈ। ਨੈਸ਼ਨਲ ਕਾਨਫਰੰਸ ਦੇ ਮੁਖੀ ਤੇ ਸਰਪ੍ਰਸਤ ਡਾ. ਫਾਰੂਕ ਅਬਦੁੱਲਾ ਗੁਪਕਰ, ਸ੍ਰੀਨਗਰ ਵਿਚਲੇ ਆਪਣੇ ਨਿਵਾਸ ਵਿਚ ਨਜ਼ਰਬੰਦ ਸਨ। ਸੁਰੱਖਿਆ ਬਲਾਂ ਦੀਆਂ ਗੱਡੀਆਂ ਤੇ ਕੁਝ ਜਵਾਨਾਂ ਦੀ ਮੌਜੂਦਗੀ ਤੋਂ ਬਿਨਾਂ ਪੂਰੀ ਬੇਰੌਣਕੀ ਸੀ ਉਸ ਇਲਾਕੇ ਵਿਚ। ਅਚਾਨਕ ਇੱਕ ਸਰਕਾਰੀ ਗੱਡੀ ਉਥੇ ਪਹੁੰਚੀ। ਡਾ. ਫਾਰੂਕ ਦੇ ਨਿਵਾਸ ਦੇ ਗੇਟ 'ਤੇ ਤਾਇਨਾਤ ਦੋ ਸੁਰੱਖਿਆ ਜਵਾਨਾਂ ਨੂੰ ਕਿਹਾ ਗਿਆ ਕਿ ਉਹ 'ਡਾਕਟਰ ਸਾਹਿਬ' ਨੂੰ ਦੱਸਣ ਕਿ ਦਿੱਲੀ ਤੋਂ ਕੋਈ ਦੋਸਤ ਉਨ੍ਹਾਂ ਨੂੰ ਮਿਲਣ ਆਇਆ ਹੈ। ਡਾਕਟਰ ਸਾਹਿਬ ਝੱਟ ਸਮਝ ਗਏ ਕਿ ਕੌਣ ਆਇਆ ਹੈ। ਇਹ ਵੀ ਭਾਂਪ ਗਏ ਕਿ ਕਿਉਂ ਆਇਆ ਹੈ। ਇਹ ਦੋਸਤ ਸੀ ਅਮਰਜੀਤ ਸਿੰਘ ਦੁੱਲਟ। ਭਾਰਤੀ ਖ਼ੁਫ਼ੀਆ ਏਜੰਸੀ 'ਰਿਸਰਚ ਐਂਡ ਐਨੇਲਾਇਸਿਜ਼ ਵਿੰਗ' (ਰਾਅ) ਦਾ ਸਾਬਕਾ ਮੁਖੀ ਜੋ ਬਾਅਦ ਵਿਚ ਲੰਮਾ ਸਮਾਂ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦਾ ਕਸ਼ਮੀਰ ਬਾਰੇ ਸਲਾਹਕਾਰ ਵੀ ਰਿਹਾ। ਦਿੱਲੀ ਵਿਚ ਬਹੁਤ ਲੋਕ ਹਨ ਜੋ ਡਾ. ਫਾਰੂਕ ਦੇ ਦੋਸਤਾਂ ਵਜੋਂ ਜਾਣੇ ਜਾਂਦੇ ਹਨ। ਪਰ ਨਜ਼ਰਬੰਦੀ ਦੌਰਾਨ ਸਿਰਫ਼ ਉਹੀ ਦੋਸਤ ਉਨ੍ਹਾਂ ਨੂੰ ਮਿਲਣ ਆ ਸਕਦਾ ਸੀ ਜਿਸ ਨੂੰ ਸਰਕਾਰ ਨੇ ਕੋਈ ਜ਼ਿੰਮੇਵਾਰੀ ਸੌਂਪੀ ਹੋਵੇ।



**ਸੁਰਿੰਦਰ ਸਿੰਘ ਤੇਜ**
ਫੋਨ: +91-98555-01488

ਡਾ. ਫਾਰੂਕ ਦੀ ਸੁਰੱਖਿਆ ਦਾ ਇੰਚਾਰਜ ਐੱਸ.ਪੀ., ਸ੍ਰੀ ਦੁੱਲਟ ਨੂੰ ਅੰਦਰ ਲੈ ਗਿਆ। ਲੰਚ ਦਾ ਸਮਾਂ ਹੋਣ ਵਾਲਾ ਸੀ। ਪਰਿਵਾਰ ਨੇ ਥੋੜ੍ਹਾ ਬਹੁਤ ਖਾਣਾ ਬਣਾਇਆ ਹੋਇਆ ਸੀ। ਖੁੰਬਾਂ ਤੇ ਸ਼ਤਾਵਰੀ (ਐਸਪੈਰੇਗਸ) ਦੀ ਸਬਜ਼ੀ ਤੇ ਇੱਕ ਦਾਲ। ਸ਼ੁੱਧ ਸ਼ਾਕਾਹਾਰੀ ਲੰਚ। ਡਾ. ਫਾਰੂਕ ਦੀ ਪਤਨੀ ਮੌਲੀ ਨੇ ਮੁਆਫ਼ੀਨੁਮਾ ਲਹਿਜੇ ਵਿਚ ਕਿਹਾ: "ਘਰ ਵਿਚ ਬਸ ਇਹੋ ਕੁਝ ਪਿਆ ਸੀ।" ਡਾਕਟਰ ਸਾਹਿਬ ਦੇ ਘਰ ਸ਼ਾਕਾਹਾਰੀ ਲੰਚ ਖਾਣ ਦਾ ਸ੍ਰੀ ਦੁੱਲਟ ਦਾ ਸ਼ਾਇਦ ਇਹ ਪਹਿਲਾ ਤਜਰਬਾ ਸੀ। ਲੰਚ ਦੌਰਾਨ ਹੀ ਉਨ੍ਹਾਂ ਨੇ ਆਪਣੀ ਆਮਦ ਦੀ ਵਜ੍ਹਾ ਬਿਆਨ ਕਰ ਦਿੱਤੀ, ਬਿਨਾਂ ਲੱਗ-ਲਪੇਟ ਦੇ: "ਦਿੱਲੀ ਚਾਹੁੰਦੀ ਏ ਕਿ ਡਾਕਟਰ ਸਾਹਿਬ ਉਸ ਦਾ ਸਾਥ ਦੇਣ।" "ਕਿਵੇਂ?" ਡਾਕਟਰ ਸਾਹਿਬ ਨੇ ਪੁੱਛਿਆ। "ਦੋ ਤਰ੍ਹਾਂ ਨਾਲ। ਪਹਿਲਾ, ਕਸ਼ਮੀਰ ਦੇ ਵਿਸ਼ੇਸ਼ ਦਰਜੇ ਬਾਰੇ ਸੰਵਿਧਾਨ ਦੀ ਧਾਰਾ 370 ਦੇ ਖ਼ਾਤਮੇ ਨੂੰ ਦਰੁਸਤ ਦੱਸ ਕੇ ਅਤੇ ਦੂਜਾ, ਕਸ਼ਮੀਰੀਆਂ ਨੂੰ ਕਿਸੇ ਵੀ ਕਿਸਮ ਦੀ ਹਿੰਸਕ ਕਾਰਵਾਈ ਤੋਂ ਗੁਰੇਜ਼ ਕਰਨ ਦਾ ਸੱਦਾ ਦੇ ਕੇ।" ਡਾ. ਫਾਰੂਕ ਨੇ ਦੋਵੇਂ ਗੱਲਾਂ ਰੱਦ ਕਰ ਦਿੱਤੀਆਂ। ਉਨ੍ਹਾਂ ਦਾ ਕਹਿਣਾ ਸੀ ਕਿ ਉਹ ਸਮੇਂ ਤੋਂ ਪਹਿਲਾਂ ਆਪਣੀ ਸਿਆਸੀ ਮੌਤ ਨਹੀਂ ਸੀ ਚਾਹੁੰਦੇ। ਦੁੱਲਟ ਨੂੰ ਇਸੇ ਜਵਾਬ ਦੀ ਪਹਿਲਾਂ ਹੀ ਤਵੱਕੋ ਸੀ। ਉਹ ਸਤੰਬਰ 2019 ਵਿਚ ਧਾਰਾ 370 ਹਟਾਏ ਜਾਣ ਅਤੇ ਇਸ ਤੋਂ ਬਾਅਦ ਵਾਪਰੇ ਘਟਨਾਕ੍ਰਮ ਤੋਂ ਖ਼ੁਦ ਵੀ ਨਾਖ਼ੁਸ਼ ਸਨ। ਪਰ ਉਹ ਦਿੱਲੀ ਦਰਬਾਰ ਦਾ ਹੁਕਮ ਵੀ ਨਹੀਂ ਸਨ ਟਾਲ ਸਕਦੇ। ਉਂਜ ਵੀ, ਡਾਕਟਰ ਸਾਹਿਬ ਨੂੰ ਮਿਲਣ ਦਾ ਮੌਕਾ ਉਹ ਨਹੀਂ ਸਨ ਗੁਆਉਣਾ ਚਾਹੁੰਦੇ।

ਖ਼ੈਰ, ਜੋ ਕੁਝ ਵੀ ਵਾਪਰਿਆ, ਉਹ ਡਾ. ਫਾਰੂਕ ਅਬਦੁੱਲਾ ਲਈ ਬਹੁਤਾ ਚੰਗਾ ਨਹੀਂ ਰਿਹਾ। ਦਿੱਲੀ ਦੇ ਦੂਤ ਦੀ ਡਾ. ਫਾਰੂਕ ਨਾਲ ਮੁਲਾਕਾਤ ਦੀ ਖ਼ਬਰ ਮੀਡੀਆ ਤੱਕ ਪਹੁੰਚ ਗਈ। ਨੈਸ਼ਨਲ ਕਾਨਫਰੰਸ ਤੇ ਮੋਦੀ ਸਰਕਾਰ ਦਰਮਿਆਨ 'ਸੌਦੇਬਾਜ਼ੀ' ਦੇ ਕਿੱਸੇ ਫਿਜ਼ਾ ਵਿਚ ਤੈਰਨ ਲੱਗੇ। ਇਸ ਨੇ ਕਸ਼ਮੀਰੀਆਂ ਦੀਆਂ ਨਜ਼ਰਾਂ ਵਿਚ ਡਾ. ਫਾਰੂਕ ਦੇ ਅਕਸ 'ਚ ਚਿੱਬ ਪਾ ਦਿੱਤੇ; ਉਹ ਵੀ ਬਿਨਾਂ ਕਿਸੇ ਕਸੂਰ ਦੇ।

* * *

ਉਪਰੋਕਤ ਬਿਰਤਾਂਤ ਅਮਰਜੀਤ ਸਿੰਘ ਦੁੱਲਟ ਦੀ ਨਵੀਂ ਕਿਤਾਬ 'ਦਿ ਚੀਫ਼ ਮਿਨਿਸਟਰ ਐਂਡ ਦਿ ਸਪਾਈ' (ਮੁੱਖ ਮੰਤਰੀ ਅਤੇ ਜਾਸੂਸ ਦੀ ਅਣਕਿਆਸੀ ਦੋਸਤੀ; ਜਗਰਨੌਟ ਬੁੱਕਸ; 289 ਪੰਨੇ; 799 ਰੁਪਏ) ਦੇ ਇੱਕ ਅਧਿਆਇ ਦਾ ਸਾਰ-ਅੰਸ਼ ਹੈ। ਖ਼ੂਬ ਚਰਚਾ ਵਿਚ ਹੈ ਇਹ ਕਿਤਾਬ; ਡਾਕਟਰ ਫਾਰੂਕ ਅਬਦੁੱਲਾ ਵੱਲੋਂ ਇਸ ਨਾਲੋਂ ਨਾਤਾ ਤੋੜਨ ਕਰ ਕੇ ਅਤੇ ਦੁੱਲਟ ਉਪਰ 'ਦੋਸਤ, ਦੋਸਤ ਨਾ ਰਹਾ' ਵਾਲੇ ਦੋਸ਼ ਲਾਉਣ ਕਰ ਕੇ। ਦੁੱਲਟ ਖ਼ੁਦ ਨੂੰ ਬੇਕਸੂਰ ਦੱਸਦੇ ਹਨ। ਉਨ੍ਹਾਂ ਦਾ ਦਾਅਵਾ ਹੈ ਕਿ ਕਿਤਾਬ, ਡਾਕਟਰ ਸਾਹਿਬ ਨਾਲ ਪੂਰੀ ਵਫ਼ਾਈ ਕਰਦੀ ਹੈ। ਕਿਤਾਬ ਦੇ ਜਿਸ ਇੱਕ ਪੈਰੇ ਦਾ ਹਵਾਲਾ ਦੇ ਕੇ ਇੱਕ ਮੀਡੀਆ ਮੰਚ ਨੇ ਇਹ ਪ੍ਰਭਾਵ ਪੈਦਾ ਕੀਤਾ ਕਿ ਅਬਦੁੱਲਾ ਬਾਪ-ਬੇਟੇ (ਫਾਰੂਕ ਤੇ ਉਮਰ) ਨੂੰ ਧਾਰਾ 370 ਹਟਾਉਣ ਦੇ ਫ਼ੈਸਲੇ ਦੀ ਪਹਿਲਾਂ ਹੀ ਜਾਣਕਾਰੀ ਸੀ ਅਤੇ ਉਨ੍ਹਾਂ ਦੀ ਸਹਿਮਤੀ ਮਗਰੋਂ ਇਹ ਧਾਰਾ ਹਟਾਈ ਗਈ, ਉਸ ਪੈਰੇ ਦੇ ਉਪਰਲੇ ਹੇਠਲੇ ਪੈਰੇ ਉਪਰੋਕਤ ਪ੍ਰਭਾਵ ਨੂੰ ਗ਼ਲਤ ਦੱਸਣ ਵਾਲੇ ਹਨ। ਉਨ੍ਹਾਂ ਨੂੰ ਪੜ੍ਹਨ ਦੀ ਮੀਡੀਆ ਮੰਚਾਂ ਨੇ ਜ਼ਹਿਮਤ ਹੀ ਨਹੀਂ ਕੀਤੀ।

ਡਾ. ਫਾਰੂਕ ਅਤੇ ਉਨ੍ਹਾਂ ਦੇ ਬੇਟੇ ਉਮਰ ਅਬਦੁੱਲਾ (ਜੰਮੂ ਕਸ਼ਮੀਰ ਦੇ ਮੁੱਖ ਮੰਤਰੀ) ਵੱਲੋਂ ਪ੍ਰਗਟਾਈ ਨਾਰਾਜ਼ਗੀ ਤੇ ਨਾਖ਼ੁਸ਼ੀ ਦੇ ਬਾਵਜੂਦ ਸ੍ਰੀ ਦੁੱਲਟ ਨੂੰ ਯਕੀਨ ਹੈ ਕਿ ਫਾਰੂਕ ਦੀ ਫ਼ਰਾਖ਼ਦਿਲੀ ਛੇਤੀ ਹੀ ਪਰਤ ਆਏਗੀ ਅਤੇ ਦਹਾਕਿਆਂ ਪੁਰਾਣੀ ਦੋਸਤੀ, ਸੁਰਜੀਤ ਹੋਣ ਵਿਚ ਜ਼ਿਆਦਾ ਸਮਾਂ ਨਹੀਂ ਲਵੇਗੀ। ਉਹ ਆਪਣੀ ਕਿਤਾਬ ਨੂੰ ਡਾ. ਫਾਰੂਕ ਦੀ ਸ਼ਖ਼ਸੀਅਤ ਦੀ ਖ਼ੂਬਸੂਰਤ ਤਸਵੀਰ ਦੱਸਦੇ ਹਨ। ਇਹ ਹੈ ਵੀ ਤਸਵੀਰ। ਉਹ ਤਸਵੀਰ ਜੋ ਸ਼ਖ਼ਸੀ ਖ਼ੂਬਸੂਰਤੀ ਨਿਖਾਰ ਕੇ ਸਾਹਮਣੇ ਲਿਆਉਂਦੀ ਹੈ ਅਤੇ ਦਾਗ਼ਾਂ, ਛਾਈਆਂ ਤੇ ਮੱਸਿਆਂ ਨੂੰ ਫੋਟੋਸ਼ਾਪ ਦੀ ਮਦਦ ਨਾਲ ਬੇਹੱਦ ਮੱਧਮ ਬਣਾ ਦਿੰਦੀ ਹੈ। ਅਜਿਹੀ ਸਾਖੀਕਾਰੀ ਦੇ ਬਾਵਜੂਦ ਕਿਤਾਬ ਹੈ ਪੂਰੀ ਦਿਲਚਸਪ; ਆਦਿ ਤੋਂ ਅੰਤ ਤੱਕ ਪੜ੍ਹਨਯੋਗ। ਸਾਡੇ ਸਮੇਂ ਦੀ ਤਵਾਰੀਖ਼ ਹੋਣ ਤੋਂ ਇਲਾਵਾ ਇਹ ਦੱਸਦੀ ਹੈ ਕਿ ਸਾਡੇ ਮੁਲਕ ਅਤੇ ਜੰਮੂ ਕਸ਼ਮੀਰ ਨੂੰ ਪਿਛਲੇ ਚਾਰ-ਪੰਜ ਦਹਾਕਿਆਂ ਤੋਂ ਫਾਰੂਕ ਅਬਦੁੱਲਾ ਦੀ ਲੋੜ ਕਿਉਂ ਪੈਂਦੀ ਆਈ ਹੈ ਅਤੇ ਫਾਰੂਕ ਅਬਦੁੱਲਾ ਜਾਂ ਸਮੁੱਚੇ ਅਬਦੁੱਲਾ ਖ਼ਾਨਦਾਨ ਨੂੰ ਭਾਰਤ ਤੇ ਜੰਮੂ ਕਸ਼ਮੀਰ ਦੀ ਜ਼ਰੂਰਤ ਅਤੀਤ ਵਿਚ ਕਿਉਂ ਸੀ ਅਤੇ ਹੁਣ ਵੀ ਕਿਉਂ ਹੈ।

* * *

ਨੱਬੇਵਿਆਂ ਦੇ ਨੇੜੇ ਢੁੱਕਣ ਵਾਲੇ ਹਨ ਡਾ. ਫਾਰੂਕ, ਪਰ ਉਨ੍ਹਾਂ ਦਾ ਅਕਸ ਅਜੇ ਵੀ ਜਵਾਂਮਰਦ ਵਾਲਾ ਹੈ। ਰੰਗੀਨ-ਮਿਜ਼ਾਜ, ਮਿਲਣਸਾਰ, ਸੁਨੱਖੇ, ਉਚੀ ਕੱਦ-ਕਾਠੀ ਵਾਲੇ ਅਤੇ ਅੰਦਰੋਂ-ਬਾਹਰੋਂ ਪੂਰੇ ਮਜ਼ਮੇਬਾਜ਼। ਫਾਰੂਕ, ਲੁਕਾਅ-ਛੁਪਾਅ ਵਿਚ ਯਕੀਨ ਨਹੀਂ ਰੱਖਦੇ। ਸੀਨੀਅਰ ਪੱਤਰਕਾਰ ਬਰਖਾ ਦੱਤ ਦੇ ਕਹਿਣ ਮੁਤਾਬਿਕ "ਉਹ ਆਖ਼ਰੀ ਜ਼ਿੰਦਾਦਿਲ ਸਿਆਸਤਦਾਨਾਂ ਵਿਚੋਂ ਇੱਕ ਹਨ।" ਉਨ੍ਹਾਂ ਵਾਂਗ ਅਮਰਜੀਤ ਸਿੰਘ ਦੁੱਲਟ ਵੀ ਸਾਰੀ ਉਮਰ ਸੂਹੀਆ ਰਹਿ ਕੇ ਵੀ ਸੂਹੀਆ ਨਹੀਂ ਲੱਗਦੇ। ਆਈਪੀਐੱਸ ਤੋਂ ਉਹ ਇੰਟੈਲੀਜੈਂਸ ਬਿਓਰੋ (ਆਈ.ਬੀ.) ਵਿਚ ਪੁੱਜੇ ਅਤੇ ਆਈ.ਬੀ. ਵਾਲਾ ਕਾਰਜਕਾਲ ਖ਼ਤਮ ਹੋਣ 'ਤੇ 'ਰਾਅ' ਦੇ ਮੁਖੀ ਥਾਪੇ ਗਏ। ਸੂਰਤ ਤੇ ਸੀਰਤ ਪੱਖੋਂ ਉਹ ਪੁਲੀਸ ਵਾਲੇ ਰਵਾਇਤੀ ਚੌਖਟੇ ਵਿਚ ਜ਼ਰਾ ਵੀ ਫਿੱਟ ਨਹੀਂ ਬੈਠਦੇ। ਖ਼ੁਸ਼ਮਿਜ਼ਾਜ, ਦੋਸਤਾਨਾ, ਹਲੀਮੀ ਨਾਲ ਪੇਸ਼ ਆਉਣ ਵਾਲੇ। ਲੰਮੀਆਂ ਜ਼ੁਲਫ਼ਾਂ, ਐਨਕ ਪਿਛਲੀਆਂ ਅੱਖਾਂ ਵਿਚ ਹਮੇਸ਼ਾ ਚਮਕ ਤੇ ਸ਼ਰਾਰਤ, ਹੋਠਾਂ 'ਤੇ ਮੁਸਕਰਾਹਟ, ਹਰ ਕਸੂਤੇ ਸਵਾਲ ਨੂੰ ਗ਼ਾਲਿਬ ਦੇ ਢੁਕਵੇਂ ਸ਼ੇਅਰ ਨਾਲ ਟਾਲ ਜਾਣ ਵਾਲੇ। ਇਨ੍ਹਾਂ ਦੋਵਾਂ ਦੀ ਦੋਸਤੀ ਕਿਵੇਂ ਉਪਜੀ, ਕਿਵੇਂ ਮੌਲੀ ਅਤੇ ਕਿਵੇਂ ਪਰਿਵਾਰਕ ਸਾਂਝ ਵਿਚ ਬਦਲੀ, ਇਹੋ ਸਾਰਾ ਵਿਸ਼ਾ-ਵਸਤੂ ਹੈ 'ਮੁੱਖ ਮੰਤਰੀ ਅਤੇ ਜਾਸੂਸ' ਦੀ ਕਹਾਣੀ ਦਾ।

ਦਸ ਅਧਿਆਇ ਹਨ ਇਸ ਕਿਤਾਬ ਦੇ। ਆਖ਼ਰੀ ਤਿੰਨ ਅਧਿਆਇ ਧਾਰਾ 370 ਦੀ ਸਮਾਪਤੀ ਅਤੇ ਉਸ ਤੋਂ ਬਾਅਦ ਦੇ ਵਰ੍ਹਿਆਂ ਬਾਰੇ ਹਨ। ਸੱਤਵਾਂ ਅਧਿਆਇ ਬਾਪ-ਬੇਟੇ ਬਾਰੇ ਹੈ। ਸਿਆਸਤਦਾਨ ਤੇ ਇਨਸਾਨ ਵਜੋਂ ਦੋਵਾਂ ਦੀ ਤੁਲਨਾ ਕਰਨ ਵਾਲਾ। ਦੁੱਲਟ ਵੱਲੋਂ ਦੋਵਾਂ ਦਾ ਸਮਤੋਲ ਬਿਠਾਉਣ ਦੇ ਯਤਨਾਂ ਦੇ ਬਾਵਜੂਦ ਪਲੜਾ 'ਡਾਕਟਰ ਸਾਹਿਬ' ਵੱਲ ਝੁਕਦਾ ਚਲਿਆ ਜਾਂਦਾ ਹੈ। ਕੁਲ ਮਿਲਾ ਕੇ ਕੀ ਕੁਝ ਕਹਿੰਦੀ ਹੈ ਇਹ ਕਿਤਾਬ, ਇਸ ਦੀਆਂ ਕੁਝ ਝਲਕਾਂ ਇਨ੍ਹਾਂ ਕਾਲਮਾਂ ਵਿਚ ਪਾਠਕਾਂ ਦੀ ਨਜ਼ਰ ਹਨ, ਸੰਖੇਪ ਰੂਪ ਵਿਚ:

### ਦੋਸਤੀ ਦਾ ਆਗਾਜ਼

ਅਕਤੂਬਰ 1987 ਵਿਚ ਹੋਇਆ ਡਾ. ਫਾਰੂਕ ਤੇ ਦੁੱਲਟ ਦੀ ਦੋਸਤੀ ਦਾ ਆਗਾਜ਼। ਫਾਰੂਕ ਉਸ ਸਮੇਂ ਜੰਮੂ ਕਸ਼ਮੀਰ ਦਾ ਮੁੱਖ ਮੰਤਰੀ ਸੀ। 1986 ਵਿਚ ਰਾਜੀਵ ਗਾਂਧੀ ਸਰਕਾਰ ਵੱਲੋਂ ਕਰਵਾਈਆਂ ਚੁਣਾਵੀ ਧਾਂਦਲੀਆਂ ਦੀ ਬਦੌਲਤ ਜੰਮੂ ਕਸ਼ਮੀਰ ਵਿਚ ਦੂਜੀ ਵਾਰ ਮੁੱਖ ਮੰਤਰੀ ਵਜੋਂ ਸੱਤਾ ਵਿਚ ਆਉਣ ਵਾਲਾ। ਉਸ ਨੇ ਗੁਪਕਰ ਰੋਡ ਸਥਿਤ ਆਪਣੇ ਨਿਵਾਸ 'ਤੇ ਆਈ.ਬੀ. ਦੇ ਵਿਦਾ ਹੋ ਰਹੇ ਸਟੇਸ਼ਨ ਚੀਫ਼ ਕੇ.ਪੀ. ਸਿੰਘ ਵਾਸਤੇ ਵਿਦਾਇਗੀ ਚਾਹ ਪਾਰਟੀ ਰੱਖੀ ਹੋਈ ਸੀ। ਦੁੱਲਟ ਨੇ ਅਗਲੇ ਦਿਨ ਕੇ.ਪੀ. ਸਿੰਘ ਵਾਲਾ ਅਹੁਦਾ ਸੰਭਾਲਣਾ ਸੀ। ਉਸ ਨੂੰ ਭੁਪਾਲ ਤੋਂ ਸ੍ਰੀਨਗਰ ਬਦਲਿਆ ਗਿਆ ਸੀ। ਕਸ਼ਮੀਰ ਬਾਰੇ ਉਸ ਦਾ ਗਿਆਨ ਬੜਾ ਸੀਮਿਤ ਜਿਹਾ ਸੀ। ਚਾਹ ਪਾਰਟੀ ਵਿਚ ਸਾਰੇ ਸਰਕਰਦਾ ਲੋਕ ਹਾਜ਼ਰ ਸਨ। ਦੁੱਲਟ ਦੇ ਵਾਕਿਫ਼ਕਾਰ ਨਾਂ-ਮਾਤਰ ਸਨ, ਇਸੇ ਲਈ ਉਹ ਬਗ਼ੀਚੇ ਦੇ ਇੱਕ ਕੋਨੇ ਵਿਚ ਖੜ੍ਹਾ ਉਸ ਹਸਤੀ ਨੂੰ ਦੇਖਦਾ ਆ ਰਿਹਾ ਸੀ ਜਿਸ ਨੂੰ 'ਖ਼ੁਸ਼ ਰੱਖਣ' ਦੀ ਹਦਾਇਤ ਉਸ ਨੂੰ ਦਿੱਲੀ ਤੋਂ ਹੋਈ ਸੀ। ਇਹ ਹਸਤੀ ਸੀ ਫਾਰੂਕ ਅਬਦੁੱਲਾ। ਲੰਮਾ-ਉਚਾ, ਗੋਰਾ-ਚਿੱਟਾ, ਹਸਮੁੱਖ। ਉਸ ਨੇ ਐਚਕਨ ਤੇ ਰਵਾਇਤੀ ਕਸ਼ਮੀਰੀ ਟੋਪੀ ਪਾਈ ਹੋਈ ਸੀ। ਹਰ ਇੱਕ ਨੂੰ ਨਿੱਘ ਨਾਲ ਮਿਲ ਰਿਹਾ ਸੀ ਉਹ। ਕੋਲ ਪਹੁੰਚਣ 'ਤੇ ਉਸ ਦਾ ਦੁੱਲਟ ਨਾਲ ਤੁਆਰਫ਼ ਕੇ.ਪੀ. ਸਿੰਘ ਨੇ ਕਰਾਇਆ। ਰਸਮੀ ਦੁਆ-ਸਲਾਮ ਮਗਰੋਂ ਫਾਰੂਕ ਅੱਗੇ ਵਧ ਗਿਆ। ਦੁੱਲਟ ਨੂੰ ਸ਼ੇਖ਼ ਅਬਦੁੱਲਾ ਖ਼ਾਨਦਾਨ ਦਾ ਇਹ ਚਸ਼ਮ-ਓ-ਚਿਰਾਗ਼ ਕ੍ਰਿਸ਼ਮਈ ਸ਼ਖ਼ਸੀਅਤ ਜਾਪਿਆ, ਪਰ ਅਗਲੇਰੇ ਦਿਨਾਂ ਦੌਰਾਨ ਉਸ ਨੂੰ ਪਤਾ ਲੱਗ ਗਿਆ ਕਿ ਬਾਹਰੀ ਨਿੱਘ ਤੇ ਮਨਮੋਹਕਤਾ ਪਿੱਛੇ ਪੇਚੀਦਾ ਇਨਸਾਨ ਛੁਪਿਆ ਹੋਇਆ ਹੈ ਜੋ ਸਮੇਂ, ਸਥਾਨ ਤੇ ਮੂਡ ਮੁਤਾਬਿਕ ਬੇਬਾਕ ਵੀ ਹੋ ਸਕਦਾ ਹੈ ਅਤੇ ਮਿੱਤ-ਭਾਸ਼ੀ ਵੀ।

ਖ਼ੈਰ, ਚਾਹ ਪਾਰਟੀ ਖ਼ਤਮ ਹੁੰਦਿਆਂ ਹੀ ਕੁਝ ਅਣਕਿਆਸਿਆ ਵਾਪਰਿਆ। ਮੁੱਖ ਮੰਤਰੀ ਦੀ ਕਾਰ ਹਵਾਈ ਅੱਡੇ ਵੱਲ ਜਾਣ ਲੱਗੀ ਸੀ ਤਾਂ ਦੁੱਲਟ ਨੂੰ ਉਸ ਵਿਚ ਜਬਰੀ ਚੜ੍ਹਾਅ ਦਿੱਤਾ ਗਿਆ। ਕਾਰ ਵਿਚ ਬੈਠੇ ਫਾਰੂਕ ਨੇ ਉਸ ਦੀ ਝਿਜਕ ਦੇਖ ਕੇ ਕਿਹਾ, "ਆ ਜਾ, ਆ ਜਾ। ਆਪਾਂ ਰਾਹ ਵਿਚ ਗੱਲਾਂ-ਬਾਤਾਂ ਕਰਾਂਗੇ।" ਅਜਿਹੇ ਗ਼ੈਰ-ਰਵਾਇਤੀ ਆਗਾਜ਼ ਨੇ ਅਗਲੇ ਦਿਨਾਂ ਦੌਰਾਨ ਦੁੱਲਟ ਨੂੰ ਫਾਰੂਕ ਦੀ ਸ਼ਖ਼ਸੀਅਤ ਦੇ ਕਈ ਨਿਵੇਕਲੇ ਰੰਗਾਂ ਤੋਂ ਵਾਕਿਫ਼ ਕਰਵਾਇਆ।


ਫਾਰੂਕ ਦੀ ਸਰਕਾਰ ਕਾਂਗਰਸ ਨਾਲ ਸਾਂਝੀ ਸਰਕਾਰ ਸੀ। ਰਾਜੀਵ ਗਾਂਧੀ ਨੇ ਫਾਰੂਕ ਦੇ ਜੀਜੇ (ਸ਼ੇਖ਼ ਅਬਦੁੱਲਾ ਦੇ ਦਾਮਾਦ) ਗੁਲਾਮ ਮੁਹੰਮਦ ਸ਼ਾਹ ਨੂੰ ਜਬਰੀ ਹਟਾ ਕੇ ਫਾਰੂਕ ਨੂੰ 1985 ਵਿਚ ਮੁੱਖ ਮੰਤਰੀ ਦੀ ਗੱਦੀ 'ਤੇ ਪਰਤਾਇਆ ਸੀ। ਪਰ 1986 ਵਿਚ ਚੋਣਾਂ ਸਮੇਂ ਇਹ ਸਰਕਾਰ ਆਪਣੀ ਸਾਖ ਗੁਆ ਚੁੱਕੀ ਸੀ। ਚੋਣਾਂ ਜਿੱਤਣ ਲਈ ਜੋ ਧਾਂਦਲੀਆਂ ਕੀਤੀਆਂ ਗਈਆਂ, ਉਨ੍ਹਾਂ ਨੇ ਕਸ਼ਮੀਰ ਵਾਦੀ ਵਿਚ ਵਿਦਰੋਹ ਨੂੰ ਜਨਮ ਦਿੱਤਾ। ਮੁਸਲਿਮ ਯੂਨਾਇਟਿਡ ਫਰੰਟ ਨੂੰ ਉਨ੍ਹਾਂ ਚੋਣਾਂ ਵਿਚ ਹੁੰਗਾਰਾ ਮਿਲ ਰਿਹਾ ਸੀ, ਪਰ ਉਸ ਦੇ ਉਮੀਦਵਾਰ ਜਬਰੀ ਹਰਾਏ ਗਏ। ਮਸਲਨ, ਅਮੀਰਾ ਕਦਲ ਹਲਕੇ ਵਿਚ ਮੁਹੰਮਦ ਯੂਸਫ਼ ਸ਼ਾਹ ਨੇ ਨੈਸ਼ਨਲ ਕਾਨਫਰੰਸ ਦੇ ਗੁਲਾਮ ਮੋਹੀਉਦੀਨ ਨੂੰ ਹਰਾ ਦਿੱਤਾ, ਪਰ ਰਿਟਰਨਿੰਗ ਅਫ਼ਸਰ ਨੇ ਜੇਤੂ ਮੋਹੀਉਦੀਨ ਨੂੰ ਕਰਾਰ ਦੇ ਦਿੱਤਾ। ਯੂਸਫ਼ ਸ਼ਾਹ ਇਸ ਨਾਇਨਸਾਫ਼ੀ ਕਾਰਨ ਬਾਗ਼ੀ ਹੋ ਗਿਆ ਅਤੇ ਚੰਦ ਮਹੀਨਿਆਂ ਬਾਅਦ ਖ਼ਤਰਨਾਕ ਖਾੜਕੂ ਜਥੇਬੰਦੀ ਹਿਜ਼ਬੁਲ ਮੁਜਾਹਿਦੀਨ ਦੇ ਸਰਗਨੇ 'ਗਾਜ਼ੀ' ਸੱਯਦ ਸਲਾਹੁਦੀਨ ਦੇ ਰੂਪ ਵਿਚ ਵਾਦੀ ਵਿਚ ਆ ਪ੍ਰਗਟ ਹੋਇਆ। ਉਸ ਦਾ ਚੋਣ ਮੈਨੇਜਰ ਯਾਸੀਨ ਮਲਿਕ ਵੀ ਬਾਗ਼ੀ ਹੋ ਗਿਆ ਅਤੇ ਫਿਰ ਜੰਮੂ ਕਸ਼ਮੀਰ ਲਿਬਰੇਸ਼ਨ ਫਰੰਟ ਦੇ ਸਰਗਨੇ ਵਜੋਂ ਸਾਹਮਣੇ ਆਇਆ। ਹਿੰਸਾ ਦਾ ਤਿਆਗ ਕਰਨ ਦੇ ਬਾਵਜੂਦ ਉਹ ਹੁਣ ਵੀ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਹੈ।

ਹਵਾਈ ਅੱਡੇ ਵੱਲ ਜਾਂਦਿਆਂ ਫਾਰੂਕ ਨੇ ਚੋਣ ਧਾਂਦਲੀਆਂ 'ਤੇ ਨਾਖ਼ੁਸ਼ੀ ਦਾ ਇਜ਼ਹਾਰ ਕਈ ਵਾਰ ਕੀਤਾ। ਉਸ ਦਾ ਦਾਅਵਾ ਸੀ, "ਮੈਂ ਕੁਝ ਨਹੀਂ ਕੀਤਾ। ਜੋ ਕਰਵਾਇਆ, ਦਿੱਲੀ ਵਾਲਿਆਂ ਨੇ ਕਰਵਾਇਆ।" ਇਸ ਦੇ ਬਾਵਜੂਦ ਉਹ ਮੁੱਖ ਮੰਤਰੀ ਬਣ ਕੇ ਖ਼ੁਸ਼ ਸੀ। ਉਸ ਦੀ ਸ਼ਖ਼ਸੀਅਤ ਦੇ ਆਪਾ-ਵਿਰੋਧੀ ਪੱਖ ਦੁੱਲਟ ਦੇ ਮਨ ਵਿਚ ਇਹ ਸਵਾਲ ਖੜ੍ਹਾ ਕਰਦੇ ਰਹੇ ਕਿ ਅਸਲ ਫਾਰੂਕ ਕੌਣ ਹੈ? ਅਜਿਹੇ ਸੰਸਿਆਂ ਦੇ ਬਾਵਜੂਦ ਅਗਲੇ ਸਮਿਆਂ ਦੌਰਾਨ ਦੋਵਾਂ ਦਰਮਿਆਨ ਨੇੜਤਾ ਵਧਦੀ ਗਈ। ਦੋਵੇਂ ਗੋਲਫ਼ ਇਕੱਠੇ ਖੇਡਦੇ; ਦੋਵਾਂ ਨੂੰ ਇਸ ਖੇਡ ਦਾ ਪੂਰਾ ਝੱਸ ਸੀ। ਸ਼ਾਮਾਂ ਨੂੰ ਪੈਗ ਇਕੱਠਿਆਂ ਲਾਉਂਦੇ। ਪਰਿਵਾਰਕ ਪਰੇਸ਼ਾਨੀਆਂ ਸਾਂਝੀਆਂ ਕਰ ਲੈਂਦੇ। ਦੋਵਾਂ ਦਰਮਿਆਨ ਫ਼ਾਸਲਾ ਜ਼ਰੂਰ ਸੀ। ਦੁੱਲਟ ਨੇ ਆਪਣੇ ਅੰਦਰ ਇਹ ਅਹਿਸਾਸ ਹਮੇਸ਼ਾ ਜੀਵਤ ਰੱਖਿਆ ਕਿ 'ਡਾਕਟਰ ਸਾਹਿਬ' ਤੇ ਉਸ ਦੇ ਦਰਮਿਆਨ ਰੁਤਬੇ ਦਾ ਫ਼ਾਸਲਾ ਹੈ। ਨਾਲ ਹੀ ਉਸ ਦਾ ਇਹ ਪ੍ਰਭਾਵ ਲਗਾਤਾਰ ਪਕੇਰਾ ਹੁੰਦਾ ਗਿਆ ਕਿ "ਇਸ ਬੰਦੇ ਨੂੰ ਆਪਣੇ ਨਾਲ ਜੋੜੀ ਰੱਖਣ ਤੋਂ ਬਿਨਾਂ ਦਿੱਲੀ ਦਾ ਗੁਜ਼ਾਰਾ ਨਹੀਂ। ਕਸ਼ਮੀਰ ਤੇ ਕਸ਼ਮੀਰੀਆਂ ਨੂੰ ਜਿੰਨਾ ਇਹ ਜਾਣਦਾ ਹੈ, ਕੋਈ ਹੋਰ ਨਹੀਂ।" ... ਇਹ ਗੱਲ ਉਸ ਨੇ ਪਹਿਲੀ ਵਾਰ ਕਾਂਗਰਸੀ ਨੇਤਾ ਅਰਜਨ ਸਿੰਘ ਦੇ ਮੂੰਹੋਂ ਭੁਪਾਲ ਵਿਚ ਸੁਣੀ ਸੀ। ਦੁੱਲਟ ਦੇ ਅਗਲੇ ਅਨੁਭਵਾਂ ਨੇ ਵਾਰ ਵਾਰ ਇਹੋ ਦਰਸਾਇਆ ਕਿ ਅਰਜਨ ਸਿੰਘ ਦੀ ਰਾਇ ਸੱਚਮੁੱਚ ਸੌ ਫ਼ੀਸਦੀ ਸਹੀ ਸੀ।

### ਦਿੱਲੀ ਤੇ ਦਗ਼ੇਬਾਜ਼ੀ

ਜੰਮੂ ਕਸ਼ਮੀਰ ਦੇ ਪੰਜ ਵਾਰ ਮੁੱਖ ਮੰਤਰੀ ਰਹਿ ਚੁੱਕੇ ਹਨ ਫਾਰੂਕ ਅਬਦੁੱਲਾ। ਸ਼ੁਰੂਆਤ 1982 ਤੋਂ ਹੋਈ। 2009 ਤੋਂ 2014 ਤੱਕ ਕੇਂਦਰੀ ਮੰਤਰੀ ਵੀ ਰਹੇ। ਵਾਜਪਾਈ ਸਰਕਾਰ ਦੇ ਆਖ਼ਰੀ ਵਰ੍ਹੇ ਦੌਰਾਨ ਉਨ੍ਹਾਂ ਨੂੰ ਭਾਰਤ ਦਾ ਉਪ ਰਾਸ਼ਟਰਪਤੀ ਬਣਾਉਣ ਦਾ ਵਾਅਦਾ ਵੀ ਕੀਤਾ ਗਿਆ, ਪਰ ਵਫ਼ਾ ਨਹੀਂ ਹੋਇਆ। ਅਜਿਹੀਆਂ ਰਾਜਸੀ ਬੇਵਫ਼ਾਈਆਂ ਉਨ੍ਹਾਂ ਨੇ ਕਈ ਵਾਰ ਭੋਗੀਆਂ, ਪਰ ਕਿਸੇ ਨਾਲ ਦੁਸ਼ਮਣੀ ਕਦੇ ਨਹੀਂ ਪਾਲੀ। ਦੁੱਲਟ ਦੇ ਲਿਖਣ ਅਨੁਸਾਰ "ਆਪਣੀਆਂ ਤਰਜੀਹਾਂ ਬਾਰੇ ਉਹ ਸਦਾ ਸਪੱਸ਼ਟ ਰਹੇ।" ਉਨ੍ਹਾਂ ਨੇ ਸਿਆਸੀ ਜੀਵਨ ਵਿਚ ਕਦਮ ਰੱਖਦਿਆਂ ਹੀ ਆਪਣੇ ਸਕਿਆਂ ਤੇ ਸ਼ਰੀਕਾਂ ਨੂੰ ਸਪਸ਼ਟ ਕਰ ਦਿੱਤਾ ਸੀ ਕਿ "ਮੈਂ ਆਪਣਾ ਜੀਵਨ ਆਪਣੇ ਪਿਤਾ (ਸ਼ੇਖ਼ ਅਬਦੁੱਲਾ) ਵਾਂਗ ਜੇਲ੍ਹਾਂ ਵਿਚ ਨਹੀਂ ਗਾਲਣਾ। ਮੇਰੀ ਕੋਸ਼ਿਸ਼ ਇਹੋ ਰਹੇਗੀ ਕਿ ਹਮੇਸ਼ਾਂ ਦਿੱਲੀ (ਕੇਂਦਰ ਸਰਕਾਰ) ਦੇ ਸਹੀ ਪਾਸੇ ਰਹਾਂ।" ਸਹੀ ਪਾਸੇ ਰਹਿਣ ਦੇ ਨਿਸ਼ਚੇ ਨੇ ਹੀ ਉਨ੍ਹਾਂ ਨੂੰ ਰਾਜੀਵ ਗਾਂਧੀ ਦੇ ਕਰੀਬੀ ਵੀ ਬਣਾਈ ਰੱਖਿਆ ਅਤੇ ਨਰਸਿਮ੍ਹਾ ਰਾਓ ਤੇ ਅਟਲ ਬਿਹਾਰੀ ਵਾਜਪਾਈ ਦੇ ਵਿਸ਼ਵਾਸ-ਪਾਤਰ ਵੀ। ਨਰਿੰਦਰ ਮੋਦੀ ਨਾਲ ਘੁਲਣ-ਮਿਲਣ ਵਿਚ ਵੀ ਉਨ੍ਹਾਂ ਨੂੰ ਕੋਈ ਦਿੱਕਤ ਨਹੀਂ ਪਰ ਮੋਦੀ ਦਾ ਸੰਗੀ ਬਣਨਾ ਉਨ੍ਹਾਂ ਨੂੰ ਕਸ਼ਮੀਰੀਆਂ ਤੋਂ ਦੂਰ ਲਿਜਾ ਸਕਦਾ ਹੈ, ਉਹ ਇਹ ਜੋਖ਼ਿਮ ਨਹੀਂ ਉਠਾਉਣਾ ਚਾਹੁੰਦੇ।

ਧਾਰਾ 370 ਦੇ ਖ਼ਾਤਮੇ ਬਾਰੇ ਉਨ੍ਹਾਂ ਦਾ ਕਹਿਣਾ ਹੈ ਕਿ ਮੋਦੀ ਨੇ ਇਹ ਧਾਰਾ ਖ਼ਤਮ ਕਰ ਦੇਣੀ ਹੈ, ਇਸ ਦਾ ਉਨ੍ਹਾਂ ਨੂੰ ਪੂਰਵ-ਅਨੁਮਾਨ ਸੀ। ਭਾਜਪਾ ਦੇ ਚੋਣ ਮੈਨੀਫੈਸਟੋ ਵਿਚ ਇਹ ਧਾਰਾ ਖ਼ਤਮ ਕਰਨੀ ਦਰਜ ਸੀ। ਉਂਜ ਵੀ, 1975 ਤੋਂ ਬਾਅਦ ਇਹ ਧਾਰਾ ਆਪਣੀ ਵੁੱਕਤ ਗੁਆ ਚੁੱਕੀ ਸੀ। ਪਰ ਅਜਿਹਾ ਹੋਣ ਦੇ ਬਾਵਜੂਦ "ਕਸ਼ਮੀਰੀਆਂ ਵਾਸਤੇ ਆਪਣਾ ਨੰਗੇਜ ਕੱਜਣ ਵਾਲੇ ਲੰਗੋਟੀਨੁਮਾ ਅੰਜੀਰੀ-ਪੱਤੇ ਵਰਗੀ ਸੀ ਇਹ ਧਾਰਾ। ਮੋਦੀ ਨੇ ਇਹ ਕੱਜਣ ਜਬਰੀ ਖਿੱਚ ਕੇ ਕਸ਼ਮੀਰੀਆਂ ਦਾ ਸਵੈਮਾਣ ਮਲੀਆਮੇਟ ਕਰ ਦਿੱਤਾ। ਬੜੇ ਕਰੂਰ ਢੰਗ ਨਾਲ ਕੀਤਾ ਗਿਆ ਇਹ ਕਾਰਾ।" ਲਿਹਾਜ਼ਾ, ਮੋਦੀ ਵਾਲੇ ਪਾਲੇ ਵਿਚ ਜਾਣਾ ਡਾ. ਫਾਰੂਕ ਲਈ ਮੁਮਕਿਨ ਨਹੀਂ। ਇਸ ਸਥਿਤੀ ਦੇ ਬਾਵਜੂਦ ਆਪਣੇ ਬੇਟੇ ਉਮਰ ਨੂੰ ਉਹ ਦਿੱਲੀ ਨਾਲ ਦੂਰੀ ਨਾ ਬਣਾਉਣ ਤੇ ਟਕਰਾਅ ਤੋਂ ਬਚਣ ਦਾ ਉਪਦੇਸ਼ ਦਿੰਦੇ ਆਏ ਹਨ।




ਕਿਤਾਬ ਮੁਤਾਬਿਕ ਧਾਰਾ 370 ਦੇ ਖ਼ਾਤਮੇ ਤੋਂ ਕਈ ਦਿਨ ਪਹਿਲਾਂ ਫਾਰੂਕ, ਮੋਦੀ ਨੂੰ ਮਿਲੇ ਸਨ। ਬੜੀ ਸੁਖਾਵੀਂ ਰਹੀ ਸੀ ਮੁਲਾਕਾਤ। ਸ਼ਹਿਦਨੁਮਾ ਸੀ ਮੋਦੀ ਦੀ ਬੋਲ-ਬਾਣੀ। ਇਸ ਮੁਲਾਕਾਤ ਦੌਰਾਨ ਧਾਰਾ 370 ਦੀ ਗੱਲ ਤੱਕ ਨਹੀਂ ਤੁਰੀ। ਫਾਰੂਕ ਨਿਸ਼ਚਿੰਤ ਹੋ ਗਏ। ਜਦੋਂ ਅਚਨਚੇਤੀ ਐਲਾਨ ਹੋਇਆ ਤਾਂ ਉਹ ਸਕਤੇ ਵਿਚ ਆ ਗਏ। ਮੋਦੀ ਨੇ ਵੀ ਐਲਾਨ ਆਪ ਨਹੀਂ ਕੀਤਾ, ਅਮਿਤ ਸ਼ਾਹ ਤੋਂ ਕਰਵਾਇਆ। ਫਾਰੂਕ ਦੀ ਰਾਇ ਵਿਚ ਇਹ ਗਿਣੀ-ਮਿਥੀ ਚਾਲ ਸੀ; ਪ੍ਰਤੀਕਰਮ ਬਹੁਤਾ ਅਸੁਖਾਵਾਂ ਰਹਿਣ ਦੀ ਸੂਰਤ ਵਿਚ ਘੜਾ ਅਮਿਤ ਸ਼ਾਹ ਦੇ ਸਿਰ ਭੰਨਣ ਦੀ।

### ਗੁਪਕਰ ਐਲਾਨਨਾਮਾ

ਦੁੱਲਟ ਅਨੁਸਾਰ 2020 ਵਿਚ ਨਜ਼ਰਬੰਦੀ ਤੋਂ ਰਿਹਾਈ ਮਗਰੋਂ ਡਾ. ਫਾਰੂਕ ਦਾ ਸਭ ਤੋਂ ਵੱਡਾ ਕਾਰਨਾਮਾ ਸੀ ਪੀ.ਏ.ਜੀ.ਡੀ. ਭਾਵ ਪੀਪਲਜ਼ ਐਲਾਇੰਸ ਫਾਰ ਗੁਪਕਰ ਡੈਕਲਾਰੇਸ਼ਨ। ਇਹ ਕਸ਼ਮੀਰ ਦੀਆਂ ਸਾਰੀਆਂ ਪੁਰਾਣੀਆਂ ਤੇ ਨਵੀਆਂ ਪਾਰਟੀਆਂ ਦਾ ਗੱਠਜੋੜ ਸੀ ਜਿਸ ਨੇ ਆਪਣੀ ਜੱਦੋਜਹਿਦ ਦਾ ਆਗਾਜ਼ 'ਗੁਪਕਰ ਐਲਾਨਨਾਮੇ' ਰਾਹੀਂ ਕੀਤਾ। ਮਕਸਦ ਇੱਕੋ ਹੀ ਸੀ: ਜੋ ਨਵਾਂ ਰਾਜ-ਪ੍ਰਬੰਧ ਕਸ਼ਮੀਰ ਉੱਤੇ ਥੋਪਿਆ ਜਾ ਰਿਹਾ ਹੈ, ਉਸ ਦਾ ਪ੍ਰਚੰਡ ਵਿਰੋਧ ਕਰਨਾ। ਪੀ.ਏ.ਜੀ.ਡੀ. ਦੀ ਪਹਿਲੀ ਮੀਟਿੰਗ ਪੀ.ਡੀ.ਪੀ. ਦੀ ਨੇਤਾ ਮਹਿਬੂਬਾ ਮੁਫ਼ਤੀ ਦੇ ਘਰ ਹੋਈ। ਇੱਥੇ ਡਾ. ਫਾਰੂਕ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਉਹ ਚੋਣਾਂ ਦਾ ਬਾਈਕਾਟ ਨਹੀਂ ਕਰਨਗੇ। ਉਹ ਕਸ਼ਮੀਰੀਆਂ ਦੇ ਮੁੱਦੇ ਜ਼ੋਰਦਾਰ ਢੰਗ ਨਾਲ ਸੰਸਦ ਵਿਚ ਉਠਾਉਣਗੇ। ਇਹ ਧਿਰਾਂ ਸਵਾ ਸਾਲ ਇੱਕਮੁੱਠ ਰਹੀਆਂ। ਫਿਰ ਪੁਰਾਣੀਆਂ ਸਾਜ਼ਿਸ਼ਾਂ ਤੇ ਟੁੱਟ-ਭੱਜ ਸ਼ੁਰੂ ਹੋ ਗਈ। ਹੁਣ ਸੱਤਾ ਵਿਚ ਹੋਣ ਕਾਰਨ ਨੈਸ਼ਨਲ ਕਾਨਫਰੰਸ ਬਾਕੀ ਸਾਰੀਆਂ ਕਸ਼ਮੀਰੀ ਧਿਰਾਂ ਦੇ ਨਿਸ਼ਾਨੇ 'ਤੇ ਹੈ।

* * *

ਬੜੀਆਂ ਨਾਟਕੀ ਘਟਨਾਵਾਂ ਦਰਜ ਹਨ ਕਿਤਾਬ ਵਿਚ। ਦੁਹਰਾਅ ਵੀ ਹੈ ਗੱਲਾਂ ਦਾ। ਪਰ ਕੁਲ ਮਿਲਾ ਕੇ ਇਸ ਵਿਚੋਂ ਡਾ. ਫਾਰੂਕ ਅਬਦੁੱਲਾ ਦੀ ਜੋ ਤਸਵੀਰ ਉਭਰਦੀ ਹੈ, ਉਹ ਵਾਜਪਾਈ-ਕਾਲ ਵੇਲੇ ਦੇ ਕੌਮੀ ਸੁਰੱਖਿਆ ਸਲਾਹਕਾਰ ਬ੍ਰਿਜੇਸ਼ ਮਿਸ਼ਰਾ ਦੇ ਇਸ ਕਥਨ ਦੀ ਤਸਦੀਕ ਕਰਦੀ ਹੈ: "ਫਾਰੂਕ ਸੌ ਫ਼ੀਸਦੀ ਭਾਰਤੀ ਹੈ ਤੇ ਨਾਲ ਹੀ ਸੌ ਫ਼ੀਸਦੀ ਕਸ਼ਮੀਰੀ ਹੈ।" ਕੀ ਹੋਰ ਕਿਸੇ ਪ੍ਰਮਾਣ ਪੱਤਰ ਦੀ ਲੋੜ ਹੈ ਡਾ. ਫਾਰੂਕ ਅਬਦੁੱਲਾ ਨੂੰ?

## ਦੇਸੀ ਫਰਿੱਜਾਂ

ਪਿੱਲੀ ਮਿੱਟੀ ਦੇ ਘੜੇ, ਮੱਟੀਆਂ,
ਗਰੀਬਾਂ ਦੇ ਹੁੰਦੇ ਸੀ ਫਰਿੱਜ।
ਤਪਦੀ ਸਿਖਰ ਦੁਪਹਿਰ ਨੂੰ,
ਪਾਣੀ ਪੀਣ ਗਏ ਸਨ ਗਿੱਝ।

ਸੁਰਾਹੀ ਹੋਵੇ ਜਾਂ ਝੱਜਰ ਹੁੰਦੀ,
ਪਾਣੀ ਹੋਰ ਹੋਵੇ ਠੰਢਾ ਠਾਰ।
ਇੱਕ ਵਾਰੀ ਫਿਰ ਜਾ ਕੇ ਪੁੱਛੋ,
ਕੀ ਮਿਲਦੇ ਨੇ ਹੱਟ ਘੁਮਿਆਰ?

ਜੇ ਮਿਲੇ ਤਾਂ ਲੈ ਆਉਣੀਆਂ ਦੋ,
ਇੱਕ ਰੱਖੋ ਘਰੇ ਇੱਕ ਮੈਨੂੰ ਦੇਵੋ।
ਫਿਕਰ ਮੁੱਕ ਜਾਏ ਜੇਠ ਹਾੜ੍ਹ ਦਾ,
ਡਰ ਕੋਰੋਨਾ ਤੋਂ ਅੰਦਰ ਵੜ ਸੌਂਵੋ।

ਆਈਆਂ ਗਰਮੀਆਂ ਡਾਢੀਆਂ,
ਤਾਪਮਾਨ ਗਿਆ ਛਾਲ ਮਾਰ।
ਫਰਿੱਜ ਦਾ ਠੰਡਾ ਪਾਣੀ ਪੀ ਕੇ,
ਸਦਾ ਬਹੁਤੇ ਹੋ ਜਾਣ ਬੀਮਾਰ।

ਕੱਚੇ ਰਸਤੇ ਲੰਬੀਆਂ ਵਾਟਾਂ,
ਲੋਕੀਂ ਪੈਦਲ ਵਾਂਢੇ ਕੱਢਦੇ ਸੀ।
ਰੁੱਖਾਂ ਦੇ ਥੱਲੇ ਪਾਣੀ ਦੇ ਮੱਟਕੇ,
ਠੰਢੀ ਛਾਂ ਥੱਲੇ ਕਿਤੇ ਲੱਭਦੇ ਸੀ।

ਰੁੱਖੀ ਮਿੱਸੀ ਖਾ ਸ਼ੁਕਰ ਮਨਾਂਦੇ,
ਪੇਟ ਨੂੰ ਸੀ ਉਦੋਂ ਝੁਲਕਾ ਪਾਂਦੇ।
ਸਾਦਾ ਪਾਣੀ ਘੜੇ ਦਾ ਸੀ ਪੀਂਦੇ,
ਬੈਠ ਕੇ ਹੀਰ ਰਾਂਝਾ ਸੀ ਗਾਂਦੇ।

ਸਾਦੇ ਜ਼ਮਾਨੇ ਦੀਆਂ ਸਨ ਗੱਲਾਂ,
ਪੈਸੇ ਦੇ ਫੈਲਾਅ ਨੇ ਸ਼ੌਕ ਬਦਲੇ।
ਅੰਧਿਉਂ ਵੱਧ ਬੀਮਾਰ ਰਹਿੰਦੇ ਨੇ,
ਡਾਕਟਰ ਵੀ ਨਿੱਤ ਪੈਣੇ ਬਦਲੇ।

-ਸੇਵਾ ਸਿੰਘ "ਨੂਰਪੁਰੀ"

# ਭੁੱਖਮਰੀ ਨੂੰ ਹਥਿਆਰ ਬਣਾ ਕੇ ਵਰਤ ਰਹੀ ਹੈ ਇਜ਼ਰਾਇਲੀ ਹਕੂਮਤ









ਫ਼ਲਸਤੀਨੀ ਜਥੇਬੰਦੀ ਹਮਾਸ ਦੇ 7 ਅਕਤੂਬਰ 2023 ਨੂੰ ਕੀਤੇ ਕਥਿਤ ਦਹਿਸ਼ਤਗਰਦ ਹਮਲੇ ਤੋਂ ਬਾਅਦ ਇਜ਼ਰਾਇਲੀ ਦਹਿਸ਼ਤਵਾਦੀ ਹਕੂਮਤ ਵੱਲੋਂ ਫ਼ਲਸਤੀਨੀ ਖੇਤਰਾਂ, ਖ਼ਾਸ ਕਰਕੇ ਗਾਜ਼ਾ ਪੱਟੀ ਵਿਚ ਫ਼ਲਸਤੀਨੀ ਲੋਕਾਂ ਦੀ ਨਸਲਕੁਸ਼ੀ ਲਗਾਤਾਰ ਜਾਰੀ ਹੈ। 2 ਮਈ ਨੂੰ ਕੀਤੇ ਗਏ ਹਮਲੇ ਵਿਚ 40 ਲੋਕ ਮਾਰੇ ਗਏ। ਗਾਜ਼ਾ ਦੇ ਸਿਹਤ ਮੰਤਰਾਲੇ ਦੀ ਅਧਿਕਾਰਕ ਰਿਪੋਰਟ ਅਨੁਸਾਰ

**ਬੂਟਾ ਸਿੰਘ ਮਹਿਮੂਦਪੁਰ**

ਹੁਣ ਤੱਕ ਇਸ ਕਤਲੇਆਮ ਵਿਚ 52535 ਫ਼ਲਸਤੀਨੀ ਮਾਰੇ ਜਾ ਚੁੱਕੇ ਹਨ ਅਤੇ 118491 ਫੱਟੜ ਹਨ। ਇਹ ਗਿਣਤੀ ਆਏ ਦਿਨ ਵਧਦੀ ਜਾਂਦੀ ਹੈ। ਦਰ ਅਸਲ, 61700 ਤੋਂ ਵਧੇਰੇ ਲੋਕਾਂ ਦੇ ਮਾਰੇ ਜਾਣ ਦਾ ਅੰਦਾਜ਼ਾ ਹੈ ਕਿਉਂਕਿ ਕਈ ਹਜ਼ਾਰਾਂ ਲੋਕ ਲਾਪਤਾ ਹਨ ਜੋ ਮਲ਼ਬੇ ਹੇਠ ਦੱਬ ਕੇ ਮਾਰੇ ਗਏ ਹਨ। ਮ੍ਰਿਤਕਾਂ ਵਿਚ ਬਹੁਤ ਵੱਡੀ ਗਿਣਤੀ ਔਰਤਾਂ ਅਤੇ ਬੱਚਿਆਂ ਦੀ ਹੈ। ਇਨਸਾਨੀਅਤ ਵਿਰੁੱਧ ਇਸ ਘਿਣਾਉਣੇ ਜੁਰਮ ਨੂੰ ਫ਼ਲਸਤੀਨੀ ਦਹਿਸ਼ਤਵਾਦ ਵਿਰੁੱਧ ਯੁੱਧ ਦਾ ਨਾਂ ਦਿੱਤਾ ਗਿਆ ਹੈ ਅਤੇ ਹਮਲਿਆਂ 'ਚ ਹੋਰ ਤੇਜ਼ੀ ਲਿਆਉਣ ਲਈ ਇਜ਼ਰਾਇਲ ਵੱਲੋਂ 60000 ਹੋਰ ਰਾਖਵੀਂ ਫ਼ੌਜ ਸੱਦਣ ਦੇ ਸੰਕੇਤ ਦਿੱਤੇ ਜਾ ਰਹੇ ਹੈ। ਸੰਕੇਤ ਇਹ ਹੈ ਕਿ ਗਾਜ਼ਾ ਉੱਪਰ ਇਜ਼ਰਾਇਲੀ ਹਮਲਾ ਇਕ ਹੋਰ ਸਾਲ ਚੱਲ ਸਕਦਾ ਹੈ। ਹੋਰ ਜ਼ਿਆਦਾ ਫ਼ਲਸਤੀਨੀ ਖੇਤਰ ਹੜੱਪਣ ਲਈ ਅਤੇ ਹਮਲੇ ਨੂੰ ਲਮਕਾਉਣ ਲਈ ਇਜ਼ਰਾਇਲੀ ਪਸਾਰਵਾਦੀ ਸਟੇਟ ਕੋਈ ਵੀ ਬਹਾਨਾ ਘੜ ਸਕਦਾ ਹੈ।

ਜਦੋਂ ਮਨੁੱਖੀ ਇਤਿਹਾਸ ਦੇ ਸਭ ਤੋਂ ਭਿਆਨਕ ਕਤਲੇਆਮਾਂ 'ਚੋਂ ਇਕ ਨੂੰ ਅੰਜਾਮ ਦਿੱਤੇ ਜਾਣ ਦੇ ਦੌਰਾਨ ਇਜ਼ਰਾਇਲੀ ਰੀਅਲ ਅਸਟੇਟ ਡਿਵੈਲਪਰਜ਼, ਨੇਸੇਟ (ਪਾਰਲੀਮੈਂਟ) ਦੇ ਮੈਂਬਰ ਅਤੇ ਨਜਾਇਜ਼ ਬਸਤੀਆਂ ਦੇ ਅੰਦੋਲਨ ਦੇ ਆਗੂ ਖਾਲੀ ਕੀਤੇ ਗਏ, ਗਾਜ਼ਾ ਵਿਚ ਪੂੰਜੀ-ਨਿਵੇਸ਼ ਕਰਨ ਦੇ ਮੌਕਿਆਂ ਉੱਪਰ ਚਰਚਾ ਕਰਨ ਲਈ ਮੀਟਿੰਗਾਂ ਕਰਦੇ ਦੇਖੇ ਗਏ। ਜਦੋਂ ਫ਼ਲਸਤੀਨੀ ਭੁੱਖਮਰੀ ਨਾਲ ਮਰ ਰਹੇ ਹਨ ਅਤੇ ਲਾਸ਼ਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ ਤਾਂ ਇਨ੍ਹਾਂ ਨਿਰਦਈ ਅਮੀਰਾਂ ਦੀ ਨਜ਼ਰ ਸਮੁੰਦਰੀ ਕੰਢੇ ਉੱਪਰ ਘੱਟ ਮੁੱਲ 'ਤੇ ਆਲੀਸ਼ਾਨ ਘਰ ਬਣਾ ਕੇ ਵੇਚਣ ਦਾ ਕਾਰੋਬਾਰ ਕਰਨ 'ਤੇ ਟਿਕੀ ਹੋਈ ਹੈ। ਇਹ ਘਿਣਾਉਣੀ ਸੋਚ ਇਕੱਲੇ ਇਜ਼ਰਾਇਲੀ ਕਬਜ਼ੇਬਾਜ਼ਾਂ ਦੀ ਹੀ ਨਹੀਂ, ਅਮਰੀਕਨ ਕਾਰੋਬਾਰੀ ਵੀ ਇਸ ਵਿਚ ਸ਼ਾਮਲ ਹਨ। ਜਿਸਦਾ ਸਬੂਤ ਡੋਨਲਡ ਟਰੰਪ ਦੇ ਜਵਾਈ ਜੈਰਡ ਕੁਸ਼ਨਰ ਅਤੇ ਖ਼ੁਦ ਟਰੰਪ ਦੀਆਂ ਬੇਰਹਿਮ ਟਿੱਪਣੀਆਂ ਹਨ। ਇਕ ਉੱਘੇ ਕਾਲਮਨਵੀਸ ਨੇ ਲਿਖਿਆ ਹੈ ਕਿ ਕੋਈ ਕਲਪਨਾ ਵੀ ਐਨੀ ਨਿਰਦਈ ਨਹੀਂ ਹੋ ਸਕਦੀ, ਜਿੰਨੀ ਕਿ ਇਹ ਹਕੀਕਤ ਹੈ।

ਇਸ ਕਤਲੇਆਮ ਨੂੰ ਅਮਰੀਕਨ ਸਾਮਰਾਜੀ ਹਕੂਮਤ ਵੱਲੋਂ ਮਹਿਜ਼ ਸ਼ਹਿ ਅਤੇ ਸਰਪ੍ਰਸਤੀ ਹੀ ਨਹੀਂ ਦਿੱਤੀ ਜਾ ਰਹੀ, ਸਗੋਂ ਲਗਾਤਾਰ ਫ਼ੌਜੀ, ਵਿਤੀ ਅਤੇ ਹਰ ਤਰ੍ਹਾਂ ਦੀ ਮੱਦਦ ਵੀ ਦਿੱਤੀ ਜਾ ਰਹੀ ਹੈ। ਅਮਰੀਕਾ ਅਤੇ ਇਜ਼ਰਾਇਲ ਦੇ ਨਸਲਵਾਦੀ ਗੱਠਜੋੜ ਦਾ ਨਿਸ਼ਾਨਾ ਫ਼ਲਸਤੀਨੀ ਵਸੋਂ ਨੂੰ ਖ਼ਤਮ ਕਰਕੇ ਫ਼ਲਸਤੀਨ ਦੀ ਧਰਤੀ ਉੱਪਰ ਮੁਕੰਮਲ ਕਬਜ਼ਾ ਕਰਨਾ ਹੈ। ਇਹੀ ਵਜ੍ਹਾ ਹੈ ਕਿ ਅਮਰੀਕਾ ਦੇ ਥਾਪੜੇ ਨਾਲ ਇਜ਼ਰਾਇਲ ਵੱਲੋਂ ਸੰਯੁਕਤ ਰਾਸ਼ਟਰ ਦੇ ਮਤਿਆਂ ਦੀਆਂ ਖੁੱਲ੍ਹੇਆਮ ਧੱਜੀਆਂ ਉਡਾਈਆਂ ਜਾ ਰਹੀਆਂ ਹਨ ਅਤੇ ਗਾਜ਼ਾ ਨੂੰ ਖਾਣ-ਪੀਣ ਦੇ ਸਮਾਨ ਦੀ ਸਪਲਾਈ ਅਤੇ ਹੋਰ ਮੱਦਦ ਦੀ ਲਗਾਤਾਰ ਨਾਕਾਬੰਦੀ ਕਰਕੇ ਫ਼ਲਸਤੀਨੀਆਂ ਨੂੰ ਭੁੱਖ, ਕੁਪੋਸ਼ਣ ਅਤੇ ਬੀਮਾਰੀਆਂ ਨਾਲ ਮਰਨ ਲਈ ਮਜਬੂਰ ਕਰ ਦਿੱਤਾ ਗਿਆ ਹੈ। ਉਦੇਸ਼ ਬਿਲਕੁਲ ਸਪਸ਼ਟ ਹੈ, ਜਵਾਨ ਉਮਰ ਦੇ ਲੋਕਾਂ ਨੂੰ ਬੰਬਾਰੀ ਨਾਲ ਖ਼ਤਮ ਕਰ ਦਿਓ ਅਤੇ ਗਰਭਵਤੀ ਮਾਵਾਂ ਤੇ ਬੱਚਿਆਂ ਨੂੰ ਭੁੱਖੇ-ਪਿਆਸੇ ਮਾਰਕੇ ਨਸਲਕੁਸ਼ੀ ਕਰ ਦਿਓ। ਇਜ਼ਰਾਇਲ ਨੇ 9 ਹਫ਼ਤਿਆਂ ਲਈ ਕੁਲ ਸਪਲਾਈ ਲਾਈਨ ਬੰਦ ਕੀਤੀ ਹੋਈ ਹੈ।

ਵਸੋਂ ਵਾਲੇ ਇਲਾਕਿਆਂ ਉੱਪਰ ਮਿੱਥ ਕੇ ਬੰਬਾਰੀ ਅਤੇ ਨਾਕਾਬੰਦੀ ਦੀ ਇਜ਼ਰਾਇਲੀ ਯੁੱਧਨੀਤੀ ਕਾਰਨ ਗਾਜ਼ਾ ਪੱਟੀ ਦੇ ਹਾਲਾਤ ਬੇਹੱਦ ਚਿੰਤਾਜਨਕ ਬਣੇ ਹੋਏ ਹਨ। ਅਲ-ਜ਼ਜ਼ੀਰਾ ਦੀ ਰਿਪੋਰਟ ਅਨੁਸਾਰ ਇਸਦੇ ਸਿੱਟੇ ਵਜੋਂ 2.9 ਲੱਖ ਦੇ ਕਰੀਬ ਗਾਜ਼ਾ ਦੇ ਬੱਚੇ 'ਮੌਤ ਦੇ ਕਿਨਾਰੇ' ਪਹੁੰਚਾ ਦਿੱਤੇ ਗਏ ਹਨ। ਕੁਝ ਦਿਨ ਪਹਿਲਾਂ ਰੈੱਡ ਕਰਾਸ ਦੀ ਅੰਤਰਰਾਸ਼ਟਰੀ ਕਮੇਟੀ ਨੇ ਚੇਤਾਵਨੀ ਦਿੱਤੀ ਸੀ ਕਿ ਗਾਜ਼ਾ ਵਿਚ ਸਹਾਇਤਾ ਦਾ ਮਾਨਵਤਾਵਾਦੀ ਹੁੰਗਾਰਾ 'ਮੁਕੰਮਲ ਖ਼ਤਮ ਹੋਣ ਦੇ ਕੰਢੇ 'ਤੇ ਹੈ' ਅਤੇ ਸਥਿਤੀ ਨੂੰ ਹੋਰ ਵਿਗੜਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ ਅਤੇ ਨਹੀਂ ਦੇਣੀ ਚਾਹੀਦੀ।

ਗਾਜ਼ਾ ਸਰਕਾਰ ਦੇ ਮੀਡੀਆ ਦਫ਼ਤਰ (ਜੀਐੱਮਓ) ਨੇ ਕਿਹਾ ਹੈ ਕਿ ਪੰਜ ਸਾਲ ਦੀ ਉਮਰ ਤੋਂ ਘੱਟ ਉਮਰ ਦੇ ਲੱਗਭੱਗ 3,500 ਬੱਚਿਆਂ ਦੇ ਤੁਰੰਤ ਭੁੱਖ ਨਾਲ ਮਰਨ ਦਾ ਖ਼ਤਰਾ ਹੈ, ਜਦਕਿ ਲੱਗਭੱਗ 70,000 ਬੱਚੇ ਪੌਸ਼ਟਿਕਤਾ ਦੀ ਬੇਹੱਦ ਘਾਟ ਕਾਰਨ ਹਸਪਤਾਲਾਂ 'ਚ ਦਾਖ਼ਲ ਹਨ। ਇਹ ਸਾਰੀ ਸਥਿਤੀ ਇਜ਼ਰਾਈਲ ਵੱਲੋਂ ਦੋ ਮਹੀਨੇ ਤੋਂ ਵੱਧ ਸਮੇਂ ਦੀ ਮੁਕੰਮਲ ਨਾਕਾਬੰਦੀ ਦੇ ਦੌਰਾਨ ਬਣੀ ਹੈ।

ਐਤਵਾਰ ਨੂੰ ਟੈਲੀਗ੍ਰਾਮ 'ਤੇ ਜਾਰੀ ਬਿਆਨ ਵਿਚ ਜੀਐਮਓ ਨੇ ਕਿਹਾ, 'ਇਸ ਸਿਲਸਿਲੇਵਾਰ ਨਾਕਾਬੰਦੀ ਤਹਿਤ ਪੰਜ ਸਾਲ ਤੋਂ ਘੱਟ ਉਮਰ ਦੇ 3,500 ਤੋਂ ਵੱਧ ਬੱਚੇ ਭੁੱਖ ਨਾਲ ਤੁਰੰਤ ਮਰਨ ਵਾਲੇ ਹਨ, ਜਦਕਿ ਲੱਗਭੱਗ 2.9 ਲੱਖ ਬੱਚੇ ਮੌਤ ਦੇ ਕਿਨਾਰੇ ਖੜੇ ਹਨ।' ਬਿਆਨ ਵਿਚ ਅੱਗੇ ਕਿਹਾ ਗਿਆ, 'ਇਕ ਸਮੇਂ ਜਦੋਂ 11 ਲੱਖ ਬੱਚਿਆਂ ਨੂੰ ਰੋਜ਼ਾਨਾ ਜੀਊਣ ਲਈ ਲੋੜੀਂਦੇ ਘੱਟੋ-ਘੱਟ ਪੌਸ਼ਟਿਕ ਤੱਤ ਨਹੀਂ ਮਿਲ ਰਹੇ, ਇਜ਼ਰਾਈਲੀ ਕਬਜ਼ੇ ਵਾਲੀ ਸਰਕਾਰ ਵੱਲੋਂ ਭੁੱਖ ਨੂੰ ਹਥਿਆਰ ਵਜੋਂ ਵਰਤਿਆ ਜਾ ਰਿਹਾ ਹੈ, ਜਦਕਿ ਅੰਤਰਰਾਸ਼ਟਰੀ ਚੁੱਪ ਸ਼ਰਮਨਾਕ ਹੈ।'

ਘੱਟੋ-ਘੱਟ 57 ਫਲੀਸਤੀਨੀ ਭੁੱਖ ਨਾਲ ਮਰ ਚੁੱਕੇ ਹਨ, ਜਿਸ ਨੇ ਆਲਮੀ ਪੱਧਰ 'ਤੇ ਨਾਰਾਜ਼ਗੀ ਤਾਂ ਪੈਦਾ ਕੀਤੀ ਹੈ, ਪਰ ਇਹ ਇਜ਼ਰਾਈਲ ਨੂੰ 23 ਲੱਖ ਦੀ ਆਬਾਦੀ ਵਾਲੇ ਇਲਾਕੇ ਵਿਚ ਸਹਾਇਤਾ ਭੇਜੇ ਜਾਣ ਦੀ ਇਜਾਜ਼ਤ ਦੇਣ ਲਈ ਮਨਾਉਣ ਵਿਚ ਅਸਫ਼ਲ ਰਹੀ ਹੈ।

ਸਹਾਇਤਾ ਸੰਸਥਾਵਾਂ ਅਨੁਸਾਰ ਖਾਣੇ ਅਤੇ ਜ਼ਰੂਰੀ ਸਾਮੱਗਰੀ ਦੀ ਭਾਰੀ ਘਾਟ ਨੇ ਇਸ ਖੇਤਰ ਨੂੰ ਭੁੱਖਮਰੀ ਦੇ ਮੂੰਹ 'ਚ ਧੱਕ ਦਿੱਤਾ ਹੈ। ਭੁੱਖਮਰੀ ਦੇ ਇਲਾਜ ਲਈ ਜ਼ਰੂਰੀ ਦਵਾਈਆਂ ਅਤੇ ਸਮੱਗਰੀ ਮੁੱਕ ਗਈ ਹੈ ਜਾਂ ਮੁੱਕਣ ਦੇ ਕਿਨਾਰੇ ਹੈ, ਜਦਕਿ ਕੁਪੋਸ਼ਣ ਦੇ ਮਾਮਲੇ ਤੇਜ਼ੀ ਨਾਲ ਵੱਧ ਰਹੇ ਹਨ। ਜਿਹੜਾ ਥੋੜ੍ਹਾ ਬਹੁਤ ਖਾਣ-ਪੀਣ ਦਾ ਸਮਾਨ ਬਚਿਆ ਹੈ, ਉਹ ਅਕਸਰ ਏਨਾ ਮਹਿੰਗਾ ਹੈ ਕਿ ਜ਼ਿਆਦਾਤਰ ਗਾਜ਼ਾ ਵਾਸੀਆਂ ਲਈ ਖਰੀਦਣਾ ਹੀ ਵੱਸ ਤੋਂ ਬਾਹਰ ਹੈ। ਸੰਯੁਕਤ ਰਾਸ਼ਟਰ ਦੇ ਅਨੁਸਾਰ ਇੱਥੋਂ ਦੀ 80 ਫ਼ੀਸਦੀ ਤੋਂ ਵੱਧ ਆਬਾਦੀ ਸਹਾਇਤਾ 'ਤੇ ਨਿਰਭਰ ਹੈ।

ਸਹਾਇਤਾ ਸੰਸਥਾਵਾਂ ਅਤੇ ਮਾਨਵ ਅਧਿਕਾਰ ਜਥੇਬੰਦੀਆਂ ਦਾ ਇਹ ਦੋਸ਼ ਬੇਬੁਨਿਆਦ ਨਹੀਂ ਹੈ ਕਿ ਇਜ਼ਰਾਈਲ ਭੁੱਖ ਨੂੰ ਯੁੱਧ ਦੇ ਹਥਿਆਰ ਵਜੋਂ ਵਰਤ ਰਿਹਾ ਹੈ। ਇਜ਼ਰਾਈਲ ਵੱਲੋਂ ਨਾਕਾਬੰਦੀ ਨੂੰ ਜਾਇਜ਼ ਠਹਿਰਾਉਣ ਲਈ ਇਹ ਬਹਾਨਾ ਬਣਾਇਆ ਗਿਆ ਹੈ ਕਿ ਇਹ ਤਾਂ ਹਮਾਸ 'ਤੇ ਦਬਾਅ ਬਣਾਉਣ ਲਈ ਲਗਾਈ ਗਈ ਹੈ ਤਾਂ ਜੋ ਉਹ ਆਪਣੇ ਕੋਲ ਕੈਦ ਵਿਅਕਤੀਆਂ ਨੂੰ ਰਿਹਾ ਕਰੇ। ਕਿਹਾ ਜਾਂਦਾ ਹੈ ਕਿ ਗਾਜ਼ਾ 'ਚ ਹਾਲੇ ਵੀ 59 ਇਜ਼ਰਾਇਲੀ ਕੈਦ ਹਨ, ਜਿਨ੍ਹਾਂ ਵਿਚੋਂ 24 ਦੇ ਜਿਉਂਦਾ ਹੋਣ ਦੀ ਸੰਭਾਵਨਾ ਹੈ।

ਇਜ਼ਰਾਇਲੀ ਮੀਡੀਆ ਦੀਆਂ ਰਿਪੋਰਟਾਂ ਤੋਂ ਸੰਕੇਤ ਮਿਲ ਰਹੇ ਹਨ ਕਿ ਨੇਤਨਯਾਹੂ ਵੱਲੋਂ ਅਗਲੇ ਦਿਨਾਂ 'ਚ ਗਾਜ਼ਾ ਵਿਚ ਸਹਾਇਤਾ ਯਾਨੀ ਰਾਸ਼ਨ, ਦਵਾਈਆਂ ਅਤੇ ਹੋਰ ਸਮਾਨ ਵੰਡਣ ਦੀ ਨਵੀਂ ਯੋਜਨਾ ਨੂੰ ਮਨਜ਼ੂਰੀ ਦਿੱਤੀ ਜਾਵੇਗੀ ਜਿਸ ਵਿਚ ਪ੍ਰਾਈਵੇਟ ਠੇਕੇਦਾਰਾਂ ਨੂੰ ਸ਼ਾਮਲ ਕੀਤਾ ਜਾਣਾ ਹੈ ਅਤੇ ਇਸ ਖੇਤਰ ਦੇ ਦੱਖਣੀ ਹਿੱਸੇ ਵਿਚ ਕੁਝ 'ਹੱਬ' ਬਣਾਏ ਜਾਣਗੇ। ਇਹ ਇਜ਼ਰਾਇਲੀ ਹਕੂਮਤ ਦੀ ਇਕ ਹੋਰ ਦੁਸ਼ਟ ਕਾਰਵਾਈ ਹੈ, ਜਿਸ ਵੱਲੋਂ ਅੰਤਰਰਾਸ਼ਟਰੀ ਸੰਸਥਾਵਾਂ ਵੱਲੋਂ ਭੇਜੀ ਜਾ ਰਹੀ ਮਾਨਵਤਾਵਾਦੀ ਸਹਾਇਤਾ ਦੀ ਤਾਂ ਨਾਕਾਬੰਦੀ ਕੀਤੀ ਹੋਈ ਹੈ, ਅਤੇ ਨਾਕਾਬੰਦੀ ਨੂੰ ਹੁਣ ਨਵੀਂ ਯੋਜਨਾ ਦੇ ਪਰਦੇ ਹੇਠ ਜਾਰੀ ਰੱਖਿਆ ਜਾਵੇਗਾ। ਇਹ ਯੋਜਨਾ ਮਹਿਜ਼ ਦੁਨੀਆ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਹੈ।

ਇਸ ਮਹੀਨੇ ਅਮਰੀਕਨ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਸਾਊਦੀ ਅਰਬ, ਯੂਏਈ ਅਤੇ ਕਤਰ ਦਾ ਦੌਰਾ ਕਰਨ ਦੀਆਂ ਕੰਨਸੋਆਂ ਹਨ। ਇਹ ਮੰਨਿਆ ਜਾ ਰਿਹਾ ਹੈ ਕਿ ਉਸ ਵੱਲੋਂ ਇਜ਼ਰਾਇਲ ਉੱਪਰ ਨਾਕਾਬੰਦੀ ਵਿਚ ਕੁਝ ਢਿੱਲ ਦੇਣ ਲਈ ਦਬਾਅ ਪਾਇਆ ਜਾ ਸਕਦਾ ਹੈ। ਇਕ ਹਫ਼ਤਾ ਪਹਿਲਾਂ ਹੀ ਉਸਨੇ ਨੇਤਨਯਾਹੂ ਨੂੰ ਕਿਹਾ ਸੀ ਕਿ 'ਗਾਜ਼ਾ ਲਈ ਚੰਗੇ ਬਣੋ।'

ਜਦੋਂ ਤੱਕ ਦੁਨੀਆ ਦੇ ਲੋਕ ਅਮਰੀਕਨ ਸਾਮਰਾਜੀ ਚਾਲਾਂ ਅਤੇ ਇਜ਼ਰਾਇਲੀ ਦਹਿਸ਼ਤਵਾਦ ਨਾਲ ਇਸਦੇ ਮਾਨਵਤਾ ਵਿਰੋਧੀ ਗੱਠਜੋੜ ਦੀ ਅਸਲੀਅਤ ਨੂੰ ਨਹੀਂ ਸਮਝਦੇ ਅਤੇ ਇਸ ਗੱਠਜੋੜ ਵਿਰੁੱਧ ਡੱਟ ਕੇ ਨਹੀਂ ਲੜਦੇ, ਮਜ਼ਲੂਮ ਫ਼ਲਸਤੀਨੀਆਂ ਦੀ ਨਸਲਕੁਸ਼ੀ ਇਸੇ ਤਰ੍ਹਾਂ ਚੱਲਦੀ ਰਹੇਗੀ ਅਤੇ ਉਹ ਸ਼ਰਮਨਾਕ ਚੁੱਪ ਵੀ ਬਣੀ ਰਹੇਗੀ, ਜਿਸਦਾ ਜ਼ਿਕਰ ਗਾਜ਼ਾ ਦੇ ਜੀਐੱਮਓ ਨੇ ਆਪਣੇ ਬਿਆਨ ਵਿਚ ਕੀਤਾ ਹੈ।

# ਮੱਧ ਭਾਰਤ ਦੇ ਆਦਿਵਾਸੀਆਂ ਦੀ ਉਮੀਦ ਅਤੇ ਜੰਗਲਾਂ ਦਾ ਰਾਖਾ – ਹਿੜਮਾ

***ਮੀਡੀਆ ਰਿਪੋਰਟਾਂ ਅਨੁਸਾਰ ਪਿਛਲੇ ਪੰਦਰਾਂ ਦਿਨ ਤੋਂ ਭਾਰਤੀ ਰਾਜ ਦੇ 24 ਹਜ਼ਾਰ ਦੇ ਕਰੀਬ ਸੁਰੱਖਿਆ ਬਲਾਂ ਨੇ ਛੱਤੀਸਗੜ੍ਹ-ਤੇਲੰਗਾਨਾ ਸਰਹੱਦ ਉੱਪਰ ਕਰੇਗੁੱਟਾ ਪਹਾੜੀਆਂ ਨੂੰ ਘੇਰਿਆ ਹੋਇਆ ਹੈ। ਕਿਹਾ ਜਾ ਰਿਹਾ ਹੈ ਕਿ ਉੱਥੇ ਪ੍ਰਮੁੱਖ ਮਾਓਵਾਦੀ ਛਾਪਾਮਾਰ ਕਮਾਂਡਰ ਹਿੜਮਾ, ਦੇਵਾ, ਦਮੋਦਰ ਆਦਿ ਸਮੇਤ 1000 ਦੇ ਕਰੀਬ ਮਾਓਵਾਦੀ ਛਾਪਾਮਾਰ ਲੁਕੇ ਹੋਏ ਹਨ ਅਤੇ ਸੁਰੱਖਿਆ ਬਲ ਉਨ੍ਹਾਂ ਦਾ ਸਫ਼ਾਇਆ ਕਰਕੇ ਮਾਰਚ 2026 ਤੱਕ ਮੋਦੀ ਸਰਕਾਰ ਦੇ ਮਾਓਵਾਦ ਮੁਕਤ ਬਸਤਰ ਦੇ ਟੀਚੇ ਨੂੰ ਅੰਜਾਮ ਦੇਣ ਲਈ ਦ੍ਰਿੜ ਹਨ। ਆਦਿਵਾਸੀਆਂ ਸੰਘਰਸ਼ ਦੇ ਡੂੰਘੇ ਭੇਤੀ ਉੱਘੇ ਗਾਂਧੀਵਾਦੀ ਕਾਰਕੁਨ ਹਿਮਾਂਸ਼ੂ ਕੁਮਾਰ ਨੇ ਇਸ ਕਰੂਰ ਵਰਤਾਰੇ ਬਾਰੇ ਬਹੁਤ ਹੀ ਭਾਵਪੂਰਤ ਟਿੱਪਣੀ ਲਿਖੀ ਹੈ ਜੋ ਭਾਰਤ ਸਰਕਾਰ ਵੱਲੋਂ ਚਲਾਏ ਜਾ ਰਹੇ 'ਓਪਰੇਸ਼ਨ ਕਗਾਰ' ਦੇ ਅਸਲ ਮਨੋਰਥ ਅਤੇ ਆਦਿਵਾਸੀਆਂ ਵੱਲੋਂ ਇਸ ਵਿਰੁੱਧ ਲੜੇ ਜਾ ਰਹੇ ਹਥਿਆਰਬੰਦ ਟਾਕਰੇ ਨੂੰ ਬਖ਼ੂਬੀ ਪੇਸ਼ ਕਰਦੀ ਹੈ। ਜ਼ਮੀਨੀ ਹਕੀਕਤ ਦੀ ਤਸਵੀਰ ਦੇ ਮਹੱਤਵ ਦੇ ਮੱਦੇਨਜ਼ਰ ਹਿਮਾਂਸ਼ੂ ਕੁਮਾਰ ਜੀ ਦੀ ਟਿੱਪਣੀ ਦਾ ਅਨੁਵਾਦ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ।-ਸੰਪਾਦਕ***

ਇਕ ਆਦਿਵਾਸੀ ਸੰਮੇਲਨ ਵਿਚ ਗਿਆ ਸੀ। ਸੰਮੇਲਨ ਕਰਵਾਉਣ ਵਾਲੀ ਸੰਸਥਾ ਦੇ ਪ੍ਰਧਾਨ ਇਕ ਗਾਂਧੀਵਾਦੀ ਬਜ਼ੁਰਗ ਸਨ। ਉਹ ਭਾਸ਼ਣ ਦੇਂਦੇ ਦੇਂਦੇ ਰੋਣ ਲੱਗ ਪਏ ਤੇ ਕਹਿਣ ਲੱਗੇ ਕਿ ਅਸੀਂ ਆਦਿਵਾਸੀ ਮਨੁੱਖੀ ਅਧਿਕਾਰ ਕਾਰਕੁਨ ਸੋਨੀ ਸੋਰੀ ਦੇ ਗੁਪਤ ਅੰਗਾਂ ਵਿਚ ਪੱਥਰ ਭਰਨ ਵਾਲੇ ਕਰੂਰ ਪੁਲਿਸ ਅਧਿਕਾਰੀ ਦਾ ਕੁਝ ਵੀ ਨਹੀਂ ਵਿਗਾੜ ਸਕੇ।

ਮੈਂ ਸੰਮੇਲਨ ਹਾਲ ਵਿਚ ਬੈਠਾ ਉਨ੍ਹਾਂ ਨੂੰ ਦੇਖ ਰਿਹਾ ਸੀ ਅਤੇ ਮੇਰੇ ਮਨ ਵਿਚ ਬਸਤਰ ਦਾ ਆਦਿਵਾਸੀ ਬਾਗ਼ੀ ਨੌਜਵਾਨ ਹਿੜਮਾ ਘੁੰਮਣ ਲੱਗਾ।

**ਹਿਮਾਂਸ਼ੂ ਕੁਮਾਰ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਮੇਰਾ ਮਨ ਆਪਣੇ ਆਪ ਹੀ ਇਸ ਗਾਂਧੀਵਾਦੀ ਕਾਰਕੁਨ ਅਤੇ ਹਿੜਮਾ ਵਿਚਕਾਰ ਤੁਲਨਾ ਕਰਨ ਲੱਗ ਪਿਆ। ਇਹ ਗਾਂਧੀਵਾਦੀ ਕਾਰਕੁਨ ਆਪਣੀ ਬੇਵਸੀ ਉੱਪਰ ਰੋ ਰਿਹਾ ਸੀ।

ਦੂਜੇ ਪਾਸੇ ਬਸਤਰ ਦਾ ਉਹ ਆਦਿਵਾਸੀ ਨੌਜਵਾਨ ਹਿੜਮਾ ਹੈ। ਸਰਕਾਰ ਹਿੜਮਾ ਨੂੰ ਨਕਸਲੀ ਕਹਿੰਦੀ ਹੈ। ਹੁਣ ਅਮਿਤ ਸ਼ਾਹ ਨੇ ਹਿੜਮਾ ਨੂੰ ਕਤਲ ਕਰਨ ਲਈ ਇਕ ਮੁਹਿੰਮ ਚਲਾਈ ਹੋਈ ਹੈ। ਹੁਣੇ ਖ਼ਬਰ ਆਈ ਸੀ ਕਿ ਫ਼ੌਜ ਨੇ ਹਿੜਮਾ ਨੂੰ ਘੇਰ ਲਿਆ ਹੈ।

ਅਤੇ ਇਹ ਡਰ ਜ਼ਾਹਿਰ ਕੀਤਾ ਜਾ ਰਿਹਾ ਸੀ ਕਿ ਹੁਣ ਉਹ ਮਾਰਿਆ ਜਾਵੇਗਾ।

ਹਾਲ ਹੀ ਵਿਚ ਬਸਤਰ ਦੀ ਮਨੁੱਖੀ ਅਧਿਕਾਰ ਕਾਰਕੁਨ ਸੋਨੀ ਸੋਰੀ ਨੇ ਮੈਨੂੰ ਫ਼ੋਨ ਕੀਤਾ ਸੀ। ਉਹ ਦੱਸ ਰਹੀ ਸੀ ਕਿ ਉਸ ਨੂੰ ਕਈ ਲੋਕਾਂ ਨੇ, ਜਿਨ੍ਹਾਂ ਵਿਚ ਕਈ ਪੁਲਿਸ ਦੇ ਹੇਠਲੇ ਰੈਂਕ ਦੇ ਆਦਿਵਾਸੀ ਸਿਪਾਹੀ ਵੀ ਸਨ, ਨੇ ਕਿਹਾ ਕਿ 'ਦੀਦੀ, ਹਿੜਮਾ ਮਰਨਾ ਨਹੀਂ ਚਾਹੀਦਾ।'

ਅਮਿਤ ਸ਼ਾਹ ਜੋ ਵੱਡੇ ਸਰਮਾਏਦਾਰਾਂ ਦਾ ਦਲਾਲ ਹੈ, ਉਸ ਦੇ ਹੁਕਮ 'ਤੇ ਪੁਲਿਸ ਨੇ ਹਿੜਮਾ ਨੂੰ ਪੰਜ ਦਿਨ ਤੱਕ ਜੰਗਲ ਵਿਚ ਘੇਰ ਕੇ ਰੱਖਿਆ। ਸਾਰਿਆਂ ਨੂੰ ਉਮੀਦ ਸੀ ਕਿ ਹੁਣ ਹਿੜਮਾ ਮਾਰਿਆ ਜਾਵੇਗਾ। ਪਰ ਹਿੜਮਾ ਜੰਗਲੀ ਚੀਤੇ ਵਾਂਗ ਪੁਲਿਸ ਦੇ ਘੇਰੇ ਵਿਚੋਂ ਬਚ ਕੇ ਨਿਕਲ ਗਿਆ।

ਮੈਂ ਆਪਣੇ ਆਪ 'ਤੇ ਹੈਰਾਨ ਹਾਂ ਕਿ ਇਕ ਅਜਿਹੇ ਆਦਿਵਾਸੀ ਦੇ ਬਚ ਨਿਕਲਣ 'ਤੇ ਮੈਂ ਖ਼ੁਸ਼ ਕਿਉਂ ਹਾਂ ਜਿਸ ਨੂੰ ਸਰਕਾਰ ਨਕਸਲੀ ਕਹਿੰਦੀ ਹੈ? ਅਸਲ ਵਿਚ ਮੈਂ ਉਹ ਵਿਅਕਤੀ ਹਾਂ ਜਿਸ ਦਾ ਬਸਤਰ ਨਾਲ 35 ਸਾਲਾਂ ਤੋਂ ਵੱਧ ਸਮੇਂ ਤੋਂ ਸੰਬੰਧ ਹੈ।



ਮੈਂ ਬਸਤਰ ਵਿਚ ਆਦਿਵਾਸੀ ਔਰਤਾਂ ਨਾਲ ਭਾਰਤੀ ਰਾਜ ਦੇ ਸਿਪਾਹੀਆਂ ਵਲੋਂ ਕੀਤੇ ਗਏ ਬਲਾਤਕਾਰ ਦੇਖੇ ਹਨ। ਮੈਂ ਆਦਿਵਾਸੀ ਬੱਚਿਆਂ ਦੀਆਂ ਲਾਸ਼ਾਂ ਵੇਖੀਆਂ ਹਨ। ਮੈਂ ਆਪਣੀ ਸਰਕਾਰ ਦੇ ਭਿਆਨਕ ਕਰੂਰ ਕਾਰੇ ਦੇਖੇ ਹਨ। ਮੇਰੀ ਆਪਣੀ ਸਰਕਾਰ ਨੇ ਇਹ ਸਭ ਵੱਡੇ ਸਰਮਾਏਦਾਰਾਂ ਨੂੰ ਲਾਭ ਪਹੁੰਚਾਉਣ ਲਈ ਕੀਤਾ।

ਮੈਂ ਬਸਤਰ ਵਿਚ 18 ਸਾਲ ਗੁਜ਼ਾਰੇ ਹਨ ਅਤੇ ਮੈਂ ਜਾਣਦਾ ਹਾਂ ਕਿ ਇਕ ਸਮਾਂ ਸੀ ਜਦੋਂ ਬਸਤਰ ਦੇ ਜੰਗਲ ਦੇ ਹਰ ਰੁੱਖ, ਹਰ ਪੱਤੇ ਤੋਂ ਭਾਰਤ ਸਰਕਾਰ ਡਰਦੀ ਸੀ।

ਮੈਂ ਸੋਚ ਕੇ ਕਈ ਵਾਰੀ ਨੀਂਦ ਵਿਚ ਜਾਗ ਜਾਂਦਾ ਅਤੇ ਡਰ ਜਾਂਦਾ ਹਾਂ ਕਿ ਉਹ ਜੰਗਲ ਕਿਹੋ ਜਿਹਾ ਹੋਵੇਗਾ ਜਿੱਥੇ ਸਰਕਾਰ ਦੇ ਸਿਪਾਹੀ ਸਰਮਾਏਦਾਰਾਂ ਲਈ ਜੰਗਲ ਵਿਚ ਘੁਸ ਕੇ ਕਬਜ਼ਾ ਕਰਨ ਖ਼ਾਤਰ ਆਦਿਵਾਸੀ ਔਰਤਾਂ ਦੀਆਂ ਇੱਜ਼ਤਾਂ ਲੁੱਟਣਗੇ ਅਤੇ ਉਨ੍ਹਾਂ ਨੂੰ ਰੋਕਣ ਵਾਲਾ ਕੋਈ ਨਹੀਂ ਹੋਵੇਗਾ।

ਹਿੜਮਾ ਮਾਰਿਆ ਜਾਵੇਗਾ, ਉਸ ਦਾ ਜੋ ਖ਼ੌਫ਼ ਸਰਕਾਰੀ ਲੁਟੇਰਿਆਂ ਦੇ ਦਿਲ ਵਿਚ ਸੀ, ਉਹ ਖ਼ਤਮ ਹੋ ਜਾਵੇਗਾ।

ਜਿਵੇਂ ਲੋਕ ਮੰਦਰ ਵਿਚ ਜਾਣ ਤੋਂ ਪਹਿਲਾਂ ਆਪਣੀ ਜੁੱਤੀ ਲਾਹੁੰਦੇ ਹਨ, ਸਰਕਾਰ ਜੰਗਲ ਵਿਚ ਘੁੱਸਣ ਤੋਂ ਪਹਿਲਾਂ ਡਰ ਕੇ ਆਪਣੀ ਜੁੱਤੀ ਲਾਹ ਦਿੰਦੀ ਸੀ। ਜੰਗਲ ਪਵਿੱਤਰ ਸੀ ਕਿਉਂਕਿ ਉੱਥੇ ਹਿੜਮਾ ਸੀ। ਹਿੜਮਾ ਮਰ ਜਾਵੇਗਾ ਤਾਂ ਇਹ ਸਰਕਾਰ ਜੰਗਲ ਨੂੰ ਅਪਵਿੱਤਰ ਕਰ ਦੇਵੇਗੀ ਅਤੇ ਉਸ ਨੂੰ ਰੋਕਣ ਵਾਲਾ ਕੋਈ ਨਹੀਂ ਬਚੇਗਾ।

ਹਿੜਮਾ ਦੇ ਹੋਣ ਕਰਕੇ ਜੰਗਲ ਨੂੰ ਇਕ ਮਾਣ ਮਿਲਿਆ ਹੋਇਆ ਸੀ। ਉਹ ਜੰਗਲ ਕਿਹੋ ਜਿਹਾ ਹੋਵੇਗਾ ਜਿਸਦਾ ਕੋਈ ਮਾਣ-ਸਨਮਾਨ ਨਹੀਂ ਹੋਵੇਗਾ, ਜਿਸ ਉੱਪਰ ਸਰਕਾਰ ਆਪਣੇ ਸਿਪਾਹੀ ਭੇਜ ਕੇ ਕਬਜ਼ਾ ਕਰੇਗੀ, ਔਰਤਾਂ ਨਾਲ ਬਲਾਤਕਾਰ ਹੋਣਗੇ, ਨੌਜਵਾਨ ਮਾਰੇ ਜਾਣਗੇ ਅਤੇ ਉਨ੍ਹਾਂ ਨੂੰ ਰੋਕਣ ਵਾਲਾ ਹਿੜਮਾ ਨਹੀਂ ਬਚੇਗਾ।


ਅੱਜ ਤੋਂ 50 ਸਾਲ ਬਾਅਦ ਇਤਿਹਾਸ ਵਿਚ ਲਿਖਿਆ ਜਾਵੇਗਾ ਕਿ ਬਸਤਰ ਦਾ ਇਕ ਬਾਗ਼ੀ ਸੀ ਜਿਸ ਨੂੰ ਇਕ ਤੜੀਪਾਰ ਗੁੰਡੇ ਨੇ ਆਪਣੀ ਸੱਤਾ ਦੀ ਤਾਕਤ ਦੇ ਆਧਾਰ 'ਤੇ ਮਾਰ ਦਿੱਤਾ ਤਾਂ ਜੋ ਮੁਨਾਫ਼ਾਖ਼ੋਰ ਲੋਭੀਆਂ ਨੂੰ ਫ਼ਾਇਦਾ ਪਹੁੰਚਾਇਆ ਜਾ ਸਕੇ।

ਬਿਰਸਾ ਮੁੰਡਾ ਅਤੇ ਗੁੰਡਾਧੁਰ ਵਾਂਗ ਹਿੜਮਾ ਇਤਿਹਾਸ ਦੀਆਂ ਕਿਤਾਬਾਂ ਵਿਚ ਅਮਰ ਹੋ ਜਾਵੇਗਾ। ਅਤੇ ਅਸੀਂ ਇਤਿਹਾਸ ਵਿਚ ਕਾਇਰ ਦੇ ਰੂਪ ਵਿਚ ਦਰਜ ਹੋਵਾਂਗੇ ਜੋ ਆਪਣੀਆਂ ਅੱਖਾਂ ਸਾਹਮਣੇ ਹੋ ਰਹੇ ਐਨੇ ਵੱਡੇ ਅਨਿਆਂ ਨੂੰ ਦੇਖ ਕੇ ਚੁੱਪ ਰਹੇ।

# ਨਵੀਂ ਪੰਜਾਬੀ ਵੈੱਬ ਸੀਰੀਜ਼ 'ਪੁੱਤਾਂ ਦੇ ਵਪਾਰੀ'

ਸ਼ਿਵਨਾਥ ਦਰਦੀ
ਫ਼ਰੀਦਕੋਟ

ਸੂਖਮ ਸੋਚ ਦੇ ਮਾਲਕ ਚਰਚਿਤ ਡਾਇਰੈਕਟਰ ਤੇ ਫਿਲਮ ਰਚੇਤਾ ਭਗਵੰਤ ਕੰਗ ਜੀ , ਸਮਾਜ ਦੇ ਪਹਿਰੇਦਾਰ ਬਣ ਸਮਾਜਿਕ ਕੁਰੀਤੀਆਂ ਨੂੰ ਉਜਾਗਰ ਕਰਦੀਆਂ ਕਹਾਣੀਆਂ ਦੀ ਕੜੀ ਵਿੱਚ 'ਜੇ. ਐਸ. ਮੋਸ਼ਨ ਪਿਕਚਰਜ਼ ਲਿਮਟਿਡ' ਅਤੇ 'ਫ਼ਿਲਮੀ ਅਦਾ' ਦੇ ਬੈਨਰ ਹੇਠ 'ਭਗਵੰਤ ਸਿੰਘ ਕੰਗ' ਦੁਆਰਾ ਲਿਖੀ ਅਤੇ ਨਿਰਦੇਸ਼ਿਤ ਕੀਤੀ ,ਅਗਲੀ ਵੈੱਬ ਸੀਰੀਜ਼ "ਪੁੱਤਾਂ ਦੇ ਵਪਾਰੀ" ਦੇ ਸਾਰੇ ਤਕਨੀਕੀ ਕੰਮ ਪੂਰੇ ਹੋ ਚੁੱਕੇ ਹਨ ਅਤੇ ਇਹ ਬਹੁਤ ਜਲਦੀ ਕਿਸੇ ਵੱਡੇ ਓ.ਟੀ.ਟੀ. ਪਲੇਟਫ਼ਾਰਮ 'ਤੇ ਰਿਲੀਜ਼ ਹੋਣ ਜਾ ਰਹੀ ਹੈ। ਨੌਂ ਐਪੀਸੋਡ ਦੀ ਇਹ ਪੰਜਾਬੀ ਵੈੱਬ ਸੀਰੀਜ਼ ਫੈਮਲੀ ਡਰਾਮੇ ਦੀ ਦੁਨੀਆਂ ਵਿੱਚ ਇੱਕ ਮੀਲ ਪੱਥਰ ਸਾਬਤ ਹੋਣ ਜਾ ਰਹੀ ਹੈ, ਇਸ ਵਿੱਚ ਇੰਡਸਟਰੀ ਅਤੇ ਥੀਏਟਰ ਨਾਲ ਜੁੜੇ ਚੋਟੀ ਦੇ ਕਲਾਕਾਰਾਂ ਨੇ ਕੰਮ ਕੀਤਾ ਹੈ। ਪ੍ਰਭਜੋਤ ਰੰਧਾਵਾ, ਜੈਸਮੀਨ ਬਰਨਾਲਾ, ਗੁਰਹਰਪ੍ਰੀਤ ਕੌਰ, ਐਂਜਲੀਨਾ ਰਾਜਪੂਤ, ਟਵਿੰਕਲ ਭੱਟੀ, ਕੁਲਵਿੰਦਰ ਕਸ਼ਯਪ, ਹਰਮੀਤ ਜੱਸੀ, ਕੁਲਦੀਪ ਸੰਧੂ, ਦਲਜੀਤ ਕੌਰ, ਸੁਰਿੰਦਰ ਕੌਰ ਤੋਂ ਇਲਾਵਾ ਬਾਲ ਕਲਾਕਾਰ ਸਨੇਹਾ ਨੇ ਬਹੁਤ ਭਾਵਪੂਰਤ ਔਰਤਾਂ ਦੇ ਕਿਰਦਾਰ ਨਿਭਾਏ ਹਨ। ਚੋਟੀ ਦੀਆਂ ਪੰਜਾਬੀ ਫ਼ੀਚਰ ਫ਼ਿਲਮਾਂ ਵਿੱਚ ਕੰਮ ਕਰ ਚੁੱਕੇ ਕਲਾਕਾਰ ਧੀਰਾ ਮਾਨ, ਤਰਸਿੰਦਰ ਥਿੰਦ, ਜੱਸ ਬੋਪਾਰਾਏ, ਭੁਪਿੰਦਰਜੀਤ ਅਤੇ ਸੋਨੂੰ ਕੇਲੋਂ ਤੋਂ ਇਲਾਵਾ ਇਸ ਵੈੱਬ ਸੀਰੀਜ਼ ਵਿੱਚ ਮਾਡਲਿੰਗ ਦੀ ਦੁਨੀਆਂ ਵਿੱਚ ਚੰਗਾ ਨਾਮਣਾ ਖੱਟ ਚੁੱਕੇ 'ਰਾਣਾ ਸਿੰਘ ਦਰਾਜ' ਨੇ ਮੁੱਖ ਭੂਮਿਕਾ ਨਿਭਾਈ ਹੈ। ਦਾਜ ਅਤੇ ਘਰੇਲੂ ਹਿੰਸਾ ਜਿਹੀਆਂ ਸਮਾਜਿਕ ਕੁਰੀਤੀਆਂ ਨੂੰ ਉਜਾਗਰ ਕਰਦੀ, ਇਹ ਵੈੱਬ ਸੀਰੀਜ਼ ਸਾਨੂੰ ਪੈਰ ਪੈਰ 'ਤੇ ਸਮਾਜ ਨੂੰ ਬਦਲਣ ਦਾ ਸੁਨੇਹਾ ਦਿੰਦੀ ਹੈ।




ਵੈੱਬ ਸੀਰੀਜ਼ ਵਿੱਚ ਭਗਵੰਤ ਕੰਗ ਜੀ ਦੁਆਰਾ ਲਿਖੇ ਦੋ ਗੀਤ ਵੀ ਪਾਏ ਗਏ ਹਨ, ਜਿਨ੍ਹਾਂ ਨੂੰ ਲੋਕ ਗਾਇਕ ਮਹਿੰਦਰ ਮੀਤ ਅਤੇ ਪਰਵੇਜ਼ ਮਾਨ ਜੀ ਦੀਆਂ ਆਵਾਜ਼ਾਂ ਵਿੱਚ ਰਿਕਾਰਡ ਕੀਤਾ ਗਿਆ ਹੈ। ਜਸਬੀਰ ਰਿਸ਼ੀ ਅਤੇ ਸੱਤਿਆ ਸਿੰਘ ਦੁਆਰਾ ਨਿਰਮਿਤ, ਇਸ ਵੈੱਬ ਸੀਰੀਜ਼ ਲਈ ਐਗਜ਼ੀਕਿਊਟਿਵ ਨਿਰਮਾਤਾ ਦੀ ਭੂਮਿਕਾ 'ਪਰਮਜੀਤ ਸਿੰਘ ਨਾਗਰਾ' ਨੇ ਨਿਭਾਈ ਹੈ। ਪ੍ਰੋਜੈਕਟ ਮੈਨੇਜਰ 'ਹਰਦੀਪ ਸਿੰਘ' ਦੇ ਨਾਲ ਫ਼ਿਲਮੀ ਅਦਾ ਦੀ ਸਮੁੱਚੀ ਟੀਮ ਨੇ ਇਸ ਪ੍ਰੋਜੈਕਟ ਨੂੰ ਨੇਪਰੇ ਚਾੜ੍ਹਨ ਵਿੱਚ ਦਿਨ ਰਾਤ ਇੱਕ ਕਰ ਦਿੱਤਾ ਹੈ।

# ਗੀਤਕਾਰੀ, ਸਾਹਿਤਕਾਰੀ, ਇੰਜੀਨੀਅਰਿੰਗ ਦੀ ਤ੍ਰੈਮੂਰਤੀ ਸਤਨਾਮ ਸਿੰਘ ਮੱਟੂ

ਕਲਾ ਪਰਿਕਰਮਾ

ਪ੍ਰੋ. ਨਵ ਸੰਗੀਤ ਸਿੰਘ



ਜਿਸ ਇਨਸਾਨ ਨੇ ਬਚਪਨ ਤੋਂ ਗੁਰਬਤ ਦੀ ਜ਼ਿੰਦਗੀ ਹੰਢਾਉਂਦਿਆਂ ਹਿੰਮਤ ਨੂੰ ਯਾਰ ਬਣਾ ਕੇ ਮਿਹਨਤ ਦਾ ਪੱਲਾ ਫੜ ਲਿਆ ਹੁੰਦਾ ਹੈ, ਉਹ ਇੱਕ ਦਿਨ ਜ਼ਰੂਰ ਬੁਲੰਦੀਆਂ ਦੀਆਂ ਮੰਜ਼ਿਲਾਂ ਸਰ ਕਰਦਾ ਹੈ। ਅਜਿਹੇ ਹੀ ਇਨਸਾਨਾਂ ਵਿੱਚ ਹਿੰਮਤੀ, ਦ੍ਰਿੜ ਇਰਾਦੇ ਵਾਲਾ ਅਤੇ ਕਰੜੀ ਮਿਹਨਤ ਦਾ ਮੁਦੱਈ ਇੰਜੀ ਸਤਨਾਮ ਸਿੰਘ ਮੱਟੂ ਹੈ। ਉਸਨੇ ਆਪਣੀਆਂ ਲਿਖਤਾਂ ਰਾਹੀਂ ਹਰ ਪਾਠਕ ਦੇ ਮਨ ਨੂੰ ਪ੍ਰਭਾਵਿਤ ਕੀਤਾ ਹੈ। ਪੰਜਾਬੀ ਲੋਕ ਗਾਇਕ ਹਾਕਮ ਬਖਤੜੀਵਾਲਾ ਦੇ ਇਸ ਲਾਡਲੇ ਸ਼ਾਗਿਰਦ ਇੰਜੀ. ਸਤਨਾਮ ਸਿੰਘ ਮੱਟੂ ਨੂੰ ਗੀਤਕਾਰੀ ਅਤੇ ਸਾਹਿਤਕ ਖੇਤਰ ਵਿੱਚ ਕੀਤੇ ਪ੍ਰਸੰਸਾਯੋਗ ਕੰਮਾਂ ਸਦਕਾ 10 ਮਈ 2025 (ਸ਼ਨੀਵਾਰ) ਨੂੰ ਪੰਜਾਬੀ ਫਿਲਮ ਮਿਊਜ਼ਿਕ ਅਵਾਰਡ ਨਾਲ ਸਨਮਾਨਿਤ ਕੀਤਾ ਜਾ ਰਿਹਾ ਹੈ। ਸਨਮਾਨ ਲਈ ਚੁਣੇ ਜਾਣਾ ਇੱਕ ਇਨਸਾਨ ਦੀ ਜ਼ਿੰਦਗੀ ਵਿੱਚ ਬਹੁਤ ਵੱਡੀ ਖੁਸ਼ੀ ਅਤੇ ਉਪਲਬਧੀ ਹੁੰਦੀ ਹੈ। ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਪੰਜਾਬ ਵਿੱਚ ਬਤੌਰ ਉੱਪ ਮੰਡਲ ਇੰਜੀਨੀਅਰ ਦੀ ਸੇਵਾਵਾਂ ਨਿਭਾ ਰਹੇ ਇੰਜੀ. ਸਤਨਾਮ ਸਿੰਘ ਮੱਟੂ ਨੇ ਪੰਜਾਬ ਦੇ ਮਾਲਵੇ ਜ਼ਿਲੇ ਸੰਗਰੂਰ ਦੇ ਚੜ੍ਹਦੇ ਵੱਲ ਮਾਰੂਥਲ ਵਰਗੇ ਰੇਤੀਲੇ ਟਿੱਬਿਆਂ ਚ ਵਸੇ ਪਿੰਡ ਬੀਂਬੜ ਵਿਚ (ਨੇੜੇ ਭਵਾਨੀਗੜ੍ਹ ) ਇੱਕ ਗਰੀਬ ਪਰਿਵਾਰ ਚ ਪਿਤਾ ਸ੍ਰ ਸੇਵਾ ਸਿੰਘ ਅਤੇ ਮਾਤਾ ਸ੍ਰੀਮਤੀ ਬਲਵੀਰ ਕੌਰ ਦੇ ਘਰ 25 ਫ਼ਰਵਰੀ 1970 ਨੂੰ ਜਨਮ ਲਿਆ। ਹੱਡ ਭੰਨਵੀਂ ਮਿਹਨਤ ਕਰਦੇ ਪਿਤਾ ਨੂੰ ਇੱਕ ਸਰਕਾਰੀ ਵਕੀਲ ਨੇ ਬੱਚਿਆਂ ਨੂੰ ਪੜ੍ਹਾਈ ਕਰਵਾਉਣ ਦੀ ਨਸੀਹਤ ਦੇ ਕੇ ਦ੍ਰਿੜਚਿੱਤ ਕਰ ਦਿੱਤਾ। ਪਿਤਾ ਦੀ ਖ਼ੂਨ ਪਸੀਨੇ ਦੀ ਕਮਾਈ, ਮਾਂ ਦੀਆਂ ਸਿਖਰ ਦੁਪਹਿਰੇ ਚੁੱਲ੍ਹੇ ਉੱਪਰ ਮੰਜਾ ਖੜ੍ਹਾ ਕਰਕੇ ਚੋਂਦੇ ਪਸੀਨੇ ਨਾਲ ਪਕਾ ਕੇ ਖੁਆਈਆਂ ਰੋਟੀਆਂ ਦੇ ਨਤੀਜੇ ਅਤੇ ਇੰਜੀ. ਸਤਨਾਮ ਸਿੰਘ ਮੱਟੂ ਦੀ ਕੀਤੀ ਅਣਥੱਕ ਮਿਹਨਤ ਨਾਲ ਸਾਰੀਆਂ ਜਮਾਤਾਂ ਪਹਿਲੇ ਦਰਜੇ ਵਿੱਚ ਪਾਸ ਕੀਤੀਆਂ।


ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਗ੍ਰੈਜੂਏਸ਼ਨ, ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ ਨਾਭਾ ਤੋਂ ਈਟੀਟੀ, ਥਾਪਰ ਇੰਜੀਨੀਅਰਿੰਗ ਕਾਲਜ ਪਟਿਆਲਾ ਤੋਂ ਸਿਵਲ ਇੰਜੀਨੀਅਰਿੰਗ ਵਿਚ ਡਿਪਲੋਮਾ ਅਤੇ ਇੰਜੀਨੀਅਰਿੰਗ ਵਿਚ ਗ੍ਰੈਜੂਏਸ਼ਨ ਕੀਤੀ। 1998 ਤੋਂ ਉਹ ਕਰੀਬ ਤਿੰਨ ਕੁ ਸਾਲ ਅਧਿਆਪਨ ਕਿੱਤੇ ਨੂੰ ਸਮਰਪਿਤ ਰਿਹਾ ਅਤੇ ਦਸੰਬਰ 2001 ਵਿੱਚ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਪੰਜਾਬ ਵਿੱਚ ਬਤੌਰ ਜੂਨੀਅਰ ਇੰਜੀਨੀਅਰ ਭਰਤੀ ਹੋ ਗਿਆ। ਪੰਜਾਬ ਦੇ ਵੱਖ ਵੱਖ ਸ਼ਹਿਰਾਂ ਵਿੱਚ ਸੇਵਾਵਾਂ ਨਿਭਾਉਂਦਿਆਂ ਜੁਲਾਈ 2023 ਵਿੱਚ ਉੱਪ ਮੰਡਲ ਇੰਜੀਨੀਅਰ ਪ੍ਰਮੋਟ ਹੋਕੇ ਅੱਜਕੱਲ੍ਹ ਹਿਮਾਲਿਆ ਪਰਬਤ ਦੀ ਬੁੱਕਲ 'ਚ ਵੱਸੇ ਸ਼ਹਿਰ ਰੋਪੜ ਵਿਖੇ ਸੇਵਾਵਾਂ ਨਿਭਾ ਰਿਹਾ ਹੈ। ਸਾਹਿਤਕ ਸਰਗਰਮੀਆਂ ਵਿੱਚ ਦਿਲਚਸਪੀ ਦੀ ਸ਼ੁਰੂਆਤ ਉਸਨੇ 1992 ਵਿੱਚ ਸੰਪਾਦਕ ਦੀ ਡਾਕ ਤੋਂ ਕੀਤੀ। ਉਪਰੰਤ ਉਸਦੀਆਂ ਰਚਨਾਵਾਂ, ਕਵਿਤਾਵਾਂ, ਗੀਤ, ਲੇਖ, ਕਹਾਣੀਆਂ ਆਦਿ ਪੰਜਾਬੀ ਦੇ ਨਾਮਵਰ ਅਖ਼ਬਾਰਾਂ ਅਤੇ ਰਸਾਲਿਆਂ ਦਾ ਸ਼ਿੰਗਾਰ ਬਣਨ ਲੱਗ ਪਏ। ਸਾਥੀ ਲੇਖਕਾਂ ਨੇ ਉਤਸ਼ਾਹੀ ਹੁੰਗਾਰਾ ਦੇ ਕੇ ਪ੍ਰੇਰਿਤ ਕੀਤਾ। ਉਹਨੇ ਪ੍ਰਤੀਨਿਧ ਅਖ਼ਬਾਰਾਂ 'ਚ ਧੜੱਲੇਦਾਰ ਪੱਤਰਕਾਰੀ ਵੀ ਕੀਤੀ ਹੈ। ਪਰ ਜ਼ਿਆਦਾਤਰ ਝੁਕਾਅ ਸਾਹਿਤ ਰਚਨਾ ਵੱਲ ਕੇਂਦ੍ਰਿਤ ਰਿਹਾ। ਸਮਾਜਿਕ ਕੁਰੀਤੀਆਂ, ਦਰਿੰਦਗੀ, ਸਮੱਸਿਆਵਾਂ, ਕਦਰਾਂ ਕੀਮਤਾਂ ਦੇ ਘਾਣ, ਮੁਖੌਟਾਧਾਰੀ ਚੌਧਰੀਆਂ ਦੇ ਤਸ਼ੱਸਦ ਆਦਿ ਵਿਰੁੱਧ ਡਟ ਕੇ ਆਵਾਜ਼ ਬੁਲੰਦ ਕੀਤੀ ਅਤੇ ਹੱਕ-ਸੱਚ, ਵਾਤਾਵਰਣ ਬਚਾਉਣ ਲਈ ਇੱਕਜੁੱਟ ਹੋ ਕੇ ਕਾਰਜ ਕਰਨ ਦਾ ਸੁਨੇਹਾ ਦਿੱਤਾ। ਪਰਿਵਾਰਕ ਰਿਸ਼ਤਿਆਂ, ਸਮਾਜਿਕ ਪਹਿਲੂਆਂ ਅਤੇ ਮਹੱਤਵਪੂਰਨ ਵਿਸ਼ਿਆਂ ਸੰਬੰਧੀ ਗੀਤ ਰਚੇ, ਜੋ ਵੱਖ ਵੱਖ ਗਾਇਕਾਂ ਰਵੀ ਢਿੱਲੋਂ, ਲੱਕੀ ਦੁਰਗਾਪੁਰੀਆ, ਕਰੀਨਾ ਸ਼ਰਮਾ, ਕਮਲ ਬਠਿੰਡਾ, ਜੇ ਰਿਆਜ਼, ਜੱਸ ਜਸਵਿੰਦਰ, ਬਿੱਟੂ ਬਹਾਦਰ ਆਦਿ ਦੀ ਆਵਾਜ਼ ਵਿੱਚ ਵੀ ਰਿਕਾਰਡ ਹੋਏ ਅਤੇ ਅਜੇ ਵੀ ਹੋ ਰਹੇ ਹਨ। ਕਲਮ ਕਾਫ਼ਲਾ, ਚੰਨ ਰਿਸ਼ਮਾਂ, ਸ਼ਬਦਾਂ ਦੀ ਜਾਦੂਗਰੀ, ਕਲਮਾਂ ਬੋਲਦੀਆਂ ਆਦਿ ਸਾਂਝੇ ਕਾਵਿ ਸੰਗ੍ਰਹਿਆਂ ਵਿੱਚ ਉਸਦੀਆਂ ਰਚਨਾਵਾਂ ਛਪੀਆਂ ਹਨ ਅਤੇ ਪਾਠਕਾਂ ਵੱਲੋਂ ਖ਼ੂਬ ਸਲਾਹੀਆਂ ਗਈਆਂ ਹਨ।

ਉਸਨੇ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਹੀਦੀ ਹਫ਼ਤੇ ਦੀਆਂ ਦਰਦਨਾਕ ਅਤੇ ਖੌਫਨਾਕ ਘਟਨਾਵਾਂ ਅਤੇ ਉਨ੍ਹਾਂ ਦੇ ਪਰਿਵਾਰ ਤੇ ਢਾਹੇ ਅੱਤਿਆਚਾਰ ਅਤੇ ਤਸ਼ੱਸਦ ਤੇ ਆਧਾਰਿਤ ਖ਼ੂਨ ਭਿੱਜੇ ਇਤਿਹਾਸਕ ਪੰਨਿਆਂ ਨੂੰ "ਯਖ਼ ਰਾਤਾਂ ਪੋਹ ਦੀਆਂ" (6 ਤੋਂ 13 ਪੋਹ) ਕਾਵਿ ਸੰਗ੍ਰਹਿ ਦੇ ਰੂਪ ਵਿੱਚ ਕਲਮਬੱਧ ਕੀਤਾ ਹੈ। ਇਸ ਧਾਰਮਿਕ ਅਤੇ ਇਤਿਹਾਸਕ ਕਾਵਿ ਰਚਨਾ ਨੂੰ ਸਾਹਿਤਕ ਅਤੇ ਧਾਰਮਿਕ ਹਲਕਿਆਂ ਵਿਚ ਖ਼ੂਬ ਸਤਿਕਾਰ ਮਿਲਿਆ ਹੈ। "ਹੇਮਕੁੰਟ ਪਰਬਤ ਹੈ ਜਹਾਂ" ਸਫ਼ਰਨਾਮਾ ਨਾਲ ਉਸਨੇ ਸਾਹਿਤਕ ਖੇਤਰ ਵਿੱਚ ਇੱਕ ਹੋਰ ਪੁਲਾਂਘ ਪੁੱਟੀ ਹੈ ਅਤੇ ਸਾਹਿਤਕ ਹਲਕਿਆਂ ਚ ਖ਼ੂਬ ਚਰਚਾ ਛੇੜੀ ਹੈ। ਇਸ ਸਫ਼ਰਨਾਮੇ ਦੀ ਖਾਸੀਅਤ ਇਹ ਹੈ ਕਿ ਇਸ ਪੁਸਤਕ ਵਿੱਚ ਹਰਿਦੁਆਰ, ਰਿਸ਼ੀਕੇਸ਼, ਪੰਜ ਪ੍ਰਯਾਗ, ਸ੍ਰੀਨਗਰ, ਚਮੋਲੀ, ਜੋਸ਼ੀਮੱਠ ਆਦਿ ਸ਼ਹਿਰਾਂ ਦੀ ਭੂਗੋਲਿਕ, ਸਮਾਜਿਕ, ਧਾਰਮਿਕ, ਰਾਜਨੀਤਕ ਸਥਿਤੀ ਉੱਪਰ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ ਹੈ। ਅਖ਼ਬਾਰਾਂ ਵਿੱਚ ਪ੍ਰਕਾਸ਼ਿਤ ਲੇਖਾਂ ਰਾਹੀਂ ਉਸਨੇ ਕੜਾਹ ਪ੍ਰਸ਼ਾਦ ਦੀ ਮਹੱਤਤਾ, ਪਿਆਰ ਜ਼ਿੰਦਗੀ ਦੀ ਖ਼ੂਬਸੂਰਤ ਚੀਜ਼ ਹੈ, ਸਿੰਧੂ ਘਾਟੀ ਦੇ ਇਤਿਹਾਸਕ ਜ਼ਖੀਰੇ ਦਾ ਸ਼ਹਿਰ ਰੋਪੜ, ਭਾਰਤੀ ਕਰੰਸੀ ਦਾ ਇਤਿਹਾਸ, ਜੀਅ ਭਰਕੇ ਜੀਓ ਸਮੇਤ ਅਨੇਕਾਂ ਲੇਖ ਧਾਰਮਿਕ, ਨੈਤਿਕ, ਸਮਾਜਿਕ, ਸੱਭਿਆਚਾਰਕ, ਇਤਿਹਾਸਕ ਪਿਛੋਕੜ, ਵਾਤਾਵਰਨ, ਜਲ ਹੀ ਜੀਵਨ ਹੈ, ਪ੍ਰਦੂਸ਼ਣ ਆਦਿ ਵਿਸ਼ਿਆਂ ਤੇ ਖ਼ੂਬਸੂਰਤ ਚਾਨਣਾ ਪਾਇਆ ਹੈ, ਜੋ ਉਸਦੀ ਡੂੰਘੀ ਸੂਝ ਦਾ ਪ੍ਰਤੀਕ ਹਨ। ਇੰਜੀ. ਮੱਟੂ ਨੇ ਸਰਕਾਰੀ ਮਹਿਕਮੇ ਚ ਸੇਵਾਵਾਂ ਨਿਭਾਉਂਦੇ ਹੋਏ ਵੀ ਆਪਣੇ ਵਡਮੁੱਲੇ ਯੋਗਦਾਨ ਸਦਕਾ ਆਜ਼ਾਦੀ ਦਿਵਸ ਅਤੇ ਗਣਤੰਤਰ ਦਿਵਸ ਤੇ ਸਨਮਾਨ ਹਾਸਲ ਕੀਤੇ ਹਨ। ਸਵੱਛ ਭਾਰਤ ਮੁਹਿੰਮ ਚ ਫ਼ਤਹਿਗੜ੍ਹ ਸਾਹਿਬ ਨੂੰ ਪਹਿਲਾ ਸਵੱਛ ਜ਼ਿਲ੍ਹਾ ਬਣਾਉਣ ਲਈ ਕੀਤੇ ਕਾਰਜਾਂ ਸਦਕਾ ਪੰਜਾਬ ਸਰਕਾਰ ਨੇ ਉਸਨੂੰ ਨਕਦ ਇਨਾਮ ਨਾਲ ਸਨਮਾਨਿਤ ਕੀਤਾ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 17 ਮਈ 2025 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-690



*ਪੱਕ ਗਏ ਸੰਧੂਰੀ ਅੰਬ ਅੱਧਾ ਹਾੜ੍ਹ ਲੰਘਿਆ,*
*ਟੁੱਟਿਆ ਸਬਰ ਬੱਚਿਆਂ ਤੋਂ ਰਿਹਾ ਨ ਗਿਆ।*
*ਲਾਈ ਪੌੜੀ ਕੰਧ ਨੂੰ ਸੀ ਜੁਗਾੜ ਬਣਾ ਲਿਆ,*
*ਤੋੜ ਕੇ ਅੱਧ ਪੱਕਿਆਂ ਨੂੰ ਸੀ ਢੇਰ ਲਾ ਲਿਆ।*

## ਕੈਪਸ਼ਨ ਮੁਕਾਬਲਾ-688



ਪਿੰਡ ਹਾਲੇ ਵਸਿਆ ਨਹੀਂ,
ਫਿਰਦੇ ਨੇ ਚੋਰ ਉਚੱਕੇ,
ਹਾਲ ਕਿਰਸਾਨੀ ਦੇ ਇਵੇਂ,
ਖਾਂਦਾ ਉਮਰ ਭਰ ਧੱਕੇ।
ਛੇਈਂ ਮਹੀਨੀਂ ਦਾਣਾ ਫੱਕਾ,
ਜਦੋਂ ਪਾਉਂਦੈਂ ਘਰ ਫੇਰੇ,
ਧਰਮਾਂ ਦੇ ਨਾਮ 'ਤੇ ਮਗਰੇ,
ਲੁੱਟਣ ਆਉਂਦੇ ਨੇ ਡੇਰੇ।
***-ਸੇਵਾ ਸਿੰਘ ਨੂਰਪੁਰੀ***

---

ਗੱਡੇ ਰੇਹੜਿਆਂ ਦੇ ਸਮੇਂ ਹੁਣ ਲੱਦ ਗਏ।
ਢੋਣ ਦਾਨਿਆਂ ਨੂੰ ਹੋਰ ਸਾਧਨ ਲੱਭ ਗਏ।
ਕੱਟੀ ਹੋਈ ਫ਼ਸਲ ਨਾ ਹੁਣ ਗਾਹੁਣੀ ਪੈਂਦੀ ਏ।
ਇੱਕੋ ਵਾਰ ਕੰਬਾਈਨ ਸਭ ਸਾਧ ਲੈਂਦੀ ਏ।
ਤੂੜੀ-ਤੰਦ ਸਾਂਭਣ ਦਾ ਝਮੇਲਾ ਮੁੱਕਿਆ।
ਦਮਾਮੇ ਮਾਰ ਜੱਟ ਮੇਲੇ ਆਉਣਾ ਰੁਕਿਆ।
ਵੰਝਲੀ ਨਾ ਕੱਛ ਨਾ ਕੋਈ ਸੱਦ ਲਾਉਂਦਾ ਏ।
ਟਰੈਕਟਰ 'ਤੇ ਬੈਠ ਉੱਚੀ ਗੀਤ ਲਾਉਂਦਾ ਏ।
ਮੰਡੀਆਂ 'ਚ ਰਾਤੀਂ ਬੈਠ ਖੁਆਰੀ ਹੁੰਦੀ ਏ।
ਮੇਘ ਵਰਸ ਜਾਏ ਕਣਕ ਭਾਰੀ ਹੁੰਦੀ ਏ।
ਛਿੰਝਾਂ ਨਾ ਲੱਗਣ ਨਾ ਹੀ ਢੋਲ ਵੱਜਦੇ।
ਪਿੰਡੇ ਤੇਲ ਲਾ ਕੇ ਨਾ ਹੀਂ ਸ਼ੇਰ ਗੱਜਦੇ।
ਸੀਰੀ ਕਾਮੇ ਕਮੀਣ ਨਾ ਹੁਣ ਭਾਈ ਵੱਜਦੇ।
ਭੰਨਵੀਂ ਮੁਸ਼ੱਕਤ ਵੀ ਕੀਤਿਆਂ ਨਾ ਰੱਜਦੇ।
ਚਾਤ੍ਰਿਕ ਦਾ ਜੱਟ ਧਨੀ ਰਹਿਆ ਨਾ 'ਨਾਕਾਮ'।
ਜੱਟ-ਜ਼ਿਮੀਂਦਾਰ ਏ ਬੱਸ ਲੈਣ ਨੂੰ ਹੀ ਨਾਮ।
***-ਗੁਰਬਖਸ਼ ਸਿੰਘ 'ਨਾਕਾਮ'***
***ਫੋਨ: +1 864-318-5500***

---

ਕੁੱਝ ਕੁਦਰਤ ਨੇ ਮਾਰ ਦਿੱਤੀਆਂ
ਕੁੱਝ ਅੱਗਾਂ ਨੇ ਸਾੜ ਦਿੱਤੀਆਂ
ਬਚੀਆਂ ਖੁਚੀਆਂ ਪੱਲੇ ਆਈਆਂ।
ਵਿਹਲੜ ਆ ਗਏ ਜੀਪਾਂ ਲੈ ਕੇ
ਰੰਗ ਬਿਰੰਗੇ ਭੇਸ ਬਣਾ ਕੇ
ਧਰਮ ਦੇ ਨਾਂ 'ਤੇ ਕਰਨ ਕਮਾਈਆਂ।
***-ਜਗਮੀਤ ਸਿੰਘ ਪੰਧੇਰ***

---


ਨੀਲੇ ਬਸਤਰ ਗੁਰਾਂ ਦੀ ਬਖਸ਼ਿਸ਼
ਪੀਲੇ ਬੰਨ੍ਹ ਕੇ ਪਟਕੇ
ਕਣਕਾਂ ਆਈਆਂ ਘਰਾਂ 'ਚ ਜੱਟ ਦੇ
ਇਹ ਵੀ ਆਗੇ ਕਾਫਲੇ ਬੰਨ੍ਹ ਕੇ
ਤਿੰਨ ਚਾਰ ਲੈ ਮੁੰਡੇ ਖੁੰਡੇ
ਘਰ ਲੋਕਾਂ ਦੇ ਜਾਲਣ
ਪਦੇ ਮਾਈ ਬੱਠਲ ਭਰ ਕੇ
ਭੋਰਾ ਵੀ ਨਾ ਸੰਗਦੇ।
***-ਕੇਵਲ ਸਿੰਘ ਕਲਾਹੜ***

## *ਮਾਂ ਦੇ ਨਾਂ*

ਕਵਿਤਾ ਗੀਤ ਜੋ ਮਾਂ ਦੇ ਨਾਂ ਹੈ।
ਮਾਂ ਮਗਰੋਂ ਤਾਂ ਇਹ ਹੀ ਮਾਂ ਹੈ।
ਏਹ ਜੋ ਹੈ ਮਾਂ ਦਾ ਸਿਰਨਾਵਾਂ,
ਹਾਵਾਂ ਭਾਵਾਂ ਨਾਲ ਰਵਾਂ ਹੈ।
ਚਾਹੋ ਤਾਂ ਅੱਜ ਕੈਸ਼ ਕਰਾ ਲਓ,
ਮਾਂ ਦਾ ਏਥੇ ਪਿਆਰ ਜਮ੍ਹਾਂ ਹੈ।
ਕੀ ਹੋਇਆ ਮਾਂ ਰਹੀ ਨਾ ਸਾਡੀ,
ਓਹਦੇ ਵਰਗਾ ਅੱਖਰ ਤਾਂ ਹੈ।
ਮੜ੍ਹੀਆਂ ਤੋਂ ਮਾਂ ਪਰਤ ਆਊਗੀ,
ਜੇਕਰ ਕਵਿਤਾ ਲਈ ਸਮਾਂ ਹੈ।
ਮਾਂ ਵਾਲਿਓ ਸੱਚੋ ਸੱਚ ਦੱਸਿਓ,
ਮਾਂ ਲਈ ਕਿਹਦੇ ਕੋਲ ਸਮਾਂ ਹੈ।
ਕੇਅਰ ਹੋਮ ਸੱਚ ਦੱਸ ਦੇਣਗੇ,
ਮਾਂ ਜੋ ਰਹਿੰਦੀ ਨਾਲ ਗਮਾਂ ਹੈ।
ਮਾਪਿਆਂ ਦੇ ਲਈ ਸਮਾਂ ਨਾ ਕੱਢੇ,
ਡਿਜੀਟਲ ਜੋ ਅੰਦਾਜ਼ ਨਵਾਂ ਹੈ।
ਉਹਦੇ ਸਾਰੇ ਸਕੇ ਨਿਆਣੇ,
ਸਾਂਝਾ ਰੱਬ ਜੋ ਮਾਂ ਦੀ ਥਾਂ ਹੈ।
ਆਓ ਬਿਗਾਨੇਪਨ ਨੂੰ ਛੱਡੀਏ,
ਮਾਂ ਦੇ ਵਰਗੀ ਦਿਲੀ ਖਿਮਾਂ ਹੈ।
ਢੇਸੀ ਲਈ ਤਾਂ ਸ਼ਬਦ ਹੀ ਸੱਚੀਂ,
ਹਰ ਇਕ ਰਿਸ਼ਤੇ ਦੀ ਤਰ੍ਹਾਂ ਹੈ।
***-ਕੁਲਵੰਤ ਸਿੰਘ ਢੇਸੀ, ਯੂ ਕੇ***


# ਸੁੰਨ ਹੋਇਆ ਪਹਿਲਗਾਮ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353



1970 ਦੇ ਆਸ-ਪਾਸ ਮੇਰੇ ਮਰਹੂਮ ਵੱਡੇ ਭਰਾ ਸ੍ਰੀਨਗਰ ਦੇ ਇੰਜਨੀਅਰਿੰਗ ਕਾਲਜ ਵਿਚ ਪ੍ਰੋਫੈਸਰ ਜਾ ਲੱਗੇ। ਪਰਿਵਾਰ ਦੀਆ ਖੁਸ਼ੀਆਂ ਦਾ ਕੋਈ ਪਾਰਾਵਾਰ ਨਹੀਂ ਸੀ, ਹੁਣ ਸਵਰਗ ਦੀ ਧਰਤੀ ਦੇ ਖੁਲ੍ਹੇ ਦਰਸ਼ਨ ਦੀਦਾਰੇ ਹੋਇਆ ਕਰਨਗੇ। ਭਾਈ ਵੀਰ ਸਿੰਘ ਦੀਆਂ ਕਸ਼ਮੀਰ ਦੀ ਖੂਬਸੂਰਤੀ ਬਾਰੇ ਕਵਿਤਾਵਾਂ ਪੜ੍ਹ-ਪੜ੍ਹ ਕੇ ਕਸ਼ਮੀਰ ਨੂੰ ਧਾ ਗਲਵਕੜੀ ਪਾਉਣ ਨੂੰ ਮਨ ਕਰਦਾ ਰਹਿੰਦਾ ਸੀ। ਭਾਜੀ ਦੇ ਕਸ਼ਮੀਰ ਹੁੰਦਿਆਂ ਤਿੰਨ ਸਾਲ ਉਪਰੋ-ਥਲੀ ਇਸ ਟੁਕੜੀ ਜੱਗ ਤੋਂ ਨਿਆਰੀ ਨੂੰ ਭਰਪੂਰਤਾ ਨਾਲ ਤੱਕਣ ਦਾ ਮੌਕਾ ਮਿਲਿਆ। ਸ੍ਰੀਨਗਰ ਦੀ ਡੱਲ ਲੇਕ, ਚਾਰ ਚਿਨਾਰ, ਸ਼ਿਕਾਰੇ, ਜਿਹਲਮ ਦਰਿਆ, ਵੈਰੀਨਾਗ, ਗੁਲਮਰਗ, ਯੂਸਮਰਗ, ਸੋਨਮਰਗ, ਕੁੱਕੜਨਾਗ, ਪਹਿਲਗਾਮ, ਚਿਨਾਰ ਤੇ ਚੀਲ ਦੇ ਦਰਖਤ-ਕਿਹੜੀ ਦੇਖਣਯੋਗ ਸ਼ੈਅ ਸੀ ਜੋ ਇੱਕ ਤੋਂ ਵੱਧ ਵਾਰ ਨਹੀਂ ਨਿਹਾਰੀ। ਅਨੇਕਾਂ ਚਸ਼ਮੇ, ਨਦੀਆਂ, ਨਾਲੇ, ਝੀਲਾਂ ਹਰ ਜਗ੍ਹਾ ਦਾ ਆਪਣਾ ਕੁਦਰਤੀ ਹੁਸਨ, ਆਪਣੀ ਹੀ ਪਛਾਣ। ਸੇਬ, ਆਲੂਬੁਖਾਰੇ, ਬਦਾਮ, ਅਖਰੋਟ ਜਿਹੇ ਫਲ ਤੇ ਮੇਵੇ ਖਾਣ ਲਈ ਤਰਸਦੇ ਰਹੀਦਾ ਸੀ ਪਰ ਏਥੇ ਜੀਅ ਭਰ ਕੇ ਖਾਧੇ ਤੇ ਉਹ ਵੀ ਆਹਲਾ ਕਿਸਮ ਦੇ। ਵੱਡੀ ਗੱਲ, ਕਸ਼ਮੀਰੀਆਂ ਦੇ ਨਿੱਘੇ, ਅਪਣੱਤ ਭਰੇ ਤੇ ਖਲੂਸ ਸੁਭਾਅ ਕਾਰਨ ਕਸ਼ਮੀਰ ਆਪਣਾ ਹੀ ਲਗਦਾ।

ਜਿਸ ਜਗ੍ਹਾ ਦੀ ਤਸਵੀਰ ਮਨ ਤੇ ਸਦੀਵੀ ਤੌਰ 'ਤੇ ਉਕਰੀ ਗਈ, ਉਹ ਹੈ ਲਿੱਦਰ ਘਾਟੀ, ਇਸ ਦੇ ਐਨ ਵਿਚਕਾਰੋਂ ਠਾਠਾਂ ਮਾਰਦਾ ਲਿੱਦਰ ਦਰਿਆ ਤੇ ਆਰ-ਪਾਰ ਵਸਿਆ ਨਗੀਨਾ ਸ਼ਹਿਰ ਪਹਿਲਗਾਮ। ਭਾਜੀ ਸਾਨੂੰ ਵਾਰ-ਵਾਰ ਉਥੇ ਲੈ ਕੇ ਜਾਂਦੇ। ਲਿੱਦਰ ਦਰਿਆ ਦੇ ਕਿਨਾਰੇ ਬੈਠ ਕੇ ਤੇ ਪਾਣੀ ਵਿਚ ਲੱਤਾਂ ਲਮਕਾ ਕੇ ਘੰਟਿਆਂ ਬੱਧੀ ਅਸੀਂ ਨਸ਼ੀਲੇ ਵਾਤਾਵਰਣ ਦਾ ਅਨੰਦ ਮਾਣਦੇ। ਰਾਤ ਨੂੰ ਦਰਿਆ ਦੀ ਸੂਕਰ ਤੇ ਚੀਲਾਂ ਦੀ ਸ਼ਾਂ ਸ਼ਾਂ ਵਿਚ ਗੜੂੰਦ ਹੋ ਜਾਂਦੇ। ਪ੍ਰੋ. ਮੋਹਨ ਸਿੰਘ ਦੀ ਪਹਿਲਗਾਮ ਬਾਰੇ ਇੱਕ ਕਵਿਤਾ ਹੈ ਜਿਸ ਦੀਆਂ ਮੈਨੂੰ ਪਹਿਲੀ ਤੇ ਆਖਰੀ, ਦੋ ਹੀ ਸਤਰਾਂ ਯਾਦ ਹਨ। ਪਹਿਲੀ ਹੈ, 'ਪਹਿਲਗਾਮ ਦੀ ਸੁੰਦਰ ਵਾਦੀ ਚੀਲਾਂ ਨਾਲ ਸਿੰਗਾਰੀ' ਤੇ ਆਖਰੀ ਹੈ, 'ਪਹਿਲਗਾਮ ਦੀਆਂ ਪਰੀਆਂ ਕੋਲੋਂ ਮੇਰੀ ਜਿੰਦ ਛੁਡਾਓ'। ਕਵਿਤਾ ਦੇ ਉਪਾਸ਼ਕ ਮੇਰੇ ਭਾਜੀ ਤਾਂ ਅਕਸਰ ਆਖਰੀ ਸਤਰ ਹੀ ਗੁਣਗੁਣਾਉਂਦੇ ਰਹਿੰਦੇ, ਹਾਲਾਂ ਕਿ ਕਸ਼ਮੀਰ ਦੀਆਂ ਮੁਟਿਆਰਾਂ ਵਿਚ ਸਾਨੂੰ ਕੋਈ ਵਿਸ਼ੇਸ਼ ਸੁੰਦਰਤਾ ਨਹੀਂ ਲੱਭੀ। ਉਹ ਕਮਜ਼ੋਰ ਤੇ ਪੀਲੀਆਂ ਜਿਹੀਆਂ ਦਿਖਾਈ ਦਿੰਦੀਆਂ। ਸ਼ਾਇਦ ਮੋਹਨ ਸਿੰਘ ਨੂੰ ਦਰਿਆ ਦੀਆਂ ਚਿੱਟੀਆਂ ਛੱਲਾਂ ਪਰੀਆਂ ਲਗਦੀਆਂ ਸਨ। ਪਰ ਇਹ ਕਸ਼ਮੀਰਨਾਂ ਬਾਰੇ ਮੋਹਨ ਸਿੰਘ ਦੀ ਕਲਪਨਾ ਸੀ ਜੋ ਸ਼ਾਇਦ ਅਸਲ ਵਿਚ ਸਮੁੱਚੇ ਕਸ਼ਮੀਰ ਦੀ ਮਨ ਨੂੰ ਜੂੜ ਕੇ ਰੱਖਣ ਵਾਲੀ ਸੁੰਦਰਤਾ ਨੂੰ ਸਮੇਟਣ ਦੀ ਜੁਗਤ ਸੀ। ਏਥੋਂ ਹੀ ਫਿਰ ਖੱਚਰਾਂ ਰਾਹੀਂ ਦਸ-ਬਾਰਾਂ ਕੋਹ ਦੂਰ ਚੰਦਨਵਾੜੀ ਦੀ ਚੰਦਨ ਵਾਂਗ ਚਮਕਦੀ ਬਰਫ਼ ਦੇਖਣ ਗਏ। ਖੱਚਰਾਂ ਨੇ ਊਬੜ-ਖਾਬੜ ਥਾਵਾਂ ਤੇ ਟਪਾ-ਟਪਾ ਕੇ ਸਾਰਾ ਸਰੀਰ ਟੁੱਟਣ ਲਾ ਦਿੱਤਾ। ਇੱਕ ਦਿਨ ਆਪਣੀ ਰਿਹਾਇਸ਼, ਲੱਕੜੀ ਦੀ ਹੱਟ 'ਤੋਂ ਮੌਜ-ਮੌਜ ਵਿਚ ਮੈਂ ਇਕੱਲਾ ਹੀ ਲਿੱਦਰ ਦਰਿਆ ਵੱਲ ਸੈਰ ਕਰਦਾ ਚਲੇ ਗਿਆ ਤਾਂ ਦੇਖਿਆ ਕਿ ਦਰਿਆ ਦੇ ਕਿਨਾਰੇ ਇਕ ਮਸਜਿਦ ਵਿਚ ਮੁਸਲਮਾਨ ਲੋਕ ਨਿਮਾਜ਼ ਪੜ੍ਹ ਰਹੇ ਸਨ। ਪਤਾ ਨਹੀਂ ਮਨ ਵਿਚ ਕੀ ਆਇਆ ਕਿ ਮੈਂ ਉਨ੍ਹਾਂ ਦੀ ਕਤਾਰ ਵਿਚ ਜਾ ਕੇ ਨਮਾਜ਼ ਅਦਾ ਕਰਨ ਦੀ ਗੁਸਤਾਖੀ ਕਰਨ ਲੱਗਾ ਪਰ ਉਨ੍ਹਾਂ ਦੀ ਊਠਕ-ਬੈਠਕ ਨਾਲ ਤਾਲ ਨਾ ਮਿਲਾ ਸਕਿਆ ਤੇ ਮਲਕ ਦੇਣੀ ਟਿਭ ਆਇਆ। ਬੜੀ ਨਮੋਸ਼ੀ ਹੋਈ।

ਹਾਲ ਹੀ ਵਿਚ ਦਹਿਸ਼ਤਗਰਦਾਂ ਦੀ ਮਾਰ ਹੇਠ ਆਈ ਵਿਸ਼ਾਲ ਚਰਾਗਾਹ ਬਾਇਸਰਨ ਏਥੋਂ ਘੰਟੇ ਕੁ ਦੀ ਵਾਟ 'ਤੇ ਸੀ, ਪਰ ਇਸ ਦੀ ਵਹਿਸ਼ੀ ਸੁੰਦਰਤਾ ਦੀ ਸੋਅ ਸੁਣ ਕੇ ਇਸ ਨੂੰ ਤੱਕਣ ਲਈ ਵੀ ਤਿੰਨ-ਚਾਰ ਵਾਰੀ ਲੱਤਾਂ ਤੁੜਾਈਆਂ। ਚਰਾਗਾਹ ਦੇ ਸ਼ੁਰੂ ਵਿਚ ਸਥਿਤ ਇਕ ਨਿੱਕੀ ਜਿਹੀ ਹੱਟੀ 'ਤੋਂ ਪਹਿਲੀ ਵਾਰੀ ਬਦਾਮਾਂ ਵਾਲੇ ਕਸ਼ਮੀਰੀ ਕਾਹਵੇ ਦਾ ਅਨੰਦ ਮਾਣਿਆ। ਅਗਲੇ ਸਾਲ ਭਾਜੀ ਜੰਮੂ ਆ ਗਏ ਪਰ ਕਾਲਜ ਦੇ ਇੱਕ ਟੂਰ ਵਿਚ ਫਿਰ ਕਸ਼ਮੀਰ ਜਾਣ ਦਾ ਮੌਕਾ ਬਣਿਆ। ਪਹਿਲੀ ਸਵੇਰ ਹੀ ਚੰਦਨਵਾੜੀ ਜਾਣ ਦਾ ਪ੍ਰੋਗਰਾਮ ਬਣ ਗਿਆ ਪਰ ਇਸ ਜਗ੍ਹਾ 'ਤੋਂ ਪਹਿਲਾਂ ਹੋਏ ਨਾਖੁਸ਼ਗਵਾਰ ਅਨੁਭਵ ਕਾਰਨ ਮੈਂ ਜਾਣ ਤੋਂ ਇਨਕਾਰ ਕਰ ਦਿਤਾ। ਦੋ ਹੋਰ ਦੋਸਤਾਂ ਨੂੰ ਵੀ ਡਰਾ ਕੇ ਆਪਣੇ ਨਾਲ ਰਲਾ ਲਿਆ। ਅਸੀਂ ਸਾਰਾ ਦਿਨ ਪਹਿਲਗਾਮ ਦੀ ਵਾਦੀ ਅਤੇ ਬਾਇਸਰਨ ਦੇ ਨਜ਼ਾਰੇ ਤੱਕਦੇ ਰਹੇ। ਸ਼ਾਮ ਨੂੰ ਚੰਦਨਵਾੜੀ ਗਏ ਸਾਥੀ ਤੌਬਾ-ਤੌਬਾ, ਹਾਏ-ਹਾਏ ਕਰਦੇ ਲੰਗੜਾ ਕੇ ਚੱਲ ਰਹੇ ਸਨ। ਉਹ ਮੈਨੂੰ ਕੋਸਣ ਲੱਗੇ ਕਿ ਮੈਂ ਉਨਾਂ ਨੂੰ ਕਿਉਂ ਨਹੀਂ ਰੋਕਿਆ। ਸਾਰੇ ਕੁਝ-ਕੁਝ ਪਛਤਾ ਰਹੇ ਸਨ ਕਿਉਂਕਿ ਦੂਸਰੇ ਦਿਨ ਸਵੇਰੇ ਹੀ ਵਾਪਸੀ ਦਾ ਪ੍ਰੋਗਰਾਮ ਸੀ। ਸ਼ਾਮ ਨੂੰ ਬਾਜ਼ਾਰ ਘੁੰਮਦਿਆਂ ਪਤਾ ਲੱਗਾ ਕੇ ਸਾਡੇ ਲਾਗੇ ਹੀ ਇੱਕ ਹੱਟ ਵਿਚ ਫਿਲਮ ਐਕਟਰ ਸ਼ੰਮੀ ਕਪੂਰ ਠਹਿਰੇ ਹੋਏ ਸਨ। ਅਸੀਂ ਦੁੜੰਗੇ ਮਾਰਦੇ ਉਸ ਨੂੰ ਦੇਖਣ ਗਏ। ਸਭ ਨੇ ਘੁੱਟ-ਘੁੱਟ ਲਾਈ ਵੀ ਹੋਈ ਸੀ। ਸਾਰੇ ਸ਼ੋਰ ਮਚਾਉਣ ਲੱਗ ਪਏ, 'ਸ਼ੰਮੀ ਕਪੂਰ ਬਾਹਰ ਨਿਕਲੋ'। ਪਰ ਉਹ ਬਾਹਰ ਨਾ ਆਏ। ਥੋੜੀ ਉਡੀਕ ਪਿੱਛੋਂ ਸ਼ੰਮੀ ਦੀ ਭੈਣ ਰੀਮਾ ਕਪੂਰ ਬਰਾਂਡੇ ਵਿਚ ਆ ਕੇ ਬੜੇ ਮੋਹ ਤੇ ਮਿੱਠੇ ਅੰਦਾਜ ਵਾਲੀ ਪੰਜਾਬੀ ਵਿਚ ਬੋਲੀ, 'ਸ਼ੰਮੀ ਸਾਹਿਬ ਇਸ ਵੇਲੇ ਸੁੱਤੇ ਪਏ ਹਨ, ਸਵੇਰ ਨੂੰ ਮਿਲ ਲੈਣਾ। ਠੀਕ ਹੈ ਬੱਚਿਓ।' ਅਸੀਂ ਝੇਂਪ ਗਏ। ਪਰ ਸਾਡੇ ਅਧਿਆਪਕ ਨੇ, 'Ok tell, Shami that we do not like him' ਆਖ ਕੇ ਆਪਣੀ ਘੋਰ ਨਿਰਾਸ਼ਾ ਜ਼ਾਹਿਰ ਕੀਤੀ। ਅਸੀਂ ਅਨੁਮਾਨ ਲਾਇਆ ਕਿ ਸ਼ੰਮੀ ਸ਼ਰਾਬ ਵਿਚ ਟੂੰਨ ਹੋਵੇਗਾ। ਖੈਰ ਅੱਜ ਦਹਿਸ਼ਤਗਰਦੀ ਦਾ ਸ਼ਿਕਾਰ ਹੋ ਕੇ ਸੁੰਨੀ ਹੋ ਗਈ ਰਮਣੀਕ ਵਾਦੀ ਬਾਰੇ ਸੋਚ ਕੇ ਮਨ ਬਹੁਤ ਦੁਖੀ ਹੈ।

ਇਸ ਅਤਿ ਮੰਦਭਾਗੀ ਘਟਨਾ ਦੇ ਸ਼ਿਕਾਰ ਪਹਿਲਗਾਮ ਪ੍ਰਤੀ ਸ਼ਰਧਾਂਜਲੀ ਵਜੋਂ ਅੱਜ ਮੈਂ ਇਸ ਦੇ ਨਾਂ ਦੀ ਵਿਉਤਪਤੀ ਬਾਰੇ ਲਿਖਣ ਦਾ ਮਨ ਬਣਾਇਆ ਹੈ। ਇਹ ਗੱਲ ਤਾਂ ਸਪੱਸ਼ਟ ਹੀ ਹੈ ਕਿ ਪਹਿਲਗਾਮ ਦੋ ਸ਼ਬਦਾਂ 'ਪਹਿਲ' ਅਤੇ 'ਗਾਮ' ਦੇ ਮੇਲ ਨਾਲ ਬਣਿਆ ਹੈ, ਪਰ ਦੋਨਾਂ ਦੇ ਆਪਣੇ ਆਪਣੇ ਅਰਥਾਂ ਬਾਰੇ ਜਾਨਣਾ ਜ਼ਰੂਰੀ ਹੈ। ਕੁਝ ਸ੍ਰੋਤਾਂ ਅਨੁਸਾਰ ਏਥੇ 'ਪਹਿਲ' ਦਾ ਮਤਲਬ ਸ਼ੁਰੂ ਦਾ, ਪ੍ਰਾਥਮਿਕ ਹੀ ਹੈ ਤੇ ਇਸ ਤਰ੍ਹਾਂ ਪਹਿਲਗਾਮ ਦਾ ਅਰਥ ਬਣਿਆ 'ਪਹਿਲਾ ਪਿੰਡ' ਯਾਨੀ ਦੱਖਣ ਜਾਂ ਪੱਛਮ ਤੋਂ ਕਸ਼ਮੀਰ ਘਾਟੀ ਵਿਚ ਦਾਖਿਲ ਹੋਣ ਵਾਲੇ ਯਾਤਰੂਆਂ ਦਾ ਪਹਿਲਾ ਟਿਕਾਣਾ। ਇਸ ਨੂੰ ਬੈਲਗਾਓਂ (ਬੈਲ= ਬਲਦ) ਤੋਂ ਵੀ ਵਿਕਸਿਤ ਹੋਇਆ ਮੰਨਿਆ ਜਾਂਦਾ ਹੈ। ਮਿੱਥ ਹੈ ਕਿ ਭਗਵਾਨ ਸ਼ਿਵ ਨੇ ਅਮਰਨਾਥ ਯਾਤਰਾ ਦੌਰਾਨ ਏਥੇ ਆਪਣਾ ਬੈਲ ਛੱਡਿਆ ਸੀ। ਲੋਕ ਆਪਣੀ ਸ਼ਰਧਾ ਅਨੁਸਾਰ ਥਾਵਾਂ ਦੇ ਨਾਮਾਂ ਦੀ ਵਿਆਖਿਆ ਕਰ ਦਿੰਦੇ ਹਨ ਜੋ ਸੀਨੇ-ਸੀਨੇ ਚਲਦੀ ਰਹਿੰਦੀ ਹੈ ਪਰ ਕਈ ਵਾਰੀ ਗਲਤ ਹੀ ਹੁੰਦੀ ਹੈ। ਸਥਾਨਾਂ ਦੇ ਨਾਂ ਅਕਸਰ ਭੁਗੋਲਿਕ ਸਥਿਤੀਆਂ ਕਾਰਨ ਵੀ ਹੁੰਦੇ ਹਨ। ਸੰਤੁਸ਼ਟੀਜਨਕ ਜਾਣਕਾਰੀ ਅਨੁਸਾਰ ਪਹਿਲਗਾਮ ਦੇ ਮੁਢਲੇ ਸ਼ਬਦ 'ਪਹਿਲ' ਦਾ ਕਸ਼ਮੀਰੀ ਵਿਚ ਅਰਥ ਚਰਵਾਹਾ, ਆਜੜੀ, ਪਾਲੀ ਹੁੰਦਾ ਹੈ; ਸੋ ਕਸਬੇ ਦੇ ਨਾਂ ਦਾ ਅਰਥ ਬਣਿਆ ਚਰਵਾਹਿਆਂ ਦਾ ਪਿੰਡ। ਪਰ ਏਥੇ ਪਹਿਲ ਸ਼ਬਦ ਅੱਗੋਂ ਸੰਸਕ੍ਰਿਤ ਸਮਾਸ 'ਪਸ਼ੂਪਾਲ' ਤੋਂ ਘਸ-ਘਸ ਕੇ ਬਣਿਆ ਹੈ। ਪਸ਼ੂਪਾਲ ਦਾ ਅਰਥ ਹੋਇਆ ਪਸ਼ੂ ਪਾਲਣ ਵਾਲਾ। 'ਪਸ਼ੂ' ਤੇ 'ਪਾਲਣ' ਸ਼ਬਦਾਂ ਬਾਰੇ ਪਹਿਲਾਂ ਲਿਖਿਆ ਜਾ ਚੁੱਕਾ ਹੈ। ਪਸ਼ੂਪਾਲ ਸ਼ਬਦ ਦੇ ਕੁਝ ਹੋਰ ਭਾਸ਼ਾਵਾਂ ਵਿਚ ਹੋਏ ਵਿਗਾੜ ਦਾ ਉਲੇਖ ਕਰਦੇ ਹਾਂ। ਖੋਵਾਰ: ਪਜ਼ਾਲ; ਸੀਨਾ: ਪਯਾਲੂ; ਪੱਛਮੀ ਪਹਾੜੀ: ਪੁਹਾਲ, ਫਵਾਲ; ਸਿੰਧੀ/ ਕੱਛੀ: ਪੰਵਾਰ; ਡੋਗਰੀ: ਪੁਹਾਲ; ਹਿੰਦੀ ; ਪੋਹਿਯਾ ਅਤੇ ਅੰਤ ਨੂੰ ਕਸ਼ਮੀਰੀ: ਪੋਹਾਲ, ਪਹੋਲੁ। ਪੋਹਾਲ (ਚਰਵਾਹੇ) ਗਰਮੀਆਂ ਵਿਚ ਪਹਾੜਾਂ ਦੀਆਂ ਉਚਾਈਆਂ ਤੇ ਪਸ਼ੂ ਚਾਰਦੇ ਹਨ ਤੇ ਬਰਫਾਂ ਪੈਣ ਸਮੇਂ ਵਾਦੀਆਂ ਵਿਚ ਉਤਰ ਆਉਂਦੇ ਹਨ। ਏਥੇ ਇਹ ਦੱਸਣਾ ਜ਼ਰੂਰੀ ਹੈ ਕਿ ਲਿਲੀ ਟਰਨਰ ਅਤੇ ਇਕ ਕਸ਼ਮੀਰੀ ਕੋਸ਼ ਅਨੁਸਾਰ ਪਹਿਲਗਾਮ ਪਾਲ+ਗਾਮ ਤੋਂ ਬਣਿਆ ਹੈ ਭਾਵੇਂ ਪਾਲ ਸ਼ਬਦ ਦਾ ਅਰਥ ਵੀ ਚਰਵਾਹਾ ਹੈ, ਪੰਜਾਬੀ ਪਾਲੀ ਇਸੇ ਦਾ ਸਗੋਤੀ ਹੈ। ਪੰਜਾਬੀ ਵਿਚ ਇੱਕ ਸ਼ਬਦ 'ਪਸ਼ੂਪਾ' ਵਰਤਿਆ ਜਾਂਦਾ ਹੈ ਜਿਸ ਦਾ ਅਰਥ ਤਾਂ ਪਸ਼ੂ ਵਗੈਰਾ ਹੀ ਲਿਆ ਜਾਂਦਾ ਹੈ ਜਿਵੇਂ, 'ਪਸ਼ੂਪਾ ਲਈ ਛਤੜਾ ਪਾ ਲਿਆ ਹੈ' ਪਰ ਇਸ ਦਾ ਮੂਲ ਅਰਥ ਵੀ ਪਸ਼ੂਪਾਲਕ ਹੀ ਹੋਣਾ ਚਾਹੀਦਾ ਹੈ।

ਪਹਿਲਗਾਮ ਦੇ ਦੂਜੇ ਸ਼ਬਦ 'ਗਾਮ' ਦੇ ਕੁਝ ਹੋਰ ਭੇਦ ਹਨ ਗ੍ਰਾਮ, ਗਿਰਾਂ, ਗਰਾਂ, ਗਾਂਵ, ਗਾਉਂ। ਇਨ੍ਹਾਂ ਸਾਰੇ ਸ਼ਬਦਾਂ ਦਾ ਮੁੱਖ ਅਰਥ ਪਿੰਡ ਹੈ ਤੇ ਇਹ ਕਈ ਪਿੰਡਾਂ ਨਗਰਾਂ ਦੇ ਨਾਵਾਂ ਵਿਚ ਪਿਛੇਤਰ ਵਜੋਂ ਵੀ ਵਰਤਿਆ ਮਿਲਦਾ ਹੈ। ਇਕੱਲੇ ਤੌਰ 'ਤੇ ਪਿੰਡ ਦੇ ਅਰਥ ਵਿਚ ਇਹ ਸ਼ਬਦ ਟਕਸਾਲੀ ਪੰਜਾਬੀ ਵਿਚ ਘੱਟ ਹੀ ਵਰਤਿਆ ਜਾਂਦਾ ਹੈ। ਹਾਂ, ਕੁਝ ਉਪਭਾਸ਼ਾਵਾਂ ਜਿਵੇਂ ਪੁਆਧੀ, ਪੋਠੋਹਾਰੀ ਵਿਚ ਜ਼ਰੂਰ ਮਿਲਦਾ ਹੈ। ਪੋਠੋਹਾਰੀ ਵਿਚ ਗਰਾਂਦਾਰ, ਗਿਰਾਈਂ ਦਾ ਮਤਲਬ ਪਿੰਡ ਦਾ ਵਸਨੀਕ ਹੈ। ਕਬੀਰ ਦਾ ਫੁਰਮਾਨ ਹੈ, 'ਬਹੁਤ ਪ੍ਰਤਾਪ ਗਾਂਉ ਸਉ ਪਾਏ ਦੁਇ ਲਖ ਟਕਾ ਬਰਾਤ'। ਹੋਰ ਸੁਣੋ, 'ਆਪਣਾ ਗਰਾਂ ਹੋਵੇ, ਤੂਤਾਂ ਦੀ ਛਾਂ ਹੋਵੇ, ਕਾਠ ਦੀ ਮੰਜੀ ਹੋਵੇ, ਸਿਰ ਥੱਲੇ ਬਾਂਹ ਹੋਵੇ'। 'ਕੁਛੜ ਕੁੜੀ ਗਰਾਂ ਹੋਕਾ ਅਖਾਣ' ਵੀ ਹੈ। ਜਗਤਾਰ ਦੀ ਇੱਕ ਗ਼ਜ਼ਲ ਦਾ ਮਤਲਾ ਹੈ,

ਪਰਤ ਚਲ ਅਪਣੇ ਗਰਾਂ, ਬੇਰੰਗ ਬਸਤੀ 'ਚੋਂ ਨਿਕਲ।
ਬਾਰਸ਼ਾਂ ਦਾ ਲੁਤਫ਼ ਲੈਣਾ ਹੈ, ਤਾਂ ਛਤਰੀ 'ਚੋਂ ਨਿਕਲ।
ਸ਼ਿਵ ਕੁਮਾਰ ਵੀ ਇਸ ਸ਼ਬਦ ਦਾ ਸਵਾਗਤ ਕਰਦਾ ਹੈ,
ਹੈਂ ਤੂੰ ਆਈ ਮੇਰੇ ਗਰਾਂ।
ਹੋਰ ਗੂਹੜੀ ਹੋ ਗਈ ਹੈ,
ਮੇਰਿਆਂ ਬੋਹੜਾਂ ਦੀ ਛਾਂ।

ਸੰਸਕ੍ਰਿਤ ਨੇੜਤਾ ਕਾਰਨ ਇੱਕ ਤਕਨੀਕੀ ਪਦ ਵਜੋਂ ਗ੍ਰਾਮ ਸ਼ਬਦ ਦੀ ਵਰਤੋਂ ਹੁੰਦੀ ਹੈ ਜਿਵੇਂ 'ਗ੍ਰਾਮ ਪੰਚਾਇਤ' ਵਿਚ, ਵਰਨਾ ਪੰਜਾਬੀ ਵਿਚ ਤਾਂ ਪਿੰਡ ਹੀ ਛਾਇਆ ਹੋਇਆ ਹੈ। ਪਿਛੇਤਰ ਵਜੋਂ ਦੇਸ਼ ਭਰ ਵਿਚ ਕਈ ਸਥਾਨਨਾਮਾਂ ਵਿਚ ਗ੍ਰਾਮ ਤੇ ਇਸ ਦੇ ਭੇਦ ਬਥੇਰੇ ਮਿਲਦੇ ਹਨ ਮਸਲਨ ਨਵਾਂਗ੍ਰਾਮ, ਗੁੜਗਾਵਾਂ, ਗੋਰੇਗਾਉਂ, ਮਾਲੇਗਾਉਂ, ਜਲਗਾਉਂ, ਬੈਲਗਾਉਂ ਆਦਿ। ਅਸਲ ਵਿਚ ਇਹ ਸਾਰੇ ਸ਼ਬਦਾਂ ਦਾ ਮੂਲ ਸੰਸਕ੍ਰਿਤ ਗ੍ਰਾਮ ਹੈ ਜਿਸ ਦਾ ਪ੍ਰਾਕ੍ਰਿਤ ਰੂਪ ਗਾਮ ਹੈ। ਸੰਸਕ੍ਰਿਤ ਗ੍ਰਾਮ ਦੇ ਕੁਝ ਅਰਥ ਹਨ, ਪਿੰਡ, ਵਸੇਬਾ; ਪਿੰਡ ਆਦਿ ਦੇ ਵਾਸੀ; ਲੋਕਾਂ ਦਾ ਸਮੂਹ, ਸਮੁਦਾਇ; ਇਕੱਠ, ਜਮਾਤ, ਦਲ ਆਦਿ। ਸ਼ਾਇਦ ਕਈਆਂ ਨੂੰ ਪਤਾ ਨਾ ਹੋਵੇ ਕਿ ਲੜਾਈ, ਜੱਦੋ-ਜਹਿਦ ਦੇ ਅਰਥਾਂ ਵਾਲੇ ਸ਼ਬਦ 'ਸੰਗਰਾਮ' ਵਿਚ ਏਹੀ ਗ੍ਰਾਮ ਬੋਲਦਾ ਹੈ। ਸੰ (ਸਮ ਦਾ ਸੁੰਗੜਿਆ ਰੂਪ) ਅਗੇਤਰ ਦਾ ਅਰਥ ਨਾਲ, ਸਾਥ, ਸਮੇਤ ਆਦਿ ਹੁੰਦਾ ਹੈ। ਪ੍ਰਾਚੀਨ ਵਿਚ ਗ੍ਰਾਮ ਇੱਕ ਬੱਝਾ ਹੋਇਆ ਪਿੰਡ ਨਾ ਹੋ ਕੇ ਲੋਕਾਂ ਦਾ ਇੱਕ ਘੁਮੱਕੜ ਸਮੂਹ ਜਾਂ ਟੋਲਾ ਹੁੰਦਾ ਸੀ। ਸੋ ਪਹਿਲੇ-ਪਹਿਲ ਸੰਗਰਾਮ ਅਸਲ ਵਿਚ ਗ੍ਰਾਮ ਕਹਾਉਂਦੇ ਕਈ ਸਮੂਹਾਂ ਦੀ ਇਕੱਤਰਤਾ ਹੁੰਦੀ ਸੀ ਜਿਸ ਵਿਚ ਆਪਸ ਵਿਚ ਲੜਾਈ ਝਗੜਾ ਵੀ ਹੋ ਜਾਂਦਾ ਸੀ ਜੋ ਨਪਟਾਇਆ ਵੀ ਜਾਂਦਾ ਸੀ। ਸੰਸਕ੍ਰਿਤ ਵਿਚ ਗ੍ਰਾਮਣੀ ਦਾ ਅਰਥ ਦਲ ਦਾ ਲੀਡਰ ਜਾਂ ਕਹਿ ਲਵੋ ਦਲਪਤੀ ਹੁੰਦਾ ਹੈ। ਗੰਵਾਰ ਦਾ ਮੁਢਲਾ ਰੂਪ ਤਾਂ ਗ੍ਰਾਮਦਾਰ ਹੈ, ਮਤਲਬ ਗਾਂਵ ਦਾ ਰਹਿਣ ਵਾਲਾ, ਪੇਂਡੂ ਪਰ ਇਸ ਦੇ ਅਰਥਾਂ ਦੀ ਅਵਨਤੀ ਹੋ ਕੇ ਇਹ ਉਜੱਡ, ਅਸਭਿਆ, ਫੂਹੜ ਦੇ ਅਰਥਾਂ ਵਿਚ ਵਰਤਿਆ ਜਾਣ ਲੱਗਾ। ਅਖਾਣ ਹੈ, 'ਸਿਰ ਵੱਡੇ ਸਰਦਾਰਾਂ ਦੇ, ਪੈਰ ਵੱਡੇ ਗੰਵਾਰਾਂ ਦੇ'। ਅੰਗਰੇਜ਼ੀ ਵੁਲਗਅਰ ਦਾ ਮੁਢਲਾ ਅਰਥ ਵੀ ਪੇਂਡੂ ਹੀ ਹੁੰਦਾ ਹੈ। ਸ਼ਹਿਰੀਆਂ ਦੇ ਟਾਕਰੇ ਪੇਂਡੂਆਂ ਨੂੰ ਦੁਨੀਆ ਭਰ ਵਿਚ ਅਸਭਿਆ ਸਮਝਿਆ ਜਾਂਦਾ ਹੈ। ਗ੍ਰਾਮ ਸ਼ਬਦ ਭਾਰੋਪੀ ਹੈ ਜਿਸ ਦਾ ਮੂਲ *ਹਗਰੋਮ ਜਿਹਾ ਮਿਥਿਆ ਗਿਆ ਹੈ। ਇਸ ਵਿਚ ਇਕੱਠਾ ਕਰਨ, ਜਮ੍ਹਾਂ ਕਰਨ ਦੇ ਭਾਵ ਹਨ, ਜਿਸ ਤੋਂ ਬਣੇ ਅਨੇਕਾਂ ਹਿੰਦ-ਯੂਰਪੀ, ਖਾਸ ਤੌਰ ਤੇ ਸਲਾਵਿਕ ਭਾਸ਼ਾਵਾਂ ਦੇ ਸ਼ਬਦ ਮਿਲਦੇ ਹਨ। ਸਭ ਵਿਚ ਇਕੱਠ, ਅੰਬਾਰ, ਸਮੂਹ, ਆਬਾਦੀ ਦੇ ਭਾਵ ਹਨ। ਯੂਕਰੇਨੀ ਭਾਸ਼ਾ ਵਿਚ ਹਰੋਮਅਦਅ ਸ਼ਬਦ ਹੈ, ਜਿਸ ਦਾ ਅਰਥ ਨਗਰਪਾਲਿਕਾ ਜਿਹਾ ਹੈ। ਕਈ ਇਰਾਨੀ ਭਾਸ਼ਾਵਾਂ ਜਿਵੇਂ ਪਾਰਥੀਅਨ, ਸੌਗਡੀਅਨ, ਨੂਰਿਸਤਾਨੀ, ਪਰਾਸੂਨੀ, ਵੈਗਾਲੀ ਵਿਚ ਮਿਲਦੇ-ਜੁਲਦੇ ਅਰਥਾਂ ਵਾਲੇ ਸ਼ਬਦ ਮੌਜੂਦ ਹਨ। ਅਜਿਤ ਵਡਨੇਰਕਰ ਨੇ ਆਪਟੇ ਦੇ ਸੰਸਕ੍ਰਿਤ ਕੋਸ਼ ਦੇ ਹਵਾਲੇ ਨਾਲ ਇਸ ਸ਼ਬਦ ਨੂੰ ਨਿਗਲਣ ਦੇ ਅਰਥਾਂ ਵਾਲੇ 'ਗ੍ਰਾਸ' ਸ਼ਬਦ ਨਾਲ ਜੋੜਿਆ ਹੈ ਪਰ ਉਸ ਦੀ ਵਿਆਖਿਆ ਤਸੱਲੀਬਖਸ਼ ਨਹੀਂ।

---

# ਪਾਣੀ ਦੇ ਨਾਇਕ, ਜਿਨ੍ਹਾਂ ਪੰਜਾਬ ਦੀ ਪਿੱਠ ਨਾ ਲੱਗਣ ਦਿੱਤੀ

ਚਰਨਜੀਤ ਭੁੱਲਰ

ਪੰਜਾਬ-ਹਰਿਆਣਾ ਦਰਮਿਆਨ ਵਾਧੂ ਪਾਣੀ ਨੂੰ ਲੈ ਕੇ ਛਿੜੀ ਜੰਗ 'ਚ ਪੰਜਾਬ ਦੇ ਅਫ਼ਸਰ ਨਾਇਕ ਵਜੋਂ ਉੱਭਰੇ ਹਨ। ਜਲ ਸਰੋਤ ਵਿਭਾਗ ਦਾ ਪ੍ਰਮੁੱਖ ਸਕੱਤਰ ਕ੍ਰਿਸ਼ਨ ਕੁਮਾਰ ਔਖ ਦੀ ਘੜੀ 'ਚ ਆਪਣੀ ਕਰਮ ਭੂਮੀ ਦੀ ਪਿੱਠ 'ਤੇ ਡਟਿਆ ਰਿਹਾ। ਬੀਬੀਐੱਮਬੀ ਦੀ ਬੋਰਡ ਮੀਟਿੰਗ 'ਚ ਕੁੱਲ ਨੌਂ ਮੈਂਬਰਾਂ 'ਚੋਂ ਅੱਠ ਮੈਂਬਰ ਪੰਜਾਬ ਖ਼ਿਲਾਫ਼ ਡਟ ਗਏ ਤਾਂ ਕ੍ਰਿਸ਼ਨ ਕੁਮਾਰ ਨੇ ਮੈਦਾਨ ਨਾ ਛੱਡਿਆ। ਬੋਰਡ ਨੇ ਹਾਲਾਂਕਿ ਹਰਿਆਣਾ ਨੂੰ ਵਾਧੂ ਪਾਣੀ ਦੇਣ ਦਾ ਫ਼ੈਸਲਾ ਕਰ ਲਿਆ ਸੀ, ਪਰ ਇਸ ਅਧਿਕਾਰੀ ਨੇ ਅੱਧੇ ਘੰਟੇ 'ਚ ਖ਼ਤਮ ਹੋਣ ਵਾਲੀ ਮੀਟਿੰਗ ਨੂੰ ਕਰੀਬ ਸਾਢੇ ਪੰਜ ਘੰਟੇ ਤੱਕ ਖਿੱਚ ਕੇ ਬਾਕੀ ਮੈਂਬਰਾਂ ਦੇ ਪੈਰ ਨਾ ਲੱਗਣ ਦਿੱਤੇ। ਭਾਜਪਾ ਸ਼ਾਸਿਤ ਸੂਬਿਆਂ ਤੇ ਕੇਂਦਰੀ ਪ੍ਰਤੀਨਿਧਾਂ ਨੇ ਜਦੋਂ ਪੰਜਾਬ ਖ਼ਿਲਾਫ਼ ਵੋਟ ਪਾਈ ਤਾਂ ਇਸ ਅਧਿਕਾਰੀ ਦੇ ਤੱਥਾਂ ਨੇ ਉਨ੍ਹਾਂ ਨੂੰ ਨਿਰਉੱਤਰ ਕਰ ਦਿੱਤਾ। ਬੀਬੀਐੱਮਬੀ ਦੇ ਚੇਅਰਮੈਨ ਮਨੋਜ ਤ੍ਰਿਪਾਠੀ ਨੇ ਮੀਟਿੰਗ 'ਚ ਕਿਹਾ ਕਿ ਉਹ ਪੰਜਾਬ ਨੂੰ ਮੀਟਿੰਗ ਦੇ ਮਿੰਟਸ ਭੇਜ ਦੇਣਗੇ ਅਤੇ ਪੰਜਾਬ ਈ-ਮੇਲ ਜ਼ਰੀਏ ਇਤਰਾਜ਼ ਦਾਇਰ ਕਰ ਦੇਵੇ। ਕ੍ਰਿਸ਼ਨ ਕੁਮਾਰ ਨੇ ਮੀਟਿੰਗ 'ਚ ਖ਼ੁਦ ਹੀ ਟਾਈਪ ਕਰਕੇ ਪੰਜਾਬ ਦੇ ਇਤਰਾਜ਼ ਲਿਖੇ।

ਮੀਟਿੰਗ ਦੀ ਸਮੁੱਚੀ ਕਾਰਵਾਈ ਦਾ ਡੇਢ ਪੰਨਾ ਸੀ ਜਦਕਿ ਇਸ ਅਧਿਕਾਰੀ ਵੱਲੋਂ ਇਤਰਾਜ਼ ਤਿੰਨ ਪੰਨਿਆਂ ਦਾ ਦਿੱਤਾ ਗਿਆ। ਇਸ ਅਧਿਕਾਰੀ ਦੇ ਜ਼ਿਆਦਾ ਬੋਲੇ ਜਾਣ 'ਤੇ ਹਰਿਆਣਾ ਇਤਰਾਜ਼ ਵੀ ਕਰਦਾ ਰਿਹਾ। ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਇਸ ਪ੍ਰਮੁੱਖ ਸਕੱਤਰ ਨੂੰ ਥਾਪੜਾ ਦਿੱਤਾ ਹੋਇਆ ਹੈ ਅਤੇ ਮੁੱਖ ਮੰਤਰੀ ਦੀ ਨੰਗਲ ਫੇਰੀ ਨੇ ਵੀ ਜਲ ਸਰੋਤ ਵਿਭਾਗ ਦੇ ਅਫ਼ਸਰਾਂ ਦੇ ਹੌਸਲੇ ਵਧਾ ਦਿੱਤੇ ਹਨ। ਪੰਜਾਬ ਭਲੀ ਭਾਂਤ ਜਾਣੂ ਹੈ ਕਿ ਟੇਲਾਂ 'ਤੇ ਪਾਣੀ ਪੁੱਜਦਾ ਕਰਨ 'ਚ ਇਸ ਅਧਿਕਾਰੀ ਦਾ ਵੱਡਾ ਹੱਥ ਹੈ। ਇਸ ਜੰਗ 'ਚ ਦੂਜਾ ਨਾਇਕ ਭਾਖੜਾ ਡੈਮ ਦਾ ਮੁੱਖ ਇੰਜਨੀਅਰ ਚਰਨਪ੍ਰੀਤ ਸਿੰਘ ਹੈ, ਜਿਸ ਨੇ ਬੀਬੀਐੱਮਬੀ ਵੱਲੋਂ ਹਰਿਆਣਾ ਦੇ ਨਵੇਂ ਤਾਇਨਾਤ ਕੀਤੇ ਡਾਇਰੈਕਟਰ (ਵਾਟਰ ਰੈਗੂਲੇਸ਼ਨ) ਸੰਜੀਵ ਕੁਮਾਰ 'ਤੇ ਇਤਰਾਜ਼ ਕੀਤਾ ਕਿ ਉਸ ਕੋਲ ਇਸ ਅਹੁਦੇ ਦਾ ਕੋਈ ਤਜਰਬਾ ਨਹੀਂ ਹੈ। ਚਰਨਪ੍ਰੀਤ ਸਿੰਘ ਨੇ ਡੈਮ ਦੇ ਗੇਟ ਖੋਲ੍ਹਣ ਲਈ ਸੰਜੀਵ ਕੁਮਾਰ ਵੱਲੋਂ ਦਿੱਤੇ ਹੁਕਮ ਇਹ ਆਖ ਕੇ ਠੁਕਰਾ ਦਿੱਤੇ ਕਿ ਸੰਜੀਵ ਕੁਮਾਰ




ਨੇ ਤਾਂ ਉਨ੍ਹਾਂ ਕੋਲ ਢੁੱਕਵੀਂ ਪ੍ਰਕਿਰਿਆ ਤਹਿਤ ਜੁਆਇਨ ਹੀ ਨਹੀਂ ਕੀਤਾ।

ਇਸ ਰੌਅ ਮਗਰੋਂ ਬੀਬੀਐੱਮਬੀ ਨੇ ਆਪਣੇ ਹੁਕਮ ਹੀ ਬਾਈਪਾਸ ਕਰ ਦਿੱਤੇ। ਤੀਜਾ ਨਾਇਕ ਭਾਖੜਾ ਡੈਮ ਦਾ ਡਾਇਰੈਕਟਰ (ਵਾਟਰ ਰੈਗੂਲੇਸ਼ਨ) ਆਕਾਸ਼ਦੀਪ ਸਿੰਘ ਹੈ ਜਿਸ ਨੇ ਜਦੋਂ ਡੈਮ ਦੇ ਗੇਟ ਖੋਲ੍ਹਣ ਤੋਂ ਨਾਂਹ ਕਰ ਦਿੱਤੀ ਤਾਂ ਰਾਤ ਨੂੰ ਹੀ ਬੀਬੀਐੱਮਬੀ ਨੇ ਉਸ ਦਾ ਤਬਾਦਲਾ ਕਰ ਦਿੱਤਾ। ਆਕਾਸ਼ਦੀਪ ਸਿੰਘ ਨੇ ਕਿਹਾ ਕਿ ਜੇ ਪੰਜਾਬ ਵਾਧੂ ਪਾਣੀ ਲਈ ਇਨਡੈਂਟ ਦੇਵੇਗਾ ਤਾਂ ਹੀ ਉਹ ਪਾਣੀ ਛੱਡੇਗਾ। ਬੀਬੀਐੱਮਬੀ ਨੇ ਤਰਕ ਦਿੱਤਾ ਸੀ ਕਿ ਆਕਾਸ਼ਦੀਪ ਸਿੰਘ ਦੀ ਬੇਨਤੀ ਦੇ ਆਧਾਰ 'ਤੇ ਉਸ ਦਾ ਤਬਾਦਲਾ ਕੀਤਾ ਗਿਆ ਪਰ ਆਕਾਸ਼ਦੀਪ ਸਿੰਘ ਨੇ ਰਾਤ ਨੂੰ ਪੌਣੇ ਬਾਰਾਂ ਵਜੇ ਈ-ਮੇਲ ਕਰਕੇ ਇਨਕਾਰ ਕੀਤਾ ਕਿ ਉਸ ਨੇ ਬੀਬੀਐੱਮਬੀ ਨੂੰ ਅਜਿਹੀ ਕੋਈ ਬੇਨਤੀ ਕੀਤੀ ਹੀ ਨਹੀਂ। ਆਕਾਸ਼ਦੀਪ ਦੇ ਤਬਾਦਲੇ ਮਗਰੋਂ ਹੀ ਪੰਜਾਬ ਦੇ ਆਮ ਲੋਕਾਂ 'ਚ ਰੋਸ ਭਰ ਗਿਆ ਸੀ, ਜਦੋਂ 50 ਘੰਟਿਆਂ ਮਗਰੋਂ ਵੀ ਹਰਿਆਣਾ ਨੂੰ ਵਾਧੂ ਪਾਣੀ ਨਹੀਂ ਛੱਡਿਆ ਜਾ ਸਕਿਆ ਤਾਂ ਬੀਬੀਐੱਮਬੀ ਨੇ ਭਾਖੜਾ ਡੈਮ 'ਤੇ ਤਾਇਨਾਤ ਪੰਜਾਬ ਦੇ ਐਕਸੀਅਨ ਅਮਿਤ ਸਹੋਤਾ ਨੂੰ ਦਬਕੇ ਮਾਰਨੇ ਸ਼ੁਰੂ ਕਰ ਦਿੱਤੇ। ਅਮਿਤ ਸਹੋਤਾ ਅੱਜ ਪੂਰਾ ਦਿਨ ਅੜਿਆ ਰਿਹਾ ਤੇ ਉਸ ਨੇ ਡੈਮ ਦੇ ਗੇਟ ਖੋਲ੍ਹਣ ਦਾ ਇਨਕਾਰ ਕਰ ਦਿੱਤਾ। ਇਹ ਤਿੰਨੋਂ ਅਧਿਕਾਰੀ ਡੈਪੂਟੇਸ਼ਨ 'ਤੇ ਹਨ।

# ਵਰ੍ਹਿਆਂ ਪਿਛੋਂ: ਅਨਾਤਮ ਤੇ ਆਤਮ ਦਾ ਸਫ਼ਰ

ਵਰਿਆਮ ਸਿੰਘ ਸੰਧੂ ਦੀ ਪਹਿਲਾਂ ਹੀ ਬਤੌਰ ਕਹਾਣੀਕਾਰ, ਜੀਵਨੀਕਾਰ, ਵਾਰਤਕਕਾਰ ਤੇ ਪੰਜਾਬੀ ਸਾਹਿਤ ਜਗਤ ਦਾ ਵੱਡਾ ਲੇਖਕ ਤੇ ਬੁਲਾਰਾ ਹੋਣ ਦੀ ਪ੍ਰਸਿੱਧੀ ਬਣੀ ਹੋਈ ਹੈ। ਹੁਣ ਉਸ ਦੀ ਕਾਵਿ-ਪੁਸਤਕ ਵਰ੍ਹਿਆਂ ਪਿਛੋਂ (2025) ਪ੍ਰਕਾਸ਼ਿਤ ਹੋਈ ਹੈ। ਇਸ ਕਾਵਿ-ਪੁਸਤਕ ਦੇ ਦੋ ਭਾਗ ਹਨ। ਪਹਿਲੇ ਭਾਗ ਵਿਚ ਮੌਜੂਦਾ ਸਮਿਆਂ ਦੀਆਂ ਤੀਹ ਕਵਿਤਾਵਾਂ ਹਨ। ਦੂਸਰੇ ਭਾਗ ਵਿਚ 1975 ਤੱਕ ਦੀਆਂ ਲਿਖੀਆਂ ਛੱਬੀ ਕਵਿਤਾਵਾਂ ਹਨ। ਉੱਪਰ ਦਿੱਤੇ ਸਿਰਲੇਖ 'ਅਨਾਤਮ ਤੇ ਆਤਮ' ਤੋਂ ਭਾਵ ਸਮਾਜ ਤੇ ਸਵੈ ਨੂੰ ਜਾਣਨ-ਸਮੱਝਣ ਦੀ ਦੁਵੱਲੀ ਪ੍ਰਕਿਰਿਆ 'ਤੋਂ ਹੈ।


ਪਹਿਲੇ ਭਾਗ ਦੀਆਂ ਵਧੇਰੇ ਕਵਿਤਾਵਾਂ ਕਵੀ ਦੇ ਸਵੈ ਨਾਲ ਸੰਬੰਧਿਤ ਹਨ। ਇਨ੍ਹਾਂ ਵਿਚ ਅਜੋਕੇ ਸਮਿਆਂ ਵਿਚ ਬੰਦੇ ਦੀ ਹੋਂਦ, ਸਵੈ-ਪਛਾਣ ਤੇ ਆਪਣੀਆਂ ਇੱਛਾਵਾਂ ਦੀਆਂ ਸੀਮਾਵਾਂ ਦੇ ਸੂਤਰ ਹਨ। ਵਰਿਆਮ ਸੰਧੂ ਮੁਤਾਬਕ ਜੀਵਨ ਵਿਚ ਕਿਤੇ ਵੀ ਸੇਵਾ-ਮੁਕਤੀ ਨਹੀਂ ਹੈ। 'ਅੰਬਾਂ ਵਾਲੀ ਬਾਲਟੀ'



**ਡਾ ਮਹਿਲ ਸਿੰਘ, (ਵਾਈਸ-ਚਾਂਸਲਰ)**
**ਖ਼ਾਲਸਾ ਯੂਨੀਵਰਸਿਟੀ, ਅੰਮ੍ਰਿਤਸਰ।**
**ਫੋਨ: 98722-66667**

ਕਵਿਤਾ ਰਾਹੀਂ ਵਿਹਲੇ ਹੋ ਕੇ ਅੰਬ ਚੂਪਣ ਦੀ ਇੱਛਾ ਘਰ ਦੇ ਜੂਠੇ ਭਾਂਡੇ ਮਾਂਜਣ ਦੇ ਦੁਨਿਆਵੀਂ ਕਾਰਜ ਹੇਠ ਦਮ ਤੋੜ ਜਾਂਦੀ ਹੈ। ਅਜੋਕੇ ਬੰਦੇ ਨੂੰ ਵਾਧੂ ਪਾਣੀ ਡੁੱਲਣ ਦਾ ਫ਼ਿਕਰ ਤਾਂ ਹੈ ਪਰ ਆਪਣੀਆਂ ਅੱਖਾਂ ਦਾ ਖਾਰਾ ਪਾਣੀ ਵੱਗਣ 'ਤੇ ਕੋਈ ਗਿਲਾ ਨਹੀਂ ਹੈ। ਅੱਥਰੂਆਂ ਦਾ ਪਾਣੀ ਬਿਲਕੁਲ ਸਸਤਾ ਹੋ ਗਿਆ ਹੈ। ਇਹ ਇਕ ਭਾਵਪੂਰਤ ਤੇ ਸੰਵੇਦਨਸ਼ੀਲ ਮਸਲਾ ਹੈ। ਅਜੋਕਾ ਮਨੁੱਖ ਹੋਰਨਾਂ ਨੂੰ ਮਿਲਣ ਲਈ ਤਾਂਘਦਾ ਹੈ, ਪਰ ਆਪਣੇ ਆਪ ਨੂੰ ਭੁੱਲ ਹੀ ਗਿਆ ਹੈ। 'ਆਪਣੇ ਆਪ ਨੂੰ ਮਿਲਿਆਂ ਵੀ ਤਾਂ ਵਰ੍ਹੇ ਗੁਜ਼ਰ ਗਏ' ਹਨ। ਬੰਦੇ ਨੂੰ ਧਰਮ ਅਸਥਾਨਾਂ ਵਿਚ ਕਦੇ ਵੀ ਪੱਗਾਂ ਲਹਿ ਜਾਣ 'ਤੇ ਤਲਵਾਰਾਂ ਲਿਸ਼ਕ ਪੈਣ ਦਾ ਧੁੜਕੂ ਲੱਗਾ ਰਹਿੰਦਾ ਹੈ। ਰੂਹਾਨੀ ਸੰਤੁਸ਼ਟੀ ਦੇਣ ਵਾਲੇ ਧਰਮ ਸਥਾਨਾਂ ਦੇ ਪ੍ਰਬੰਧਕ ਕਦੇ ਵੀ ਇੱਕ-ਦੂਜੇ ਨਾਲ ਉਲਝ ਸਕਦੇ ਹਨ। 'ਗੁਰੂ ਦੇ ਘਰ ਵਿਚ ਕਾਹਦਾ ਡਰ' ਦਾ ਵਿਸ਼ਵਾਸ ਹੁਣ ਤਿੜਕ ਰਿਹਾ ਹੈ। ਹਰ ਥਾਂ ਅਸੁਰੱਖਿਆ ਦਾ ਹਾਲਾ ਹੈ। ਗੁਰੂ ਨਾਨਕ ਤੇ ਮਰਦਾਨੇ ਵਾਲੀ ਸਿੱਖੀ ਦਾ ਸੰਗ-ਸਾਥ ਹੁਣ ਸਵਾਲੀਆ ਮਸਲਾ ਹੈ। ਵਰਿਆਮ ਦੀ ਕਵਿਤਾ ਵਿਚ ਅਜੋਕੇ ਫਿਕਰਾਂ ਦੇ ਜ਼ਿਕਰ ਹਨ। ਜੀਵਨ ਕੇਵਲ ਫ਼ਰਜ਼ਾਂ, ਗਰਜ਼ਾਂ ਤੇ ਔਲਾਦ ਦੇ ਕਰਜ਼ ਦਾ ਪਟਾਰਾ ਹੀ ਰਹਿ ਗਿਆ ਹੈ। ਬੰਦਾ ਘਰ ਵਿਚ ਰਹਿੰਦੇ ਹੋਏ ਵੀ ਆਪਣੇ ਘਰ ਦਾ ਤਸੱਵਰ ਭਾਲ ਰਿਹਾ ਹੈ। ਅਜੇਹੀ ਕਵਿਤਾ ਵਿਚ ਬੁੱਲ੍ਹੇ ਸ਼ਾਹ ਵਾਲੀ ਆਪਣੇ-ਆਪ ਨੂੰ ਨਾ ਜਾਣਨ-ਸਮਝਣ ਵਾਲੀ ਕਸਕ ਹੈ। ਵਰਿਆਮ ਮਾਨਵੀਂ ਸਰੋਕਾਰਾਂ ਨਾਲ ਭਰਪੂਰ ਸਾਹਿਤਕਾਰ ਹੈ। ਅਜੋਕੇ ਦੌਰ ਦੀ ਨਵੀਂ ਪੀੜ੍ਹੀ ਲਈ ਚੀਜ਼ਾਂ-ਵਸਤਾਂ ਜਾਂ ਜਾਇਦਾਦਾਂ ਹੀ ਅਸਲ ਪ੍ਰਾਪਤੀ ਹਨ। ਉਨ੍ਹਾਂ ਲਈ ਅਕਲ-ਸਮਝ 'ਤੇ ਸਾਹਿਤਕਾਰੀ 'ਵੇਹਲਿਆਂ ਦੀਆਂ ਬਾਤਾਂ' ਹਨ। ਵਰਿਆਮ ਦਾ ਅਜੇਹਾ ਪ੍ਰਗਟਾਵਾ ਜੱਗ ਦੇ ਸੰਭਾਵੀ ਸੱਚ ਦਾ ਪਰਤੌ ਹੈ। ਸਾਹਿਤਕਾਰੀ ਪੇਸ਼ ਤਾਂ ਵਿਅਕਤੀ ਰੂਪ ਵਿਚ ਹੁੰਦੀ ਹੈ ਪਰ ਇਹ ਸਮੁੱਚੇ ਸਮਾਜ ਦਾ ਭੁਲਾਵਾ ਸਿਰਜਦੀ ਹੈ। ਇਨ੍ਹਾਂ ਕਵਿਤਾਵਾਂ ਵਿਚ ਵਕਤੀ ਵਿਚਾਰਾਂ ਤੋਂ ਉਪਜੇ ਅਹਿਸਾਸ ਵੀ ਹਨ ਤੇ ਬੰਦੇ ਦੇ ਜੀਣ-ਥੀਣ ਦੇ ਮੁਸ਼ਾਹਦੇ ਦੀ ਸਮਝ ਵੀ। ਕਵੀ ਨੂੰ ਆਪਣੇ ਪਿੱਛੇ ਰਹਿ ਗਏ ਘਰ ਦੇ ਇੱਕਲੇ ਤੇ ਬਿਗਾਨੇ ਹੋ ਜਾਣ ਦਾ ਝੋਰਾ ਹੈ। ਇਹ ਪਰਵਾਸ ਸੰਬੰਧੀ ਲੁਕਵੀਂ ਤੇ ਤੋਤਲੀ ਪੀੜਾ ਹੈ। ਅਕਸਰ ਹੀ ਪ੍ਰੌੜ ਉਮਰ ਵਿਚ ਨਾਹਰੇ, ਲਲਕਾਰੇ ਤੇ ਲਾਰੇ ਦੀ ਥਾਂ ਆਪਣੇ ਨਿਗੂਣੇ ਜਾਂ ਲਘੂ ਹੋਣ ਦੇ ਸੱਚ ਵਧੇਰੇ ਸਤਾਉਣ ਲੱਗਦੇ ਹਨ। ਇਸ ਤਰ੍ਹਾਂ ਇਹ ਕਵਿਤਾਵਾਂ ਆਪਣੇ-ਆਪ ਨੂੰ ਹੰਗਾਲਣ ਦਾ ਯਤਨ ਹਨ। ਇਹ ਕਵਿਤਾਵਾਂ ਆਪਣੇ ਆਤਮ ਰਾਹੀਂ, ਅਨਾਤਮ ਦੀ ਪਹਿਚਾਣ ਹਨ।

ਦੂਸਰੇ ਹਿੱਸੇ ਵਿਚ 1975 ਤੋਂ ਪਹਿਲਾਂ ਲਿਖੀਆਂ ਕਵਿਤਾਵਾਂ ਹਨ। ਇਹ ਸਮਾਂ ਵੱਡੇ ਵਿਚਾਰਾਂ, ਵੱਡੀਆਂ ਲਹਿਰਾ ਤੇ ਵੱਡੇ ਸੁਪਨਿਆਂ ਦਾ ਸੀ। ਇਸ ਸਮੇਂ ਤੱਕ ਭਾਵ 1971 ਵਿਚ ਲੇਖਕ ਦਾ ਕਹਾਣੀ-ਸੰਗ੍ਰਹਿ ਲੋਹੇ ਦੇ ਹੱਥ ਵੀ ਛੱਪ ਜਾਂਦਾ ਹੈ। ਇਸ ਨਾਲ ਵਰਿਆਮ ਦੀ ਬਤੌਰ ਕਹਾਣੀਕਾਰ ਪਛਾਣ ਬਣ ਜਾਂਦੀ ਹੈ, ਜੋ ਅੱਗੇ ਵੱਡੀ ਸਥਾਪਤੀ ਵਿਚ ਬਦਲ ਜਾਂਦੀ ਹੈ। ਵਰਿਆਮ ਨੂੰ ਕਹਾਣੀ ਦੇ ਖੇਤਰ ਵਿਚ 'ਸਮੁੱਚੇ ਵਿਚੋਂ ਅੱਧੇ ਆਕਾਸ਼' ਦਾ ਮਾਲਕ ਮੰਨਿਆ ਜਾਣ ਲੱਗਦਾ ਹੈ। ਅਜੇਹੀ ਪ੍ਰੱਸਿਧੀ ਨਾਲ ਸ਼ਾਇਦ ਇਹ ਕਵਿਤਾ ਵੱਲੋਂ ਕੁੱਝ ਅਵੇਸਲਾ ਹੋ ਜਾਂਦਾ ਹੈ। ਇਸ ਨੇ ਉਸ ਸਮੇਂ ਲਿਖੀਆਂ ਕਵਿਤਾਵਾਂ ਤਕਰੀਬਨ ਅੱਧੀ ਸਦੀ ਬਾਅਦ ਬਿਨਾਂ ਸੋਧ-ਸੁਧਾਈ ਦੇ ਮੂਲ-ਰੂਪ ਵਿਚ ਛਪਵਾਈਆਂ ਹਨ। ਇਨ੍ਹਾਂ ਕਵਿਤਾਵਾਂ ਵਿਚ ਆਪਣੇ ਸਮੇਂ ਦੇ ਵਿਚਾਰਧਾਰਾਈ ਸੂਤਰਾਂ ਦੇ ਉੱਘੜਵੇਂ ਰੰਗ ਹਨ। ਇਕ ਪਾਸੇ ਵਿਚ ਸੱਤਾ ਦੀ ਧੌਂਸ ਹੈ। ਜਬਰ-ਜ਼ੁਲਮ ਹੈ। ਫੁੱਲਾਂ ਜਿਹੇ ਕੋਮਲਭਾਵੀ ਇਨਸਾਨਾਂ ਲਈ ਡਾਗਾਂ ਹਨ। ਕਵੀ ਵੱਲੋਂ ਬੁੱਤਾਂ ਨੂੰ ਕੇਵਲ ਬੁੱਤ ਬਣ ਕੇ ਵੇਖਣ ਦਾ ਉਲਾਂਭਾ ਹੈ। 'ਮੇਰੇ ਬੁੱਤ ਨੂੰ ਤੁਸੀਂ, ਜੇ ਬੁੱਤ ਬਣ ਕੇ ਵੇਖਦੇ ਰਹਿਣਾ ਹੈ ਤਾਂ ਮੈਨੂੰ ਭੰਨ ਦੇਵੋ, ਤੋੜ ਦੇਵੋ ਤੇ ਮਿੱਟੀ ਵਿਚ ਮਿਲਾ ਦੇਵੋ।' ਕਵੀ ਵੱਲੋਂ 'ਸ਼ਹੀਦ 'ਨੂੰ ਸਿਜਦਾ ਨਹੀਂ, ਉਸ 'ਤੋਂ ਪ੍ਰੇਰਣਾ ਲੈਣ ਦਾ ਨਹੋਰਾ ਹੈ। ਸਮੇਂ ਦੀ ਗਰਦਸ਼ ਮੂਹਰੇ ਲੈਨਿਨ ਬੁੱਢਾ ਹੋ ਗਿਆ ਦਿੱਸਦਾ ਹੈ। ਗੁਰੂ ਗੋਬਿੰਦ ਸਿੰਘ ਦੀ ਤਣੀ ਉਂਗਲ ਬਸ ਕਿਸੇ ਦੀ ਉਡੀਕ ਵਿਚ ਥੱਕ ਗਈ ਜਾਪਦੀ ਹੈ। ਕਵੀ ਮੁਤਾਬਕ ਗੁਰੂ ਜਾਂ ਹੋਰ ਨਾਇਕ ਕਿਤੇ ਨਹੀਂ ਗਏ, ਉਹ ਸੋਚਾਂ ਵਜੋਂ ਸਾਡੇ ਸੰਗ-ਸਾਥ ਹੀ ਹਨ। ਕਵੀ ਕਿਸੇ ਰਹਿਬਰ ਨੂੰ ਉਡੀਕਣ ਦੀ ਥਾਂ ਆਪਣੇ ਮੱਥੇ ਵਿਚ ਉਸ ਰਹਿਬਰ ਦਾ ਸੁਨੇਹਾ ਖੁਣ ਲੈਣ ਵਿਚ ਵਿਸ਼ਵਾਸ ਰੱਖਦਾ ਹੈ। ਨਾਲ ਹੀ ਕੇਸਗੜ੍ਹ ਦੇ ਮੈਦਾਨ ਵਿਚ 'ਆਪਣੇ ਹੱਥੀਂ ਆਪਣਾ ਕਾਜ ਸੰਵਾਰਨ' ਲਈ ਠਿੱਲ ਪੈਣ ਦੀ ਜੁੰਬਸ਼ ਵੀ ਹੈ। ਵਰਿਆਮ ਦੀ 'ਕਤਲ' ਕਵਿਤਾ ਮੁਤਾਬਕ ਮੌਤ ਨਾਲ ਸੋਚਾਂ ਮੁੱਕਦੀਆਂ ਨਹੀਂ, ਸਗੋਂ ਹੋਰ ਅੱਗੇ ਵੱਧਦੀਆਂ ਹਨ। ਇਹ ਤਾਂ ਆਪੋ-ਆਪਣੀ ਅੰਤਰ-ਆਤਮਾ ਦੀ ਆਵਾਜ਼ ਹੈ। ਖੁੱਲ੍ਹੀ ਜਾਂ ਜਾਗਦੀ ਅੱਖ ਦੇ ਸੂਰਜ ਵਿਚੋਂ ਜ਼ਿੰਦਗੀ ਦੀ ਲਿਸ਼ਕ ਪੈਂਦੀ ਹੈ। 'ਉਡੀਕ' ਤੇ 'ਇਕਰਾਰ' ਕਵਿਤਾ ਵਿਚ ਬਾਬੇ ਨਾਨਕ ਤੇ ਗੁਰੂ ਗੋਬਿੰਦ ਸਿੰਘ ਦੇ ਰੌਸ਼ਨ ਰਾਹ ਨੂੰ ਸਿੱਜਦਾ ਵੀ ਹੈ ਤੇ ਅਜੇਹੇ ਰਾਹ ਤੁਰਨ ਦੀ ਦਲੇਰੀ ਵੀ। ਕਵੀ ਮੁਤਾਬਕ ਸੱਚ ਦੇ ਰਾਹ ਦੁਸ਼ਵਾਰੀਆਂ ਹਨ। ਮੁਸੀਬਤਾਂ ਹਨ। ਪਰ ਜ਼ਿੰਦਾ ਰਹਿਣ ਲਈ ਜ਼ਿੰਦਾਦਿਲੀ ਦਾ ਕੋਈ ਪ੍ਰਮਾਣ ਤਾਂ ਹੋਣਾ ਚਾਹੀਦਾ ਹੈ। ਕਵੀ ਆਪਣੇ ਸਮੇਂ ਦੇ 'ਕਲਾ ਕਲਾ ਲਈ' ਵਾਲੇ ਸਥਾਪਿਤ ਕਵੀਆਂ ਨਾਲ ਆਢਾ ਵੀ ਲਾਉਂਦਾ ਹੈ। 'ਲਾਲ ਝੰਡੇ' ਨੂੰ 'ਲਾਲ ਟਾਕੀ' ਕਹਿਣ ਵਾਲਿਆਂ ਨੂੰ 'ਨਪੁੰਸਕ' ਕਿਹਾ ਗਿਆ ਹੈ। ਆਪਣੀ




ਕਵਿਤਾ 'ਨਪੁੰਸਕ ਸ਼ਾਇਰੀ ਦੇ ਨਾਂ' ਵਿਚ ਡਾ. ਹਰਿਭਜਨ ਸਿੰਘ ਵਰਗੇ ਵੱਡੇ ਕਵੀ ਦੀ ਸ਼ਾਇਰੀ ਨੂੰ ਮਿਹਣੇ ਰੂਪ ਵਿਚ ਵੰਗਾਰਿਆ ਗਿਆ ਹੈ। ਕਵੀ ਮੁਤਾਬਕ 'ਉੱਗ ਰਿਹਾ ਚਾਨਣ' ਲੈ ਕੇ ਚੱਲਣ ਵਾਲੇ ਹੀ ਸਿੰਘਾਸਣ ਪਲਟਦੇ ਹਨ। ਪਰ ਅਜੇਹਾ ਰਾਹ 'ਅੱਗ ਦੀਆਂ ਲਾਟਾਂ 'ਚ ਆਲ੍ਹਣਾ' ਪਾਉਣ ਸਾਮਾਨ ਹਨ। ਇਨ੍ਹਾਂ ਕਵਿਤਾਵਾਂ ਵਿਚ ਆਪਣੇ ਸਮੇਂ ਦੇ ਪ੍ਰਗਤੀਵਾਦ ਸੰਬੰਧੀ ਜੋਸ਼-ਜਜ਼ਬਾ ਹੈ। ਕੁੱਝ ਕਰਨ ਦੀ ਕ੍ਰਿਆਸ਼ੀਲਤਾ ਹੈ। ਸੌਣ ਤੋਂ ਜਾਗਣ ਵੱਲ ਪਾਸਾ ਲੈਣ ਦੀ ਵਚਨਬੱਧਤਾ ਹੈ। ਵਰਿਆਮ ਦੀ ਕਵਿਤਾ ਵਿਚ ਇਤਿਹਾਸ ਮੁਖੀ ਚੇਤਨਾ ਹੈ। 'ਲਾਲੋਆਂ ਦਾ ਯਾਰ 'ਕਵਿਤਾ ਵਿਚ ਮਲਕ ਭਾਗੋ ਤੇ ਭਾਈ ਲਾਲੋ ਸੰਬੰਧੀ ਸਪੱਸ਼ਟ ਨਿਖੇੜਾ ਹੈ। ਕਵੀ ਖ਼ੁਦ ਵੀ ਭਾਈ ਲਾਲੋ ਨਾਲ ਖਲੋਤਾ ਨਜ਼ਰ ਆਉਂਦਾ ਹੈ। ਨਾਲ ਹੋਰਨਾਂ ਨੂੰ ਵੀ ਅਜੇਹੀ ਪੁਜ਼ੀਸਨ ਲੈਣ ਦਾ ਸੁਨੇਹਾ ਦੇਂਦਾ ਹੈ। ਇਸ ਤਰ੍ਹਾਂ ਬਾਵਾ ਬਲਵੰਤ ਸੰਬੰਧੀ ਲਿਖੀ ਕਵਿਤਾ 'ਜਿਊਂਦੇ ਕਵੀਆਂ ਦੇ ਨਾਂ' ਵਿਚ ਕਵੀ ਦੀ ਸੋਚ ਜਿਊਂਦੀ ਰੱਖਣ ਦੀਆਂ ਰਮਜ਼ਾਂ ਹਨ। ਗੁਰੂਆਂ, ਪੀਰ-ਫ਼ਕੀਰਾਂ ਤੇ ਕਵੀਆਂ ਦੀ ਸੋਚ ਅੱਗੇ ਜਿਊਂਦੀ ਰੱਖਣ ਵਿਚ ਹੀ ਸਾਡਾ ਸਭ ਦਾ ਅਸਲ ਜਿਊਣਾ ਮੰਨਿਆ ਗਿਆ ਹੈ। ਸਮੁੱਚੀ ਪੁਸਤਕ ਵਿਚ ਹੋਰ ਵੀ ਕਈ ਸੂਤਰ ਹਨ। ਪਰ ਮੇਰੀ ਤਾਂ ਇਥੇ 'ਦੇਗ 'ਚੋਂ ਦਾਣਾ' ਪਰਖਣ ਦੀ ਸੀਮਾ ਹੈ।

ਵਰਿਆਮ ਸੰਧੂ ਦੀ ਸ਼ਾਇਰੀ, ਸਾਹਿਤਕਾਰੀ ਤੇ ਆਪਣੀ ਜੀਵਨਕਾਰੀ ਵਿਚ ਕੋਈ ਦੁਫ਼ੇੜ ਨਹੀਂ ਹੈ। ਇਸ ਨੇ ਥਾਣੇ-ਕਚਹਿਰੀਆਂ ਨੂੰ ਵੀ ਸਿਰ ਉੱਠਾ ਕੇ ਭੁਗਤਿਆ ਹੈ। ਵਰਿਆਮ ਕਿਸੇ ਦੀ 'ਟੈਂ ਨਾ ਮੰਨਣ' ਵਾਲੀ ਖ਼ੁਦਦਾਰ ਸ਼ਖਸੀਅਤ ਹੈ। ਵਰਿਆਮ ਦੇ ਕਲਮੀ ਸ਼ਬਦ ਤੇ ਸਟੇਜ਼ੀ ਬੋਲਾਂ ਵਿਚ ਹਮੇਸ਼ਾ ਇੱਕ ਪਾਇਦਾਰ ਬਿਬੇਕ-ਬੁੱਧ ਤੇ ਜੁੱਰਅਤ ਰਹੀ ਹੈ, ਜੋ ਸਾਡੇ ਸਮਿਆਂ ਵਿਚ ਇੱਕ ਦੁਰਲੱਭ ਚੀਜ਼ ਹੈ। ਵਰਿਆਮ ਆਪਣੇ ਸੰਵੇਦਨਸ਼ੀਲ ਭਾਵਾਂ ਨੂੰ ਖਿਆਲਾਂ ਵਿਚ ਤੇ ਫਿਰ ਅੱਗੇ ਬਿਰਤਾਂਤ ਵਿਚ ਉਲਟਾ-ਪੁਲਟਾ ਕੇ ਪੇਸ਼ ਕਰਨ ਵਾਲਾ ਬਹੁ''ਪੱਖੀ ਸਾਹਿਤਕਾਰ ਹੈ। ਕਹਾਣੀ ਤੇ ਕਵਿਤਾ ਵਿਚ ਲੇਖਕ ਦੀ ਇਕੋ-ਜਹੀ ਲੋਕ-ਪੱਖੀ ਸਪੱਸ਼ਟ ਪੁਜੀਸ਼ਨ ਹੈ। ਇਨ੍ਹਾਂ ਸਭ ਪੱਖਾਂ ਵਿਚੋਂ ਸਮਝ ਤੇ ਸੰਵਾਦ ਵਾਲਾ ਮਾਨਵੀ ਤੱਤ ਸੁਭਾਇਮਾਨ ਹੈ। ਇਨਕਲਾਬੀ ਸੁਪਨੇ ਵਰਿਆਮ ਦੀ ਸਾਹਿਤਕਾਰੀ ਵਿਚ ਕੋਈ ਤਰਦਾ ਰੂਪ ਨਹੀਂ ਹਨ, ਸਗੋਂ ਇਹ ਸ਼ਬਦਾਂ ਦੀਆਂ ਰਮਜ਼ਾਂ ਵਿਚ ਜਜ਼ਬ ਹੋਏ ਵਿਖਾਈ ਦੇਂਦੇ ਹਨ। ਉਂਜ ਵਰਿਆਮ ਦਾ ਵੱਡਾ ਨਾਮ ਤਾਂ ਕਹਾਣੀ-ਖੇਤਰ ਵਿਚ ਹੀ ਹੈ, ਪਰ ਇਸ ਕਾਵਿ ਪੁਸਤਕ ਨਾਲ ਵਰਿਆਮ ਦਾ ਕਵੀ ਮਨ ਵੀ ਸਾਹਿਤ ਦੇ ਰਣ-ਮੈਦਾਨ ਵਿਚ ਨਿੱਤਰ ਪਿਆ ਹੈ। ਇਸ ਕਾਵਿ ਪੁਸਤਕ ਵਿਚ ਵਰਿਆਮ ਨੇ ਥੋੜ੍ਹੇ, ਚੁਣਵੇਂ ਤੇ ਸੰਕੋਚਵੇਂ ਸ਼ਬਦਾਂ ਵਿਚ ਕਈ ਵੱਡੇ ਖਿਆਲ ਪਰੋਏ ਹਨ। ਉਹ ਖਿਆਲ, ਜੋ ਵਿਚਾਰ ਵੀ ਹਨ ਤੇ ਜੀਣ-ਥੀਣ ਦੇ ਮਸਲੇ ਵੀ। ਅਕਸਰ ਹੀ ਵਰਿਆਮ ਸੰਧੂ ਨੂੰ ਆਪਣੀ ਗੱਲ ਨੂੰ ਖਲਾਰ (ਵਿਸਥਾਰ) ਕੇ ਪੇਸ਼ ਕਰਨ ਵਾਲਾ ਸਾਹਿਤਕਾਰ ਤੇ ਬੁਲਾਰਾ ਮੰਨਿਆਂ ਜਾਂਦਾ ਹੈ। ਪਰ 'ਵਰ੍ਹਿਆਂ ਪਿਛੋਂ' ਦੀਆਂ ਕਵਿਤਾਵਾਂ ਵਿਚੋਂ ਭਾਵ ਨੂੰ ਕਾਵਿਕ ਸੀਮਾਵਾਂ ਅਨੁਸਾਰ ਗਿਣੇ-ਚੁਣੇ ਸ਼ਬਦਾਂ ਵਿਚ ਪ੍ਰਗਟਾਉਣ ਦਾ ਬਾਖ਼ੂਬੀ ਹੁਨਰ ਝਲਕਦਾ ਹੈ। ਇਹ ਕਾਵਿ ਪੁਸਤਕ ਸਮੇਂ ਦੇ ਚਲਦੇ ਵਹਿਣ ਅਨੁਸਾਰ ਵਰਿਆਮ ਸੰਧੂ ਦੀ ਕਾਵਿਕ ਸਮਰੱਥਾ ਦਾ ਪ੍ਰਮਾਣ ਹੈ। ਇਤਿਹਾਸ, ਸਮਕਾਲ ਅਤੇ ਭੱਵਿਖ ਇਕ ਗਤੀਸ਼ੀਲ ਵਰਤਾਰਾ ਹੈ। ਵਰਿਆਮ ਦੀ ਕਵਿਤਾ ਵਿਚ ਵੀ ਸਦਾ ਚਲਦੇ ਰਹਿਣ ਵਾਲੀ ਰਵਾਨਗੀ ਹੈ। ਇਨ੍ਹਾਂ ਕਵਿਤਾਵਾਂ ਵਿਚ ਸਮਿਆਂ ਦੇ ਰੰਗ ਵੀ ਹਨ, ਨਾਲ ਉਮਰ ਨਾਲ ਨਿੱਖਰਦੀ ਸੋਝੀ ਵੀ।

ਸਾਡੇ ਕਹਾਣੀ ਵੱਲੋਂ ਨਾਵਲ ਵੱਲ ਜਾਣ ਵਾਲੇ ਕਈ ਲੇਖਕ ਹਨ। ਪਰ ਕਵਿਤਾ ਤੋਂ ਕਹਾਣੀ ਜਾਂ ਕਹਾਣੀ ਦੇ ਨਾਲ ਕਵਿਤਾ ਲਿਖਣ ਦੀ ਸਮਰੱਥਾ ਵਾਲਾ ਵਰਿਆਮ ਸੰਧੂ ਸਾਡਾ ਇਕੋ-ਇਕ ਸਾਹਿਤਕਾਰ ਹੈ। ਸਾਹਿਤ ਵਿਚ ਇਨ੍ਹਾਂ ਦੀ ਸਥਿਤੀ ਸਦਾ 'ਦੋ ਪੈਰ ਘਟ ਤੁਰਨਾ, ਪਰ ਤੁਰਨਾ ਮਟਕ ਦੇ ਨਾਲ' ਵਰਗੀ ਰਹੀ ਹੈ। ਕਈ ਵਾਰ ਪਿਛਲੀ ਉਮਰੇ ਸਾਹਿਤਕਾਰਾਂ ਨੂੰ ਖਿਆਲ ਸੁੱਝਣੇ ਹੀ ਬੰਦ ਹੋ ਜਾਂਦੇ ਹਨ। ਪਰ ਵਰਿਆਮ ਨਾਲ ਅਜੇਹਾ ਨਹੀਂ ਹੋਇਆ ਹੈ। ਇਹ ਉਸ ਦੀ ਵੱਡੀ ਸਮਰੱਥਾ ਦਾ ਸੱਚ ਹੈ। ਵਰਿਆਮ ਦਾ ਕਵੀਪੁਣਾ ਕਈ ਹੋਰਨਾਂ ਲਈ ਮੱਥੇ ਦੀ ਤਿਉੜੀ ਹੋ ਸਕਦਾ ਹੈ। ਪਰ ਇਹ ਤਾਂ ਬਿਨਾਂ ਕਿਸੇ ਡਰ-ਭੈਅ ਦੇ ਕਵਿਤਾ ਦੇ ਖੇਤਰ ਵਿਚ ਆਪਣੇ ਜਲੌਅ ਨਾਲ ਦਾਖ਼ਲ ਹੋ ਗਿਆ ਹੈ। ਅਜੇਹੀ ਆਮਦ ਪੰਜਾਬੀ ਕਾਵਿ ਜਗਤ ਲਈ ਮਾਣ ਕਰਨ ਵਾਲੀ ਹੈ।

---

# ਵਿਸਮਾਦੁ' ਦੇ ਹਵਾਲੇ ਨਾਲ ਅਧਿਆਤਮ, ਕਾਵਿ ਤੇ ਪ੍ਰੰਪਰਾਵਾਂ: ਇਕ ਅਧਿਐਨ

ਪਰਮਜੀਤ ਸੋਹਲ ਦੇ ਕਾਵਿ-ਸੰਗ੍ਰਹਿ 'ਵਿਸਮਾਦੁ' ਵਿਚ ਕੁੱਲ ਚਾਰ ਲੰਬੀਆਂ ਕਵਿਤਾਵਾਂ ਸ਼ਾਮਿਲ ਕੀਤੀਆਂ ਗਈਆਂ ਹਨ: ਪ੍ਰਿਯਤਮਾ, ਰਜ਼ਾ, ਵਿਸਮਾਦੁ ਅਤੇ ਆਖਰੀ ਨਾਮੁ, ਇਨ੍ਹਾਂ ਚਾਰ ਕਵਿਤਾਵਾਂ ਦੀ ਇਹ 248 ਪੰਨਿਆਂ ਵਾਲੀ ਸੁੰਦਰ ਕਿਤਾਬ 'ਸਿੰਘ ਬ੍ਰਦਰਜ਼ ਅੰਮ੍ਰਿਤਸਰ' ਵੱਲੋਂ ਛਾਪੀ ਗਈ ਹੈ।

'ਵਿਸਮਾਦੁ' ਅਧਿਆਤਮ, ਧਰਮ ਅਤੇ ਦਰਸ਼ਨ ਦੀ ਉਹ ਡੂੰਘੀ ਯਾਤਰਾ ਹੈ, ਜਿਹੜੀ ਦੈਵੀ ਅਨੁਭਵ ਬਗੈਰ ਸੰਭਵ ਨਹੀਂ ਹੈ। ਇਹ ਕਾਵਿ-ਸੰਗ੍ਰਹਿ ਪਾਠਕ ਨੂੰ ਰੂਹਾਨੀ ਯਾਤਰਾ 'ਤੇ ਲੈ ਜਾਂਦਾ ਹੈ, ਜਿੱਥੇ ਸ਼ਬਦਾਂ ਦੀ ਮਹਿਕ ਅਤੇ ਭਾਵਾਂ ਦੀ

**ਮਦਨਦੀਪ ਸਿੰਘ**

ਗਹਿਰਾਈ ਅਨੋਖਾ ਸੰਗੀਤ ਰਚਦੀ ਹੈ। ਇਸ ਰਚਨਾ ਵਿਚ ਪੁਰਾਣੇ ਅਤੇ ਨਵੇਂ ਕਾਵਿ ਦੀ ਏਕਤਾ ਨੂੰ ਦੇਖਿਆ ਜਾ ਸਕਦਾ ਹੈ, ਜੋ ਕਿ ਸਮੇਂ ਦੇ ਪਾਰ ਜਾ ਕੇ ਅਧਿਆਤਮਕ ਅਨੁਭੂਤੀ ਨੂੰ ਪੇਸ਼ ਕਰਦੀ ਹੈ।

'ਵਿਸਮਾਦੁ' ਕਾਵਿ-ਸੰਗ੍ਰਹਿ ਵਿਚ ਸਿੱਖ ਧਰਮ, ਸਨਾਤਨ ਧਰਮ, ਅਤੇ ਵਿਸ਼ਵਿਕ ਰੂਹਾਨੀਅਤ ਦੇ ਤੱਤ ਇੱਕ ਸੁਮੇਲ ਵਿਚ ਪੇਸ਼ ਕੀਤੇ ਗਏ ਹਨ। ਇਹ ਸਿਰਫ਼ ਧਾਰਮਿਕ ਪਾਠ ਨਹੀਂ, ਬਲਕਿ ਗਹਿਰੀ ਅਨੁਭੂਤੀ ਅਤੇ ਅੰਦਰੂਨੀ ਦਰਸ਼ਨ ਦਾ ਪ੍ਰਗਟਾਵਾ ਹੈ। ਕਵਿਤਾਵਾਂ ਵਿਚ ਗੁਰਬਾਣੀ, ਸਨਾਤਨੀ ਪਰੰਪਰਾ, ਅਤੇ ਵਿਦੇਸ਼ੀ ਰੂਹਾਨੀ ਧਾਰਾਵਾਂ ਦਾ ਸੁਮੇਲ ਦੇਖਣ ਨੂੰ ਮਿਲਦਾ ਹੈ। ਇਹ ਰਚਨਾ ਕਿਸੇ ਇੱਕ ਧਰਮ ਜਾਂ ਪਰੰਪਰਾ ਤੱਕ ਸੀਮਿਤ ਨਹੀਂ, ਬਲਕਿ ਸਮੁੱਚੀ ਅਧਿਆਤਮਕ ਧਾਰਾ ਨੂੰ ਸਮੇਟਦੀ ਹੈ।

'ਵਿਸਮਾਦੁ' ਵਿਚ ਪੁਰਾਣੀਆਂ ਅਤੇ ਨਵੀਆਂ ਕਵਿਤਾਵਾਂ ਦਾ ਸੁਮੇਲ ਹੈ। ਪੁਰਾਣੀਆਂ ਰਚਨਾਵਾਂ ਜਿਵੇਂ 'ਪ੍ਰਿਯਤਮਾ' ਵਿਚ ਇਕ ਦੀ ਅਨੁਭੂਤੀ ਅਤੇ ਵਿਚਾਰਧਾਰਾ ਨੂੰ ਦੇਖਿਆ ਜਾ ਸਕਦਾ ਹੈ, ਜਦੋਂ ਕਿ ਨਵੀਆਂ ਕਵਿਤਾਵਾਂ ਵਿਚ ਨਵਾਂ ਦ੍ਰਿਸ਼ਟੀਕੋਣ ਅਤੇ ਡੂੰਘੀ ਅਧਿਆਤਮਕ ਸਮਝ ਪੇਸ਼ ਕੀਤੀ ਗਈ ਹੈ। ਇਹ ਕਵਿਤਾਵਾਂ ਸਮੇਂ ਦੇ ਅੰਤਰ ਨਾਲ ਹੀ ਨਹੀਂ, ਬਲਕਿ ਆਪਣੇ ਅਭਿਵਿਅਕਤੀ ਦੇ ਢੰਗ ਅਤੇ ਧਾਰਮਿਕ-ਦਾਰਸ਼ਨਿਕ ਪਰਿਪੇਖ ਵਿਚ ਵੀ ਆਪਸੀ ਤਾਲਮੇਲ ਰੱਖਦੀਆਂ ਹਨ।

ਇਸ ਕਿਤਾਬ ਦੀ ਰਚਨਾਵਲੀ ਵਿਚ ਗੁਰਮਤਿ ਦੇ ਤੱਤ, ਸਿੱਖ ਅਧਿਆਤਮਕ ਪਰੰਪਰਾ, ਅਤੇ ਵਿਸ਼ਵਿਕ ਰੂਹਾਨੀ ਤੱਤ ਇੱਕ ਸੁਮੇਲ ਵਿਚ ਪੇਸ਼ ਹੋਏ ਹਨ। ਇਹ ਕਵਿਤਾ ਸਿਰਫ਼ ਸ਼ਬਦਾਂ ਤੱਕ ਸੀਮਿਤ ਨਹੀਂ, ਬਲਕਿ ਬੁੱਧੀਮਤਾ, ਗਿਆਨ, ਅਤੇ ਅੰਦਰੂਨੀ ਅਨੁਭੂਤੀ ਰਾਹੀਂ ਪਰਮ-ਚੇਤਨਾ ਤੱਕ ਪਹੁੰਚਦੀ ਹੈ। ਕਾਵਿ-ਸ਼ਬਦਾਵਲੀ ਧਾਰਮਿਕ ਸੰਕਲਪਾਂ ਅਤੇ ਨਵੀਂ ਵਿਅਖਿਆ ਦੇ ਰੂਪ ਵਿਚ ਆਉਂਦੀ ਹੈ, ਜੋ ਕਿ ਪਾਠਕ ਨੂੰ ਨਿਆਰੇ ਰੂਹਾਨੀ ਪਰਿਵੇਸ਼ ਵਿਚ ਲੈ ਜਾਂਦੀ ਹੈ।

ਇਸ ਕਾਵਿ-ਸੰਗ੍ਰਹਿ ਦੀ ਇੱਕ ਵਿਸ਼ੇਸ਼ਤਾ ਇਹ ਵੀ ਹੈ ਕਿ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਅਤੇ ਆਧੁਨਿਕ ਸੋਚ ਨੂੰ ਇੱਕ ਚੌਖਟੇ ਵਿਚ ਪੇਸ਼ ਕਰਦੀ ਹੈ। ਇਹ ਸਿਰਫ਼ ਸਿੱਖ ਧਰਮ ਦੀ ਗੱਲ ਨਹੀਂ ਕਰਦੀ, ਬਲਕਿ ਵਿਸ਼ਵਿਕ ਰੂਹਾਨੀ ਪਰੰਪਰਾਵਾਂ ਦੀ ਵੀ ਪ੍ਰਸਤੁਤੀ ਕਰਦੀ ਹੈ। ਬੁੱਧ ਧਰਮ, ਹਿੰਦੂ ਧਰਮ, ਸੂਫ਼ੀਵਾਦ, ਅਤੇ ਪੱਛਮੀ ਅਧਿਆਤਮਿਕਤਾ ਦੇ ਤੱਤ ਇਸ ਰਚਨਾ ਵਿਚ ਉਭਰਦੇ ਹਨ। ਇਹ ਤੱਤ ਮਨੁੱਖੀ ਅਸਤਿੱਤਵ ਨੂੰ ਉੱਚਾ ਚੁੱਕਣ ਦਾ ਕੰਮ ਕਰਦੇ ਹਨ।

ਇਸ ਰਚਨਾ ਵਿਚ ਆਧੁਨਿਕ ਸਮਾਜ ਦੇ ਪ੍ਰਸੰਗ ਵੀ ਸ਼ਾਮਲ ਹਨ। ਇਹ ਵਿਅਕਤੀਗਤ ਅਤੇ ਸਮੂਹਕ ਅਧਿਆਤਮਿਕਤਾ, ਵਿਗਿਆਨ, ਅਤੇ ਮਨੁੱਖੀ ਮਨ ਦੀ ਗਹਿਰਾਈ ਨੂੰ ਸਮਝਣ ਦੀ ਕੋਸ਼ਿਸ਼ ਕਰਦੀ ਹੈ। ਵਿਗਿਆਨ ਅਤੇ ਅਧਿਆਤਮਕਤਾ ਦੀ ਗੱਲ ਇੱਕੋ ਚੌਖਟੇ ਵਿਚ ਆਉਂਦੀ ਹੈ, ਜੋ ਕਿ ਇਸ ਰਚਨਾ ਨੂੰ ਨਿਆਰਾ ਬਣਾਉਂਦੀ ਹੈ।

ਭਾਸ਼ਾ ਦੇ ਪੱਖ ਤੋਂ ਵੀ ਇਹ ਸੰਸਕ੍ਰਿਤਿਕ, ਧਾਰਮਕ, ਅਤੇ ਆਧੁਨਿਕ ਪੰਜਾਬੀ ਦਾ ਸੁਮੇਲ ਹੈ। ਗੁਰੂ ਗ੍ਰੰਥ ਸਾਹਿਬ




ਦੀ ਵਿਆਖਿਆਤਮਕ ਭਾਸ਼ਾ ਅਤੇ ਆਧੁਨਿਕ ਪੰਜਾਬੀ ਦਾ ਸੰਯੋਗ ਇਸ ਰਚਨਾ ਨੂੰ ਨਿਵੇਕਲਾ ਬਣਾਉਂਦਾ ਹੈ। ਇਹ ਸੰਯੋਗ ਪਾਠਕ ਨੂੰ ਇੱਕ ਨਵੀਂ ਸੋਚ ਅਤੇ ਰੂਹਾਨੀ ਸੰਵੇਦਨਸ਼ੀਲਤਾ ਦੀ ਝਲਕ ਦਿੰਦਾ ਹੈ।

'ਵਿਸਮਾਦੁ' ਸਿਰਫ਼ ਇੱਕ ਕਵਿਤਾ ਸੰਗ੍ਰਹਿ ਨਹੀਂ, ਬਲਕਿ ਅਧਿਆਤਮਕ ਯਾਤਰਾ ਹੈ ਜੋ ਪਾਠਕ ਨੂੰ ਆਪਣੇ ਅੰਦਰ ਝਾਕਣ ਲਈ ਪ੍ਰੇਰਤ ਕਰਦੀ ਹੈ। ਇਹ ਰਚਨਾ ਸਾਨੂੰ ਸਿਰਫ਼ ਪਾਠਕ ਦੇ ਤੌਰ 'ਤੇ ਨਹੀਂ, ਬਲਕਿ ਅਧਿਐਨ ਕਰਤਾ, ਤੱਤ-ਖੋਜੀ, ਅਤੇ ਰੂਹਾਨੀ ਯਾਤਰੀ ਦੇ ਤੌਰ 'ਤੇ ਵੀ ਸੋਚਣ ਲਈ ਮਜਬੂਰ ਕਰਦੀ ਹੈ। ਇਹ ਕਾਵਿ-ਸੰਗ੍ਰਹਿ ਗੁਰੂ ਗ੍ਰੰਥ ਸਾਹਿਬ ਅਤੇ ਆਧੁਨਿਕ ਸੋਚ ਦਾ ਮਿਲਾਪ ਹੈ, ਜੋ ਵਿਸ਼ਵਿਕ ਅਧਿਆਤਮਿਕਤਾ ਦੀ ਗੱਲ ਕਰਦਾ ਹੈ ਅਤੇ ਪੁਰਾਣੇ ਅਤੇ ਨਵੇਂ ਕਾਵਿ ਦੀ ਏਕਤਾ ਨੂੰ ਪੇਸ਼ ਕਰਦਾ ਹੈ।

ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਦੀ ਕਵਿਤਾ ਬਗੈਰ ਅਨੁਭੂਤੀ ਦੇ ਲਿਖੀ ਹੀ ਨਹੀਂ ਜਾ ਸਕਦੀ ਅਤੇ ਅਧਿਆਤਮ ਵਿਚ ਸਮਰਪਣ ਦੀ ਭਾਵਨਾ ਦਾ ਪੱਖ ਪ੍ਰਥਮ ਹੁੰਦਾ ਹੈ। ਇਸ ਸਮੁੱਚੇ ਕਾਵਿ-ਪ੍ਰਵਾਹ ਵਿਚ ਪਰਮਜੀਤ ਸੋਹਲ ਦੇ ਓਸ ਨਿੱਜੀ ਅਨੁਭਵ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ, ਜੋ ਉਸ ਨੇ 'ਸ਼ਬਦ ਗੁਰੂ' ਤੋਂ ਗ੍ਰਹਿਣ ਕੀਤਾ ਹੈ।

ਪਰਮਜੀਤ ਸੋਹਲ ਦੀ ਕਵਿਤਾ ਅਧਿਆਤਮਿਕ ਅਨੁਭਵ ਦੀ ਯਾਤਰਾ ਹੈ। ਇਹ ਸਿਰਫ਼ ਸ਼ਬਦਾਂ ਦੀ ਰਚਨਾ ਨਹੀਂ, ਬਲਕਿ ਅੰਦਰੂਨੀ ਸਮਰਪਣ ਅਤੇ ਭਗਤੀ ਦੀ ਭਾਵਨਾ ਵੀ ਹੈ, ਜਿਸ ਨਾਲ ਇਹ ਕਾਵਿ ਰਚੀ ਗਈ ਹੈ, ਤੇ ਪੜ੍ਹਨ ਵਾਲੇ ਨੂੰ ਵੀ ਉਸੇ ਅਨੁਭਵ ਨਾਲ ਜੋੜਦੀ ਹੈ। ਇਹ ਸਿਰਫ਼ ਬੌਧਿਕਤਾ ਜਾਂ ਸ਼ਾਸਤਾਰਥ ਦੀ ਗੱਲ ਨਹੀਂ, ਬਲਕਿ ਉਸ ਅਨੁਭੂਤੀ ਦੀ ਗੱਲ ਹੈ, ਜੋ ਆਤਮਿਕ ਪੱਧਰ 'ਤੇ ਮਹਿਸੂਸ ਕੀਤੀ ਜਾਂਦੀ ਹੈ। ਕਵੀ ਨੇ ਆਪਣੇ ਸ਼ਬਦਾਂ ਰਾਹੀਂ ਉਹ ਸਫ਼ਰ ਗਾਹਿਆ ਹੈ, ਜੋ ਸਿਰਫ਼ ਗਿਆਨ ਦੇ ਅਧਿਐਨ ਤੋਂ ਨਹੀਂ, ਬਲਕਿ ਆਤਮਿਕ ਡੂੰਘਾਈ ਵਿਚ ਡੁੱਬਣ ਤੋਂ ਉਤਪੰਨ ਹੁੰਦਾ ਹੈ।

ਇਸ ਰਚਨਾ ਦੀ ਖ਼ੂਬੀ ਇਹ ਹੈ ਕਿ ਇਹ ਨਿੱਜੀ ਅਨੁਭਵ ਹੋਣ ਦੇ ਬਾਵਜੂਦ ਸਰਵ-ਵਿਆਪੀ ਵਰਤਾਰੇ ਵਾਂਗ ਮਹਿਸੂਸ ਹੁੰਦੀ ਹੈ। ਪੜ੍ਹਨ ਵਾਲਾ ਵੀ ਉਸੇ ਭਾਵ ਵਿਚ ਲੀਨ ਹੋ ਸਕਦਾ ਹੈ, ਜਿੱਥੇ ਸ਼ਬਦ ਗੁਰੂ ਦੀ ਸਿੱਖਿਆ ਮਹਿਜ਼ ਵਿਚਾਰ ਨਹੀਂ, ਸਗੋਂ ਇਕ ਜੀਉਂਦੀ ਜਾਗਦੀ ਹਕੀਕਤ ਬਣ ਜਾਂਦੀ ਹੈ।

ਕਿਤਾਬ ਵਿਚੋਂ ਕੁਝ ਕਾਵਿ ਵੰਨਗੀਆਂ:-
ਵਸਾਲ ਏ ਇਸ਼ਕ 'ਤੇ ਵੀ ਮੇਰਾ ਕੋਈ ਜ਼ੋਰ ਨਹੀਂ ਹੈ
ਇਹ ਕਾਇਦਾ ਪ੍ਰੇਮ ਦਾ ਬਣਿਆ ਮੇਰੇ ਹਜ਼ੂਰ ਤੋਂ ਹੈ
ਤੂੰ

*(ਬਾਕੀ ਅਗਲੇ ਸਫੇ 'ਤੇ)*

# ਕਵਿਤਾ ਨੱਚਣ ਵਾਂਗ ਹੈ, ਵਾਰਤਕ ਚਲਣ ਵਾਂਗ: ਪਾਤਰ

"ਇੱਕ ਪੱਤਰਕਾਰ ਦਾ ਫਰਜ਼ ਨਿਭਾਉਣਾ ਇੱਕ ਕਵੀ ਨਾਲੋਂ ਵੱਧ ਮੁਸ਼ਕਲ ਹੁੰਦਾ ਹੈ"-ਪਾਤਰ,

'ਕਵਿਤਾ ਨੱਚਣ ਵਾਂਗ ਹੈ, ਵਾਰਤਕ ਚਲਣ ਵਾਂਗ'

11 ਮਈ ਨੂੰ ਪਦਮ ਸ੍ਰੀ ਡਾ. ਸੁਰਜੀਤ ਪਾਤਰ ਨੂੰ ਇਸ ਫਾਨੀ ਸੰਸਾਰ ਤੋਂ ਗਿਆਂ ਇੱਕ ਸਾਲ ਹੋ ਜਾਣਾ ਹੈ। ਉਹ ਲੋਕ-ਮਨਾਂ ਦਾ ਸ਼ਾਇਰ ਹੈ। ਇਹ ਸੁਭਾਗ ਵਾਰਸ ਸ਼ਾਹ, ਸ਼ਿਵ ਬਟਾਲਵੀ ਅਤੇ ਪਾਤਰ ਨੂੰ ਹਾਸਲ ਹੋਇਆ ਹੈ। ਕ੍ਰਾਂਤੀਕਾਰੀ ਕਵੀ ਪਾਸ਼ ਅਤੇ ਸੰਤ ਰਾਮ ਉਦਾਸੀ ਆਪਣੇ ਥਾਂ 'ਲੈਜੇਂਡਰੀ' ਕਵੀ ਹਨ।

**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: 98766-55055**

ਪੱਤਰਕਾਰਾਂ/ਲੇਖਕਾਂ ਦੇ 12 ਦਸੰਬਰ 2021 ਨੂੰ ਫਗਵਾੜਾ ਵਿਚ ਹੋਏ ਇੱਕ ਸਮਾਗਮ ਨੂੰ ਸੰਬੋਧਨ ਕਰਦਿਆਂ 'ਪੱਤਰਕਾਰੀ' ਨੂੰ ਸਮਾਜ ਦੀ 'ਜ਼ਮੀਰ' (ਰੂਹ) ਦੱਸਦੇ ਹੋਏ, ਸੁਰਜੀਤ ਪਾਤਰ ਨੇ ਕਿਹਾ ਕਿ ਇੱਕ ਤਰ੍ਹਾਂ ਨਾਲ ਪੱਤਰਕਾਰ ਦਾ ਫਰਜ਼ ਨਿਭਾਉਣਾ ਕਵੀ ਨਾਲੋਂ ਵੱਧ ਮੁਸ਼ਕਲ ਹੁੰਦਾ ਹੈ।

ਪੰਜਾਬੀ ਵਿਰਸਾ ਟਰੱਸਟ ਫਗਵਾੜਾ ਵੱਲੋਂ ਸੀਨੀਅਰ ਪੱਤਰਕਾਰਾਂ ਸਤਨਾਮ ਮਾਣਕ, ਕਾਰਜਕਾਰੀ ਸੰਪਾਦਕ ਅਜੀਤ ਅਤੇ ਚਰਨਜੀਤ ਸਿੰਘ ਭੁੱਲਰ, ਸਟਾਫ ਰਿਪੋਰਟਰ ਪੰਜਾਬੀ ਟ੍ਰਿਬਿਊਨ ਨੂੰ 'ਮਾਣ ਮੱਤਾ ਪੱਤਰਕਾਰ ਪੁਰਸਕਾਰ' ਪ੍ਰਦਾਨ ਕਰਨ ਲਈ ਉਹ ਇਸ ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਸਨ।

ਟਰੱਸਟ ਦੇ ਪ੍ਰਧਾਨ ਪ੍ਰੋਫੈਸਰ ਜਸਵੰਤ ਸਿੰਘ ਗੰਡਮ ਅਤੇ ਜਨਰਲ ਸਕੱਤਰ ਗੁਰਮੀਤ ਪਲਾਹੀ ਦੁਆਰਾ ਆਯੋਜਿਤ ਇਸ

ਇਹ ਦਾਅਵਾ ਕਰਦੇ ਹੋਏ ਕਿ 'ਪਰਵਾਸ' ਦੇ ਗੁਣਾਂ ਅਤੇ ਔਗੁਣਾਂ ਬਾਰੇ ਉਸਦੇ ਮਨ ਵਿਚ ਬਹਿਸ ਚੱਲਦੀ ਰਹਿੰਦੀ ਹੈ, ਪਾਤਰ ਨੇ ਆਪਣੇ ਪੁਰਾਣੇ ਅਤੇ ਬਾਅਦ ਦੇ ਪੜਾਅ ਦੇ ਸ਼ੇਅਰਾਂ ਦਾ ਹਵਾਲਾ ਦਿੰਦੇ ਹੋਏ ਆਪਣੀ ਗੱਲ ਨੂੰ ਸਾਬਤ ਕੀਤਾ - "ਜੋ ਬਦੇਸਾਂ 'ਚ ਰੁਲਦੇ ਨੇ ਰੋਜ਼ੀ ਲਈ, ਜਦ ਪਰਤਣਗੇ ਆਪਣੇ ਦੇਸ਼ ਕਦੀ,/ ਕੁਛ ਤਾਂ ਸੇਕਣਗੇ ਮਾਂ ਦੇ ਸਿਵੇ ਦੀ ਅਗਨ, ਕੁਛ ਰੁਖਾਂ ਦੀ ਛਾਂ ਹੇਠ ਜਾ ਬਹਿਣਗੇ"।

ਅਤੇ

-" ਸ਼ੁਕਰ ਹੈ ਪਰਦੇਸ ਹੈ, ਇਕ ਥਾਂ ਹੋਏ ਪਰਲੋਕ ਤੋਂ ਸਾਹ ਲੈਣ ਲਈ/ਬਚਣ ਦੇ ਲਈ ਹੈ ਸਿਆਰੇ ਹਾਕਮਾਂ ਤੋਂ/...ਜੇ ਬੋਲ ਸੁਹਣੇ ਬੀਜੀਏ/ਜੇ ਕਰਮ ਸੁਹਣੇ ਬੀਜੀਏ/ਤਾਂ ਧਰਤੀਆਂ ਬੇਗਾਨੀਆਂ ਵੀ/ਆਪਣੀਆਂ ਬਣ ਜਾਂਦੀਆਂ"।

ਅਤੇ

## ਸੁਰਜੀਤ ਪਾਤਰ ਦੀ ਪਹਿਲੀ ਬਰਸੀ 'ਤੇ ਵਿਸ਼ੇਸ਼

ਸਰਲਤਾ ਤੇ ਸਾਦਗੀ ਵਿਚ ਸਮੁੰਦਰ ਦੀ ਗਹਿਰਾਈ ਨਾਲੋਂ ਵੀ ਵੱਧ ਡੂੰਘਾਈ ਸੀ/ਹੈ। ਉਹ ਪੰਜਾਬੀ ਕਵਿਤਾ, ਪੰਜਾਬ ਦੀ ਰਹਿਤਲ ਤੇ ਪੰਜਾਬੀਅਤ ਦੀ ਆਤਮਾ ਸੀ। ਭਾਵਾਤਮਕਤਾ ਤੇ ਬੌਧਿਕਤਾ ਦਾ ਸੁਮੇਲ।

ਸਹਿਜ, ਸੁਚੱਜ ,ਸਿਸ਼ਟਾਚਾਰ ਉਸ ਦੀ ਸ਼ਖਸੀਅਤ ਦੇ ਮਿਆਰੀ ਗੁਣ ਸਨ। ਧੀਮੀ-ਸੁਰ 'ਚ ਤੇ ਸਹਿਜ-ਭਾਅ ਗਲ ਕਹਿਣਾ ਉਸ ਦਾ 'ਟਰੇਡ-ਮਾਰਕ' ਅਤੇ 'ਸਿਗਨੇਚਰ ਸਟੇਮੈਂਟ' ਸਨ!





*1) ਇਹ ਇਤਿਹਾਸਕ ਫੋਟੋ ਅਸੀਵਿਆਂ ਦੇ ਅਰੰਭ ਵਿਚ ਗੁਰੂ ਨਾਨਕ ਕਾਲਜ ਫ਼ਗਵਾੜਾ ਵਿਚ ਕਰਵਾਏ ਗਏ ਇੱਕ ਕਵੀ ਦਰਬਾਰ ਦੀ ਹੈ। ਇਸ ਵਿਚ ਸੁਰਜੀਤ ਪਾਤਰ,ਸ.ਸ. ਮੀਸ਼ਾ, ਕਸ਼ਮੀਰ ਕਾਦਰ, ਲਖਵਿੰਦਰ ਜੌਹਲ, ਬਖਸ਼ਿੰਦਰ, ਲੇਖਕ (ਜਸਵੰਤ ਸਿੰਘ ਗੰਡਮ) ਸਮੇਤ ਹੋਰ ਕਵੀ ਮੌਜੂਦੇ ਹਨ। 2) ਸੀਨੀਅਰ ਪੱਤਰਕਾਰ ਸਤਨਾਮ ਮਾਣਕ ਅਤੇ ਚਰਨਜੀਤ ਭੁੱਲਰ ਨੂੰ 'ਮਾਣ ਮੱਤਾ ਪੱਤਰਕਾਰ ਪੁਰਸਕਾਰ' ਦਿੰਦੇ ਹੋਏ ਡਾ.ਸੁਰਜੀਤ ਪਾਤਰ, ਸ਼ਹਿਰੀ ਪਤਵੰਤੇ ਅਤੇ ਪ੍ਰਬੰਧਕ। ਭੁੱਲਰ ਦਾ ਐਵਾਰਡ ਜਸਬੀਰ ਚਾਨਾ ਨੇ ਪ੍ਰਾਪਤ ਕੀਤਾ ਸੀ।*

ਪਾਤਰ ਨੂੰ ਮੈਂ ਉਦੋਂ ਦਾ ਜਾਣਦਾ ਹਾਂ ਜਦ ਉਹ ਨਾ ਤਾਂ 'ਡਾਕਟਰ' ਸੀ ਅਤੇ ਨਾ ਹੀ ਉਸ ਨੂੰ 'ਪਦਮ ਸ੍ਰੀ' ਦੀ ਉਪਾਧੀ ਮਿਲੀ ਸੀ। ਉਹ ਤਾਂ ਅਜੇ ਪੂਰਾ 'ਪਾਤਰ' ਵੀ ਨਹੀਂ ਸੀ, ਸਗੋਂ 'ਪੱਤੜ' ਸੀ।

ਉਸ ਦੀ ਸ਼ਾਇਰੀ ਨਾਲ ਵਾਕਿਫੀ ਤਾਂ 'ਹਵਾ ਵਿਚ ਲਿਖੇ ਹਰਫ' ਨਾਲ ਹੀ ਹੋ ਗਈ ਸੀ। ਪਰ ਆਹਮੋ-ਸਾਹਮਣੇ ਅਸੀਂ ਸੱਤਰਵਿਆਂ ਦੇ ਅਖੀਰ ਅਤੇ ਅੱਸੀਵਿਆਂ ਦੇ ਅਰੰਭ 'ਚ ਮਿਲੇ। ਬੇਸ਼ਕ ਮੈਂ ਆਪਣੇ ਕਾਲਜ (ਗੁਰੂ ਨਾਨਕ ਕਾਲਜ, ਫਗਵਾੜਾ) ਵਿਚ ਅੰਗਰੇਜ਼ੀ ਪੜ੍ਹਾਉਂਦਾ ਸਾਂ ਪਰ ਪੰਜਾਬੀ ਸ਼ਾਇਰੀ ਦਾ ਬੜਾ ਦੀਵਾਨਾ ਸਾਂ। ਸੋ, ਅਸੀਂ ਕਾਲਜ ਵਿਚ 5 ਕਵੀ ਦਰਬਾਰ ਕਰਵਾਏ। ਇਨ੍ਹਾਂ ਵਿਚ ਸੁਰਜੀਤ ਪਾਤਰ, ਡਾ.ਜਗਤਾਰ, ਸ.ਸ.ਮੀਸ਼ਾ, ਸੰਤ ਰਾਮ ਉਦਾਸੀ, ਲਖਵਿੰਦਰ ਜੌਹਲ, ਬਖਸ਼ਿੰਦਰ, ਕਸ਼ਮੀਰ ਕਾਦਰ, ਸੁਰਿੰਦਰ ਗਿੱਲ, ਨਾਜ਼ਰ ਸਿੰਘ ਤਰਸ ਸਮੇਤ ਕਈ ਕਵੀ ਭਾਗ ਲੈਂਦੇ ਸਨ।

ਸ਼ਹਿਰ ਵਿਚ ਹੋਣ ਵਾਲੇ ਹੋਰ ਸਮਾਗਮਾਂ ਵਿਚ ਵੀ ਮੁਲਾਕਾਤ ਹੁੰਦੀ ਰਹਿੰਦੀ। ਫਿਰ ਮੇਰੇ ਦੋਸਤ ਅਮਰਜੀਤ ਫਿ਼ਲੌਰ ਨਾਲ ਪਾਤਰ ਦੀ ਭਾਣਜੀ ਕੁਲਵਿੰਦਰ ਦੀ ਸ਼ਾਦੀ ਹੋਣ ਕਾਰਨ ਮੇਲ-ਮਿਲਾਪ ਵਧ ਗਿਆ। ਪਾਤਰ ਸਾਹਿਬ ਮੇਰੇ ਘਰ ਵੀ ਇੱਕ-ਦੋ ਵਾਰ ਆਏ।

ਉਨ੍ਹਾਂ ਮੇਰੀ ਪਲੇਠੀ ਪੁਸਤਕ 'ਕੁਛ ਤੇਰੀਆਂ ਕੁਛ ਮੇਰੀਆਂ' ਦੇ ਲੋਕ ਅਰਪਣ ਸਮਾਗਮ ਦੀ ਪ੍ਰਧਾਨਗੀ ਕੀਤੀ।

ਭਾਵੇਂ ਉਹ ਸ਼ਾਇਰ ਵਜੋਂ ਸਾਡੇ ਫੋਕਲੋਰ ਦਾ ਹਿੱਸਾ ਬਣ ਗਏ ਹਨ ਪਰ ਉਨ੍ਹਾਂ ਬਾ-ਕਮਾਲ ਵਾਰਤਕ ਵੀ ਲਿਖੀ ਅਤੇ ਲੋਰਕਾ ਦੇ ਨਾਟਕਾਂ ਅਤੇ ਪਾਬਲੋ ਨਰੂਦਾ ਦੀਆਂ ਕਵਿਤਾਵਾਂ ਸਮੇਤ ਕਈ ਅਨੁਵਾਦ ਵੀ ਕੀਤੇ।

ਉਹ ਜਿਸ ਸਮਾਗਮ ਵਿਚ ਜਾਂਦੇ ਉਸ ਬਾਰੇ ਵਿਦਵਤਾ ਭਰਪੂਰ ਲਹਿਜ਼ੇ ਵਿਚ ਗੱਲ ਕਰਦੇ। ਇੱਕ ਸਥਾਨਕ ਸਕੂਲ ਦੇ ਸਾਲਾਨਾ ਖੇਡ ਸਮਾਗਮ ਵਿਚ ਉਨ੍ਹਾਂ ਨੇ ਬੱਚਿਆਂ ਨੂੰ ਖੇਡਾਂ ਬਾਰੇ ਵਿਸਥਾਰ ਨਾਲ ਦਸਦਿਆਂ ਆਪਣਾ ਕਾਵਿਕ ਲਹਿਜ਼ਾ ਬਰਕਰਾਰ ਰੱਖਿਆ। ਵਿਚ ਵਿਚ ਉਹ ਕੁਝ ਸ਼ਬਦ ਅੰਗਰੇਜ਼ੀ ਦੇ ਵੀ ਬੋਲੀ ਗਏ ਤਾਂ ਕਿ ਅੰਗਰੇਜ਼ੀ ਮਾਧਿਅਮ ਵਾਲੇ ਸਕੂਲੀ ਬੱਚਿਆਂ ਨੂੰ ਗੱਲ ਪੂਰੀ ਸਮਝ ਆ ਜਾਵੇ।

ਮੇਰੀ ਪੁਸਤਕ ਲੋਕ ਅਰਪਣ ਕਰਦਿਆਂ ਉਨ੍ਹਾਂ ਵਿਸਥਾਰ ਨਾਲ ਕਵਿਤਾ ਅਤੇ ਵਾਰਤਕ ਦਾ ਫਰਕ ਦਸਿਆ। ਸਾਹਿਤ ਦੀਆਂ ਸਾਰੀਆਂ ਵਿਧਾਵਾਂ ਨੂੰ ਮਹੱਤਵਪੂਰਨ ਦਸਦਿਆਂ ਉਨ੍ਹਾਂ ਕਿਹਾ ਕਿ 'ਕਵਿਤਾ ਨੱਚਣ ਵਾਂਗ ਹੈ, ਵਾਰਤਕ ਚਲਣ ਵਾਂਗ। ਕਵਿਤਾ ਕਵੀ ਨੂੰ'ਘੇਰਦੀ' ਹੈ, ਇਸ ਦੀ 'ਆਮਦ' ਹੁੰਦੀ ਹੈ ਪਰ ਵਾਰਤਕ ਦੀ ਬੁਣਤਰ ਬੁਣੀ ਜਾ ਸਕਦੀ ਹੈ'।

ਪੁਰਸਕਾਰ ਵਿਚ ਇੱਕ ਸ਼ਾਲ, ਪ੍ਰਸ਼ੰਸਾ ਪੱਤਰ, ਯਾਦਗਾਰੀ ਚਿੰਨ੍ਹ ਅਤੇ 11,000 ਰੁਪਏ ਦਿੱਤੇ ਜਾਂਦੇ ਹਨ। (ਭੁੱਲਰ ਦਾ ਐਵਾਰਡ ਜਸਬੀਰ ਚਾਨਾ ਨੇ ਪ੍ਰਾਪਤ ਕੀਤਾ)

ਆਪਣੀ ਗੱਲ ਜਾਰੀ ਰੱਖਦੇ ਹੋਏ ਪਾਤਰ ਨੇ ਦਲੀਲ ਦਿੱਤੀ ਕਿ ਇੱਕ ਪੱਤਰਕਾਰ ਨੂੰ ਰੋਜ਼ਾਨਾ ਵਾਪਰਦੀਆਂ ਘਟਨਾਵਾਂ ਤੇ ਮੁੱਦਿਆਂ ਦੀ ਸਹੀ ਰਿਪੋਰਟਿੰਗ ਵਿਚ ਸਪੱਸ਼ਟ, ਸਿੱਧਾ, ਤੱਥ-ਅਧਾਰਤ ਅਤੇ ਨਿਡਰ ਹੋਣਾ ਪੈਂਦਾ ਹੈ ਅਤੇ ਉਸ ਕੋਲ ਕਵੀਆਂ ਵਾਂਗ ਕੌੜੇ ਸੱਚ ਨੂੰ ਬਿਆਨਣ ਲਈ ਕੋਈ ਪ੍ਰਤੀਕਾਤਮਕ ਜਾਂ ਅਲੰਕਾਰਿਕ ਪ੍ਰਗਟਾਵੇ ਦੇ ਰੂਪ ਵਿਚ ਬਚਣ ਦਾ ਰਸਤਾ ਨਹੀਂ ਹੁੰਦਾ।

ਇਹ ਜ਼ੋਰ ਦਿੰਦੇ ਹੋਏ ਕਿ ਇੱਕ ਪੱਤਰਕਾਰ ਜਨਤਕ ਸੋਚ ਨੂੰ ਬਦਲਣ ਵਿਚ ਸ਼ਾਨਦਾਰ ਭੂਮਿਕਾ ਨਿਭਾਉਂਦਾ ਹੈ, ਪਾਤਰ ਨੇ ਕਿਹਾ ਕਿ "ਇੱਕ ਪੱਤਰਕਾਰ ਨੂੰ ਅਣਸੁਖਾਵਾਂ/ਕੌੜਾ ਸੱਚ ਕਹਿਣ ਵਿਚ 'ਬੇਖੌਫ' ਅਤੇ 'ਬੇਬਾਕ' ਹੋਣਾ ਚਾਹੀਦਾ ਹੈ।ਅਜਿਹਾ ਕਰਨ ਨਾਲ, ਪੱਤਰਕਾਰਾਂ ਨੂੰ ਬਹੁਤ ਸਾਰੇ ਖ਼ਤਰਿਆਂ ਅਤੇ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਵੇਂ ਕਿ ਉਨ੍ਹਾਂ ਨੇ ਐਮਰਜੈਂਸੀ ਦੇ ਦਿਨਾਂ ਵਿਚ ਕੀਤਾ ਸੀ ਅਤੇ ਹੁਣ ਵੀ ਅਜਿਹਾ ਕਰ ਰਹੇ ਹਨ।", ਉਸਨੇ ਟਿੱਪਣੀ ਕੀਤੀ. "ਕਈ ਲੇਖਕਾਂ ਨੂੰ ਵੀ ਇਨ੍ਹਾਂ ਦਾ ਸਾਹਮਣਾ ਕਰਨਾ ਪੈਂਦਾ ਹੈ। 'ਵਰਵਰਾ ਰਾਓ ਅਜੇ ਵੀ ਜੇਲ੍ਹ ਵਿਚ ਹੈ,' ਉਸਨੇ ਇਸਨੂੰ ਸਾਬਤ ਕਰਨ ਲਈ ਕਿਹਾ।

ਪਾਤਰ ਨੇ ਕਿਹਾ, "ਲੋਕਤੰਤਰ ਦੇ ਚਾਰ ਥੰਮ੍ਹ ਹਨ- ਨਿਆਂਪਾਲਿਕਾ, ਵਿਧਾਨ ਸਭਾ, ਕਾਰਜਪਾਲਿਕਾ ਅਤੇ ਪ੍ਰੈਸ। ਪਹਿਲੇ ਤਿੰਨਾਂ ਵਿਚ ਅੰਦਰੂਨੀ (ਨਿ-ਬੁਲਿਟ) ਕਾਨੂੰਨੀ ਤਾਕਤ ਹੁੰਦੀ ਹੈ ਪਰ ਮੀਡੀਆ ਦੀ ਤਾਕਤ ਸਿਰਫ਼ ਇਸਦੇ ਸ਼ਬਦ, ਤਰਕ ਅਤੇ ਦਲੀਲਾਂ ਹਨ। ਭਾਵੇਂ ਪੱਤਰਕਾਰਾਂ ਕੋਲ ਆਪਣੀ ਸੁਰੱਖਿਆ ਲਈ ਕੋਈ ਅੰਦਰੂਨੀ ਕਾਨੂੰਨੀ ਤਾਕਤ ਨਹੀਂ ਹੁੰਦੀ ਪਰ ਉਨ੍ਹਾਂ ਦੇ ਸ਼ਬਦ ਅਤੇ ਲਿਖਤਾਂ ਲੋਕਾਂ ਦੇ ਮਨ ਦੀ ਤਾਕਤ ਬਣ ਜਾਂਦੀਆਂ ਹਨ ਜੋ ਢਾਲ ਵਜੋਂ ਕੰਮ ਕਰਦੀਆਂ ਹਨ। ਦਰਅਸਲ, ਪੱਤਰਕਾਰੀ ਅਤੇ ਸਾਹਿਤ ਦੋਵੇਂ ਲੋਕਾਂ ਦੇ ਵਿਚਾਰਾਂ ਅਤੇ ਮਾਨਸਿਕਤਾ ਨੂੰ ਬਦਲਣ ਵਿਚ ਵੱਡੀ ਭੂਮਿਕਾ ਨਿਭਾਉਂਦੇ ਹਨ।"

ਉਨ੍ਹਾਂ ਕਿਹਾ ਕਿ 'ਪੱਤਰਕਾਰੀ' ਸਾਡੀ ਜ਼ਮੀਰ ਹੈ ਜਦੋਂ ਕਿ 'ਸ਼ਾਇਰੀ' (ਕਵਿਤਾ) ਸਾਡੀ ਆਤਮਾ ਹੈ ਕਿਉਂਕਿ ਇਹ ਸਾਡੇ ਵਿਚ ਦੂਜਿਆਂ ਲਈ 'ਪੀੜਾ' (ਦਰਦ) ਦੀ ਸੰਵੇਦਨਾ ਦੀ ਭਾਵਨਾ ਪੈਦਾ ਕਰਦੇ ਹਨ'।

ਪਾਤਰ ਨੇ 'ਖੋਟੀ ਸਿਆਸਤ' ਅਤੇ 'ਖਰੀ ਸਿਆਸਤ' ਵਿਚ ਵੀ ਫ਼ਰਕ ਕੀਤਾ ਅਤੇ ਕਿਹਾ ਕਿ ਪਹਿਲੀ ਵੋਟ-ਕੇਂਦ੍ਰਿਤ ਹੈ ਜਦੋਂ ਕਿ ਬਾਅਦ ਵਾਲੀ ਮੁੱਦਾ-ਕੇਂਦ੍ਰਿਤ ਹੈ।

"ਜੇ ਹਾਕਮ ਹੁੰਦੇ ਚੱਜ ਦੇ/ਮੇਰੇ ਪੁੱਤ ਪਰਦੇਸੀ ਨਾ ਹੁੰਦੇ"।

ਪਾਤਰ ਨੇ ਆਪਣੀਆਂ ਹੋਰ ਕਵਿਤਾਵਾਂ/ਗਜ਼ਲਾਂ ਸੁਣਾ ਕੇ ਸਰੋਤਿਆਂ ਨੂੰ ਮੰਤਰ-ਮੁਗਧ ਕੀਤਾ।

ਇਸ ਮੌਕੇ ਸਤਨਾਮ ਮਾਣਕ ਨੇ ਦੇਸ਼ ਦੀ ਵੰਡ ਨੂੰ ਗੈਰ-ਕੁਦਰਤੀ ਅਤੇ ਬੱਜਰ ਗਲਤੀ ਦਸਿਆ।

ਕਿਸਾਨਾਂ ਲਈ ਫਸਲਾਂ ਦਾ ਘਟੋ-ਘੱਟ ਸਮਰਥਨ ਮੁੱਲ ਮੰਗਦਿਆਂ ਮਾਣਕ ਨੇ ਖੇਤੀਬਾੜੀ ਦੀ ਤੁਲਨਾ ਫੌਜ ਨਾਲ ਕੀਤੀ। "ਇੱਕ ਨੇ ਭੋਜਨ ਸੁਰੱਖਿਆ ਪ੍ਰਦਾਨ ਕੀਤੀ ਜਦੋਂ ਕਿ ਦੂਜੇ ਨੇ ਭੂਗੋਲਿਕ ਸੁਰੱਖਿਆ ਪ੍ਰਦਾਨ ਕੀਤੀ। ਉਨ੍ਹਾਂ ਨੂੰ ਦੁਨੀਆ ਵਿਚ ਕਿਤੇ ਵੀ ਵਪਾਰਕ ਸ਼ਰਤਾਂ ਅਨੁਸਾਰ ਨਹੀਂ ਮੰਨਿਆ ਜਾ ਸਕਦਾ ਅਤੇ ਸਰਕਾਰਾਂ ਨੂੰ ਦੋਵਾਂ ਦਾ ਸਾਰਾ ਖਰਚਾ ਚੁੱਕਣਾ ਚਾਹੀਦਾ ਹੈ। " ਉਨ੍ਹਾਂ ਸਮਾਜਿਕ ਸਰੋਕਾਰਾਂ ਨੂੰ ਪੱਤਰਕਾਰਾਂ ਦੇ ਸਰੋਕਾਰ ਦਸਿਆ।

ਨਾਮਵਰ ਸ਼ਾਇਰ ਡਾ. ਲਖਵਿੰਦਰ ਜੌਹਲ ਨੇ ਪੱਤਰਕਾਰਾਂ ਨੂੰ ਸਥਾਪਤੀ ਦੀ ਸਥਾਈ ਵਿਰੋਧੀ ਸ਼ਕਤੀ ਦੱਸਿਆ।

ਡਾ. ਸਵਰਾਜ ਸਿੰਘ ਨੇ ਪੰਜਾਬ ਤੋਂ ਵਿਦੇਸ਼ਾਂ ਵਿਚ ਪ੍ਰਵਾਸ ਨੂੰ ਪੰਜਾਬ ਲਈ ਹੁਣ ਤੱਕ ਦਾ ਸਭ ਤੋਂ ਭੈੜਾ ਸਰਾਪ ਦੱਸਿਆ।

ਡਾ. ਐਸ.ਐਸ. ਛੀਨਾ ਅਤੇ ਐਨ.ਆਰ.ਆਈ. ਅਸ਼ੋਕ ਭੌਰਾ ਨੇ ਵੀ ਸੰਬੋਧਨ ਕੀਤਾ।

ਟਰੱਸਟ ਦੇ ਪ੍ਰਧਾਨ ਪ੍ਰੋਫੈਸਰ ਜਸਵੰਤ ਸਿੰਘ ਗੰਡਮ ਅਤੇ ਸੁਖਜੀਤ ਸਟਾਰਚ ਐਂਡ ਕੈਮੀਕਲਜ਼ ਲਿਮਟਿਡ ਦੇ ਐਮਡੀ (ਹੁਣ ਚੇਅਰਮੈਨ ਵੀ) ਅਤੇ ਐਨ.ਜੀ.ਓ. ਦਿੱਗਜ ਕੇ.ਕੇ. ਸਰਦਾਨਾ ਨੇ ਕ੍ਰਮਵਾਰ ਸਭ ਦਾ ਸਵਾਗਤ ਅਤੇ ਧੰਨਵਾਦ ਕੀਤਾ।

ਅਖੀਰ ਵਿਚ ਇਹੀ ਕਹਾਂਗਾ ਕਿ ਮੈਨੂੰ ਤਾਂ ਸੁਰਜੀਤ ਪਾਤਰ ਸਮਕਾਲੀ ਤੇ ਸਰਬਕਾਲੀ ਸਰੋਕਾਰਾਂ ਵਾਲਾ ਸ਼ਾਇਰ ਲਗਦੈ ਤੇ ਕਈ ਵਾਰ ਇਨ੍ਹਾਂ ਦੇ ਪਾਰ ਜਾਣ ਵਾਲਾ ਸ਼ਾਇਰ ਵੀ। ਕਿਹਾ ਜਾਂਦੈ ਕਿ 'ਗਜ਼ਲ ਮੇਂ ਜ਼ਾਤ ਭੀ ਹੈ, ਕਾਇਨਾਤ ਭੀ/ਤੁਮਹਾਰੀ ਬਾਤ ਭੀ ਹੈ, ਹਮਾਰੀ ਬਾਤ ਭੀ"। ਪਾਤਰ ਸਮੂਹਕ ਪੰਜਾਬੀ ਚੇਤਨਾ ਤੇ ਹਰ ਪੀੜ੍ਹੀ ਦਾ ਸ਼ਾਇਰ ਸੀ/ਹੈ। ਉਸ ਦੀ ਸ਼ਾਇਰੀ ਲੋਕਾਂ ਦੀ 'ਸਾਈਕੀ' 'ਚ ਰਚ ਮਿਚ ਗਈ ਹੈ। ਉਸ ਦੇ ਕਈ ਸ਼ੇਅਰ ਪੰਜਾਬੀ ਲੋਕਧਾਰਾ ਦਾ ਹਿਸਾ ਬਣ ਗਏ ਹਨ। ਉਹ ਬਹੁਤ ਕੋਟ ਕੀਤਾ ਜਾਣ ਵਾਲਾ ਸ਼ਾਇਰ ਹੈ। ਉਹ ਸ਼ਬਦਾਂ ਦਾ ਸ਼ਾਹ ਸੁਲਤਾਨ ਅਤੇ ਸੁਰ ਸੰਗੀਤ ਦਾ ਸਮਰਾਟ ਸੀ। ਉਹ ਇਕ ਫਿਲਾਸਫਰ ਕਵੀ ਸੀ ਜਿਸ ਦੀ ਕਾਵਿ-

ਅਜਿਹੇ ਸ਼ਾਇਰ ਮਰ ਕੇ ਵੀ ਨਹੀਂ ਮਰਦੇ! ਕਿਉਂਕਿ ਉਸ ਅਨੁਸਾਰ

"ਜਦੋਂ ਤਕ ਲਫਜ਼ ਜੀਊਂਦੇ ਨੇ, ਸੁਖਨਵਰ ਜਿਓਣ ਮਰਕੇ ਵੀ

ਉਹ ਕੇਵਲ ਜਿਸਮ ਹੁੰਦੇ ਨੇ ਜੋ ਸਿਵਿਆਂ ਵਿਚ ਸੁਆਹ ਹੁੰਦੇ"।

ਅਤੇ

"ਮੈਂ ਤਾਂ ਨਹੀਂ ਰਹਾਂਗਾ ਮੇਰੇ ਗੀਤ ਰਹਿਣਗੇ
ਪਾਣੀ ਨੇ ਮੇਰੇ ਗੀਤ ਮੈਂ ਪਾਣੀ ਤੇ ਲੀਕ ਹਾਂ"!

ਜਦ 10 ਮਈ ਦੀ ਰਾਤ ਸੌਣ ਉਪਰੰਤ ਉਹ 11 ਮਈ ਦੀ ਸਵੇਰੇ ਅਨੰਤਕਾਲੀ ਨੀਂਦਰ 'ਚ ਚਲਾ ਗਿਆ ਤਾਂ ਸਾਡੇ ਵਰਗੇ ਕੱਚ-ਘਰੜ ਕਵੀ ਨੇ ਵੀ 'ਪਾਤਰਨਾਮਾ' ਲਿਖ ਕੇ ਉਸ ਰਾਂਗਲੇ ਸੱਜਣ ਤੇ ਨਾਇਕ-ਸ਼ਾਇਰ ਨੂੰ ਇੰਝ ਸ਼ਰਧਾਂਜਲੀ ਭੇਟ ਕੀਤੀ-

"ਉਹ ਠੁਮਕ ਠੁਮਕ ਤੁਰਦਾ ਸੀ,
ਬੋਚ ਬੋਚ ਪੱਬ ਧਰਦਾ ਸੀ।
ਸਹਿਜ ਜਿਹੇ ਸਭ ਕਹਿੰਦਾ ਸੀ
ਸੁਰ ਸਾਜ਼ਾਂ ਸੰਗ ਰਹਿੰਦਾ ਸੀ।
ਐਵਰੈਸਟ ਤੋਂ ਵੀ ਉਚਾ ਪਾਤਰ,
ਮੋਤੀਆਂ ਨਾਲੋਂ ਸੁੱਚਾ ਪਾਤਰ।
ਉਸ ਦੇ ਖਿਆਲ ਸਮੁੰਦਰੋਂ ਡੂੰਘੇ,
ਧਰਤੀ ਉਸ ਤੋਂ ਜੇਰਾ ਮੰਗੇ।
ਕਵਿਤਾ ਉਸ ਦੀ ਕਾਇਨਾਤੀ,
ਰਿਖੀਆਂ ਵਰਗੀ ਰੁਖਸਤੀ।
ਪਰ ਪਾਤਰ ਸੁਰਜੀਤ ਵੀ ਹੈ,
ਅਮਰ, ਸਦੀਵੀ ਗੀਤ ਵੀ ਹੈ।
'ਬਲਦਾ ਬਿਰਖ', ਜਗਦੀ ਮੋਮਬੱਤੀ,
ਬੁਝਾ ਸਕੂ ਨਾ ਹਵਾ ਕੁਪੱਤੀ।
'ਹਵਾ 'ਚ ਲਿਖੇ ਹਰਫ ਰਹਿਣਗੇ,
ਪਾਤਰ, ਸ਼ਿਵ ਹਰ ਤਰਫ ਰਹਿਣਗੇ।
ਸੁਰ, ਸ਼ਬਦ ਕਦੇ ਮਰਦੇ ਨਾਹੀਂ,
ਗੀਤ ਗਾਂਵਦੇ ਬਿਰਖ ਰਹਿਣਗੇ"।

---

*(ਪਿਛਲੇ ਸਫੇ ਦਾ ਬਾਕੀ )*

ਆਦਿ ਬਿੰਦੂ ਸਰਬ ਵਿਆਪਕ
ਤਤ-ਸਾਰਤਾ ਪਹੁੰਚ,
ਅਗੰਮਤਾ, ਨਿਰਾਕਾਰਤਾ

ਦੋਹਾਂ ਸਿਰਿਆਂ ਤੀਕ
ਤੇਰਾ ਪਾਸਾਰ
ਆਰ, ਪਾਰ ਤੇ ਵਿਚਕਾਰ।

*

ਤੂੰ ਮੈਨੂੰ
ਹਵਾ 'ਚ ਮਿਲਾ ਦੇ
ਅੱਗ 'ਚ ਜਲਾ ਦੇ
ਪਾਣੀ 'ਚ ਘੋਲਦੇ
ਮਿੱਟੀ 'ਚ ਰੋਲਦੇ।

*

ਤੂੰ ਮੇਰੇ ਦਿਲ ਦੇ ਸਫ਼ੇ 'ਤੇ
ਲਿਖਦੇ ਕੁਝ ਅਨੰਤ ਜਿਹਾ
ਤੇ ਮੇਰਾ ਨਾਂ ਮੇਟ ਦੇ

*

ਸਤਿ ਨਿਸਾਣੁ
ਝੂਲਦਾ ਸਰਵਕਾਲੀ
ਪਰਚਲਿਤ ਰੀਤਾਂ ਰਸਮਾਂ ਖ਼ਿਲਾਫ਼
ਮਨੁੱਖੀ ਆਤਮਾ ਦਾ ਅਮਰ ਬੋਲ
ਅੰਧਕਾਰ ਮੇਟ ਉਦੈ ਹੁੰਦਾ
ਚੇਤਨਾ ਦੇ ਪ੍ਰਵਾਹ ਬਦਲਦਾ
ਤੱਤਸਾਰ ਦੀ ਸੋਝੀ ਬਖ਼ਸ਼ਦਾ।

---


## ਹਾਸ ਵਿਅੰਗ: 'ਬੋਲਿਆਂ ਦਾ ਟੱਬਰ'




**ਹਰਦੀਪ ਸਿੰਘ ਸੋਢੀ**
**ਫੋਨ: 480-794-0325**

ਬੰਤੂ ਹੋਰਾਂ ਨੂੰ ਸਾਰਾ ਪਿੰਡ 'ਬੋਲੇ' ਕਹਿ ਕੇ ਬੁਲਾਉਂਦਾ ਸੀ ਕਿਉਂਕਿ ਉਹ ਹੈ ਈ ਬੋਲੇ ਸਨ। ਇੱਕ ਵਾਰ ਬੰਤੂ ਬੋਲਾ ਹਲ ਵਾਹ ਰਿਹਾ ਸੀ, ਕੋਲੋਂ ਦੀ ਲੰਘ ਰਹੇ ਥਾਣੇਦਾਰ ਨੇ ਪੁੱਛਿਆ ਉਹ ਹਾਲੀਆ ਫਲਾਣੇ ਪਿੰਡ ਨੂੰ ਰਾਹ ਇਹੋ ਜਾਂਦੈ? ਬੰਤੂ ਨੂੰ ਕੁਝ ਸਮਝ ਨਾ ਆਈ ਕਹਿੰਦਾ ਮੋਤੀਆਂ ਵਾਲਿਉ ਚੋਰੀ ਦੇ ਨਹੀਂ ਇਹ ਢੱਗੇ ਮੇਰੇ ਆਪਣੇ ਹਨ, ਇਹ ਲਾਖਾ ਸਾਡਾ ਘਰ ਦਾ ਪਾਲਿਆ ਹੋਇਆ ਹੈ ਅਤੇ ਆਹ ਸਾਵਾ ਮੇਰੇ ਸਹੁਰਿਆਂ ਨੇ ਦਿੱਤਾ ਸੀ, ਬੋਲੇ ਦਾ ਜਵਾਬ ਸੁਣ ਥਾਣੇਦਾਰ ਸਾਹਿਬ ਦੀ ਥਾਣੇਦਾਰੀ ਜਾਗੀ ਤੇ ਦੋ ਬੈਂਤ ਉਹਦੇ ਲੱਕ 'ਤੇ ਟਿਕਾ ਦਿੱਤੇ। ਪੁਲਿਸ ਗਈ ਤੇ ਬੰਤੂ ਦੀ ਘਰਵਾਲੀ ਉਸ ਦਾ ਸ਼ਾਹ ਵੇਲਾ ਲੈ ਆ ਗਈ। ਸੜੇ ਬਲੇ ਬੰਤੂ ਨੇ ਦੋ ਪ੍ਰੈਣੀਆਂ ਉਸ ਨੂੰ ਟਿਕਾ ਦਿੱਤੀਆਂ ਕਹਿੰਦਾ ਆਪਣੇ ਪਿਉ ਨੂੰ ਪੁੱਛੀਂ ਇਹ ਚੋਰੀ ਦਾ ਬਲਦ ਮੈਨੂੰ ਈ ਦੇਣਾ ਸੀ ਮੈਂ ਕਿਹੜਾ ਮੰਗਿਆ ਸੀ...ਸੜੀ-ਬਲੀ ਬੰਤੂ ਦੀ ਘਰ ਵਾਲੀ ਨੇ ਜਾ ਕੇ ਆਪਣੀ ਸੱਸ ਦਾ ਰੋਟੀਆਂ ਵਾਲਾ ਚੰਗੇਰ ਖਿਲਾਰ ਦਿੱਤਾ ਕਹਿੰਦੀ ਰੋਟੀ ਟਾਈਮ ਨਾਲ ਪਕਾ ਦਿੰਦੀ ਤੇ ਮੈਨੂੰ ਲਿੱਤਰ ਨਾ ਪੈਂਦੇ। ਸੱਸ ਨੇ ਚੁੱਕਿਆ ਛੱਜ ਤੇ ਆਪਣੇ ਘਰਵਾਲੇ ਦੇ ਮੌਰਾਂ 'ਤੇ ਜਾ ਮਾਰਿਆ ਚੌਰਿਆ ਜੇ ਚੱਜ ਨਾਲ ਦਾਣਿਆਂ ਦਾ ਪੀਹਣ ਕੀਤਾ ਹੁੰਦਾ ਤਾਂ ਰੋਟੀ ਆਪੇ ਚੰਗੀ ਪੱਕਦੀ। ਭਲੇ ਨੂੰ ਸੀ ਤਾਂ ਉਹ ਵੀ ਬੋਲਾ ਜੋ ਕਿ ਮੰਜੀ ਬੁਣ ਰਿਹਾ ਸੀ ਨੇ ਦਾਤਰੀ ਫੜੀ ਤੇ ਸਾਰਾ ਵਾਣ ਵੱਢ ਸੁੱਟਿਆ ਕਹਿੰਦਾ ਜੇ ਮੈਂ ਚੰਗੀ ਨਹੀਂ ਬੁਣਦਾ ਤੇ ਜਾ ਜਿਹੜਾ ਚੰਗੀ ਬੁਣਦਾ ਹੈ ਉਸ ਕੋਲੋਂ ਬੁਣਵਾ ਲੈ। ਕੁਝ ਇਹੋ ਜਿਹੇ ਹਾਲਾਤ ਸਾਡੇ ਬਣੇ ਹੋਏ ਹਨ। ਕਿਸਾਨ ਕੁਝ ਕਹਿੰਦੇ ਹਨ, ਲੀਡਰ ਕੁਝ ਕਹਿ ਦੇਂਦੇ ਸਨ, ਸਰਕਾਰ ਕੁਝ ਕਹਿੰਦੀ ਹੈ ਤੇ ਪੁਲਿਸ ਕੁਝ ਹੋਰ ਕਰ ਦੇਂਦੀ ਹੈ। ਸਾਰੇ ਪਾਸੇ ਬੋਲਿਆਂ ਦੇ ਟੱਬਰ ਵਾਲੇ ਹਾਲਾਤ ਹਨ।

# ਬਿਰਤਾਂਤ ਦੀ ਜੰਗ







ਦਲਜੀਤ ਦੋਸਾਂਝ ਮੈਟ ਗਾਲਾ ਜੋ ਕਿ ਇਕ ਪਹਿਰਾਵੇ ਦੇ ਪਰਦਰਸ਼ਨ ਦਾ ਅੰਤਰਰਾਸ਼ਟਰੀ ਫੈਸ਼ਨ ਸ਼ੋਅ ਹੈ ਵਿਚ ਭਾਗ ਲੈਂਦਾ ਹੈ ਤੇ ਉੱਥੇ ਜੋ ਪਹਿਰਾਵਾ ਉਹ ਪਾਉਂਦਾ ਹੈ ਉਹ ਪੰਜਾਬੀ ਰਾਜਿਆਂ ਦੀ ਪੌਸ਼ਾਕ ਹੈ ਤੇ ਪੱਗ ਤੇ ਲੱਗੀ ਕਲਗੀ ਹੱਥ ਵਿਚ ਤਲਵਾਰ ਰਾਜ ਦੇ ਪ੍ਰਤੀਕ ਹਨ, ਉਸ ਦੀ ਪਿੱਠ ਤੇ ਪੰਜਾਬ ਦਾ ਨੱਕਸ਼ਾ ਹੈ ਤੇ ਉਸ ਵਿਚ ਗੁਰਮੁਖੀ ਲਿਖੀ ਹੋਈ ਹੈ, ਇਸ ਗੱਲ ਦੇ ਵੱਡੇ ਮਾਇਨੇ ਹਨ, ਲਾੜੇ ਤੇ ਰਾਜੇ ਦੋਵਾਂ ਦੀ

**ਪਰਮਪਾਲ ਸਿੰਘ ਸਭਰਾਅ**

ਪੌਸ਼ਾਕ ਵਿਚ ਨਕਸ਼ਾ ਤੇ ਅੱਖਰ ਲਿਖਣੇ ਜ਼ਰੂਰੀ ਨਹੀ ਹਨ ਪਰ ਦਲਜੀਤ ਦਾ ਇੰਜ ਕਰਨਾ ਪੰਜਾਬ ਪੰਜਾਬੀ ਪੰਜਾਬੀਅਤ ਦੀ ਅਲੰਬੜਦਾਰੀ ਹੈ, ਹੁਣ ਵੇਖੀਏ ਕਿ ਸੰਸਾਰ ਪੱਧਰੀ ਪੱਤਰਕਾਰੀ ਤੇ ਗੋਦੀ ਮੀਡੀਆ ਦੀ ਹਰਾਮਜਦਗੀ ਕੀ ਕਰਦੀ ਹੈ ਦੁਨੀਆਂ ਦੀ ਸਰਵਉੱਚ ਅਖਬਾਰ ਨਿਊਯਾਕਰ ਟਾਈਮਸ ਲਿਖਦੀ ਹੈ ਕਿ ਦਲਜੀਤ ਨੇ ਮੈਟਗਾਲਾ ਦੇ ਲਾਲ ਕਾਰਪੇਟ ਤੇ ਪੰਜਾਬ ਲੈ ਆਂਦਾ ਤੇ ਅਰਨਵ ਗੋਸਵਾਮੀ ਦਾ ਰਿਪਬਲਿਕ ਲਿਖਦਾ ਕਿ ਮੈਟਗਾਲਾ ਸੀ ਕਿ ਦਿੱਲੀ ਦੀ ਬਾਰਾਤ ਭਾਂਵੇ ਇਹ ਸਭ ਦਲਜੀਤ ਦੇ ਕਾਰੋਬਾਰ ਨਾਲ ਜੁੜਿਆ ਮਸਲਾ ਹੈ ਪਰ ਅਕਸਰ ਅੰਤਰਰਾਸ਼ਟਰੀ ਪੱਧਰ ਦੇ ਮੰਚਾਂ ਤੇ ਦਲਜੀਤ ਪੰਜਾਬੀਅਤ ਦੀ ਅਵਾਜ਼ ਬੁਲੰਦ ਕਰਦਾ ਹੈ ਉਹ ਪੰਜਾਬ ਦੀ ਇੱਕ ਸੌਫਟ ਪਾਵਰ ਵਾਂਗ ਕੰਮ ਕਰਦਾ ਹੈ ਜਿਵੇਂ ਮੂਸੇਵਾਲਾ ਦਾ ਇੱਕ ਗੀਤ ਪਾਣੀਆਂ ਦੇ ਮਸਲੇ ਨੂੰ ਅੰਤਰਰਾਸ਼ਟਰੀ ਮੰਚ ਪ੍ਰਦਾਨ ਕਰਦਾ ਹੈ ਸਟੇਟ ਜਾਣਦੀ ਹੈ ਕਿ ਇਹ ਪੰਜਾਬੀ ਗਲੋਬਲ ਆਵਾਜ਼ਾਂ ਕਿਸੇ ਵੇਲੇ ਵੀ ਹਕੂਮਤੀ ਬਿਰਤਾਂਤ ਭੰਨਣ ਦੇ ਕੰਮ ਆ ਸਕਦੀਆਂ ਹਨ ਜਿਵੇਂ ਕਿਸਾਨੀ ਸੰਘਰਸ਼ ਵਿਚ ਹੋਇਆ ਤੇ ਜਿਨ੍ਹਾਂ ਨੂੰ ਕੁਝ ਲੋਕ ਨਚਾਰ ਕਹਿੰਦੇ ਸੀ ਉਹਨਾਂ ਨੇ ਸੰਘਰਸ਼ ਵਿਚ ਵੱਡਾ ਹਿੱਸਾ ਪਾਇਆ, ਕੰਵਰ ਸਿੰਘ ਗਰੇਵਾਲ ਦੇ ਗੀਤਾਂ ਤੇ ਗੋਦੀਮੀਡੀਆ ਨੇ ਟਰੌਲ ਕੀਤਾ, ਸਰਕਾਰ ਅਕਸਰ ਗੀਤ ਤੇ ਫ਼ਿਲਮਾਂ ਬੈਨ ਕਰਦੀ ਹੈ ਜਿਵੇਂ ਸ਼ਹੀਦ ਜਸਵੰਤ ਸਿੰਘ ਖਾਲੜਾ ਫ਼ਿਲਮ ਨਾਲ ਹੋਇਆ ਕਿਉਂ ਕਿ ਇਹ ਸਰਕਾਰੀ ਬਿਰਤਾਂਤ ਭੰਨਣ ਦੇ ਟੂਲ ਹਨ, ਤਾਂ ਹੀ ਗੋਦੀ ਮੀਡੀਆ ਪੰਜਾਬ ਦੇ ਹੱਕ ਦੀ ਹਰ ਗੱਲ ਨੂੰ ਗਲਤ ਰੰਗ ਦੇਣ ਲਈ ਘਟੀਆ ਬਿਰਤਾਂਤ ਘੜਦਾ, ਪੰਜਾਬ ਇੱਕ ਜੰਗ ਵਿਚ ਹੈ ਜਿੱਥੇ ਪਾਣੀ ਬੋਲੀ ਸਭਿਆਚਾਰ ਨੂੰ ਗੰਧਲਾ ਕਰਕੇ ਖਤਮ ਕਰਨ ਦੇ ਯਤਨ ਹੋ ਰਹੇ ਹਨ ਇਸ ਜੰਗ ਦਾ ਵੱਡਾ ਹਥਿਆਰ ਹੈ "ਬਿਰਤਾਂਤ" ਸੋ ਬਿਰਤਾਂਤ ਦੀ ਜੰਗ ਜਿੱਤਣ ਲਈ ਨਿਊਯਾਕਰ ਟਾਈਮਸ ਵਿਚ ਸਤਿਕਾਰਯੋਗ ਥਾਂ ਬਣਾਉਣੀ ਬਹੁਤ ਲਾਹੇਵੰਦ ਹੈ, ਧੁਰ ਅੰਦਰੋਂ ਖੁਸ਼ ਇਸ ਲਈ ਹਾਂ ਕਿ ਅਜੇ ਤਾਂ ਨਚਾਰ ਤੇ ਅਧੂਰੇ ਮੰਨੇ ਜਾਂਦੇ ਸਿੱਖ ਹੀ ਅੰਤਰਰਾਸ਼ਟਰੀ ਮੰਚ ਤੇ ਮੇਲੇ ਲੁੱਟ ਰਹੇ ਨੇ ਜਿਸ ਦਿਨ ਗੁਰੂ ਨਿਵਾਜੇ ਪੂਰੇ ਸਿੱਖਾਂ ਨੇ ਖਾਲਸਾਈ ਜਲਵੇ ਬਿਖੇਰੇ ਤਾਂ ਸੰਸਾਰ ਕਲਗੀਧਰ ਦੇ ਪੁੱਤਾਂ ਦੇ ਕਦਮਾਂ ਤੇ ਤਲੀਆਂ ਟਿਕਾਵੇਗਾ ਤੇ ਸਿੱਲੀ ਅੱਖ ਨਾਲ ਲਿਖ ਰਿਹਾ ਹਾਂ ਮੈਨੂੰ ਪੂਰਨ ਭਰੋਸਾ ਹੈ ਕਿ ਇੱਕ ਦਿਨ ਸਰਹੰਦ ਦੀ ਕੰਧ ਤੇ ਚਮਕੌਰ ਦੀ ਗੜ੍ਹੀ ਨੇ ਇਹ ਸਾਰੇ ਦਲਜੀਤ ਦਲਜੀਤ ਸਿੰਘ ਬਣਾ ਕੇ ਪੰਥ ਦੇ ਵਿਹੜੇ ਵਿਚ ਮੋੜ ਦੇਣੇ ਨੇ ਉਸ ਦਿਨ ਜਾਂ ਤਾਂ ਸਟੇਟ ਸਾਨੂੰ ਮਾਰ ਦੇਵੇਗੀ ਜਾਂ ਸਾਡਾ ਰਾਜ ਹੋਵੇਗਾ।

# ਕੈਨੇਡਾ ਦੀਆਂ ਫ਼ੈਡਰਲ ਚੋਣਾਂ ਵਿਚ ਪੰਜਾਬੀਆਂ ਨੇ ਇਤਿਹਾਸ ਰਚਿਆ

ਕੈਨੇਡਾ ਦੀਆਂ ਸੰਘੀ ਚੋਣਾਂ ਵਿਚ ਪੰਜਾਬੀਆਂ/ਸਿੱਖਾਂ ਨੇ ਇਤਿਹਾਸ ਰਚ ਦਿੱਤਾ ਹੈ। ਕੈਨੇਡਾ ਦੀ ਸੰਘੀ ਸਿਆਸਤ ਵਿਚ ਭਾਰਤੀ ਮੂਲ ਦੇ ਪੰਜਾਬੀਆਂ/ਸਿੱਖਾਂ ਨੇ ਦੁਬਾਰਾ ਮੱਲਾਂ ਮਾਰੀਆਂ ਹਨ। ਪਿਛਲੀ ਵਾਰ 2021 ਵਿਚ ਹੋਈਆਂ ਫੈਡਰਲ ਚੋਣਾਂ ਵਿਚ 45 ਭਾਰਤੀ/ਪੰਜਾਬੀ/ਸਿੱਖ ਚੋਣ ਲੜੇ ਸਨ 18 ਪੰਜਾਬੀਆਂ/ਸਿੱਖਾਂ ਨੇ ਸੰਸਦੀ ਚੋਣਾਂ ਵਿਚ ਜਿੱਤ ਪ੍ਰਾਪਤ ਕੀਤੀ ਸੀ। ਇਸ ਵਾਰ ਭਾਰਤੀ ਮੂਲ ਦੇ 66 ਉਮੀਦਵਾਰ ਚੋਣ ਲੜੇ ਸਨ, ਜਿਨ੍ਹਾਂ ਵਿਚ ਕਰਮਵਾਰ ਲਿਬਰਲ ਪਾਰਟੀ ਦੇ 17, ਕੰਜ਼ਰਵੇਟਿਵ 28, ਨਿਊ ਡੈਮੋਕਰੈਟਿਕ ਪਾਰਟੀ 10, ਗਰੀਨ ਪਾਰਟੀ 8 ਅਤੇ ਦੋ ਆਜ਼ਾਦ ਸਨ। ਇਨ੍ਹਾਂ ਵਿਚ 16 ਦਸਤਾਰਧਾਰੀ ਉਮੀਦਵਾਰ ਸ਼ਾਮਲ ਹਨ। 16

**ਉਜਾਗਰ ਸਿੰਘ**
**ਫੋਨ: 94178-13072**

ਦਸਤਾਰਧਾਰੀਆਂ ਵਿਚੋਂ 10 ਉਮੀਦਵਾਰ ਪਹਿਲੀ ਵਾਰ ਚੋਣ ਲੜੇ ਹਨ। 10 ਦਸਤਾਰਧਾਰੀ ਚੋਣ ਜਿੱਤ ਗਏ ਹਨ। ਭਾਰਤੀ ਮੂਲ ਦੇ 28 ਪੰਜਾਬੀਆਂ/ਸਿੱਖਾਂ ਨੇ ਚੋਣ ਲੜੀ ਸੀ, ਜਿਨ੍ਹਾਂ ਵਿਚੋਂ 22 ਚੋਣ ਜਿੱਤ ਗਏ ਹਨ, ਪਿਛਲੇ ਅੱਠ ਸਾਲਾਂ 'ਚ ਪੰਜਾਬੀ ਉਮੀਦਵਾਰਾਂ ਦੀ ਇਹ ਸਭ ਤੋਂ ਵੱਡੀ ਗਿਣਤੀ ਹੈ। ਜਿਹੜੇ ਪੰਜਾਬੀ/ਸਿੱਖ ਚੋਣ ਜਿੱਤੇ ਹਨ ਉਨ੍ਹਾਂ ਵਿਚ ਲਿਬਰਲ 12 ਅਤੇ ਕੰਜ਼ਰਵੇਟਿਵ ਪਾਰਟੀ ਦੇ 10 ਉਮੀਦਵਾਰ ਸ਼ਾਮਲ ਹਨ। ਇਨ੍ਹਾਂ ਵਿਚ 6 ਇਸਤਰੀਆਂ ਸ਼ਾਮਲ ਹਨ। ਇਸੇ ਤਰ੍ਹਾਂ ਗਿੱਲ ਗੋਤ ਦੇ 6 ਸੰਸਦ ਬਣੇ ਹਨ ਤੇ ਉਹ ਸਾਰੇ ਕੰਜ਼ਰਵੇਟਿਵ ਪਾਰਟੀ ਦੇ ਹਨ। ਲਿਬਰਲ ਪਾਰਟੀ ਦੇ ਅਨੀਤਾ ਆਨੰਦ, ਰੂਬੀ ਸਹੋਤਾ, ਬਰਦਿਸ਼ ਚੱਗਰ , ਅੰਜੂ ਢਿਲੋਂ, ਸੁੱਖ ਧਾਲੀਵਾਲ, ਇਕਵਿੰਦਰ ਸਿੰਘ ਗਹੀਰ, ਰਣਦੀਪ ਸਿੰਘ ਸਰਾਏ, ਗੁਰਬਖ਼ਸ਼ ਸਿੰਘ ਸੈਣੀ, ਪਰਮ ਬੈਂਸ, ਮਨਿੰਦਰ ਸਿੰਘ ਸਿੱਧੂ, ਅਮਨਦੀਪ ਸਿੰਘ ਸੋਢੀ ਅਤੇ ਕੰਜ਼ਰਵੇਟਿਵ ਪਾਰਟੀ ਦੇ ਟਿੱਮ ਉਪਲ, ਜਸਰਾਜ ਸਿੰਘ ਹੱਲਣ, ਜਗਸ਼ਰਨ ਸਿੰਘ ਮਾਹਲ, ਅਮਨਪ੍ਰੀਤ ਸਿੰਘ ਗਿੱਲ, ਸੁਖਮਨ ਸਿੰਘ ਗਿੱਲ, ਜੈਸੀ ਸਹੋਤਾ, ਦਲਵਿੰਦਰ ਸਿੰਘ ਗਿੱਲ, ਅਮਰਜੀਤ ਸਿੰਘ ਗਿੱਲ, ਅਰਪਨ ਖੰਨਾ, ਪਰਮ ਗਿੱਲ, ਹਰਬ ਗਿੱਲ, ਸੁਖਦੀਪ ਕੰਗ ਅਤੇ ਰੂਬੀ ਸਹੋਤਾ ਸ਼ਾਮਲ ਹਨ। 2019 'ਚ 47 ਭਾਰਤੀ/ਪੰਜਾਬੀ/ਸਿੱਖ ਚੋਣ ਲੜੇ ਅਤੇ 22 ਚੋਣ ਜਿੱਤੇ ਸਨ। ਕੈਨੇਡਾ ਦੀ ਦੱਖਣੀ ਏਸ਼ੀਆਈ ਆਬਾਦੀ ਦਾ ਇੱਕ ਮਹੱਤਵਪੂਰਨ ਹਿੱਸਾ ਪੰਜਾਬੀ, ਰਾਸ਼ਟਰੀ ਨੀਤੀ ਵਿਚ ਤੇਜ਼ੀ ਨਾਲ ਭੂਮਿਕਾ 'ਚ ਆ ਰਹੇ ਹਨ। ਓਂਟਾਰੀਓ, ਬ੍ਰਿਟਿਸ਼ ਕੋਲੰਬੀਆ, ਅਲਬਰਟਾ ਤੇ ਮੈਨੀਟਿਬਾ ਦੇ ਚੋਣ ਹਲਕਿਆਂ 'ਚ ਪੰਜਾਬੀ ਮੂਲ ਦੇ ਉਮੀਦਵਾਰ ਸਾਰੀਆਂ ਮੁੱਖ ਸੰਘੀ ਪਾਰਟੀਆਂ ਲਿਬਰਲ, ਕੰਜ਼ਰਵੇਟਿਵ, ਨਿਊ ਡੈਮੋਕਰੈਟਿਕ ਤੇ ਗਰੀਨ ਪਾਰਟੀ ਦੀ ਨੁਮਾਇੰਦਗੀ ਕਰ ਰਹੇ ਹਨ। ਵੱਡੀ ਗਿਣਤੀ ਵਿਚ ਪੰਜਾਬੀ ਮੂਲ ਦੇ ਉਮੀਦਵਾਰ ਆਜ਼ਾਦ ਵੀ ਚੋਣ ਲੜੇ ਹਨ। 16 ਸੀਟਾਂ ਤੇ ਪੰਜਾਬੀ ਉਮੀਦਵਾਰ ਪੰਜਾਬੀਆਂ ਦੇ ਵਿਰੁੱਧ ਚੋਣ ਲੜੇ ਹਨ।

ਲਿਬਰਲ ਪਾਰਟੀ ਨੂੰ 169, ਕੰਜ਼ਰਵੇਟਿਵ ਪਾਰਟੀ ਨੂੰ 144, ਬਲਾਕ ਕਿਊਬਕ ਨੂੰ 22, ਐਨ ਡੀ ਪੀ ਨੂੰ 7 ਸੀਟਾਂ ਅਤੇ ਇੱਕ ਸੀਟ 'ਤੇ ਗਰੀਨ ਪਾਰਟੀ ਨੂੰ ਜਿੱਤ ਪ੍ਰਾਪਤ ਹੋਈ ਹੈ। ਲਿਬਰਲ ਪਾਰਟੀ ਨੂੰ 43, ਕੰਜ਼ਰਵੇਟਿਵ 41, ਬਲਾਕ ਕਿਊਬਕ 26 ਅਤੇ ਐਨ ਡੀ ਪੀ 7 ਫ਼ੀਸਦੀ ਵੋਟਾਂ ਪ੍ਰਾਪਤ ਕੀਤੀਆਂ ਹਨ। ਚੋਣ ਜਿੱਤਣ ਅਤੇ ਹਾਰਨ ਵਾਲਿਆਂ ਵਿਚ ਬਹੁਤ ਘੱਟ ਵੋਟਾਂ ਦਾ ਅੰਤਰ ਰਿਹਾ ਹੈ। ਕਈ ਸੀਟਾਂ 'ਤੇ ਇਹ ਅੰਤਰ 100 ਵੋਟਾਂ ਤੋਂ ਵੀ ਘੱਟ ਰਿਹਾ। ਇਸ ਲਈ ਕੁਝ ਸੀਟਾਂ 'ਤੇ ਦੁਬਾਰਾ ਗਿਣਤੀ ਹੋਵੇਗੀ। ਸੰਸਦ ਦੀਆਂ 343 ਸੀਟਾਂ 'ਤੇ ਚੋਣ ਹੋਈ ਸੀ, ਸਰਕਾਰ ਬਣਾਉਣ ਲਈ 172 ਸੀਟਾਂ ਦੀ ਜ਼ਰੂਰਤ ਹੈ। ਲਿਬਰਲ ਪਾਰਟੀ ਨੂੰ ਸਰਕਾਰ ਬਣਾਉਣ ਲਈ ਮੁੜ ਐਨ ਡੀ ਪੀ ਜਾਂ ਬਲਾਕ ਕਿਊਬਕ ਪਾਰਟੀ ਤੋਂ ਮਦਦ ਲੈਣੀ ਪਵੇਗੀ। ਕੰਜ਼ਰਵੇਟਿਵ ਪਾਰਟੀ ਦੇ ਮੁੱਖੀ ਪੀਆਰ ਪੋਲੀਵਰ ਅੱਠਵੀਂ ਵਾਰ ਕਾਰਟਨ ਹਲਕੇ ਤੋਂ ਚੋਣ ਲੜੇ ਸੀ, ਉਨ੍ਹਾਂ ਦੇ ਵਿਰੁੱਧ 90 ਉਮੀਦਵਾਰਾਂ ਨੇ ਚੋਣ ਲੜੀ ਹੈ ਪ੍ਰੰਤੂ ਪੀਆਰ ਪੋਲੀਵਰ ਚੋਣ ਹਾਰ ਗਏ ਹਨ। ਉਨ੍ਹਾਂ ਦਾ ਪ੍ਰਧਾਨ ਮੰਤਰੀ ਬਣਨ ਦਾ ਸਪਨਾ ਚਕਨਾਚੂਰ ਹੋ ਗਿਆ ਹੈ।

### ਦਸਤਾਰਧਾਰੀ ਸੰਸਦ ਮੈਂਬਰ

45ਵੀਆਂ ਫ਼ੈਡਰਲ ਚੋਣਾਂ ਵਿਚ ਕੈਨੇਡਾ ਦੇ ਇਤਿਹਾਸ ਵਿਚ ਪਹਿਲੀ ਵਾਰ 16 ਦਸਤਾਰਧਾਰੀ ਪੰਜਾਬੀ/ਸਿੱਖ ਸੰਘੀ ਚੋਣ ਲੜੇ ਹਨ, ਜਿਨ੍ਹਾਂ ਵਿਚੋਂ ਜਿੱਤਣ ਵਾਲੇ ਟਿੱਮ ਉਪਲ ਸਾਬਕਾ ਕੇਂਦਰੀ ਮੰਤਰੀ ਐਡਮਿੰਟਨ ਗੇਟਵੇਅ ਤੋਂ ਚੋਣ ਲੜੇ ਹਨ। ਉਹ ਕੰਜਰਵੇਟਿਵ ਪਾਰਟੀ ਦੇ ਡਿਪਟੀ ਲੀਡਰ ਹਨ ਤੇ ਪਾਰਟੀ ਦੇ ਸੀਨੀਅਰ ਸਲਾਹਕਾਰ ਵੀ ਰਹੇ ਹਨ। ਉਹ ਲੁਧਿਆਣਾ ਜ਼ਿਲ੍ਹੇ ਦੇ ਬੱਸੀਆਂ ਕਸਬੇ ਦੇ ਜੰਮ ਪਲ ਹਨ। ਟਿੱਮ ਉਪਲ ਨੇ ਆਈ ਵੀ ਸਕੂਲ ਆਫ ਬਿਜਨਸ ਤੋਂ ਐਮ ਬੀ ਏ ਕੀਤੀ ਹੋਈ ਹੈ। ਉਹ ਰੈਜ਼ੀਡੈਂਸ਼ੀਅਲ ਮੌਰਟਗੇਜ਼ ਵਜੋਂ ਕੰਮ ਕਰਦੇ ਰਹੇ ਹਨ। ਜਸਰਾਜ ਸਿੰਘ ਹੱਲਣ ਕੈਲਗਰੀ ਈਸਟ, ਅਮਨਪ੍ਰੀਤ ਸਿੰਘ ਗਿੱਲ ਕੈਲਗਰੀ-ਸਕਾਈਵਿਊ, ਜਗਸ਼ਰਨ ਸਿੰਘ ਮਾਹਲ ਐਡਮਿੰਟਨ-ਸਾਊਥ ਈਸਟ, ਇੰਦਰ ਸਿੰਘ ਪੰਛੀ ਨਿਊ ਵੈਸਟ ਮਨਿਸਟਰ-ਬਰਨਬੀ ਮੇਲਰਡਵਿਲੇ ਹਲਕੇ ਤੋਂ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਚੋਣ ਲੜੇ ਹਨ। ਜਲੰਧਰ ਜ਼ਿਲ੍ਹੇ ਦੇ ਪਿੰਡ ਸਰਾਏ ਖਾਸ ਦੇ ਰਣਦੀਪ ਸਿੰਘ ਸਰਾਏ ਸਰੀ ਸੈਂਟਰ ਤੋਂ ਚੋਣ ਲੜੇ ਹਨ।

### ਇਸਤਰੀਆਂ ਸੰਸਦ ਮੈਂਬਰ

ਅਨੀਤਾ ਆਨੰਦ ਜੋ ਜਸਟਿਨ ਟਰੂਡੋ ਅਤੇ ਮਾਰਕ ਕਾਰਨੀ ਪ੍ਰਧਾਨ ਮੰਤਰੀਆਂ ਦੀਆਂ ਸਰਕਾਰਾਂ ਵਿਚ ਮਹੱਤਵਪੂਰਨ ਵਿਭਾਗਾਂ ਦੇ ਮੰਤਰੀ ਰਹੇ ਹਨ, ਤੀਜੀ ਵਾਰ ਓਕਵਿਲੇ ਰਾਈਡਿੰਗ ਹਲਕੇ ਤੋਂ ਚੋਣ ਲੜੇ ਹਨ। ਉਸਦਾ ਮੰਤਰੀ ਬਣਨਾ ਲਗਪਗ ਤਹਿ ਲੱਗਦਾ ਹੈ। ਬਰਦਿਸ਼ ਚੱਗਰ ਵਾਟਰਲੂ ਰਾਈਵਿੰਗ ਤੋਂ ਚੋਣ ਲੜੀ ਹੈ ਤੇ ਉਹ ਵੀ 2015 ਵਿਚ ਪਹਿਲੀ ਵਾਰ ਚੋਣ ਲੜੀ ਸੀ। ਸੁਖਦੀਪ ਕੌਰ ਕੰਗ, ਰੂਬੀ ਸਹੋਤਾ ਅਤੇ ਅੰਜੂ ਢਿਲੋਂ ।

### ਗਿੱਲ ਗੋਤ ਦੇ ਸੰਸਦ ਮੈਂਬਰ

ਦਲਵਿੰਦਰ ਸਿੰਘ ਗਿੱਲ, ਅਮਨਪ੍ਰੀਤ ਸਿੰਘ ਗਿੱਲ, ਅਮਰਜੀਤ ਸਿੰਘ ਗਿੱਲ, ਹਰਬ ਗਿੱਲ, ਪਰਮ ਗਿੱਲ ਅਤੇ ਸੁਖਮਨ ਗਿੱਲ।


ਪ੍ਰਧਾਨ ਮੰਤਰੀ ਜਸਟਿਨ ਟਰੂਡੋ ਪਿਛਲੇ 9 ਸਾਲਾਂ ਤੋਂ ਕੈਨੇਡਾ ਦੀ ਸੰਘੀ ਸਰਕਾਰ ਦੀ ਅਗਵਾਈ ਕਰਦੇ ਆ ਰਹੇ ਸਨ। 2021 ਵਿਚ ਨਿਊ ਡੈਮੋਕਰੈਟਿਕ ਪਾਰਟੀ ਦੀ ਬਾਹਰੋਂ ਸਪੋਰਟ ਨਾਲ ਉਨ੍ਹਾਂ ਦੀ ਸਰਕਾਰ ਬਣੀ ਸੀ। ਸਤੰਬਰ 2024 ਵਿਚ ਨਿਊ ਡੈਮੋਕਰੈਟਿਕ ਪਾਰਟੀ ਨੇ ਆਪਣੀ ਸਪੋਰਟ ਵਾਪਸ ਲੈ ਲਈ ਸੀ, ਜਿਸ ਕਰਕੇ ਜਸਟਿਨ ਟਰੂਡੋ ਦੀ ਸਰਕਾਰ ਘੱਟ ਗਿਣਤੀ ਵਿਚ ਰਹਿ ਗਈ ਸੀ। 16 ਸਤੰਬਰ ਰਾਜਨੀਤਕ ਸੰਕਟ ਹੋਰ ਗੰਭੀਰ ਹੋ ਗਿਆ ਜਦੋਂ ਟਰੂਡੋ ਸਰਕਾਰ ਦੀ ਵਿਤ ਮੰਤਰੀ ਕ੍ਰਿਸਟੀਨਾ ਫ਼ਰੀਲੈਂਡ ਨੇ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਡੈਮੋਕਰੈਟਿਕ ਪਾਰਟੀ ਦੇ 21 ਸੰਸਦ ਮੈਂਬਰਾਂ ਨੇ ਜਸਟਿਨ ਟਰੂਡੋ ਨੂੰ ਆਪਣਾ ਅਹੁਦਾ ਤਿਆਗਣ ਲਈ ਕਹਿ ਦਿੱਤਾ। 6 ਜਨਵਰੀ 2025 ਨੂੰ ਜਸਟਿਨ ਟਰੂਡੋ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇਣ ਦਾ ਐਲਾਨ ਕਰ ਦਿੱਤਾ। ਆਰਥਿਕ ਮਾਹਿਰ ਬੈਂਕ ਆਫ਼ ਕੈਨੇਡਾ ਦੇ ਸਾਬਕਾ ਗਵਰਨਰ 60 ਸਾਲਾ ਮਾਰਕ ਕਾਰਨੀ ਨੂੰ ਡੈਮੋਕਰੈਟਿਕ ਪਾਰਟੀ ਨੇ ਟਰੂਡੋ ਦੀ ਥਾਂ ਨੇਤਾ ਚੁਣ ਲਿਆ। ਮਾਰਕ ਕਾਰਨੀ ਨੇ 14 ਮਾਰਚ 2025 ਨੂੰ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲ ਲਿਆ ਸੀ। ਫਿਰ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ 23 ਮਾਰਚ 2025 ਨੂੰ ਸੰਸਦ ਭੰਗ ਕਰਨ ਦੀ ਰਾਜਪਾਲ ਨੂੰ ਸਿਫ਼ਾਰਸ਼ ਕਰ ਦਿੱਤੀ। ਹਾਲਾਂਕਿ ਸੰਸਦ ਦੀ ਮਿਆਦ 20 ਅਕਤੂਬਰ 2025 ਤੱਕ ਸੀ। ਉਸਤੋਂ ਬਾਅਦ ਸੰਸਦ ਦੀਆਂ ਚੋਣਾਂ ਦੀ ਤਾਰੀਕ 28 ਅਪ੍ਰੈਲ 2025 ਨਿਸਚਤ ਹੋਈ। ਮਾਰਕ ਕਾਰਨੀ ਨੇ ਪਹਿਲੀ ਵਾਰ ਚੋਣ ਲੜੀ ਹੈ। ਉਸਨੇ ਓਟਾਵਾ ਦੇ ਨਿਪੀਅਨ ਹਲਕੇ ਤੋਂ ਚੋਣ ਜਿੱਤੀ ਹੈ। ਸੰਘੀ ਸੰਸਦ ਦੀਆਂ 2021 ਦੀ ਮਰਦਮਸ਼ੁਮਾਰੀ ਅਨੁਸਾਰ 343 ਸੀਟਾਂ ਦੀਆਂ 2021 ਵਿਚ ਹੋਈਆਂ ਚੋਣਾਂ ਵਿਚ 63.3 ਫ਼ੀ ਸਦੀ ਵੋਟਾਂ ਪੋਲ ਹੋਈਆਂ ਸਨ। ਲਿਬਰਲ ਪਾਰਟੀ ਨੇ 2019 ਵਿਚ 157, 2021 ਵਿਚ 160 ਸੀਟਾਂ ਜਿੱਤਕੇ 32.6 ਫ਼ੀਸਦੀ ਵੋਟਾਂ ਪ੍ਰਾਪਤ ਕੀਤੀਆਂ ਸਨ। ਪੂਰਨ ਬਹੁਮਤ ਤੋਂ 10 ਸੀਟਾਂ ਘੱਟ ਸਨ। ਕੰਜਰਵੇਟਿਵ ਪਾਰਟੀ ਨੇ 2019 ਵਿਚ 121, 2021 ਵਿਚ 119 ਸੀਟਾਂ ਜਿੱਤੀਆਂ ਸਨ। ਬਲਾਕ ਕਿਊਬਕ ਪਾਰਟੀ ਨੇ 2019 ਤੇ 2021 ਵਿਚ ਦੋਵੇਂ ਵਾਰ 32-32 ਸੀਟਾਂ ਜਿੱਤੀਆਂ ਸਨ। ਨਿਊ ਡੈਮੋਕਰੈਟਿਕ ਪਾਰਟੀ ਨੇ 2019 ਵਿਚ 24, 2021 ਵਿਚ 25 ਸੀਟਾਂ ਜਿੱਤਕੇ 17.82 ਫ਼ੀਸਦੀ ਵੋਟਾਂ ਪ੍ਰਾਪਤ ਕੀਤੀਆਂ ਸਨ। ਗਰੀਨ ਪਾਰਟੀ ਨੇ 2 ਸੀਟਾਂ ਜਿੱਤੀਆਂ ਸਨ। ਪੀਪਲਜ਼ ਪਾਰਟੀ ਆਪਣਾ ਖਾਤਾ ਵੀ ਨਹੀਂ ਖੋਲ੍ਹ ਸਕੀ ਸੀ। ਇਸ ਵਾਰ ਲਗਪਗ 1959 ਉਮੀਦਵਾਰਾਂ ਨੇ ਚੋਣ ਲੜੀ ਸੀ। 18 ਅਪ੍ਰੈਲ ਤੋਂ 21 ਅਪ੍ਰੈਲ ਤੱਕ ਚਾਰ ਦਿਨ ਐਡਵਾਂਸ ਪੋਲਿੰਗ ਵਿਚ 73 ਵੋਟਰਾਂ ਨੇ ਵੋਟ ਪਾ ਦਿੱਤੀ ਸੀ, ਜਦੋਂ ਕਿ 2021ਵਿਚ 58 ਲੱਖ ਵੋਟਰਾਂ ਨੇ ਐਡਵਾਂਸ ਪੋਲਿੰਗ ਕੀਤੀ ਸੀ। ਸਰਕਾਰ ਬਣਾਉਣ ਲਈ 172 ਸੀਟਾਂ ਦੀ ਲੋੜ ਸੀ। ਇਸ ਵਾਰ ਸਭ ਤੋਂ ਵੱਧ 69 ਫ਼ੀ ਸਦੀ ਵੋਟਰਾਂ ਨੇ ਆਪਣੀ ਵੋਟ ਦੇ ਅਧਿਕਾਰ ਦੀ ਵਰਤੋਂ ਕੀਤੀ ਹੈ।

ਚੋਣ ਹਾਰਨ ਵਾਲੇ ਪੰਜਾਬੀਆਂ ਸਿੱਖਾਂ ਚਾਰ ਮਹੱਤਵਪੂਰਨ ਵਿਅਕਤੀ ਸ਼ਾਮਲ ਹਨ, ਜਿਨ੍ਹਾਂ ਵਿਚ ਜਗਮੀਤ ਸਿੰਘ ਐਨ ਡੀ ਪੀ ਮੁਖੀ ਬਰਨਬੀ ਹਲਕੇ ਤੋਂ ਲਿਬਰਲ ਪਾਰਟੀ ਦੇ ਬਾਲੀ ਮਾਰੀਆ ਤੋਂ ਬੁਰੀ ਤਰ੍ਹਾਂ ਚੋਣ ਹਾਰ ਗਏ ਹਨ, ਉਹ ਮਹਿਜ 8000 ਵੋਟਾਂ ਲੈ ਕੇ ਤੀਜੇ ਨੰਬਰ 'ਤੇ ਆਏ ਹਨ। ਉਨ੍ਹਾਂ ਨੇ ਹਾਰ ਮੰਨਦਿਆਂ ਪਾਰਟੀ ਦੇ ਮੁੱਖੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਦੂਜੇ ਅਮਰਜੀਤ ਸਿੰਘ ਸੋਹੀ ਜੋ ਪਹਿਲਾਂ ਮੰਤਰੀ ਵੀ ਰਹੇ ਹਨ ਤੇ ਇਸ ਸਮੇਂ ਐਡਮਿੰਟਨ ਦੇ ਮੇਅਰ ਹਨ, ਉਹ ਵੀ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਜਗਸ਼ਰਨ ਸਿੰਘ ਮਾਹਲ ਤੋਂ ਚੋਣ ਹਾਰ ਗਏ ਹਨ। ਤੀਜੇ ਕਮਲ ਖਹਿਰਾ ਹਨ ਜਿਹੜੇ ਮੰਤਰੀ ਰਹੇ ਹਨ ਇਸ ਵਾਰ ਬਰੈਂਪਟਨ ਵੈਸਟ ਤੋਂ ਕੰਜ਼ਵੇਟਵ ਪਾਰਟੀ ਦੇ ਅਮਰਜੀਤ ਸਿੰਘ ਗਿੱਲ ਨੇ ਹਰਾਇਆ ਹੈ। ਚੌਥੇ ਬੌਬ ਦੋਸਾਂਝ ਨੂੰ ਲਿਬਰਲ ਦੇ ਮਨਿੰਦਰ ਸਿੰਘ ਸਿੱਧੂ ਨੇ ਬਰੈਂਪਟਨ ਪੂਰਬੀ ਤੋਂ ਹਰਾਇਆ ਹੈ। ਕੈਨੇਡਾ ਦੀਆਂ ਸੰਘੀ ਚੋਣਾ ਵਿਚ ਲਿਬਰਲ ਪਾਰਟੀ ਨੇ ਹੈਟ ਟਰਿਕ ਮਾਰਿਆ ਤੇ ਉਹ ਚੌਥੀ ਵਾਰ ਸਰਕਾਰ ਬਣਾਉਣ ਜਾ ਰਹੀ ਹੈ। ਮਾਰਕ ਕਾਰਨੀ ਕੈਨੇਡਾ ਦੇ ਪ੍ਰਧਾਨ ਮੰਤਰੀ ਹੋਣਗੇ। ਉਹ ਆਰਥਿਕ ਮਾਹਿਰ ਹਨ, ਇਸ ਲਈ ਉਹ ਦੂਜਾ ਡਾ. ਮਨਮੋਹਨ ਸਿੰਘ ਸਾਬਤ ਹੋ ਸਕਦੇ ਹਨ, ਕਿਉਂਕਿ ਕੈਨੇਡਾ ਦੀ ਆਰਥਿਕ ਹਾਲਤ ਡਾਵਾਂਡੋਲ ਚਲ ਰਹੀ ਹੈ।



# ਜੰਗ ਦਾ ਚਾਅ ਕਿੱਧਰੇ ਕਰ ਨਾ ਦੇਵੇ ਤਬਾਹ...

ਜਦੋਂ ਦਾ ਜੰਮੂ ਕਸ਼ਮੀਰ ਦੇ ਪਹਿਲਗਾਮ ਵਿਚ ਨਿਰਦੋਸ਼ ਸੈਲਾਨੀਆਂ ਦਾ ਅੱਤਵਾਦੀਆਂ ਵਲੋਂ ਕਤਲ ਕੀਤਾ ਗਿਆ ਹੈ, ਉਸ ਦਿਨ ਤੋਂ ਜੰਗ ਦੀਆਂ ਅਫਵਾਹਾਂ ਸੁਣਨ ਨੂੰ ਮਿਲ ਰਹੀਆਂ ਹਨ। ਜੰਗ ਲਾਉਣਾ ਭਾਵੇਂ ਖਾਲਾ ਜੀ ਦਾ ਵਾੜਾ ਨਹੀਂ, ਪਰ ਫਿਰ ਵੀ ਜੰਗ ਦਾ ਡਰ ਤਾਂ ਬਹੁਤ ਹੁੰਦਾ ਹੈ। ਜੰਗ ਤਬਾਹੀ ਦਾ ਉਹ ਰਾਹ ਹੈ, ਜਿਹੜਾ ਕਦੇ ਮੁੱਕਣ ਦਾ ਨਾਂਅ ਨਹੀਂ ਲੈਂਦਾ। ਮੈ ਗੱਲ ਕਿਸੇ ਦੀ ਸੁਣੀ-ਸੁਣਾਈ ਨਹੀਂ ਕਰ ਰਿਹਾ। ਕਿਉਂਕਿ ਗੱਲ ਹੱਡ ਬੀਤੀ ਤੇ ਜੱਗ ਬੀਤੀ ਵਿਚ ਫਰਕ ਬਹੁਤ ਹੁੰਦਾ ਹੈ। ਗੁਰਬਾਣੀ ਵਿਚ ਵੀ ਆਉਂਦਾ ਹੈ, 'ਜਿਸ ਤਨੁ ਲਾਗੇ ਸੋ ਤਨੁ ਜਾਣੈ ਕੌਣ ਜਾਣੈ ਪੀੜ ਪਰਾਈ॥' ਅਸੀਂ ਬਿਲਕੁੱਲ ਹਿੰਦ-ਪਾਕਿ ਬਾਰਡਰ ਦੀ ਜ਼ੀਰੋ ਲਾਈਨ ਦੇ ਨਜ਼ਦੀਕ ਰਹਿੰਦੇ ਹਾਂ। ਜਿੰਨਾ ਸਾਨੂੰ ਪਤਾ ਹੈ ਕਿ ਜੰਗ ਦੇ ਮਾਇਨੇ ਕੀ ਹੁੰਦੇ ਹਨ। ਸ਼ਾਇਦ ਇਸ ਬਾਰੇ ਕਿਸੇ ਹੋਰ ਨੂੰ ਪਤਾ ਨਾ ਹੋਵੇ। ਜੰਗ ਦਾ ਨਾਂ ਸੁਣਦੇ ਹੀ ਲੂ-ਕੰਡੇ ਖੜੇ ਹੋ ਜਾਂਦੇ ਹਨ। ਪੂਰੇ ਪਰਿਵਾਰ ਨੂੰ ਕਿਥੇ ਲੈ ਕੇ ਜਾਵਾਂਗੇ...ਉੱਥੇ ਕੀ ਕਰਾਂਗੇ ਕੀ ਖਾਵਾਂਗੇ...ਪਿੱਛੋਂ ਸਾਡੀ ਖੇਤੀ ਦਾ ਕੀ ਹੋਵੇਗਾ...ਸਾਡੇ ਮਾਲ-ਡੰਗਰ ਦਾ ਕੀ ਬਣੇਗਾ...ਬੇਜ਼ਬਾਨਿਆਂ ਨੂੰ ਕਿੱਥੇ ਛੱਡਾਂਗੇ। ਘਰ ਦਾ ਸਾਰਾ ਸਮਾਨ ਕਿਸ ਕੋਲ ਰਖਾਂਗੇ...ਬਜ਼ੁਰਗ ਮਾਪਿਆਂ ਦਾ, ਨੌਜਵਾਨ ਧੀਆਂ ਦਾ ਤੇ ਸਕੂਲ ਪੜ੍ਹਦੇ ਬੱਚਿਆਂ ਦਾ ਕੀ ਬਣੇਗਾ... ਇਹ ਸਾਰਾ ਸੀਨ ਅੱਖਾਂ ਅਗੇ ਘੁੰਮਣ ਲੱਗ ਜਾਂਦਾ ਹੈ। ਪਰ ਜਦੋਂ ਮੈ ਆਪਣੇ ਆਲੇ-ਦੁਆਲੇ ਨਿਗ੍ਹਾ ਮਾਰਦਾ ਹਾਂ ਤਾਂ ਸਭ ਕੁੱਝ ਆਮ ਵਾਂਗ ਹੀ ਜਾਪਦਾ ਹੈ। ਲੋਕ ਰੋਜ਼-ਮਰਾ ਦੀ ਜ਼ਿੰਦਗੀ ਬਤੀਤ ਕਰ ਰਹੇ ਹਨ। ਕਿਸੇ ਨੂੰ ਜੰਗ ਦਾ ਕੋਈ ਖੌਫ਼ ਨਹੀਂ ਨਜ਼ਰ ਆਉਂਦਾ। ਫਿਰ ਜੰਗ ਕਿੱਥੇ? ਕੋਈ ਫੌਜ ਨਹੀਂ ਹਰਕਤ ਕਰਦੀ ਨਜ਼ਰ ਆ ਰਹੀ। ਲੋਕਾਂ ਨੇ ਆਪਣੀ ਕਣਕ ਦੀ ਵਾਢੀ ਕਰਕੇ ਤੂੜੀ ਬਣਾ ਲਈ ਹੈ। ਝੋਨੇ ਲਾਉਣ ਦੀ ਤਿਆਰੀ ਦੀਆਂ ਪਨੀਰੀਆਂ ਬੀਜੀਆਂ ਜਾ ਰਹੀਆਂ ਹਨ। ਜ਼ਮੀਨਾਂ ਨੂੰ ਤਿਆਰ ਕਰਨ ਵਿਚ ਦਿਨ-ਰਾਤ ਟਰੈਕਟਰ ਚਲਦੇ ਵੇਖੇ ਜਾ ਸਕਦੇ ਹਨ। ਇਸ ਦੇ ਬਾਵਜੂਦ ਸੋਸ਼ਲ ਮੀਡੀਆ ਤੇ ਮੋਬਾਈਲਾਂ ਉੱਤੇ ਬੜੇ ਘਮਸਾਨ ਦਾ ਯੁੱਧ ਲੱਗਾ ਹੋਇਆ ਵੇਖਣ ਨੂੰ ਮਿਲ ਰਿਹਾ ਹੈ। ਟੈਲੀਵਿਜ਼ਨ ਵਾਲੇ ਤਾਂ ਬੰਬ ਚਲਾਉਣ ਤੋਂ ਪਿੱਛੇ ਨਹੀਂ ਹਟ ਰਹੇ। ਇੰਨਾ ਜ਼ਹਿਰ ਉਗਲ ਰਹੇ ਹਨ ਕਿ ਕੋਈ ਕਹਿਣ ਦੀ ਹੱਦ ਹੀ ਨਹੀਂ। ਪ੍ਰਿੰਟ ਮੀਡੀਆ ਵੀ ਛਛੋ-ਪੰਜੇ ਵਿਚ ਪਿਆ ਹੋਇਆ ਨਜ਼ਰ ਆ ਰਿਹਾ ਹੈ। ਇੱਕ ਜੰਗ ਹਿੰਦ-ਪਾਕਿ ਦੀ ਕਰਵਾਈ ਜਾ ਰਹੀ ਹੈ ਦੂਸਰੇ ਪਾਸੇ ਪੰਜਾਬ ਤੇ ਹਰਿਆਣਾ ਦੀ ਪਾਣੀ ਨੂੰ ਲੈ ਕੇ ਹੋ ਰਹੀ ਹੈ। ਜੰਗ ਬਰਬਾਦੀ ਤੋਂ ਇਲਾਵਾ ਸਾਨੂੰ ਕੁੱਝ ਨਹੀਂ ਦੇ ਸਕਦਾ। ਅਸੀਂ ਬਾਰਡਰ ਦੇ ਲੋਕ ਇਹੋ ਹੀ ਅਰਦਾਸ ਕਰਦੇ ਹਾਂ ਕਿ ਜੰਗ ਨਾ ਲੱਗੇ। ਜੰਗ ਦਾ ਮਾਹੌਲ ਸਿਰਜਣ ਵਾਲੇ ਸ਼ਾਂਤੀ ਵੱਲ ਝੁਕਾ ਕਰਨ। ਜਿਨ੍ਹਾਂ ਲੋਕਾਂ ਨੂੰ ਜੰਗ ਦੀ ਜਿਆਦਾ ਜ਼ਰੂਰਤ ਹੈ, ਉਹ ਸਾਡੀ ਥਾਂ ਉਤੇ ਆ ਜਾਣ ਤੇ ਸਾਨੂੰ ਆਪਣੀਆਂ ਥਾਵਾਂ ਉਤੇ ਰਹਿਣ ਬਸੇਰਾ ਬਣਾ ਦੇਣ। ਫਿਰ ਜਦੋ ਮਰਜ਼ੀ ਤੇ ਜਿੰਨੀ ਮਰਜ਼ੀ ਜੰਗ ਲੜ ਲੈਣ। ਵਾਸਤਾ ਜੇ ਰੱਬ ਦਾ ਸਾਨੂੰ ਜੰਗ ਤੋਂ ਬਚਾ ਲਓ। ਅਸੀਂ ਜੰਗ ਨਹੀਂ ਚਾਹੁੰਦੇ। ਜਿਨ੍ਹਾਂ ਨੇ ਘਿਨਾਉਣੀ ਹਰਕਤ ਕੀਤੀ ਹੈ ਉਨ੍ਹਾਂ ਨੂੰ ਚੌਕ ਦੇ ਚੁਰਾਹੇ ਵਿਚ ਖੜ੍ਹਾ ਕਰਕੇ ਮੌਤ ਦੇ ਘਾਟ ਉਤਾਰ ਦਿਉ। ਪਰ ਸਾਡੇ ਹੱਸਦੇ-ਵੱਸਦੇ ਘਰਾਂ ਨੂੰ ਉਜਾੜਨ ਦੀ ਖੇਚਲ ਨਾ ਕਰੋ। ਸਾਡੇ ਤਾਂ ਅਜੇ ਸੰਤਾਲੀ ਵਾਲੇ ਜ਼ਖ਼ਮ ਵੀ ਨਹੀਂ ਭਰੇ। ਹੁਣ ਫਿਰ ਦੁਬਾਰਾ ਸਾਨੂੰ ਮੌਤ ਦੇ ਮੂੰਹ ਵਿਚ ਕਿਉਂ ਧੱਕ ਰਹੇ ਹੋ। ਸਾਡੇ 'ਤੇ ਰਹਿਮ ਕਰੋ ਜੰਗਾਂ ਨਾਲ ਕਦੇ ਮਸਲੇ ਹੱਲ ਨਹੀਂ ਹੁੰਦੇ ਵੇਖੇ। ਅਖੀਰ ਟੇਬਲ ਉਤੇ ਹੀ ਸਮਝੌਤਾ ਹੁੰਦਾ ਵੇਖਿਆ ਹੈ। ਉਹ ਹੁਣ ਹੀ ਕਰ ਲਉ। ਸਭ ਕੁਝ ਠੀਕ ਠਾਕ ਹੋ ਜਾਵੇਗਾ। ਬੰਦ ਕਰੋ ਜੰਗ ਦੀ ਗਾਥਾ ਤੇ ਮੀਡੀਆ ਦੇ ਮੂੰਹ 'ਤੇ ਲਗਾਓ ਲਗਾਮ।




***ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ***
***ਫੋਨ: 75891-55501***

## ਇਕ ਲੇਖਕ ਦੀ ਦੁਹਾਈ

# ਦਰਿਆਈ ਪਾਣੀ ਪੰਜਾਬ ਦੀ ਜਿੰਦ-ਜਾਨ

ਪੰਜਾਬ ਦਾ ਬਹੁਤ ਸਾਰਾ ਪਾਣੀ ਪਹਿਲਾਂ ਹੀ ਪੁਲਾਂ ਹੇਠੋਂ ਲੰਘ ਚੁੱਕੈ, ਜਿਸ ਕਰਕੇ ਪੰਜਾਬ ਬੰਜਰ ਤੇ ਰੇਗਸਤਾਨ ਬਣਨ ਦੇ ਰਾਹ ਪਿਆ ਹੋਇਐ। ਜੇਕਰ ਹੁਣ ਵੀ ਕੋਈ ਹੀਲਾ ਵਸੀਲਾ ਨਾ ਕੀਤਾ ਗਿਆ ਤਾਂ ਪੰਜਾਬ ਦੇ ਅਸਲੋਂ ਬੇਆਬ ਹੋਣ ਤੇ ਉਜੜ ਪੁੱਜੜ ਜਾਣ 'ਚ ਥੋੜ੍ਹਾ ਸਮਾਂ ਹੀ ਬਾਕੀ ਹੈ।

ਇਸ ਵੇਲੇ ਦੀ ਫੌਰੀ ਲੋੜ, ਪਿਛਲੇ 60-70 ਸਾਲਾਂ ਤੋਂ ਕੀਤੀਆਂ ਜਾ ਰਹੀਆਂ ਗ਼ਲਤੀਆਂ ਤੋਂ ਸਬਕ ਸਿੱਖਣ ਅਤੇ ਆਪਣੇ ਦਰਿਆਈ ਪਾਣੀਆਂ ਦੇ ਮਸਲੇ ਦਾ ਸਥਾਈ ਹੱਲ ਕਰਨ ਦੀ ਹੈ। ਸਥਾਈ ਹੱਲ ਵਿਸ਼ਵ ਭਰ 'ਚ ਲਾਗੂ ਰਾਏਪੇਰੀਅਨ ਸਿਧਾਂਤ ਵਿਚ ਪਿਆ ਹੈ ਜਿਸ ਨੂੰ ਭਾਰਤ ਦਾ ਸੰਘੀ



**ਪ੍ਰਿੰ. ਸਰਵਣ ਸਿੰਘ**
**ਫੋਨ: 647-785-1661**

ਸੰਵਿਧਾਨ ਵੀ ਮਾਨਤਾ ਦਿੰਦਾ ਹੈ। ਦਰਿਆ ਲੱਖਾਂ ਏਕੜ ਜ਼ਮੀਨ ਦੱਬੀ ਬੈਠੇ ਹਨ ਤੇ ਹੜ੍ਹਾਂ ਨਾਲ ਜਾਨ ਮਾਲ ਦਾ ਬੇਹੱਦ ਨੁਕਸਾਨ ਕਰਦੇ ਹਨ। ਇਸੇ ਲਈ ਦਰਿਆਵਾਂ ਕਰਕੇ ਜਿਨ੍ਹਾਂ ਦਾ ਜ਼ਮੀਨੀ, ਜਾਨੀ, ਮਾਲੀ ਤੇ ਹੋਰ ਕਈ ਤਰ੍ਹਾਂ ਦਾ ਨੁਕਸਾਨ ਹੁੰਦਾ ਹੈ, ਉਹ ਪਾਣੀ ਦੀ ਰਾਇਲਟੀ ਕਹੋ ਜਾਂ ਪਾਣੀ ਵੇਚ ਕੇ ਹੀ ਥੋੜ੍ਹਾ ਬਹੁਤਾ ਪੂਰਾ ਕਰਦੇ ਹਨ। ਭਾਰਤ ਆਜ਼ਾਦ ਹੋਣ ਤੋਂ ਪਹਿਲਾਂ ਪੰਜਾਬ ਆਪਣੇ ਦਰਿਆਈ ਪਾਣੀ ਦੀ ਰਾਇਲਟੀ ਰਿਆਸਤਾਂ ਤੋਂ ਲੈਂਦਾ ਰਿਹਾ ਹੈ। ਫਿਰ ਆਜ਼ਾਦ ਭਾਰਤ ਵਿਚ ਸੂਬਿਆਂ ਦੇ ਸੰਘੀ ਢਾਂਚੇ ਵਿਚ ਕਿਉਂ ਨਹੀਂ?

ਕੇਂਦਰ ਵਿਚ ਸਰਕਾਰ ਭਾਵੇਂ ਕਾਂਗਰਸ ਪਾਰਟੀ ਦੀ ਰਹੀ, ਭਾਵੇਂ ਜਨਤਾ ਪਾਰਟੀ ਦੀ ਤੇ ਭਾਵੇਂ ਭਾਜਪਾ ਦੀ ਹੈ, ਹਕੀਕਤ ਇਹੋ ਹੈ ਕਿ ਕਿਸੇ ਨੇ ਵੀ ਦਰਿਆਈ ਪਾਣੀਆਂ ਦੇ ਮਾਮਲੇ ਵਿਚ ਪੰਜਾਬ ਨਾਲ ਨਿਆਂ ਨਹੀਂ ਕੀਤਾ। 1945 ਵਿਚ ਪੰਜਾਬ ਦੇ ਸਾਰੇ ਦਰਿਆਵਾਂ ਦਾ ਪਾਣੀ 45.2 ਮਿਲੀਅਨ ਏਕੜ ਫੁੱਟ ਅੰਕਿਆ ਗਿਆ ਸੀ। ਦੇਸ਼-ਵੰਡ ਪਿੱਛੋਂ ਪਾਕਿਸਤਾਨੀ ਪੰਜਾਬ ਦੇ ਹਿੱਸੇ ਚਨਾਬ ਤੇ ਜੇਹਲਮ-ਸਿੰਧ ਦਾ 30 ਮਿਲੀਅਨ ਏਕੜ ਫੁੱਟ ਪਾਣੀ ਆਇਆ। ਭਾਰਤੀ ਪੰਜਾਬ ਨੂੰ ਰਾਵੀ ਤੇ ਬਿਆਸ-ਸਤਲੁਜ ਦਾ 15.2 ਮਿਲੀਅਨ ਏਕੜ



ਪਾਣੀ ਮਿਲਿਆ। 29 ਜਨਵਰੀ 1955 ਨੂੰ ਇਕ ਮੀਟਿੰਗ ਕਾਂਗਰਸੀ ਨੇਤਾ ਗੁਲਜ਼ਾਰੀ ਲਾਲ ਨੰਦਾ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਰਾਜਸਥਾਨ ਨੂੰ 8 ਐਮ.ਐਫ., ਪੰਜਾਬ ਨੂੰ 7.2 ਐਮ.ਐਫ. ਤੇ ਜੰਮੂ ਕਸ਼ਮੀਰ ਨੂੰ 0.65 ਐਮ.ਐਫ. ਪਾਣੀ ਅਲਾਟ ਕੀਤਾ ਗਿਆ। ਪਰ ਇਹਦੀ ਸਹਿਮਤੀ ਪੰਜਾਬ ਵਿਧਾਨ ਸਭਾ ਨੇ ਮਤਾ ਪਾ ਕੇ ਕਦੇ ਨਹੀਂ ਦਿੱਤੀ। ਇਹ ਕੇਂਦਰ ਦਾ ਜ਼ੋਰੀਂ ਠੋਸਿਆ ਫੈਸਲਾ ਸੀ।

1966 ਦੇ ਪੰਜਾਬ-ਹਰਿਆਣਾ ਪੁਨਰ ਗਠਨ ਐਕਟ ਦੀ ਧਾਰਾ 78 (ਅਸੰਵਿਧਾਨਕ) ਅਨੁਸਾਰ ਪੱਕੇ ਅਸਾਸੇ 60:40 ਦੀ ਨਿਸਬਤ ਨਾਲ ਵੰਡੇ ਗਏ। ਪਰ ਵਿਸ਼ਵ ਪਰਵਾਨਤ ਰਪੇਰੀਅਨ ਸਿਧਾਂਤ ਅਨੁਸਾਰ ਦਰਿਆ ਉਹਦੇ ਹੀ ਹੁੰਦੇ ਹਨ ਜੀਹਦੀ ਜ਼ਮੀਨ ਵਿਚ ਵਗਦੇ ਹੋਣ। ਕਿਉਂਕਿ ਦਰਿਆ ਜ਼ਮੀਨ ਦੱਬਦੇ ਹਨ, ਆਉਣ ਜਾਣ 'ਚ ਰੁਕਾਵਟ ਬਣਦੇ ਹਨ, ਉਨ੍ਹਾਂ ਉਪਰ ਪੁਲ ਉਸਾਰਨੇ ਤੇ ਸੰਭਾਲਣੇ ਬੜੇ ਮਹਿੰਗੇ ਪੈਂਦੇ ਹਨ ਅਤੇ ਆਏ ਸਾਲ ਹੜ੍ਹਾਂ ਨਾਲ ਜਾਨੀ ਮਾਲੀ ਨੁਕਸਾਨ ਵੀ ਕਰਦੇ ਹਨ, ਇਸ ਲਈ ਦਰਿਆਵਾਂ ਦਾ ਜੀਹਨੂੰ ਨੁਕਸਾਨ ਹੁੰਦਾ, ਬਿਜਲੀ ਪੈਦਾ ਕਰਨ ਤੇ ਫਸਲਾਂ ਸਿੰਜਣ ਲਈ ਉਹਦਾ ਫ਼ਾਇਦਾ ਵੀ ਉਸੇ ਨੂੰ ਹੀ ਮਿਲਣਾ ਚਾਹੀਦੈ। ਰਪੇਰੀਅਨ ਸਿਧਾਂਤ ਦਾ ਇਹੋ ਇਨਸਾਫ਼ ਹੈ ਜੋ ਪੰਜਾਬ ਨੂੰ ਮਿਲਣਾ ਚਾਹੀਦੈ।

ਪੰਜਾਬੀ ਸੂਬਾ ਬਣਾਉਣ ਵੇਲੇ ਦਰਿਆ ਯਮਨਾ ਹਰਿਆਣੇ ਵੱਲ ਚਲਾ ਗਿਆ। ਯਮਨਾ ਦੇ ਪਾਣੀ 'ਤੇ ਤਾਂ ਰਪੇਰੀਅਨ ਸਿਧਾਂਤ ਲਾਗੂ ਹੋ ਗਿਆ ਅਤੇ ਉਹਦਾ ਪਾਣੀ ਹਰਿਆਣੇ ਨੂੰ ਮਿਲੀ ਜਾ ਰਿਹੈ। ਇਸੇ ਕਰਕੇ ਧਾਰਾ 78 ਦੀ 60:40 ਰੇਸ਼ੋ ਅਨੁਸਾਰ ਯਮਨਾ ਦਾ 60 ਫੀਸਦੀ ਪਾਣੀ ਪੰਜਾਬ ਨੂੰ ਕਦੇ ਨਹੀਂ ਮਿਲਿਆ ਕਿਉਂਕਿ ਉਹ ਪੰਜਾਬ ਦੀ ਜ਼ਮੀਨ ਵਿਚ ਨਹੀਂ ਵਗਦਾ। ਐਡੇ ਵਡੇ ਅਨਿਆਂ 'ਤੇ ਜਿਹੜੇ ਰਾਜਸੀ ਨੇਤਾ ਜਾਂ ਰਾਜਸੀ ਧੜੇ ਸਾਲਾਂ-ਬੱਧੀ ਅਵੇਸਲੇ ਰਹੇ, ਉਹ ਹੁਣ ਵੀ ਖੁੱਲ੍ਹੇ ਦਿਲ ਨਾਲ ਆਪਣੀਆਂ ਭੁੱਲਾਂ ਮੰਨ ਲੈਣ।

ਹੁਣ ਵੀ ਮੌਕਾ ਹੈ ਕਿ ਰਪੇਰੀਅਨ ਸਿਧਾਂਤ ਅਨੁਸਾਰ ਦਰਿਆਈ ਪਾਣੀਆਂ ਦਾ ਹੱਕ ਲੈਣ ਤੋਂ ਉਰਾਂ ਕੋਈ ਸਮਝੌਤਾ ਨਾ ਕਰਨ। ਇਹ ਪੰਜਾਬ ਦੀ ਹੋਂਦ ਦਾ ਸਵਾਲ ਹੈ। ਜੇ ਪੰਜਾਬੀ ਅਜੇ ਵੀ ਆਪਣਾ ਸੰਵਿਧਾਨਕ ਹੱਕ ਨਹੀਂ ਲੈ ਸਕਦੇ ਤਾਂ ਗੀਦੀ ਤੇ ਬੇਅਣਖੇ ਅਖਵਾ ਕੇ ਰੇਗਸਤਾਨ ਬਣਦੇ ਪੰਜਾਬ ਨੂੰ ਬੇਦਾਵਾ ਦੇ ਜਾਣ ਅਤੇ ਭੁੱਲ ਜਾਣ, ਕਦੇ ਪੰਜਾਬ ਪੰਜ ਦਰਿਆਵਾਂ ਦੀ ਧਰਤੀ ਹੁੰਦੀ ਸੀ ਜੋ ਗੁਰੂ ਸਾਹਿਬਾਨ, ਸੰਤਾਂ ਭਗਤਾਂ ਤੇ ਪੀਰਾਂ ਫਕੀਰਾਂ ਦੀ ਵਰੋਸਾਈ ਹੋਈ ਸੀ।

# ਮਿੱਠੇ ਬੋਲਾਂ ਦੀ ਰੂਹ, ਸਟੇਜਾਂ ਦੀ ਮਲਿਕਾ - ਆਸ਼ਾ ਸ਼ਰਮਾ

ਆਸ਼ਾ ਸ਼ਰਮਾ, ਪੰਜਾਬੀ ਸੱਭਿਆਚਾਰ, ਕਲਾ ਅਤੇ ਸਟੇਜ ਦੀ ਉਹ ਸ਼ਖ਼ਸੀਅਤ ਹਨ, ਜੋ ਹਰ ਵਕਤ ਪੰਜਾਬੀਅਤ ਵਿਚ ਰੰਗੀ ਪੰਜਾਬੀ ਮਾਂ ਬੋਲੀ ਨੂੰ ਪਿਆਰਨ, ਸਤਿਕਾਰਨ ਵਿਚ ਲੱਗੀ ਰਹਿੰਦੀ ਹੈ। ਧੂਰੀ ਸ਼ਹਿਰ ਦੇ ਲਾਗਲੇ ਪਿੰਡ ਸੇਖਾ (ਬਰਨਾਲਾ) ਵਿਚ ਜਨਮ ਲੈਣ ਵਾਲੀ ਆਸ਼ਾ ਸ਼ਰਮਾ ਨੇ ਆਪਣੇ ਜੀਵਨ ਦਾ ਜ਼ਿਆਦਾ ਸਮਾਂ ਪੰਜਾਬ ਦੇ ਬਰਨਾਲਾ ਸ਼ਹਿਰ ਵਿਚ ਬਿਤਾਇਆ। ਉਨ੍ਹਾਂ ਨੇ ਐਮ.ਏ. ਅੰਗਰੇਜ਼ੀ ਅਤੇ ਬੀ.ਐਡ ਤੱਕ ਦੀ ਪੜ੍ਹਾਈ ਸਰਵੋਤਮ ਸਟੂਡੈਂਟ ਵਜੋਂ ਪੂਰੀ ਕੀਤੀ। ਉਹ ਕਾਲਜ ਦੀ ਮੈਗਜ਼ੀਨ ਦੇ ਐਡੀਟਰ ਅਤੇ ਪੰਜਾਬੀ ਯੂਨੀਵਰਸਿਟੀ ਦੇ ਬੈਸਟ ਡਿਬੇਟਰ ਵੀ ਰਹੇ। ਪੜ੍ਹਾਈ ਪੂਰੀ ਕਰਨ ਉਪਰੰਤ ਉਨ੍ਹਾਂ ਲੁਧਿਆਣਾ ਸ਼ਹਿਰ ਦੇ ਸੇਕਰਡ ਹਾਰਟ ਸਕੂਲ (ਸਰਾਭਾ ਨਗਰ), ਬੀ.ਸੀ. ਐਮ. ਆਰੀਆ ਸਕੂਲ ਲੁਧਿਆਣਾ ਤੇ ਫਿਰ ਸ਼ਹਿਣਾ ਦੇ ਸਰਕਾਰੀ ਸਕੂਲ ਵਿਚ ਅਧਿਆਪਕਾ ਵਜੋਂ ਸੇਵਾਵਾਂ ਨਿਭਾਈਆਂ। ਬਾਅਦ ਵਿਚ ਪੰਜਾਬ ਸਿੱਖਿਆ ਵਿਭਾਗ ਵੱਲੋਂ ਉਨ੍ਹਾਂ ਨੂੰ ਸੀਨੀਅਰ ਪ੍ਰੋਜੈਕਟ ਆਫੀਸਰ (ਕਲਚਰ) ਵੀ ਲਗਾਇਆ ਗਿਆ।ਅਧਿਆਪਨ ਦੇ ਦੌਰ ਤੋਂ ਹੀ ਆਸ਼ਾ ਸਰਮਾ ਨੇ ਸਟੇਜਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ, ਉਨ੍ਹਾਂ ਪੰਜਾਬ ਵਿਚ ਸੈਂਕੜੇ ਸਟੇਜਾਂ ਕਰ ਕੇ ਅਜਿਹੀ ਵਾਹ-ਵਾਹ ਖੱਟੀ ਕਿ ਫਿਰ ਕਦੇ ਪਿੱਛੇ-ਮੁੜ ਕੇ ਨਹੀਂ ਵੇਖਿਆ। ਉਦੋਂ ਤੋਂ ਲੈ ਕੇ ਅੱਜ ਤੱਕ ਉਹ ਹਰ ਵੱਡੀ-ਛੋਟੀ ਸਟੇਜ ਦੀ ਸ਼ਾਹ ਰਗ ਬਣੇ ਹੋਏ ਹਨ।ਕਾਫੀ ਸਮੇਂ ਤੋਂ ਅਮਰੀਕਾ ਦੀ ਸਟੇਟ ਕੈਲੀਫੋਰਨੀਆ ਵਿਚ ਵੱਸਦਿਆਂ ਆਸ਼ਾ ਜੀ ਨਾ ਸਿਰਫ਼ ਸਟੇਜ ਦੀ ਰੌਣਕ ਬਣੇ ਹੋਏ ਹਨ, ਸਗੋਂ ਅਮਰੀਕਾ ਦੀ ਧਰਤੀ ਤੋਂ ਗੀਤ-ਸੰਗੀਤ ਰੇਡੀਓ ਦੇ ਮਾਧਿਅਮ ਰਾਹੀਂ ਹਰ ਘਰ ਦੇ ਵਿਹੜੇ ਵਿਚ ਵੀਉਨ੍ਹਾਂ ਦੀ ਆਵਾਜ਼ ਪਹੁੰਚਦੀ ਹੈ। ਅੱਜ-ਕੱਲ੍ਹ ਉਹ ਸਟੇਜਾਂ ਅਤੇ ਰੇਡੀਓ, ਦੋਹਾਂ ਰਾਹੀਂ ਭਾਈਚਾਰੇ ਦੀ ਸੇਵਾ ਕਰ ਰਹੇ ਨੇ। ਕੋਈ ਵੀ ਪੰਜਾਬੀ ਮੇਲਾ ਜਾਂ ਸਮਾਗਮ ਉਨ੍ਹਾਂ ਦੀ ਸ਼ਮੂਲੀਅਤ ਤੋਂ ਬਿਨਾਂ ਅਧੂਰਾ ਲੱਗਦਾ ਹੈ। ਸਟੇਜ 'ਤੇ ਉਹ ਜਦ ਕਿਸੇ ਕਲਾਕਾਰ ਨੂੰ ਪੇਸ਼ ਕਰਦੇ ਹਨ, ਤਾਂ ਉਸ ਕਲਾਕਾਰ ਦੀ ਕਲਾ, ਮਿਹਨਤ, ਅਤੇ ਯਾਤਰਾ ਨੂੰ ਇੰਨੇ ਸੁਚੱਜੇ ਢੰਗ ਨਾਲ ਦਰਸਾਉਂਦੇ ਹਨ ਕਿ ਦਰਸ਼ਕ ਅਸ਼-ਅਸ਼ ਕਰ ਉੱਠਦੇ ਹਨ। ਉਨ੍ਹਾਂ ਦੀ ਸ਼ਾਇਰੀ 'ਤੇ ਐਸੀ ਪਕੜ ਹੈ, ਜਿਵੇਂ ਕਿਤਾਬਾਂ ਦੀਆਂ ਕਿਤਾਬਾਂ ਉਨ੍ਹਾਂ ਦੇ ਜ਼ਿਹਨ 'ਚ ਹੋਣ।

ਬੇਹੱਦ ਮਿੱਠਾ ਬੋਲ, ਨਿਮਰਤਾ ਭਰਿਆ ਸੁਭਾਅ, ਤੇ ਸਾਦਗੀ ਉਨ੍ਹਾਂ ਦੀ ਪਹਿਚਾਣ ਹੈ। ਵਡਿਆਈ ਦੇ ਬਾਵਜੂਦ ਉਹ ਧਰਤੀ ਨਾਲ ਜੁੜੇ ਰਹਿੰਦੇ ਨੇ, ਹੰਕਾਰ ਨੂੰ ਕਦੇ ਉਹ ਕੋਲ ਨਹੀਂ ਆਉਣ ਦਿੰਦੇ। ਹਰ ਇੱਕ ਨੂੰ ਖੁੱਲ੍ਹੀ ਮੁਸਕਾਨ ਨਾਲ ਮਿਲਣਾ ਉਨ੍ਹਾਂ ਦੀ ਆਦਤ ਨਹੀਂ, ਸਗੋਂ ਫਿਤਰਤ ਹੈ।

ਉਨ੍ਹਾਂ ਦੇ ਜੀਵਨ ਸਾਥੀ ਹਰਮੋਹਨ ਸਿੰਘ ਪੜ੍ਹੇ-ਲਿਖੇ, ਨਿਮਰ ਤੇ ਕਿਰਤ ਕਰਨ ਵਾਲੇ ਬਹੁਤ ਪਿਆਰੇ ਇਨਸਾਨ ਹਨ। ਉਨ੍ਹਾਂ ਦੀ ਇੱਕ ਧੀ ਸੁਕ੍ਰਿਤੀ ਹੈ, ਜੋ ਆਪਣੀ ਮਾਂ ਵਾਂਗ ਹੀ ਨਿੱਖਰੀ ਹੋਈ ਸ਼ਖ਼ਸੀਅਤ ਰੱਖਦੀ ਹੈ। ਉਨ੍ਹਾਂ ਦੇ ਜਵਾਈ ਅਭੀਨਵ ਸਿੰਘ ਪਲਾਹੀ, ਮਸ਼ਹੂਰ ਕਹਾਣੀਕਾਰ ਤੇ ਸਮਾਜਸੇਵੀ ਸ. ਗੁਰਮੀਤ ਸਿੰਘ ਪਲਾਹੀ ਦੇ ਬੇਟੇ ਹਨ। ਆਸ਼ਾ ਸ਼ਰਮਾ ਆਪਣੇ ਜਵਾਈ ਤੇ ਕੁੜਮ, ਪਲਾਹੀ ਪਰਿਵਾਰ ਦੀਆਂ ਸਿਫ਼ਤਾਂ ਕਰਦੇ ਨਹੀਂ ਥੱਕਦੇ। ਉਨ੍ਹਾਂ ਦਾ ਆਪਣੇ ਦੋਵੇਂ ਦੋਹਤਿਆਂ ਨਾਲ ਬਹੁਤ ਪਿਆਰ ਹੈ।

ਆਸ਼ਾ ਸ਼ਰਮਾ ਆਪਣੇ ਪਿਤਾ ਸਵ. ਮਾਸਟਰ ਸਰੂਪ ਸਿੰਘ ਨੂੰ ਆਪਣਾ ਅਦਰਸ਼ ਮੰਨਦੇ ਹਨ, ਜੋ ਉਨ੍ਹਾਂ ਦੀ ਸੋਚ, ਕਿਰਦਾਰ ਅਤੇ ਜੀਵਨ ਰਾਹ ਨੂੰ ਅੱਜ ਵੀ ਰੁਸ਼ਨਾ ਰਹੇ ਹਨ।







ਆਸ਼ਾ ਸ਼ਰਮਾ ਨਾ ਸਿਰਫ ਸਟੇਜ ਤੇ ਰੇਡੀਓ ਦੀ ਆਵਾਜ਼ ਹਨ, ਸਗੋਂ ਪੰਜਾਬੀਅਤ ਦੀ ਮਿੱਠੀ ਮਹਿਕ ਵੀ ਹਨ, ਜੋ ਜਿੱਥੇ ਵੀ ਜਾਂਦੇ ਨੇ, ਸਭ ਨੂੰ ਆਪਣਾ ਬਣਾ ਲੈਂਦੇ ਹਨ, ਸਭ ਦੇ ਦਿਲਾਂ ਨੂੰ ਛੂਹ ਜਾਂਦੇ ਹਨ। ਦੁਆ ਹੈ ਕਿ ਆਸ਼ਾ ਸ਼ਰਮਾ ਲੰਮੀਆਂ ਉਮਰਾਂ ਮਾਣੇ ਤੇ ਇਸੇ ਤਰ੍ਹਾਂ ਪੰਜਾਬੀਅਤ ਦੀ ਮਹਿਕ ਖਿਲਾਰਦੀ ਰਹੇ।

***-ਗੁਰਿੰਦਰਜੀਤ ਸਿੰਘ***
***'ਨੀਟਾ ਮਾਛੀਕੇ'***

ਮਾਂ ਦਿਵਸ 'ਤੇ ਵਿਸ਼ੇਸ਼

# ਮੇਰੀ ਮਾਂ : ਦੁਖੜਿਆਂ ਦੀ ਪੰਡ

ਬਠਿੰਡੇ ਦੀ ਕੱਛ ਵਿਚ ਵਸੇ ਪਿੰਡ ਜੱਸੀ ਪਾਉ ਵਾਲ਼ੀ ਦੇ ਗੁਰਸਿੱਖ ਨਾਨਾ ਸੰਤਾ ਸਿੰਘ ਦੇ ਦੋ ਧੀਆਂ ਸਨ-ਮੇਰੀ ਮਾਂ ਨੰਦ ਕੌਰ ਤੇ ਮਾਸੀ ਭਗਵਾਨ ਕੌਰ। ਬਜ਼ੁਰਗ ਦੱਸਦੇ ਸਨ ਕਿ ਦੁਹਾਂ ਦੀ ਇਕੱਠਾ ਹੀ ਵਿਆਹ ਰੱਖਿਆ ਗਿਆ ਸੀ। ਦੋਵੇਂ ਬਰਾਤਾਂ ਪਿੰਡ ਤੋਂ ਅੱਧ ਮੀਲ ਪਾਉ ਵਾਲ਼ੇ ਦੇ ਚੌਕ ਵਿਚ ਇਕੱਠੀਆਂ ਹੋ ਗਈਆਂ। ਮੇਰੇ ਬਾਬੇ ਦੇ ਹੱਥ ਵਿਚ ਸੋਟੀ ਉੱਪਰ ਸਜਾਇਆ ਕੇਸਰੀ ਨਿਸ਼ਾਨ ਸੀ ਤੇ ਮੇਰੇ ਬਾਪ ਦੇ ਹੱਥ ਵਿਚ ਚਿਮਟਾ। ਮਾਸੜ ਗੁਰਦਿਆਲ ਸਿੰਘ ਦੇ ਗਲ਼ ਵਿਚ ਢੋਲਕੀ। ਕੀਰਤਨ ਕਰਦੀਆਂ ਹੀ ਬਰਾਤਾਂ ਜੰਨ-ਘਰ ਪਹੁੰਚੀਆਂ ਸਨ। ਮਾਂ ਬਹੁਤ ਬਿਮਾਰ ਰਹਿਣ ਲੱਗ ਪਈ ਸੀ। ਉਸਦੇ ਪੇਟ ਵਿਚ ਕੋਈ ਭਿਆਨਕ ਰੋਗ ਪੈਦਾ ਹੋ ਗਿਆ ਸੀ। ਹਾਂ ਉਹ ਬਿਮਾਰ ਤਾਂ ਕਿੰਨੇ ਹੀ ਚਿਰ ਦੀ ਸੀ। ਉਸਦੇ ਢਿਡ ਨਾਲ਼ ਕੀ ਕੀ ਬੀਤਦੀ ਆਈ ਸੀ?- ਉਸ ਨੇ ਕਦੇ ਕਿਸੇ ਨੂੰ ਦਸਿਆ ਨਹੀਂ ਸੀ। ਨਰਮਾ ਚੁਗਦੀ ਨੇ ਮੇਰਾ ਹੱਥ ਕੁੜਤੀ ਦੇ ਹੇਠੋਂ ਦੀ ਢਿਡ ਉਪਰ ਘੁੱਟ ਕੇ ਉਸਨੇ ਮੈਨੂੰ ਕਿਹਾ ਸੀ ਨਾ- 'ਆਹ ਪਿੰਨਾ ਜਾ ਤੇਰੇ ਦੁਖ ਦੈ।' ਹਾਂ ਮੈਂ ਹੀ ਤਾਂ ਮਾਂ ਨੂੰ ਦੁਖ ਦੇਣ ਵਾਲ਼ਾ ਸਾਂ। ਕਿਹੜਾ ਸੁਖ ਦਿੱਤਾ ਸੀ ਮੈਂ ਮਾਂ ਨੂੰ? ਕੀ ਕੀ ਦੁਖੜੇ ਜਰਦਾ ਆਇਆ ਸੀ ਮਾਂ ਦਾ

**ਅਤਰਜੀਤ**
**ਫੋਨ: 94175-81936**

ਢਿੱਡ ਤੇ ਅੱਜ ਉਸਦੇ ਢਿੱਡ ਵਿਚ ਦੁਖੜਿਆਂ ਦੀ ਕੋਈ ਇਕ ਗੰਢ ਥੋੜਾ ਸੀ?...ਦੁਖੜਿਆਂ ਦੀ ਪੰਡ ਬੱਝੀ ਪਈ ਸੀ!

ਮੇਰੇ ਬਾਪ ਦਾ ਪਿੰਡ ਦੇ ਵੈਲੀਆਂ ਨਾਲ਼ ਦਾਰੂ-ਪਿਆਲਾ ਸਾਂਝਾ ਹੋਣ ਦੇ ਬਾਵਜੂਦ ਉਹ ਕਿਰਤ ਕਮਾਈ ਕਰਕੇ ਜੂਨ ਗੁਜ਼ਾਰਾ ਕਰਨਾ ਲੋਚਦਾ ਸੀ। ਚੰਦ ਕਾਣੇ ਨਾਲ਼ ਲਾਗ ਡਾਟ ਵਾਲ਼ੇ ਭਾਈ ਕੇ ਹਰਨੇਕ ਨਾਲ਼ ਉਸਦਾ ਖਾਣ-ਪੀਣ ਸਾਂਝਾ ਸੀ। ਸਾਡੇ ਬਾਬੇ ਦੇ ਬਰਾਬਰ ਉਸਨੇ ਤਾਣੀ ਦਾ ਅੱਡਾ ਵੀ ਲਾਇਆ ਹੁੰਦਾ। ਕਦੇ ਉਹ ਪਿੰਡ 'ਚੋਂ ਦੁੱਧ ਚੁਆ ਕੇ ਲਿਆਉਂਦਾ ਤੇ ਵਿਹੜੇ ਵਾਲ਼ਿਆਂ ਦੇ ਘਰੀਂ ਪਾਈਆ-ਪਾਈਆ ਦੁੱਧ ਪਾਉਂਦਾ ਫਿਰਦਾ। ਕਦੀ ਦੁੱਧ ਦੀ ਟੋਕਣੀ ਸਿਰ 'ਤੇ ਰੱਖ ਕੇ ਤਿੰਨ ਕੋਹ ਕੱਚੇ ਟਿੱਬਿਆਂ ਵਾਲੇ ਰਾਹ ਦੀ ਵਾਟ ਝਾਗ ਕੇ ਰਾਮਪੁਰਾ ਫੂਲ ਦੇ ਹੋਟਲਾਂ 'ਤੇ ਪਾਉਂਦਾ। ਕਦੀ ਉਹ ਜੰਗ ਸਿਉਂ ਕੂਕੇ ਦੀ ਰਾਮਪੁਰੇ ਵਾਲ਼ੀ ਬਜਾਜ਼ੀ ਦੀ ਦੁਕਾਨ 'ਤੋਂ ਕੱਪੜਿਆਂ ਦੀ ਡਿੱਗੀ ਲੈ ਕੇ ਪਿੰਡਾਂ ਨੂੰ ਨਿਕਲ਼ ਤੁਰਦਾ। ਕਈ ਸਕੀਰੀਦਾਰ ਮੈਨੂੰ ਉਸ ਦੇ ਕੱਪੜਾ ਵੇਚਣ ਦੀਆਂ ਗੱਲਾਂ ਦਸਦੇ ਹਨ। ਕਦੀ ਉਸਦੇ ਵੈਲੀ ਦੋਸਤ ਉਸਨੂੰ ਉਂਗ਼ਲ 'ਤੇ ਚੜ੍ਹਾਉਂਦੇ ਤਾਂ ਉਹ ਤਿੰਨ-ਤਿੰਨ ਚਾਰ-ਚਾਰ ਮਹੀਨੇ ਘਰ ਵੱਲ ਮੂੰਹ ਨਾ ਕਰਦਾ। ਜਦੋਂ ਆਉਂਦਾ ਘਰ ਵਿਚ ਭੇਡ-ਰੰਭਾ ਪਿਆ ਹੁੰਦਾ। ਮੇਰੀ ਮਾਂ ਆਪਣੇ ਦੁਖੜੇ ਰੋਂਦੀ ਹੋਣੀ ਐ, ਅਸੀਂ ਤਾਂ ਇਹੋ ਦੇਖਦੇ ਸਾਂ ਕਿ ਮੇਰਾ ਬਾਪ ਨੂੰ ਉਸ ਨੂੰ ਛੱਲੀਆਂ ਵਾਂਗ ਕੁੱਟ ਸੁੱਟਦਾ।

ਅਸੀਂ ਦੋ ਭਰਾ ਤੇ ਇੱਕ ਡੇਢ ਕੁ ਸਾਲ ਦੀ ਭੈਣ ਸੀ ਬਲਬੀਰ। ਘਰ ਵਿਚ ਤਾਂ ਭੰਗ ਭੁਜਦੀ ਸੀ। ਸਾਰਾ-ਸਾਰਾ ਦਿਨ ਮੇਰੀ ਮਾਂ ਤਾਣੀ ਦੀ ਕੁੰਭ਼ਲ ਵਿਚ ਲਮਕੀ ਰਹਿੰਦੀ। ਕੁੜੀ ਦੀ ਪਿੱਠ ਫੋੜਿਆਂ ਨਾਲ਼ ਭਰੀ ਰਹਿੰਦੀ। ਮਾਂ ਨੀਲਾ ਥੋਥਾ ਤੇਲ ਵਿਚ ਮਿਲਾ ਕੇ ਮੱਲ੍ਹਮ ਬਣਾਉਂਦੀ ਪਰ ਫੋੜਿਆਂ ਨੂੰ ਆਰਾਮ ਨਾ ਆਉਂਦਾ। ਹਾਰ ਕੇ ਮਾਂ ਨੇ ਮੈਨੂੰ ਪੜ੍ਹਨੋਂ ਹਟਾ ਲਿਆ। ਕੁੜੀ ਮੇਰੇ ਕੰਨ੍ਹੀ ਚੜ੍ਹੀ ਰਹਿੰਦੀ। ਜੇ ਮੈਂ ਥੱਕ ਕੇ ਦੁਖੀ ਹੋਇਆ, ਉਤਾਰਦਾ ਤਾਂ ਮੇਰੇ ਵਾਲ਼ ਪੁੱਟ ਦਿੰਦੀ ਤੇ ਦੰਦੀਏਂ ਖਾ ਜਾਂਦੀ। ਕੀਹਦਾ ਕਸੂਰ ਗਿਣਦਾ। ਕਦੇ ਕਿਸੇ ਤਾਣੀ ਵਾਲ਼ੇ ਦਿਉਂ, ਕਦੇ ਕਿਸੇ ਆਟਾ ਲਿਆ ਕੇ ਸਾਡਾ ਢਿੱਡ ਭਰਦੀ। ਨਾਨੇ ਨੇ ਤਾਂ ਗੁਰਸਿੱਖ ਪਰਿਵਾਰ ਵੇਖਿਆ ਸੀ ਪਰ ਮੇਰਾ ਬਾਪ ਅੰਮ੍ਰਿਤਧਾਰੀ ਹੋ ਕੇ ਸ਼ਰਾਬ-ਕਬਾਬ ਦਾ ਗ਼ੁਲਾਮ ਬਣ ਚੁੱਕਿਆ ਸੀ। ਮੇਰੇ ਬਾਬੇ ਨੇ ਉਸਨੂੰ ਸਮਝਾਉਣਾ-'ਭਾਈ ਤੂੰ ਜਿਹੜੇ ਰਾਹ ਪਿਐਂ ਸੋਭਾ ਨਹੀਂ ਦਿੰਦਾ।' ਅਗੋਂ ਮੇਰੇ ਬਾਪ ਨੇ ਜਵਾਬ ਦੇਣਾ-'ਬਾਪੂ ਤੈਨੂੰ ਕੀ ਪਤੈ? ਸਾਰੇ ਜੱਟ ਮੇਰੇ ਨਾਲ਼ ਇਕੋ ਭਾਂਡੇ ਖਾਂਦੇ ਐ।' ਤਾਂ ਇਸਦਾ ਅਰਥ ਇਹ ਹੋਇਆ ਕਿ ਇਹ ਹਾਸ਼ੀਏ ਤੋਂ ਬਾਹਰ ਧੱਕਿਆ ਬੰਦਾ, ਸਾਊ ਕਿਸਮ ਦੇ ਕੰਮ ਕਰਦਾ-ਕਰਦਾ ਜੱਟਾਂ ਨਾਲ਼ ਇਕੋ ਭਾਂਡੇ ਖਾਣ ਵਾਸਤੇ ਵੈਲਪੁਣੇ ਦੇ ਰਾਹ ਪੈ ਕੇ ਹਾਸ਼ੀਏ ਦੀ ਲਕੀਰ ਨੂੰ ਮਿਟਾਉਣ ਦਾ ਭਰਮ ਸਿਰਜ ਬੈਠਾ ਸੀ।

ਸਾਡੇ ਘਰ ਹਫ਼ਤਾਵਾਰ ਕੋਈ ਛੋਟੀ-ਮੋਟੀ ਹਫ਼ਤਾਵਾਰ ਅਖ਼ਬਾਰ ਆਉਂਦੀ ਸੀ। ਮੇਰਾ ਬਾਪੂ ਸੱਥਾਂ ਵਿਚ ਲੋਕਾਂ ਨੂੰ ਅਖ਼ਬਾਰ ਪੜ੍ਹ ਕੇ ਸੁਣਾਉਂਦਾ। ਦੂਜੇ ਵੈਲੀ ਪੰਦਰੀ ਵੀਹੀਂ ਦਿਨੀਂ ਦੁਕਾਨਦਾਰਾਂ ਤੋਂ ਉਗਰਾਹੀ ਕਰਦੇ। ਕਿਸੇ ਤੋਂ ਧੱਕੇ ਨਾਲ ਕੁੜਤੇ, ਚਾਦਰੇ ਦਾ ਕੱਪੜਾ ਪੜਵਾ ਲੈਂਦੇ ਪਰ ਮੇਰਾ ਬਾਪੂ ਉਨ੍ਹਾਂ ਨਾਲ਼ ਨਹੀਂ ਸੀ ਜਾਂਦਾ। ਇਨ੍ਹਾਂ ਲੋਕਾਂ ਵੱਲੋਂ ਜਦ ਦਾਰੂ ਦੀ ਦਾਅਵਤ ਦਾ ਸੱਦਾ ਆਉਂਦਾ, ਮੇਰੇ ਬਾਪੂ ਦਾ ਅੰਦਰਲਾ ਵੈਲੀ ਜਾਗ ਪੈਂਦਾ। ਇਸ ਸੰਤਾਪ ਨੂੰ ਮਾਂ ਕਿਵੇਂ ਜਰਦੀ ਹੋਵੇਗੀ, ਇਹ ਤਾਂ ਉਸ ਦਾ ਦਿਲ ਹੀ ਜਾਣਦਾ ਸੀ। ਤਾਜੋ ਕੀ ਪੱਤੀ 'ਚੋਂ ਭਲੇ ਲੋਕ ਨਿੱਕਾ ਸਿੰਘ ਲਾਇਸੰਸਦਾਰ ਇਕ ਦਿਨ ਵੈਲੀਆਂ ਦੀ ਇਸ ਢਾਣੀ ਨੂੰ ਕਹਿ ਬੈਠਾ- 'ਭਾਈ ਮੁੰਡਿਓ! ਕਿਉਂ ਲੋਕਾਂ ਦੀਆਂ ਬੇਅਦਬੀਆਂ ਕਰਦੇ ਫਿਰਦੇ ਓਂ। ਸਿਆਣੇ ਬਣੋ ਭਾਈ।' ਇਹ ਗੱਲ ਨਿੱਕਾ ਸਿਉਂ ਨੂੰ ਪੁੱਠੀ ਪੈ ਗਈ।

ਥੋੜੇ ਦਿਨਾਂ ਮਗਰੋਂ ਇਸ ਟੋਲੀ ਨੇ ਹੈਂਕੜ ਪੁਗਾਉਣ ਲਈ ਮੇਰੇ ਬਾਪੂ ਨੂੰ ਸੱਦ ਕੇ ਨਿੱਕਾ ਸਿੰਘ ਦੇ ਘਰ ਡਾਕਾ ਮਾਰਨ, ਬੰਦੂਕ ਲੁੱਟ ਕੇ ਤੇ ਕੁੜੀਆਂ ਦੀ ਬੇਇਜ਼ਤੀ ਕਰਕੇ ਨਿੱਕਾ ਸਿੰਘ ਦੀ ਧੌਣ ਨੀਵੀਂ ਕਰਨ ਦਾ ਆਪਣਾ ਇਰਾਦਾ ਦੱਸਿਆ। ਮੇਰੇ ਬਾਪੂ ਨੇ ਇਨਕਾਰ ਕਰ ਦਿੱਤਾ ਕਿ ਜੇ ਇਹੋ ਜਿਹੀ ਵਾਰਦਾਤ ਕਰਨੀ ਹੈ ਤਾਂ ਕਿਸੇ ਹੋਰ ਪਿੰਡ ਕਰੀਏ। ਮੇਰਾ ਬਾਪੂ ਉਨ੍ਹਾਂ ਨੂੰ ਛੱਡ ਕੇ ਆ ਗਿਆ। ਉਸਨੇ ਨਿੱਕਾ ਸਿੰਘ ਨੂੰ ਸਾਰੀ ਗੱਲ ਦੱਸ ਦਿੱਤੀ। ਕੁੜੀਆਂ ਨੂੰ ਇੱਧਰ-ਉੱਧਰ ਕਰ ਦਿੱਤਾ ਗਿਆ ਤੇ ਨਿੱਕਾ ਸਿੰਘ ਵੀ ਇੱਧਰ ਉੱਧਰ ਹੋ ਗਿਆ। ਮਿਥੇ ਹੋਏ ਪ੍ਰੋਗਰਾਮ ਮੁਤਾਬਿਕ ਉਹ ਬੰਦੇ ਦਿਨ-ਦਿਹਾੜੇ ਹੀ ਨਿੱਕਾ ਸਿੰਘ ਦੇ ਘਰ ਨੂੰ ਪੈ ਗਏ। ਉਸਦਾ ਇਕੋ ਇਕ ਪੈਂਤੀ ਚਾਲ਼ੀ ਸਾਲਾ, ਕਰਨੈਲ ਪੋਸਤ ਉਬਾਲ਼ੀ ਗਿਆ, ਚੁੱਪ-ਚਾਪ ਨੀਵੀਂ ਪਾ ਕੇ। ਬੰਦਿਆਂ ਨੇ ਅੰਦਰ ਦੀ ਪੱਤ-ਪੱਤ ਕਰਕੇ ਤਲਾਸ਼ੀ ਲਈ। ਕੁੱਝ ਨਾ ਮਿਲਿਆ ਤੇ ਰਾਤ ਨੂੰ ਹਮਲਾ ਕਰਨ ਦੀ ਵਿਉਂਤ ਬਣਾ ਕੇ ਮੁੜ ਗਏ। ਰੜ ਪਿੰਡ ਦਾ ਕਹਿੰਦਾ ਕਹਾਉਂਦਾ ਮੱਲ ਨਾਂ ਦਾ ਵੈਲੀ ਉਨ੍ਹਾਂ ਨੇ ਬੁਲਾਇਆ ਹੋਇਆ ਸੀ। ਨਿੱਕਾ ਸਿੰਘ ਨੇ ਮੇਰੇ ਬਾਪ ਤੋਂ ਇਮਦਾਦ ਮੰਗੀ। ਉਸ ਨੇ ਹਾਂ ਕਹਿ ਦਿੱਤੀ। ਪਿਆਲੇ ਦਾ ਸਾਂਝੀ ਭਾਈ ਕਾ ਹਰਨੇਕ ਤੇ ਲਹਿਰੇ ਮੁਹੱਬਤ ਵਾਲ਼ਾ ਗੁਰਦਿਆਲ ਸਿੰਘ ਵੀ ਸੱਦ ਲਏ ਗਏ। ਤਿਹਾਂ ਨੇ ਉਪਰ ਗਰਨ੍ਹਿਆਂ ਦੇ ਛੌਰਾਂ ਵਿਚ ਦੁਨਾਲ਼ੀਆਂ ਬੀੜ ਕੇ ਮੋਰਚਾ ਬੰਦੀ ਕਰ ਲਈ। ਮੇਰਾ ਬਾਪ ਹਾਰੇ ਵਿਚ ਚਾਪੜ ਦਾ ਉਹਲਾ ਕਰਕੇ ਬੈਠ ਗਿਆ। ਪੱਕਾ ਦੇਸੀ ਪਿਸਤੌਲ 303 ਦੀ ਗੋਲੀ ਵਾਲ਼ਾ ਸਿੰਨ੍ਹ ਕੇ।

ਛੀ-ਸੱਤ ਜਣਿਆਂ ਦਾ ਟੋਲਾ ਹਰਲ੍ਹ-ਹਰਲ੍ਹ ਕਰਦਾ ਘਰ ਵਿਚ ਆ ਘੁਸਿਆ। ਇਧਰਲੇ ਚਾਰੋਂ ਜਣੇ ਸਾਹ ਰੋਕ ਕੇ ਮੌਕਾ ਤਕਾਉਂਦੇ ਰਹੇ। ਹਮਲਾਵਰਾਂ ਨੇ ਮੈਦਾਨ ਖਾਲੀ ਪਿਆ ਸੋਚ ਕੇ ਘਰ ਨੂੰ ਅੱਗ ਲਾਉਣ ਦੀ ਠਾਣ ਲਈ। ਮੱਲ ਸਿਰ 'ਤੇ ਮਿੱਟੀ ਦੇ ਤੇਲ ਦਾ ਪੀਪਾ ਰੱਖ ਕੇ ਲੱਕੜ ਦੀ ਪੌੜੀ ਚੜ੍ਹਨ ਲੱਗਾ। ਫੁਕਰਪੁਣਾ ਦਿਖਾਉਂਦਿਆਂ ਜਾਂ ਨਿੱਕਾ ਸਿੰਘ ਮੂਹਰੇ ਆਪਣੀ ਬਹਾਦਰੀ ਦਿਖਾਉਣ ਲਈ ਪੌੜੀ ਚੜ੍ਹ ਰਹੇ ਦੇ ਮੇਰੇ ਬਾਪੂ ਨੇ ਮੱਲ 'ਤੇ ਗੋਲ਼ੀ ਦਾਗ ਦਿੱਤੀ ਜੋ ਉਸ ਦੇ ਮੌਢੇ ਵਿਚ ਵੱਜੀ ਤੇ ਉਹ ਬੋਤੇ ਦੇ ਕਿੱਲੇ 'ਤੇ ਡਿੱਗ ਪਿਆ। ਕੋਠੇ ਤੋਂ ਵੀ ਤਿੰਨ ਬੰਦੂਕਾਂ ਦੇ ਫਾਇਰ ਆਉਣ ਲੱਗ ਪਏ ਸਨ। ਉਥੋਂ ਜ਼ਖਮੀ ਹੋਏ ਸਾਥੀ ਨੂੰ ਚੁੱਕ ਕੇ ਸਾਰੇ ਜਣੇ ਪਿੱਛਲ ਖੁਰੀ ਦੌੜ ਗਏ।

ਮੱਲ ਮਰਿਆ ਨਹੀਂ ਸੀ। ਜੇ ਉਸਦਾ ਇਲਾਜ ਕਰਵਾਇਆ ਜਾਂਦਾ ਤਾਂ ਉਸਨੇ ਬਚ ਜਾਣਾ ਸੀ। ਕਾਨੂੰਨ ਦੇ ਝੰਜਟ ਤੋਂ ਬਚਣ ਲਈ ਉਨ੍ਹਾਂ ਲੋਕਾਂ ਨੇ ਮੱਲ ਨੂੰ ਮਾਰ ਕੇ ਮੌਢੇ 'ਚੋਂ ਗੋਲ਼ੀ ਕੱਢ ਕੇ ਪਛਾਣ ਲਈ। ਮੇਰਾ ਬਾਪ ਹੀ ਤਾਂ ਉਨ੍ਹਾਂ ਨੂੰ ਅੱਖਾਂ ਵਿਖਾ ਕੇ ਆਇਆ ਸੀ ਤੇ ਇਸ ਤਰ੍ਹਾਂ ਦਾ ਪਿਸਤੌਲ ਉਹਦੇ ਕੋਲ਼ ਹੀ ਸੀ। ਉਧਰ ਜਦੋਂ ਮੱਲ ਘਰ ਨਾ ਪਹੁੰਚਿਆ ਤਾਂ ਉਸਦੇ ਘਰਦਿਆਂ ਨੇ ਘੋਟੂ, ਗੰਗੇ, ਜੰਗ ਆਦਿ ਦਾ ਨਾਂ ਲਿਖਾ ਦਿਤਾ। ਬੰਦੇ ਫੜੇ ਗਏ। ਟਿੱਬੇ ਚੋਂ ਗ਼ਲੀ ਸੜੀ ਲਾਸ਼ ਵੀ ਬਰਾਮਦ ਹੋ ਗਈ ਪਰ ਮੌਕੇ ਦਾ ਕੋਈ ਗਵਾਹ ਨਹੀਂ ਸੀ। ਛੇ ਕੁ ਮਹੀਨਿਆਂ ਦੇ ਕੱਚੇ ਮੁਕੱਦਮੇ 'ਚੋਂ ਹੀ ਉਹ ਬਰੀ ਹੋ ਗਏ।

ਪੰਜਵੇਂ ਦਿਨ ਮੇਰੇ ਬਾਪੂ ਦਾ ਮਿੱਤਰ ਘੋਟੂ ਹਾੜ੍ਹੀ ਦੀ ਵਾਢੀ ਵਿਚ ਮੱਦਦ ਕਰਨ ਲਈ ਉਸਨੂੰ ਖੇਤ ਲੈ ਗਿਆ। ਵੱਟ ਉਤੇ ਰੱਖਿਆ ਪਿਸਤੌਲ ਆਥਣ ਤੱਕ ਉਨ੍ਹਾਂ ਵੱਲ ਝਾਕਦਾ ਰਿਹਾ। ਘੋਟੂ ਨੇ ਲਾਂਗੇ ਦੀ ਤਕੜੀ ਭਰੀ ਬੰਨ੍ਹਾ ਕੇ ਮੇਰੇ ਬਾਪ ਦੇ ਸਿਰ 'ਤੇ ਰਖਾ ਦਿੱਤੀ। ਗੱਲਾਂ ਕਰਦੇ ਪਿੰਡ ਵੀ ਆ ਗਏ। ਅਸਲ ਵਿਚ ਉਹ ਧਿਜਾ ਰਿਹਾ ਸੀ ਮੇਰੇ ਬਾਪ ਨੂੰ ਕਿ ਮੌਕਾ ਆਉਣ 'ਤੇ ਉਸਨੂੰ ਗਦਾਰੀ ਕਰਨ ਦਾ ਬਦਲਾ ਚੁਕਾਇਆ ਜਾ ਸਕੇ।

ਵਿਸਾਖੀ ਤੋਂ ਛੇਵੇਂ ਦਿਨ ਰਾਤ 19 ਅਪ੍ਰੈਲ 1948 ਪੈਣ ਵਾਲ਼ੀ ਸੀ। ਮੇਰਾ ਬਾਪ ਅੱਡੀਆਂ ਹੇਠ ਪਾਥੀ ਲੈ ਕੇ ਚੁੱਲ੍ਹੇ ਦੇ ਨੇੜੇ ਬੈਠ ਗਿਆ । ਮੇਰੀ ਮਾਂ ਨੇ ਰੋਟੀ ਥਾਲ਼ੀ ਵਿਚ ਪਾ ਕੇ ਉਹਨੂੰ ਫੜਾ ਦਿੱਤੀ ਸੀ। ਮੇਰਾ ਬਾਪ ਪਹਿਲੀ ਬੁਰਕੀ ਮੂੰਹ 'ਚ ਪਾਉਣ ਹੀ ਲੱਗਿਆ ਸੀ ਕਿ ਬਾਹਰੋਂ ਆਵਾਜ਼ ਆਈ- 'ਪ੍ਰਸਿੰਨ ਸਿੰਆਂ ਆਈਂ ਕੇਰਾਂ।' ਗੱਲ ਕਰਨ ਵਾਲ਼ੇ ਨੇ ਕੋਈ ਗੱਲ ਕੀਤੀ। ਬੁਲਾਉਣ ਆਏ ਦੇ ਨਾਲ਼ ਜਾ ਰਹੇ ਨੂੰ ਮੇਰੀ ਮਾਂ ਨੇ ਬੋਲ ਮਾਰਿਆ- 'ਮਖਿਆ ਰੋਟੀ ਤਾਂ ਖਾ ਜਾਂਦਾ।'

'ਬੱਸ ਇਕ ਮਿੰਟ ਆਉਨਾ।' ਕਹਿ ਕੇ ਉਹ ਜੰਗ ਰਾਪੁਰੀਏ ਨਾਲ਼ ਤੁਰ ਪਿਆ। ਤਾਜੋ ਕੇ ਘਰਾਂ ਦੇ ਹੁਕਮੇ ਨਾਂ ਦੇ ਬੰਦੇ ਦਾ ਵਿਰੋਧੀ ਨਾਲ਼ ਰਾਜ਼ੀਨਾਮਾ ਹੋਇਆ ਸੀ। ਦਾਰੂ ਮੀਟ ਦੀ ਪਾਰਟੀ ਚੱਲ ਰਹੀ ਸੀ। ਜੰਗ ਉਸਨੂੰ ਇਸ ਪਾਰਟੀ ਵਿਚ ਲੈ ਗਿਆ।

ਮਾਂ ਨੇ ਸਾਨੂੰ ਰੋਟੀ ਖਵਾ ਕੇ ਭਾਂਡੇ ਸਾਂਭ ਦਿੱਤੇ। ਸਾਰੇ ਜੀਅ ਥਾਂਉਂ-ਥਾਂਈਂ ਮੰਜਿਆਂ 'ਤੇ ਟੇਢੇ ਹੋ ਗਏ। ਉਸਦਾ ਤਾਂ ਰੋਜ਼ ਦਾ ਇਹੋ ਕੰਮ ਸੀ। ਮਾਂ ਦੇ ਅੰਦਰਲੇ ਸੰਸਾਰ ਦੀ ਗਹਿਰਾਈ ਮਾਪਣ ਵਾਲ਼ਾ ਉੱਥੇ ਕੌਣ ਸੀ ਜੋ ਇਹ ਸਮਝਣ ਦਾ ਯਤਨ ਕਰਦਾ ਕਿ ਇਹ ਮਿੰਟ ਘੰਟਿਆਂ 'ਚ ਕਿਉਂ ਬਦਲੀ ਜਾਂਦਾ ਸੀ। ਰਾਤ ਦੇ ਨੌਂ ਕੁ ਵਜੇ ਤਾਜੋ ਕੇ ਘਰਾਂ ਵੱਲੋਂ ਗੋ਼ਲੀ ਚੱਲਣ ਦੀ ਅਵਾਜ਼ ਆਈ। ਅੰਬੋ ਤੇ ਬਾਬਾ ਉਠ ਕੇ ਬੈਠ ਗਏ- 'ਉਹੀ ਹੋਣੈ ਆਪਣਾ।' ਕਹਿ ਕੇ ਫਿਰ ਟੇਢੇ ਹੋ ਗਏ। ਨੀਂਦ ਕੀਹਨੂੰ ਆਉਣੀ ਸੀ।

ਸਵੇਰੇ ਦਿਨ ਚੜ੍ਹਦੇ ਨਾਲ਼ ਘਰ ਦੇ ਜੀਅ ਖੇਤ ਨੂੰ ਤੁਰ ਗਏ। ਕਣਕ ਭੁਰਦੀ ਜਾਂਦੀ ਸੀ ਜਿੰਨੀ ਛੇਤੀ ਇਕੱਠੀ ਕਰ ਲੈਣ ਚੰਗਾ। ਜ਼ਿੰਦਗੀ ਆਮ ਤੋਰੇ ਤੁਰਦੀ ਜਾ ਰਹੀ ਸੀ। ਕਿਸੇ ਨੂੰ ਕੀ ਪਤਾ ਸੀ ਕਿ ਹੁਣੇ, ਬਹੁਤ ਥੋੜ੍ਹੇ ਚਿਰ ਨੂੰ ਇਸ ਘਰ 'ਤੇ ਬਹੁਤ ਵੱਡਾ ਤੂਫਾਨ ਝੁੱਲਣ ਵਾਲ਼ਾ ਹੈ। ਭੂਚਾਲ਼ ਆਉਣ ਵਾਲ਼ਾ ਸੀ ਜਿਸ ਨੇ ਘਰ ਦੀਆਂ ਕੰਧਾਂ ਹਿਲਾ ਦੇਣੀਆਂ ਸਨ।

ਭਾਈ ਕਿਆਂ ਚੋਂ ਗੁਰਨਾਮਾ ਲੰਬਰਦਾਰ ਨੂੰ ਮੌਕੇ 'ਤੇ ਹਾਜ਼ਰ ਜੱਟਾਂ ਦੇ ਸੀਰੀ ਮਜ਼੍ਹਬੀ ਸਿੰਘ ਤੋਲ੍ਹੇ ਨੇ ਇਤਲਾਹ ਤਾਂ ਦੇ ਦਿੱਤੀ ਸੀ ਪਰ ਲੰਬਰਦਾਰ ਨੇ ਕਿਸੇ ਤਰੀਕੇ ਅਗਲੇ ਦਿਨ ਸਾਡੇ ਘਰਦਿਆਂ ਨੂੰ ਦੱਸਣ ਦਾ ਕਹਿ ਕੇ ਮੋੜ ਦਿੱਤਾ ਸੀ। ਬਾਬੇ ਨੇ ਮੇਰੀ ਅੰਬੋ ਤਾਣੀ ਦੀ ਪਾਣ ਕਰ ਰਹੇ ਸਨ ਜਦੋਂ ਸਾਡਾ ਫੁੱਫੜ ਉਨ੍ਹਾਂ ਵੱਲ ਧਾਹਾਂ ਮਾਰਦਾ ਆ ਰਿਹਾ ਸੀ। ਮੇਰੇ ਬਾਪ ਦੀ ਲਾਸ਼ ਚੜ੍ਹਦੇ ਵੱਲ ਸੁੱਕੀ ਛਪੜੀ ਦੇ ਟੋਏ ਵਿਚ ਸੁੱਟੀ ਪਈ ਸੀ। ਉਸ ਨੂੰ ਹੱਦੋਂ ਵੱਧ ਦਾਰੂ ਪਿਆ ਕੇ ਦੋ ਜਣੇ ਉਸ ਦੀਆਂ ਬਾਂਹਾਂ ਫੜ ਕੇ ਘਰ ਛੱਡ ਕੇ ਆਉਣ ਦਾ ਬਹਾਨਾ ਬਣਾ ਕੇ ਨਾਲ਼ ਤੁਰ ਪਏ। ਦੱਸਣ ਵਾਲ਼ੇ ਨੇ ਦੱਸਿਆ ਕਿ ਉਹ ਕਹਿ ਰਹੇ ਸਨ-

'ਅਸੀਂ ਆਪਣੇ ਬਾਈ ਨੂੰ ਆਪ ਛੱਡ ਕੇ ਆਵਾਂਗੇ।' ਘੋਟੂ ਤੇ ਜੰਗ ਨੇ ਉਸਨੂੰ ਪੌੜੀਆਂ ਉਤਾਰ ਲਿਆ ਤੇ ਉਸਦੇ ਡੱਬ ਚੋਂ ਪਿਸਤੌਲ ਕੱਢ ਲਿਆ। ਨਿੱਕਾ ਸਿੰਘ ਦੇ ਬਾਰ ਮੂਹਰੇ ਆ ਕੇ ਗਿੱਚੀ 'ਤੇ ਰੱਖ ਕੇ ਗੋ਼ਲੀ ਦਾਗ ਦਿੱਤੀ। ਸ਼ਾਇਦ ਇਹ ਨਿੱਕਾ ਸਿੰਘ ਨੂੰ ਚਿਤਾਵਣੀ ਸੀ।

ਮੇਰੀ ਮਾਂ ਨੂੰ ਜਦੋਂ ਪਤਾ ਲੱਗਿਆ ਤਾਂ ਮੈਂ ਵੇਖਿਆ ਕਿ ਉਸਨੇ ਬਾਹਰ ਗ਼ਲੀ ਵਿਚ ਆਉਂਦੇ ਸਾਰ ਧਰਤੀ ਨਾਲ਼ ਟੱਕਰ ਮਾਰੀ ਸੀ। ਮੱਥੇ ਚੋਂ ਖ਼ੂਨ ਦੀ ਤਤ੍ਹੀਰੀ ਫੁੱਟ ਪਈ ਸੀ। ਉਹ ਧਰਤੀ 'ਤੇ ਹੀ ਕਿਉਂ ਵਾਰ-ਵਾਰ ਟੱਕਰਾਂ ਮਾਰ ਰਹੀ ਸੀ। ਕੋਠੜਿਆਂ ਦੀਆਂ ਕੰਧਾਂ ਨਾਲ਼ ਕਿਉਂ ਨਹੀਂ ਸੀ ਮਾਰ ਰਹੀ? ਉਸਦੇ



ਦਿਲ ਦੀ ਕੌਣ ਥਾਹ ਪਾਉਂਦਾ। ਕੰਧਾਂ 'ਤੇ ਸ਼ਾਇਦ ਉਸਨੂੰ ਇਤਬਾਰ ਨਹੀਂ ਸੀ ਤੇ ਧਰਤੀ ਤੋਂ ਸ਼ਾਇਦ ਉਹ ਮੰਗ ਕਰ ਰਹੀ ਸੀ ਕਿ ਉਸ ਵਿਚ ਪਾੜ ਪੈ ਜਾਏ ਜਿਸ ਵਿਚ ਉਹ ਗਰਕ ਹੋ ਜਾਏ।

ਮੇਰੇ ਬਾਪ ਦੀ ਲਾਸ਼ ਛੱਪੜੀ ਦੇ ਇਕ ਟੋਏ ਵਿਚ ਪਈ ਸੀ। ਇਕ ਗੋਡਾ ਖੜ੍ਹਾ ਤੇ ਦੂਜੀ ਲੱਤ ਪੂਰੀ ਤਰ੍ਹਾਂ ਨਿਸ਼ਲੀ ਹੋਈ। ਮੋਤੀਆ ਰੰਗ ਦਾ ਫਿੱਕਾ ਕੁੜਤਾ ਪਜਾਮਾ। ਮੋਤੀਆ ਰੰਗ ਦੀ ਟਸਰੀ ਪੱਗ ਇਕ ਪਾਸੇ ਸੁੱਟੀ ਪਈ ਸੀ। ਗਿੱਚੀ 'ਚੋਂ ਕਾ਼ਲਾ ਲਹੂ ਤ੍ਰਿੱਪ-ਤ੍ਰਿੱਪ ਚੋ ਰਿਹਾ ਸੀ। ਅੱਖਾਂ 'ਚੋਂ ਕੀੜੀਆਂ ਵੜ-ਵੜ ਨਿੱਕਲ਼ ਰਹੀਆਂ ਸਨ। ਭੋਲ਼ੀਆਂ ਕੀੜੀਆਂ ਕੀ ਜਾਣਦੀਆਂ ਸਨ ਕਿ ਕਲ੍ਹ ਤੱਕ ਇਹ ਅੱਖਾਂ ਰਾਮਦਾਸੀਆਂ ਦੇ ਵਿਹੜੇ ਦੇ ਕਿਸੇ ਨਾਇਕ ਬਣਨ ਦੀ ਸਮਰੱਥਾ ਰੱਖਣ ਵਾਲ਼ੇ ਬੰਦੇ ਦੀਆਂ ਅੱਖਾਂ ਸਨ, ਜੋ ਅੱਜ ਉਨ੍ਹਾਂ ਦੀ ਖੁਰਾਕ ਬਣੀਆਂ ਹੋਈਆਂ ਸਨ। ਚਿੱਟੇ-ਚਿੱਟੇ ਦੰਦਾਂ ਵਿਚ ਜੜੀਆਂ ਦੋ ਸੋਨੇ ਦੀਆਂ ਮੇਖਾਂ ਸਭ ਕਾਸੇ ਤੋਂ ਅਣਜਾਣ ਲਿਸ਼-ਲਿਸ਼ ਕਰ ਰਹੀਆਂ ਸਨ। ਗੱਤਕੇ ਦਾ ਖਿਡਾਰੀ ਜਲੂਸਾਂ ਅਤੇ ਦੀਵਾਨਾਂ ਦੀ ਰੌਣਕ ਮੇਰਾ ਬਾਪ ਸਾਥੋਂ ਖੋਹ ਲਿਆ ਗਿਆ ਸੀ, ਤੇ ਮੇਰੀ ਮਾਂ ਦੇ ਸਿਰੋਂ ਚੁੰਨੀ ਕੀ ਲੱਥੀ ਸੀ, ਦੁੱਖਾਂ ਦਾ ਪਹਾੜ ਉਸ ਦੀ ਹਿੱਕ 'ਤੇ ਆ ਡਿੱਗਿਆ ਸੀ।

ਪੋਸਟ ਮਾਰਟਮ ਦੀ ਰਿਪੋਰਟ ਵਿਚ ਮੌਤ ਦਾ ਕਾਰਨ ਗੋ਼ਲੀ ਨਹੀਂ ਸੀ। ਮੇਰੇ ਬਾਪੂ ਦੇ ਪਿਸਤੌਲ 'ਚੋਂ ਹੀ ਨਿਕਲ਼ੀ ਗੋ਼ਲੀ ਉਸਦੀ ਗਿੱਚੀ ਤੋਂ ਹੋ ਕੇ ਦਿਮਾਗ਼ ਤੋਂ ਪਾਸੇ ਸਿਰ ਦੇ ਕੋਣੇ ਵਿਚ ਜਾ ਟਿੱਕੀ ਸੀ। ਧੌਣ ਨੂੰ ਗੇੜਾ ਦੇ ਕੇ ਤੋੜ ਕੇ ਅਤੇ ਛਾਤੀ 'ਤੇ ਚੜ੍ਹ ਕੇ ਲਤੜ-ਲਤੜ ਕੇ ਉਸ ਦੇ ਸਾਹ ਕੱਢੇ ਗਏ ਸਨ। ਹਾਂ ਉਸਦੇ ਦੋਸਤਾਂ ਨੇ ਆਪਣੇ ਦੋਸਤ ਦਾ ਇਸ ਨਿਰਦਈ ਢੰਗ ਨਾਲ਼ ਕਤਲ ਕੀਤਾ ਸੀ। ਸਾਡੀ ਸਭ ਤੋਂ ਛੋਟੀ ਭੈਣ ਬਲਬੀਰ ਮੇਰੇ ਬਾਪ ਦੀ ਮੌਤ 'ਤੋਂ ਛੇਵੇਂ ਦਿਨ ਮਰ ਗਈ। ਉਸਦੀ ਪਿੱਠ 'ਤੇ ਬੇਸ਼ੁਮਾਰ ਫੋੜੇ ਸਨ। ਸਾਂਭ-ਸੰਭਾਲ਼ ਨਾ ਹੋਈ ਜਦ ਮੇਰੀ ਮਾਂ ਬਠਿੰਡੇ ਕਚਹਿਰੀ ਕਦੇ ਬਾਲ਼ਿਆਂਵਾਲ਼ੀ ਥਾਣੇ ਵੱਸ ਪਈ ਹੋਈ ਸੀ, ਕੁੜੀ ਤੁਰਦੀ ਬਣੀ। ਸੱਥਰ 'ਤੇ ਬੈਠੀਆਂ ਔਰਤਾਂ ਨਾਲ਼ ਮੇਰੀ ਅੰਬੋ ਲੰਮੀਆਂ-ਲੰਮੀਆਂ ਗੱਲਾਂ ਕਰਦੀ ਮੈਂ ਕੰਨ ਲਾ ਕੇ ਸੁਣਦਾ ਰਹਿੰਦਾ।

'ਮਰਨ ਵਾਲ਼ੇ ਨੂੰ ਏਸ ਹੋਣੀ ਦਾ ਪਹਿਲਾਂ ਈ ਪਤਾ ਸੀ। ਇਕ ਦਿਨ ਯੰਤਰੀ ਵਿੰਹਦਾ ਵਿੰਹਦਾ ਆਪਣੇ ਪਿਓ ਨੂੰ ਕਹਿੰਦਾ, 'ਬਾਪੂ! ਐਥੇ ਮੇਰਾ ਸਿਰ ਲਹਿੰਦੈ।' ਉਹਦਾ ਬਾਪੂ ਕਹਿਣ ਲੱਗਿਆ, 'ਕੌਣ ਲਾਹੁੰਦੈ ਤੇਰਾ ਸਿਰ?' ਅੱਗੋਂ ਬੋਲਿਆ, 'ਬਾਪੂ ਮੇਰੇ ਦੋਸਤ ਈ ਲਾਹੁੰਦੇ ਐ।' ਉਹਦਾ ਬਾਪੂ ਹਰਖ ਗਿਆ, 'ਫੇਰ ਤੂੰ ਕਿਉਂ ਜਾਨੈ ਉਨ੍ਹਾਂ 'ਚ। ਆਬਦਾ ਬਚਾ ਕਰ।' ਮਰਨ ਵਾਲ਼ਾ ਭੂਏ ਹੋ ਗਿਆ-'ਬਾਪੂ ਤੂੰ ਫਿਰ ਗੁਰੂ ਦਾ ਸਿੱਖ ਈ ਨੀ। ਜੇ ਤੂੰ ਗੁਰੂ ਦਾ ਸਿੱਖ ਹੁੰਦਾ ਤਾਂ ਇਉਂ ਨਾ ਕਹਿੰਦਾ। ਇਹ ਤਾਂ ਹੋਣੀ ਐ, ਹੋ ਕੇ ਰਹਿਣੀ ਐ। ਲਿਖਤਕਾਰ ਨੂੰ ਭਲਾ ਕੌਣ ਟਾਲ਼ ਸਕਦੈ।' ਫੇਰ ਰੁੜ੍ਹਦੀ ਰੁੜ੍ਹਦੀ ਕੁੜੀ ਕੋ਼ਲ ਆ ਗਈ। ਉਹਨੂੰ ਵੇਖ ਕੇ ਕਹਿੰਦਾ, 'ਅਹਿਦਾ ਭੋਗ ਵੀ ਮੇਰੇ ਨਾਲ਼ ਈ ਪਊ।' ਇਕ ਨੀ ਆਹ਼ਲੀ ਗਈ। ਜਿਹੜੀ ਗੱਲ ਮੂੰਹੋਂ ਕੱਢ ਦਿੱਤੀ ਉਵੇਂ ਹੋਈ।'- ਅੰਬੋ ਆਪਣੇ ਪੁੱਤ ਨੂੰ ਅਹੁਲੀਆ ਸਾਬਤ ਕਰਨ ਦਾ ਯਤਨ ਕਰ ਰਹੀ ਸੀ। ਮੇਰੇ ਬਾਪ ਨੂੰ ਪਤਾ ਸੀ ਕਿ ਨਿੱਕਾ ਸਿੰਘ ਦੀ ਮੱਦਦ ਕਰਕੇ ਉਸਨੇ ਦੁਸ਼ਮਣੀ ਵਿਹਾਜ ਲਈ ਹੈ। ਉਸ ਕੋ਼ਲੋਂ ਟਾ਼ਲਾ ਨਹੀਂ ਸੀ ਵੱਟਿਆ ਜਾ ਰਿਹਾ, ਕੋਈ ਪਾਸਾ ਉਸਨੂੰ ਝੱਲ ਨਹੀਂ ਸੀ ਰਿਹਾ। ਮੌਤ ਦਾ ਵਿਛਿਆ ਜਾ਼ਲ ਉਸਨੂੰ ਪ੍ਰਤੱਖ ਵਿਖਾਈ ਦੇ ਰਿਹਾ ਸੀ। ਉਸ ਕੋ਼ਲੋਂ ਕਬੂਤਰ ਵਾਂਗ ਅੱਖਾਂ ਵੀ ਨਹੀਂ ਸੀ ਮੀਟੀਆਂ ਜਾਂਦੀਆਂ। ਉਹ ਜੋ ਦੋ ਬੇੜੀਆਂ 'ਤੇ ਸਵਾਰ ਹੋ ਚੁੱਕਾ ਸੀ। ਪਿੰਡ ਛੱਡ ਕੇ ਕਿਸੇ ਪਾਸੇ ਤੁਰ ਜਾਣਾ ਵੀ ਉਸਨੂੰ ਗਵਾਰਾ ਨਹੀਂ ਸੀ। ਸ਼ਾਇਦ ਤਿੰਨ ਚਾਰ ਮਹੀਨੇ ਬਾਹਰ ਰਹਿਣ ਦਾ ਇਹੋ ਕਾਰਨ ਹੋਵੇ।

ਮੇਰੇ ਬਾਪ ਦਾ ਭੋਗ ਆਮ ਮਰਗ ਦੇ ਭੋਗਾਂ ਵਾਂਗ ਨਹੀਂ ਪਾਇਆ ਗਿਆ। ਗੁਰਬਖਸ਼ ਸਿੰਘ 'ਰਾਹੀ', ਪ੍ਰਧਾਨ ਖ਼ਾਲਸਾ ਬਰਾਦਰੀ ਮਾਲਵਾ ਨੇ ਇਸ਼ਤਿਹਾਰ ਕੱਢਿਆ। ਰਾਹੀ ਹੁਰਾਂ ਨੇ ਮੇਰੇ ਬਾਬੇ, ਬਾਪ, ਮਾਸੜ ਗੁਰਦਿਆਲ ਸਿੰਘ ਆਦਿ ਨਾ਼ਲ ਰ਼ਲ ਕੇ ਕਈ ਪਿੰਡਾਂ ਵਿਚੋਂ ਜਬਰੀ ਵਗਾਰ ਵਿਰੁੱਧ ਮੋਰਚਾ ਲਾ ਕੇ ਵਗਾਰ ਬੰਦ ਕਰਵਾਈ ਸੀ। ਇਸ਼ਤਿਹਾਰ ਨਾ਼ਲ ਲਗਦੇ ਪਿੰਡਾਂ ਵਿਚ ਵੀ ਲਾਇਆ ਗਿਆ, 'ਬਦਮਾਸ਼ ਜੱਟਾਂ ਵੱਲੋਂ ਇਕ ਗਰੀਬ ਹਰੀਜਨ ਦਾ ਕਤਲ।' ਭੋਗ ਮੌਕੇ ਵਿਸ਼ਾਲ ਕਾਨਫਰੰਸ ਕੀਤੀ ਗਈ। ਬਹੁਤ ਸਾਰੇ ਆਗੂਆਂ ਨੇ ਤਕਰੀਰਾਂ ਕੀਤੀਆਂ ਤੇ ਰਾਹੀ ਸਾਹਿਬ ਨੇ ਐਲਾਨ ਕੀਤਾ ਕਿ ਦੋਸ਼ੀਆਂ ਨੂੰ ਮੌਤ ਦੀ ਸਜ਼ਾ ਦਿਵਾ ਕੇ ਰਹਾਂਗੇ। ਰਾਹੀ ਜੀ ਨੇ ਵਿਸ਼ਵਾਸ ਦਿਵਾਇਆ ਸੀ ਕਿ ਮੁਕੱਦਮੇ ਦੀ ਉਹ ਖ਼ੁਦ ਪੈਰਵੀ ਕਰੇਗਾ ਖ਼ਾਲਸਾ ਬਰਾਦਰੀ ਮਾਲਵਾ ਦੀ ਤਰਫ਼ੋਂ। ਪਰ ਲੀਡਰਾਂ ਕੋ਼ਲ ਸ਼ਾਇਦ ਵਾਅਦੇ ਹੀ ਹੁੰਦੇ ਹਨ।

ਮੇਰੀ ਮਾਂ ਸਾਨੂੰ ਸਾਡੇ ਨਾਨਕੇ ਘਰ ਜੱਸੀ ਪਾਉ ਵਾ਼ਲੀ ਲੈ ਆਈ। ਧਰਮਸ਼ਾਲਾ ਵਿਚ ਚਲਦੇ ਪ੍ਰਾਇਮਰੀ ਸਕੂਲ ਵਿਚ ਮੈਨੂੰ ਮੇਰੇ ਛੋਟੇ ਮਾਮੇ ਦੇ ਲੜਕੇ ਤਾਰਾ ਸਿੰਘ ਨਾ਼ਲ ਪੜ੍ਹਨੇ ਪਾ ਦਿੱਤਾ ਗਿਆ। ਇਥੋਂ ਦੀਆਂ ਔਖਾਂ ਨਾ਼ਲ ਮੈਂ ਸਮਝੌਤਾ ਨਾ ਕਰ ਸਕਿਆ। ਪਹਿਲੀ ਗੱਲ ਸੀ ਇਥੋਂ ਦਾ ਇਕ ਦਮ ਖਾਰਾ ਨਾ ਪੀਣ ਯੋਗ ਪਾਣੀ। ਲੋਕ ਕੁਰਬ਼ਲ-ਕੁਰਬ਼ਲ ਕਰਦੇ ਜੀਆਂ ਵਾ਼ਲਾ ਬੋ ਮਾਰਦਾ ਡਿੱਗੀ ਦਾ ਪਾਣੀ ਪੀਂਦੇ ਸਨ। ਫਟਕੜੀ ਖੋਰ ਕੇ ਪਾਣੀ ਨਿਤਾਰ ਲਿਆ ਜਾਂਦਾ। ਖੱਦਰ ਦੇ ਕੱਪੜੇ ਨਾ਼ਲ ਪੁਣ ਕੇ ਘੜਿਆਂ ਵਿਚ ਪਾ ਲਿਆ ਜਾਂਦਾ। ਸਾਡੀਆਂ ਔਰਤਾਂ ਪਿੰਡ ਦੀਆਂ ਜ਼ਿਮੀਦਾਰਨੀਆਂ ਦੀ ਮਿੰਨਤ ਕਰ ਕੇ ਬੋ ਮਾਰਦਾ ਪਾਣੀ ਘੜਿਆਂ ਵਿਚ ਪੁਆ ਲੈਂਦੀਆਂ। ਡਿੱਗੀ ਦੇ ਪਾਣੀ ਨਾ਼ਲ ਉ਼ਲਟੀਆਂ ਲੱਗ ਜਾਂਦੀਆਂ ਤੇ ਖੂਹ ਦਾ ਪਾਣੀ ਪੀ ਕੇ ਵਾਰ-ਵਾਰ ਖੇਤਾਂ ਬੰਨੀ ਭੱਜਣਾ ਪੈਂਦਾ।

ਦੂਜੀ ਬਿਪਤਾ ਸੀ ਜੌਆਂ ਦੀਆਂ ਰੋਟੀਆਂ। ਪਾਣੀ ਦੀ ਘਾਟ ਕਰਕੇ ਕਣਕ ਦਾ ਹੋਈਆ ਨਾ ਮਾਤਰ ਹੀ ਸੀ। ਬਰਾਨੀ ਜੌਅ, ਛੋਲਿਆਂ ਦੀ ਫ਼ਸਲ ਹੀ ਹੁੰਦੀ ਸੀ। ਜੌਆਂ ਦੀ ਰੋਟੀ ਦੀ ਬੁਰਕੀ ਸੰਘੋਂ ਹੇਠ ਨਾ ਉਤਰਦੀ। ਛੋਟਾ ਮਾਮਾ ਅੱਡ ਵਿੱਢ ਸੀ। ਮਾਮੀ ਪੰਜਾਬੋ ਰੋਟੀ ਟੁੱਕ ਦਾ ਕੰਮ ਨਿਬੇੜ ਕੇ ਰੋਟੀਆਂ ਵਲ੍ਹੇਟਦੀ ਤੇ ਅੰਦਰ ਲੈ ਜਾਂਦੀ। ਕੁਛ ਰੋਟੀਆਂ ਮਾਮਾ ਲਿਆਉਂਦਾ ਤੇ ਉਨ੍ਹਾਂ ਦਾ ਟੱਬਰ ਖਾ ਕੇ ਪਾਸੇ ਹੁੰਦਾ। ਵੱਡੇ ਮਾਮੇ ਦੇ ਪੁੱਤ ਮੇਰੇ ਨਾਲ ਈਰਖਾ ਕਰਕੇ ਕਾ਼ਲੇ ਰੰਗ ਦਾ ਤਾਹਨਾ ਮਾਰਦੇ, ਕੁਟਦੇ ਤੇ ਖਿਝਾਉਂਦੇ ਰਹਿੰਦੇ। ਹੋਰ ਤਾਂ ਹੋਰ ਮਾਮੇ ਦੇ ਵੱਡੇ ਲੜਕੇ ਜਗੀਰ ਨੇ ਚੁੱਲ੍ਹੇ 'ਚੋਂ ਬ਼ਲਦਾ ਬ਼ਲਦਾ ਡੱਕਾ ਕੱਢ ਕੇ ਮੇਰੇ ਹੱਥ ਦੇ ਪਿੱਛਲੇ ਪਾਸੇ ਖੁਭੋ ਦਿਤਾ। ਗੋ਼ਲ ਨਿਸ਼ਾਨ ਅੱਜ ਵੀ ਕਾਇਮ ਹੈ। ਇਥੋਂ ਮੇਰਾ ਜੀਅ ਉਚਾਟ ਹੋ ਗਿਆ। ਮੇਰੀ ਮਾਂ ਨੂੰ ਤਾਂ ਕੋਈ ਪਾਸਾ ਵੀ ਨਹੀਂ ਸੀ ਝਲਦਾ। ਉਹ ਤਾਂ ਜਿਧਰ ਨਿਗਾਹ ਮਾਰਦੀ ਸੀ ਚਹੁੰਈਂ ਕੂੰਟੀਂ ਨੇਰ੍ਹ ਹੀ ਨੇਰ੍ਹ ਵਿਖਾਈ ਦਿੰਦਾ ਸੀ। ਉਤੋਂ ਇਕ ਦਿਨ ਵੱਡੀ ਮਾਮੀ ਨੇ ਗੱਲਾਂ-ਗੱਲਾਂ ਵਿਚ ਕਹਿ ਦਿੱਤਾ: 'ਦੇਖ ਨੰਦ ਤੂੰ ਐਥੇ ਸਾਰਾ ਕੁਛ ਦੇਖ ਈ ਰਹੀ ਐਂ। ਤੂੰ ਛੀ ਪੈਰ ਲੈ ਕੇ ਏਥੇ ਆ ਗਈ। ਏਥੇ ਬੀਬੀ ਤੇਰਾ ਨਿਰਬਾਹ ਨ੍ਹੀਂ ਹੋਣਾ।' ਅਸੀਂ ਬਾਲ ਇਨ੍ਹਾਂ ਗੱਲਾਂ ਨੂੰ ਕੀ ਸਮਝ ਸਕਦੇ ਸੀ? ਸਾਨੂੰ ਕੀ ਪਤਾ ਸੀ ਬਈ ਮਾਂ ਦਾ ਜਿਗਰ ਇਨ੍ਹਾਂ ਬੋਲਾਂ ਨੇ ਕਿਵੇਂ ਛਲਣੀ ਕੀਤਾ ਹੋਊ?

ਮੇਰੇ ਬਾਪੂ ਦੇ ਮੁੱਕਦਮੇ ਦੀ ਤਰੀਕ ਸੀ। ਬਾਬਾ ਸਾਨੂੰ ਮਿ਼ਲਣ ਜੱਸੀ ਆ ਗਿਆ ਤਾਂ ਮੈਂ ਉਸਦੀਆਂ ਆਉਂਦੇ ਦੀਆਂ ਹੀ ਲੱਤਾਂ ਨਾਲ ਚਿੰਬੜ ਕੇ ਲੇਰ ਮਾਰੀ —

'ਬਾਬਾ! ਮੈਂ ਨੀ ਇਥੇ ਰਹਿਣਾ-ਮੈਨੂੰ ਲੈ ਚੱਲ ਪਿੰਡ।'

'ਕੀ ਗੱਲ ਓਦਰ ਕਿਉਂ ਗਿਆ ਪੁੱਤ?' ਬਾਬੇ ਦੀ ਵੀ ਧਾਹ ਨਿਕਲ ਗਈ ਸੀ।

'ਮੇਰੀ ਨਾਨੀ ਮਾਰਦੀ ਰਹਿੰਦੀ ਐ।' ਮੇਰੇ ਮੂੰਹੋਂ ਨਿਕ਼ਲੇ ਕੋਰੇ ਝੂਠ ਨੂੰ ਸੁਣ ਕੇ ਨਾਨੀ ਦੇ ਥੰਮ੍ਹ ਹਿੱਲ ਗਏ-'ਨੀ ਮੈਂ ਮਰਜਾਂ, ਵੇ ਚੰਦਰਿਆਂ ਕਿਉਂ ਐਡਾ ਦੂਨਾ ਮਾਰਿਆ ਵੇ- ਮੈਂ ਤੇਰੇ ਕਦੇ ਫੁੱਲ ਦੀ ਨੀ ਲਾਈ ਵੇ, ਕਦੇ ਮੂੰਹ ਨੀ ਸੀ ਫਿਟਕਾਰਿਆ।' ਤੇ ਫਿਰ ਧਰਤੀ 'ਤੇ ਬੈਠ ਕੇ ਮੇਰੇ ਬਾਪ ਦਾ ਨਾਂ ਲੈ ਕੇ ਵੈਣ ਪਾਉਂਦੀ ਰਹੀ। ਆਪਣੇ ਹੀ ਬੋਲੇ ਝੂਠ ਦੇ ਸੇਕ ਵਿਚ ਤਪਦਾ ਮੈਂ ਕੱਚੇ ਫਰਸ਼ ਵਿਚ ਨਹੁੰ ਖੁਭੋਈ ਗਿਆ।

ਵੱਡੀ ਮਾਮੀ ਕਿਸੇ ਜ਼ਿਮੀਦਾਰਨੀ ਤੋਂ ਕਣਕ ਦੇ ਆਟੇ ਦੀ ਬਾਟੀ ਲਿਆਈ, ਚੁੰਨੀ ਦੇ ਪੱਲੇ ਹੇਠ ਛੁਪਾ ਕੇ- ਤੇ ਸ਼ਾਇਦ ਚਾਰ ਚਮਚੇ ਘਿਉ ਵੀ। ਜਦ ਬਾਬਾ ਰੋਟੀ ਖਾਣ ਲੱਗਿਆ ਤਾਂ ਉਸਨੇ ਮੇਰੀ ਨੀਅਤ ਭਾਂਪ ਲਈ। ਥੋੜ੍ਹੀ ਜਿਹੀ ਸ਼ੱਕਰ ਰੋਟੀ 'ਤੇ ਰੱਖ ਕੇ ਉਸਨੇ ਮੈਨੂੰ ਦਿੱਤੀ ਤਾਂ ਮੇਰੇ ਸਰੀਰ ਵਿਚ ਇਕ ਲਹਿਰ ਜਿਹੀ ਉਠੀ ਜੋ ਧੁਰ ਰੂਹ ਵਿਚ ਉੱਤਰ ਗਈ। ਨਾਨੀ ਨੂੰ ਤਾਂ ਖਾਹ-ਮਖਾਹ ਦੋਸ਼ ਦਿੱਤਾ ਸੀ। ਗੱਲ ਤਾਂ ਤਰਸੇਵੇਂ ਦੀ ਸੀ। ਅਗਲੇ ਦਿਨ ਮੇਰੀ ਮਾਂ ਸਾਨੂੰ ਦੋਹਾਂ ਭਰਾਵਾਂ ਨੂੰ ਨਾਲ ਲੈ ਕੇ ਬਾਬੇ ਦੇ ਨਾ਼ਲ ਤੁਰ ਪਈ। ਉਸ ਤੋਂ ਬਾਅਦ ਵਿਆਹੀਂ-ਸ਼ਾਦੀਂ

*(ਬਾਕੀ ਅਗਲੇ ਸਫੇ 'ਤੇ)*

*(ਪਿਛਲੇ ਸਫੇ ਦਾ ਬਾਕੀ)*

ਆਏ ਤਾਂ ਨਾਨੀ ਦੀਆਂ ਨਿਰਦੋਸ਼ ਅੱਖਾਂ ਵਿਚ ਝਾਕਣ ਦੀ ਕਦੇ ਜ਼ੁਰਅਤ ਨਾ ਕਰ ਸਕਿਆ।

ਉਨ੍ਹੀਂ ਦਿਨੀਂ ਪਿੰਡ ਦੇ ਮੁਹਤਬਰ ਜੱਟਾਂ ਜ਼ਿਮੀਦਾਰਾਂ ਨੇ ਸਾਡੀ ਬਾਂਹ ਫੜੀ। ਹਰਬਖਸ਼ ਸਿਉਂ ਕਾ.ਲਾ ਦੀ ਜ਼ਮੀਨ ਸੀ ਸਾਡੇ ਕੋ.ਲ। ਸਰਦਾਰਨੀ ਵਾ.ਲੀ ਜ਼ਮੀਨ ਵੀ ਸੀ। ਬਹੁਤਾ ਕੰਮ ਤਾਂ ਬਾਈ ਨੱਛਤਰ ਹੀ ਕਰਦਾ ਸੀ। ਬਾਬਾ ਵੀ ਅਮਦਾਦ ਕਰਵਾਉਂਦਾ। ਮੇਰੀ ਮਾਂ ਬਰਾਬਰ ਖੇਤ ਵਿਚ ਜੁਟੀ ਰਹਿੰਦੀ।

ਇਕ ਦਿਨ ਬਾਈ ਨੱਛਤਰ ਮੇਰੀ ਮਾਂ ਨਾਲ ਚਾਚੀ ਵਾਲਾ ਰਿਸ਼ਤਾ ਭੁੱਲ ਕੇ ਕੁੱਤੀਏ! ਬਿੱਲੀਏ! ਤੋਂ ਅਗਾਂਹ ਲੰਘ ਕੇ ਅਲਫ਼ ਨੰਗੀਆਂ ਗਾਲ੍ਹਾਂ 'ਤੇ ਉਤਰ ਆਇਆ। ਝੱਗੇ ਦਾ ਅਗਲਾ ਪੱਲਾ ਚੁੱਕ ਕੇ ਵੀ ਉਹ ਮੇਰੀ ਮਾਂ ਦੇ ਸਾਮ੍ਹਣੇ ਖੜ੍ਹ ਗਿਆ। ਇਹ ਕੀ ਹੋ ਰਿਹਾ ਸੀ? ਕਿਉਂ ਹੋ ਰਿਹਾ ਸੀ? ਛੀ-ਸੱਤ ਸਾਲ ਦੇ ਬਾਲ ਨੂੰ ਮੈਨੂੰ ਕੋਈ ਸਮਝ ਨਾ ਆਈ। ਮੈਂ ਉਸੇ ਦਿਨ ਵੇਖਿਆ ਕਿ ਘਰ ਵਿਚ ਮੇਰਾ ਤਾਇਆ ਕੁਤਰੇ ਵਾਲੀ ਮਸ਼ੀਨ ਗੇੜ ਰਿਹਾ ਹੈ ਤੇ ਮਾਂ ਨੰਗੇ ਮੂੰਹ ਕੜਬ ਦੇ ਰੁੱਗ ਲਾ ਰਹੀ ਹੈ। ਅਚਨਚੇਤੀ ਘੁੰਡ ਚੁੱਕਿਆ ਗਿਆ ਵੇਖ ਕੇ ਮੇਰੀ ਰੂਹ ਨੂੰ ਚੀਰ ਆ ਗਿਆ ਜਿਵੇਂ। ਪੈਰਾਂ ਹੇਠ ਅੱਗ ਦਾ ਗੋ.ਲਾ ਬਣੀ ਧਰਤੀ ਜਿਵੇਂ ਗੇੜਾ ਖਾ ਗਈ। ਬਾਈ ਨੱਛਤਰ ਨੂੰ ਵੀ ਇਸੇ ਗੱਲ ਦਾ ਦੁੱਖ ਸੀ ਕਿ ਉਸਦੀ ਮਾਂ ਘਰੋਂ ਕੱਢੀ ਹੋਈ ਬੱਲ੍ਹੋ ਵਿਚ ਆਪਣੇ ਬਾਪ ਕੋਲ ਦਸੌਂਟਾ ਕੱਟ ਰਹੀ ਸੀ। ਉਹ ਆਪਣੀ ਮਾਂ ਦੇ ਦਰੇਗ ਵਿਚ ਇਹ ਭੁੱਲ ਗਿਆ ਸੀ ਕਿ ਇਕ ਔਰਤ ਜਿਸਦਾ ਆਲ੍ਹਣਾ ਤੀਲਾ-ਤੀਲਾ ਹੋ ਗਿਆ-ਉਹ ਹੋਰ ਕਿਧਰੇ ਨਹੀਂ, ਇਸ ਘਰ ਦੀ ਇਕ ਗੁੱਠ ਵਿਚ ਹੀ ਡੱਕਾ-ਡੱਕਾ ਜੋੜ ਕੇ ਨਵਾਂ ਆਲ੍ਹਣਾ ਬਣਾਉਣ ਲੱਗੀ ਹੋਈ ਹੈ।

ਨਾਨਕੇ ਪਿੰਡੋਂ ਗੁਰਮੇਲੋ ਮਾਸੀ ਜ਼ਿਮੀਦਾਰਨੀ ਹੋ ਕੇ ਵੀ ਮੇਰੀ ਮਾਂ ਨਾਲ ਸਕੀਆਂ ਭੈਣਾਂ ਵਾਂਗ ਵਰਤਦੀ। ਉਸਨੇ ਵੀ ਮੇਰੀ ਮਾਂ ਨੂੰ ਹੱਲਾ ਸ਼ੇਰੀ ਦਿੱਤੀ- 'ਦੇਖ ਨੀ ਨੰਦ ਕੁਰੇ। ਤੇਰੇ ਜੁਆਕ ਪ.ਲ ਜਾਣਗੇ। ਤੂੰ ਬਖਤੌਰ ਸਿਉਂ ਦਾ ਪੱਲਾ ਫੜ ਲੈ ਤੈਨੂੰ ਮੈਂ ਦੱਸਾਂ।'... ਤੇ ਮੇਰੀ ਮਾਂ ਨੇ ਇਹ ਗੱਲ ਪੁਗਾ ਦਿੱਤੀ ਬਗੈਰ ਕੋਈ ਰੜੀ ਰਸਮ ਕੀਤਿਆਂ।

ਭਾਈ ਕੇ ਘਰਾਂ ਚੋਂ ਗੁਰਦਿੱਤਾ, ਕਾਂਦੀ ਜਿਨ੍ਹਾਂ ਨਾਲ ਸਾਡੇ ਪਰਿਵਾਰ ਦਾ ਚੰਗਾ ਸਹਿਚਾਰ ਸੀ, ਮੇਰੇ ਤਾਏ ਨੂੰ ਰਾਹ ਖਹਿੜੇ ਖੜ੍ਹਾ ਲੈਂਦੇ-'ਦੇਖ ਭਾਈ ਬਖਤੌਰ ਸਿਆਂ ਜਿਹੜੀ ਲਿਖਤਕਾਰ ਐ ਉਹ ਤਾਂ ਨੀ ਟ.ਲਦੀ। ਹੁਣ ਵੇਖੀਂ ਤੂੰ ਜੁਆਕਾਂ ਨੂੰ ਪਿੱਠ ਨਾ ਵਿਖਾਈਂ। ਜਿਵੇਂ-ਕਿਵੇਂ ਇਨ੍ਹਾਂ ਮਛੂਹਰਾਂ ਦੀ ਫੰਗਾਂ ਹੇਠ ਲੈ ਕੇ ਬੇੜੀ ਬੰਨੇ ਲਾਈਂ ਭਾਈ।' ਤੇ ਮੇਰੇ ਤਾਏ ਨੇ ਸਾਡੀ ਮਛੂਹਰਾਂ ਦੀ ਬੇੜੀ ਦੇ ਚੱਪੂ ਥੰਮ੍ਹ ਲਏ। ਸਾਡੀ ਤਾਈ, ਸਾਡੀ ਦਾਦੀ ਨੂੰ ਫੁੱਟੀ ਅੱਖ ਵੀ ਨਹੀਂ ਸੀ ਭਾਉਂਦੀ। ਸਿੱਧੀ-ਸਾਦੀ ਮੇਰੇ ਤਾਏ ਨੂੰ ਵੀ ਚੰਗੀ ਨਹੀਂ ਸੀ ਲੱਗਦੀ। ਉਹ ਆਪਣੇ ਪੇਕੇ ਪਿੰਡ ਆਪਣੇ ਬਾਪ ਦੇ ਚੁੱਲ੍ਹੇ ਜਾ ਬੈਠੀ ਸੀ ਇਕ ਕੁੜੀ ਨੂੰ ਆਪਣੇ ਨਾ.ਲ ਲੈ ਕੇ। ਬਾਈ ਨਛੱਤਰ ਅਤੇ ਭੈਣ ਦੀਪੋ ਨੂੰ ਉਹ ਇੱਥੇ ਛੱਡ ਗਈ ਸੀ।

ਮੇਰਾ ਬਾਪੂ ਮੈਨੂੰ ਪਟਵਾਰੀ ਬਣਾਉਣਾ ਚਾਹੁੰਦਾ ਸੀ। ਹੁਣ ਮੇਰੇ ਤਾਏ ਨੇ ਲੋਕਾਂ ਨੂੰ ਅਤੇ ਰਿਸ਼ਤੇਦਾਰਾਂ ਨੂੰ ਵਿਸ਼ਵਾਸ ਦਿਵਾ ਦਿੱਤਾ ਸੀ- 'ਮੈਂ ਜੁਆਕਾਂ ਦੇ ਸਿਰ 'ਤੇ ਹੱਥ ਰੱਖੂੰਗਾ। ਪਾਲੂੰਗਾ ਮੈਂ ਨਿਆਣਿਆਂ ਨੂੰ। ਜਮਾ ਨੀ ਰੁ.ਲਣ ਦਿੰਦਾ ਮੈਂ।' ਪਰ ਵਿਵਹਾਰਕ ਪੱਖੋਂ ਏਨਾ ਹੀ ਕਾਫ਼ੀ ਨਹੀਂ ਸੀ। ਬਾਬਾ ਹਰੀ ਸਿੰਘ ਛੀ-ਸੱਤ ਸਾਲ ਪਹਿਲਾਂ ਮਰ ਗਿਆ ਸੀ। ਅੰਬੋ ਧੰਨ ਕੁਰ ਸਮੇਤ ਉਸਦੀਆਂ ਤਿੰਨ ਧੀਆਂ ਤੇ ਇਕ ਲੜਕਾ ਜਗਰੂਪ ਪਹਿਲੋਂ ਹੀ ਇਸ ਚੁੱਲ੍ਹੇ 'ਤੇ ਆ ਚੁੱਕੇ ਸਨ। ਤਿੰਨ ਜੀਅ ਅਸੀਂ ਸ਼ਾਮਲ ਹੋ ਗਏ ਸਾਂ। ਇਸ ਤਰ੍ਹਾਂ ਸੀਮਤ ਕਮਾਈ ਦੇ ਨਿਗੂਣੇ ਸਾਧਨਾਂ ਦੇ ਬਾਵਜੂਦ ਇਸ ਬੋਝਲ ਪੰਡ ਦੇ ਹੇਠ ਆਪਣਾ ਸਿਰ ਝੋਕ ਦਿੱਤਾ ਸੀ ਮੇਰੇ ਤਾਏ ਨੇ। ਪਿੰਡ ਵਿਚ ਉਸਦੀ ਮਹਿਮਾ ਹੋਈ ਸੀ —

'ਸ਼ਾਬਾਸ਼ੇ ਭਾਈ! ਜੁਆਕਾਂ ਨੂੰ ਐਂ ਸਾਂਭ ਲਿਆ ਜਿਵੇਂ ਮੁਰਗੀ ਚੂਚਿਆਂ ਨੂੰ ਫੰਗਾਂ ਹੇਠ ਲੈ ਲੈਂਦੀ ਹੈ, ਹਰ ਕਿਸੇ ਨੇ ਬਖਤੌਰ ਸਿਉਂ ਨ੍ਹੀ ਬਣ ਜਾਣਾ।'

ਬਗੈਰ ਕੋਈ ਰੜੀ-ਰਸਮ ਕਰੇ ਮੇਰੀ ਮਾਂ ਮੇਰੇ ਤਾਏ ਦੇ ਚੁੱਲ੍ਹੇ ਜਾ ਚੜ੍ਹੀ। ਆਪੇ ਕਰਾਏ ਵਿਧਵਾ ਵਿਆਹ ਨੂੰ ਤ੍ਰਿਸਕਾਰ ਦੀਆਂ ਨਜ਼ਰਾਂ ਨਾ.ਲ ਕਿਉਂ ਦੇਖਿਆ ਜਾਂਦਾ ਸੀ। ਫਿਰ ਮੇਰੀ ਮਾਂ ਨੇ ਤਾਂ ਕੋਈ ਐਰ-ਗੈਰ ਬੰਦਾ ਵੀ ਨਹੀਂ ਸੀ ਲੱਭਿਆ। ਚਾਹੀਦਾ ਤਾਂ ਇਹ ਸੀ ਕਿ ਮੇਰੇ ਮਾਮੇ ਜਾਂ ਹੋਰ ਸਿਆਣੇ ਲੋਕ ਪਗੜੀ ਦੀ ਰਸਮ ਕਰ ਦਿੰਦੇ। ਜੇ ਨਹੀਂ ਸੀ ਕੀਤੀ ਰਸਮ ਤਾਂ ਕੀ ਧਰਤੀ ਗਰਕ ਗਈ ਸੀ ਜਾਂ ਅੰਬਰ ਨੂੰ ਅੱਗ ਲੱਗ ਗਈ ਸੀ? ਮੈਂ ਹੀ ਤਾਂ ਆਪਣੀ ਇਸ ਜਣਨਹਾਰੀ ਨੂੰ ਇਥੇ ਲਿਆ ਸੁੱਟਿਆ ਸੀ ਤੇ ਜੇ ਉਸ ਨੇ ਖ਼ੁਦ ਹੀ ਇਹ ਨਿਰਨਾ ਲੈ ਲਿਆ ਸੀ ਤਾਂ ਕੀ ਧਰਤੀ ਤੇ ਅੰਬਰ ਭਿੜ ਪਏ ਸਨ? ਅੱਜ ਮੈਂ ਸੋਚਦਾਂ ਬਾਈ ਕੁ ਸਾਲ ਦੀ ਉਮਰ ਦੀ ਸਿਰੋਂ ਨੰਗੀ ਹੋਈ ਉਹ ਔਰਤ ਬਾਕੀ ਦੀ ਜੂਨ ਕਿਵੇਂ ਕਟਦੀ? ਕੀ ਉਹ ਰੋਟੀ ਨਹੀਂ ਸੀ ਖਾਂਦੀ? ਖਾਂਦੀ ਸੀ ਭੁੱਖ ਜੋ ਲਗਦੀ ਸੀ। ਪਿਆਸ ਲੱਗਣ 'ਤੇ ਪਾਣੀ ਵੀ ਪੀਂਦੀ ਸੀ। ਸਰੀਰ ਦੀਆਂ ਹੋਰ ਕਿਰਿਆਵਾਂ ਵੀ ਬਾਦਸਤੂਰ ਹੁੰਦੀਆਂ ਸਨ।

ਫਿਰ ਸਮਾਜ ਦੇ ਠੇਕੇਦਾਰ ਸਰੀਰ ਦੀ ਤ੍ਰਿਪਤੀ ਨੂੰ ਵਿਭਚਾਰ ਦਾ ਨਾਂ ਕਿਉਂ ਦਿੰਦੇ ਸਨ। ਸਾਡੇ ਪਿੰਡ ਵਿਚ ਕਿੰਨੀਆਂ ਹੀ ਕੁੜੀਆਂ ਸਨ ਜੋ ਚੜ੍ਹਦੀ ਉਮਰ ਵਿਚ ਹੀ ਵਿਧਵਾ ਹੋ ਗਈਆਂ ਸਨ ਤੇ ਹੁਣ ਬੁਢਾਪੇ ਨੂੰ ਅੱਪੜ ਚੁੱਕੀਆਂ ਸਨ। ਕੀ ਸਮਾਜ ਦੇ ਇਹ ਬਿਵਰਜਿਤ ਨੇਮ, ਜੇਕਰ ਹੋਸ਼ ਵਿਚ ਨਹੀਂ ਤਾਂ ਅਚੇਤ ਰੂਪ ਵਿਚ ਜਾਂ ਸੁਪਨਿਆਂ 'ਚ ਨਹੀਂ ਟੁਟਦੇ ਹੋਣਗੇ। ਕਾਮ ਪ੍ਰਵਿਰਤੀ ਦੀ ਯਥਾਯੋਗ ਪੂਰਤੀ ਦੀ ਥਾਂ, ਇਸ ਨੂੰ ਹਊਆ ਬਣਾ ਕੇ ਪੇਸ਼ ਕਰਨ ਦੇ ਸਮਾਜਿਕ ਕਾਨੂੰਨ ਤੇ ਵਰਜਣਾ, ਕੀ ਕਿਸੇ ਵੀ ਯੁਗ ਵਿਚ ਅਚੇਤ-ਸੁਚੇਤ ਇਨ੍ਹਾਂ ਸੁਪਨਿਆਂ ਦੇ ਬਣਨ-ਟੁੱਟਣ ਨੂੰ ਰੋਕ ਸਕੇ? ਸ਼ਾਇਦ ਕਦੀ ਵੀ ਨਹੀਂ। ਤੇ ਭਾਰਤ ਦੀ 'ਮਹਾਨ ਸੰਸਕ੍ਰਿਤੀ'-ਜਿੱਥੋਂ ਦੇ 'ਪਵਿੱਤਰ ਦੇਵਤਿਆਂ' ਨੇ ਨਾ ਧੀ ਵੇਖੀ ਨਾ ਭੈਣ, ਵਿਭਚਾਰ ਵੀ ਕੀਤਾ ਤੇ ਰੰਨਾਂ ਵੀ ਬਣਾਈਆਂ, ਧਰਮ ਦੀ ਆੜ ਵਿਚ। ਵਾਹ ਭਾਰਤ ਤੂੰ ਬੜਾ ਮਹਾਨ ਹੈਂ! ...ਕੋਈ ਪੁੱਛਣ ਵਾ.ਲਾ ਹੋਵੇ, ਸਾਡੀ ਮਾਂ ਸਾਨੂੰ ਬਲੂਰਾਂ ਨੂੰ ਲੈ ਕੇ ਕਿੱਥੇ ਜਾਂਦੀ?

ਚੌਥੀ ਜਮਾਤ ਵਿਚ ਹੋਵਾਂਗਾ ਜਦੋਂ ਮੈਨੂੰ ਗ.ਲੀ ਦੇ ਮੁੰਡਿਆਂ ਨੇ ਠਿੱਠ ਕਰਨਾ ਸ਼ੁਰੂ ਕੀਤਾ-'ਤੇਰੀ ਮਾਂ ਨੇ ਜੁਆਕ ਸਿੱਟ ਤਾ ਉਇ ਸਿਖੜਿਆ।' ਸਾਨੂੰ ਸਿੱਖਾਂ ਦਾ ਘਰ ਹੋਣ ਕਰਕੇ 'ਸਿਖਾ' ਕਹਿ ਕੇ ਬੁਲਾਇਆ ਜਾਂਦਾ ਸੀ। ਲਾਜ਼ਮੀ ਤੌਰ 'ਤੇ ਮੇਰੀ ਮਾਂ ਨੂੰ ਗਰਮ ਦੁਆਈਆਂ ਖਵਾਈਆਂ ਗਈਆਂ ਹੋਣਗੀਆਂ। ਉਹ ਬਹੁਤ ਬੀਮਾਰ ਰਹਿਣ ਲੱਗ ਪਈ ਸੀ। ਘਰ ਦੇ ਅੰਦਰ ਬਾਹਰ ਉਹ ਤੜਫਦੀ, ਕੁਰਲਾਹਟ ਮਚਾਉਂਦੀ ਰਹਿੰਦੀ। ਵੈਦਾਂ ਸਿਆਣਿਆਂ ਦਾ ਓਹੜ-ਪੁਹੜ ਕਰਦੀ। ਮੇਰੀ ਅੰਬੋ ਉਸਦੇ ਇਸ ਤਰ੍ਹਾਂ-'ਸੜ ਗਈ-ਮੱਚ ਗਈ'-ਕਰਦੀ ਨੂੰ ਵੇਖ-ਵੇਖ ਮੇਰੇ ਕੰਨਾਂ 'ਚ ਫੂਕਾਂ ਮਾਰੀ ਜਾਂਦੀ ਤੇ ਮਾਂ ਦੀ ਬ.ਲਦੀ ਰੂਹ ਉਪਰ ਦਗ-ਦਗ ਕਰਦਾ ਅੰਗਿਆਰ ਰੱਖ ਦਿੰਦੀ-'ਨਵਾਂ ਖ਼ਸਮ ਕਰ ਲਿਆ-ਇਕ ਨੂੰ ਪਹਿਲਾਂ ਖਾ ਗਈ।' ਮੈਨੂੰ ਅੰਬੋ ਨੇਕ ਅਤੇ ਮਾਂ ਮਾੜੀ ਔਰਤ ਜਾਪਦੀ ਕਿ ਮੇਰੀ ਮਾਂ 'ਖ਼ਸਮਾਂ ਨੂੰ ਖਾਣੀ' ਹੈ। ਅੰਬੋ ਜਿਸਦੇ ਚਿੱਟੇ ਲਿਬਾਸ ਉਪਰ ਕਾਲੇ ਗਾਤਰੇ ਦੀ ਝਾਲ ਝੱਲੀ ਨਾ ਜਾਂਦੀ- ਮੈਨੂੰ ਮਾਂ ਤੋਂ ਦੂਰ ਕਰਨ ਵਿਚ ਸਫ਼ਲ ਹੋ ਗਈ। ਅੰਬੋ ਮੈਨੂੰ ਸਰਕਵੇਂ ਗੁੜ ਦੀ ਡ.ਲੀ ਵਰਗੀ ਜਾਪਦੀ ਤੇ ਮਾਂ ਨਿਰਾ 'ਅੱਕ ਦਾ ਦੁੱਧ।'... ਤੇ ਬਾਈ ਨਛੱਤਰ ਵੀ ਮੇਰੇ ਕੰਨਾਂ 'ਚ ਜ਼ਹਿਰ ਚੋਂਦਾ-'ਜੰਗ ਦੇ ਕਤਲ ਤੋਂ ਮਗਰੋਂ ਨਾਨੀ ਨੇ ਜੇਲ੍ਹ ਵਿਚ ਪੱਗ ਦਿੱਤੀ ਸੀ, ਬਾਪੂ ਨੂੰ।' ਕੀ ਇਹ ਗੱਲਾਂ ਮੇਰੇ ਕੋ.ਲ ਕਰਨੀਆਂ ਜ਼ਰੂਰੀ ਸਨ? ਕਿਸੇ ਨੂੰ ਕੋਈ ਫ਼ਿਕਰ ਨਹੀਂ ਕਿ ਕੱਚੀ ਲਗਰ ਵਰਗੇ ਬਾਲ ਮਨ 'ਤੇ ਇਨ੍ਹਾਂ ਗੱਲਾਂ ਦਾ ਕੀ ਅਸਰ ਹੋਵੇਗਾ?

ਉਦੋਂ ਮੈਂ ਛੇਵੀਂ ਵਿਚ ਪੜ੍ਹਦਾ ਸਾਂ ਜਦੋਂ ਮੇਰੀ ਮਾਂ ਦੇ ਪੇਟੋਂ ਸੁਖਦੇਵ ਨੇ ਜਨਮ ਲਿਆ। ਮੇਰੀ ਮਾਂ ਨੇ ਪੰਜੀਰੀ ਦੀ ਕੌਲੀ ਮੇਰੇ ਵੱਲ ਕੀਤੀ ਪਰ ਮੈਂ ਫੜਨ ਤੋਂ ਨਾਂਹ ਕਰ ਦਿੱਤੀ। ਉਹ ਮੇਰੇ ਵੱਲ ਕੁੱੜਤਣ ਭਰੀਆਂ ਨਜ਼ਰਾਂ ਨਾ.ਲ ਝਾਕੀ ਸੀ। ਸ਼ਾਇਦ ਕਹਿ ਰਹੀ ਹੋਵੇ- 'ਵੇ ਖਾ ਲੈ ਮੈਂ ਤੇਰੀ ਖ਼ਾਤਰ ਈ ਇਸ ਨਰਕ 'ਚ ਡਿੱਗੀ ਆਂ।' ਪਰ ਉਸਦੇ ਮੂੰਹੋਂ ਇਹ ਬੋਲ ਨਹੀਂ ਸਨ ਨਿਕ.ਲੇ। ਸਗੋਂ ਉਸ ਨੇ ਤਾਂ ਭੋ.ਲੇਪਣ ਵਿਚ ਕਿਹਾ ਸੀ -'ਖਾ ਲੈ ਵੇ ਤੇਰੇ ਨਾਲੋਂ ਸੁਹਣੈ।' ਮੈਂ ਉਠ ਕੇ ਅੰਦਰ ਜਾ ਲੁਕਿਆ ਸਾਂ। ਰੋਂਦੇ ਕੋ.ਲ ਆ ਕੇ ਅੰਬੋ ਨੇ ਦੁਗਾੜੇ ਵਰਗਾ ਵਾਕ ਦਾਗ ਦਿੱਤਾ ਸੀ ਜੋ ਮੈਨੂੰ ਬਹੁਤ ਠੰਢਕ ਤੇ ਧੀਰਜ ਦੇਣ ਵਾ.ਲਾ ਜਾਪਿਆ ਸੀ-'ਸੁਹਣੇ ਜੰਮਣ ਨੂੰ ਨਵਾਂ ਖ਼ਸਮ ਕੀਤੈ।' ਮੇਰੀ ਹਾਲਤ ਉਸ ਮੇਮਣੇ ਵਰਗੀ ਸੀ ਜਿਸ ਨੂੰ ਇਕੱਲੇ-ਇਕਹਿਰੇ ਨੂੰ ਬਾਹਰ ਹੱਡਾ ਰੋੜੀ ਦੇ ਕੁੱਤਿਆਂ ਨੇ ਘੇਰ ਲਿਆ ਹੋਵੇ। ਮੈਂ ਆਪਣੀ ਮਾਂ ਨਾ.ਲ ਬੋਲਣਾ ਬੰਦ ਕਰ ਦਿੱਤਾ। ਅੰਬੋ ਬਾਗੋ-ਬਾਗ ਸੀ। ਬਾਈ ਨੱਛਤਰ ਦਾ ਉਹੀ ਰਵਈਆ ਸੀ। ਉਹ ਮੂੰਹ ਨਾ ਬੋਲਦਾ। ਗੰਦੀਆਂ ਗਾਲ੍ਹਾਂ ਕਢਦਾ ਤੇ ਝੱਗੇ ਦਾ ਪੱਲਾ ਚੁੱਕ ਕੇ ਖੜ੍ਹਾ ਹੋ ਜਾਂਦਾ।

ਅਫ਼ਸੋਸ ਕਿ ਮੈਨੂੰ ਕਦੀ ਵੀ ਆਪਣੀ ਮਾਂ ਦੀ ਹਾਲਤ ਦੀ ਸਮਝ ਨਾ ਆਉਣ ਦਿੱਤੀ, ਸਿੱਖੀ ਵਿਚ ਗ.ਲ-ਗ.ਲ ਤਕ ਧਸੇ ਪਰਿਵਾਰ ਨੇ। ਬਾਬਾ ਕਿਸੇ ਗੱਲ ਵਿਚ ਦਖ਼ਲ ਹੀ ਨਾ ਦਿੰਦਾ। ਉਹ ਤਾਂ ਬੱਸ ਕਮਾਊ ਢੱਗਾ ਸੀ ਜਿਵੇਂ। ਕਦੇ ਖੇਤ ਤੇ ਕਦੇ ਤਾਣੀ ਦੀ ਕੁੰਭ.ਲ ਵਿਚ ਡਿੱਗਿਆ ਰਹਿੰਦਾ। ਉਸ ਤੋਂ ਬਾਅਦ ਹਰ ਦੋ ਸਾਲ ਦੇ ਫ਼ਰਕ ਨਾ.ਲ ਮੇਰੀ ਮਾਂ ਦੀ ਕੁੱਖੋਂ ਤਿੰਨ ਹੋਰ ਬੱਚਿਆਂ ਨੇ ਜਨਮ ਲਿਆ ਮਿੰਦ੍ਰੋ, ਮਨਜੀਤ ਮਾਨ ਅਤੇ ਸਭ ਤੋਂ ਛੋਟੀ ਛਿੰਦਰ ਨੇ। ਉਦੋਂ ਮੈਂ 1960 ਵਿਚ ਕਰਨਾ.ਲ ਤੋਂ ਓ. ਟੀ.ਦਾ ਕੋਰਸ ਕਰ ਕੇ ਆਇਆ ਸਾਂ ਉਸੇ ਸਾਲ 11ਨਵੰਬਰ 1960 ਨੂੰ ਮੇਰੀ ਆਰਜ਼ੀ ਪੋਸਟ ਨਰਵਾਣੇ ਦੇ ਨਜ਼ਦੀਕ ਪਿੰਡ ਉਝਾਣੇ ਦੇ ਸਰਕਾਰੀ ਹਾਈ ਸਕੂਲ ਵਿਚ ਹੋ ਗਈ। ਹੁਣ ਮੈਨੂੰ ਵੀ ਮਾਂ ਦੀਆਂ ਕੁਰਬਾਨੀਆਂ ਦਾ ਚੇਤਾ ਆ ਗਿਆ ਸੀ।

ਮਾਂ ਬਹੁਤ ਜ਼ਿਆਦਾ ਬੀਮਾਰ ਰਹਿਣ ਲੱਗ ਪਈ ਸੀ। ਮਾਂ ਨੂੰ ਚੰਡੀਗੜ੍ਹ ਦੇ ਪੀ. ਜੀ. ਆਈ. ਹਸਪਤਾਲ ਵਿਚ ਲਿਜਾਣ ਦਾ ਫ਼ੈਸਲਾ ਹੋ ਗਿਆ। ਪਿੰਡ ਦੇ ਜਾਗੀਰਦਾਰ ਗੁਰਬਖਸ਼ ਸਿੰਘ ਦਾ ਪੋਤਰਾ ਤੇ ਮੇਜਰ ਜਗਦੇਵ ਸਿੰਘ ਦਾ ਲੜਕਾ ਮਰਹੂਮ ਆਦੇਵਜੀਤ ਸਿੰਘ, ਜਿਨ੍ਹਾਂ ਦਾ ਸਾਡਾ ਪਰਿਵਾਰ ਮੁਜ਼ਾਰਾ ਸੀ, ਉੱਥੇ ਐਮ. ਡੀ. ਕਰ ਰਿਹਾ ਸੀ। ਉਸਨੇ ਉੱਥੇ ਸਾਡੀ ਹਰ ਤਰ੍ਹਾਂ ਦੀ ਸਹਾਇਤਾ ਕੀਤੀ। ਮਾਹਿਰ ਡਾਕਟਰਾਂ ਨਾ.ਲ ਸਾਡੀ ਜਾਣਕਾਰੀ ਕਰਵਾ ਦਿੱਤੀ ਤੇ ਮਾਂ ਨੂੰ ਦਾਖ਼ਲਾ ਮਿ.ਲਣ ਤੋਂ ਬਾਅਦ ਹਰ ਤਰ੍ਹਾਂ ਦੇ ਮਹਿੰਗੇ ਟੈਸਟ ਮੁਫ਼ਤ ਹੋਣ ਲੱਗੇ। ਪੇਕੀਂ ਰੁ.ਲਦੀ ਸਾਡੀ ਤਾਈ ਨੂੰ ਨਾਨੇ ਦੇ ਫੌਤ ਹੋ ਜਾਣ ਤੋਂ ਬਾਅਦ ਨਛੱਤਰ ਬਾਈ ਬੱਲ੍ਹੋ ਤੋਂ ਪਿੰਡ ਲੈ ਆਇਆ ਸੀ, ਜੋ ਮੇਰੇ ਬਾਪ ਦੇ ਕਤਲ ਵੇ.ਲੇ ਵੀ ਨਹੀਂ ਸੀ ਆਈ। ਨਾਨੇ ਨੇ ਕਹਿ ਦਿੱਤਾ ਸੀ-'ਜਦੋਂ ਸਾਰੇ ਮਰ ਗਏ 'ਕੱਠੀ ਮਕਾਣ ਲਾਹ ਆਵਾਂਗੇ'-ਤਾਈ ਵੀ ਮੇਰੀ ਮਾਂ ਦੀ ਸੇਵਾ ਸੰਭਾ.ਲ ਵਿਚ ਜੁਟ ਗਈ ਸੀ। ਹੁਣ ਬਾਈ ਨਛੱਤਰ ਦੇ ਮੂੰਹ ਵਿਚ ਵੀ ਚਾਚੀ ਸ਼ਬਦ ਦੇ ਗੁੜ ਦੀ ਰੋੜੀ ਪੈ ਗਈ।...ਤੇ ਮੇਰੀ ਸਾਰੀ ਤਨਖਾਹ ਹੀ ਬੇਬੇ ਦੇ ਇਲਾਜ ਵੱਲ ਵਹਿ ਤੁਰੀ।

ਹਰ ਦਸੀਂ-ਪੰਦਰੀਂ ਦਿਨੀਂ ਜਾਂ ਤਨਖ਼ਾਹ ਮਿ.ਲਦੇ ਹੀ ਮੈਂ ਚੰਡੀਗੜ੍ਹ ਪਹੁੰਚ ਜਾਂਦਾ। ਮਾਂ ਦੇ ਲਗਾਤਾਰ ਟੈਸਟ ਹੋਈ ਜਾਂਦੇ ਸਨ ਪਰ ਰੋਗ ਦਾ ਕੋਈ ਭੇਤ ਨਹੀਂ ਸੀ ਲਗਦਾ। ਸਰਾਂ ਵਿਚ ਇਕ ਕਮਰਾ ਲੈ ਲਿਆ ਸੀ। ਪਿੰਡ ਦੇ ਮਹਾਜਨ ਦੌਲਤ ਰਾਮ ਦਾ ਲੜਕਾ ਵੀ ਇੱਥੇ ਜੇਰੇ ਇਲਾਜ ਸੀ। ਵੱਖਰਾ ਕਮਰਾ ਲੈਣ ਦੀ ਥਾਂ ਉਹ ਵੀ ਸਾਡੇ ਵਾ.ਲੇ ਕਮਰੇ ਵਿਚ ਹੀ ਠਹਿਰੇ ਹੋਏ ਸਨ। ਲੋੜ ਬੰਦੇ ਨੂੰ ਕੀ ਕੁਝ ਕਰਨ ਲਈ ਮਜਬੂਰ ਕਰ ਦਿੰਦੀ ਹੈ। ਹੁਣ ਇੱਥੇ ਦੌਲਤ ਰਾਮ ਤੇ ਉਸਦੇ ਘਰ ਦੇ ਜੀਆਂ ਨੂੰ ਭਿੱਟ-ਭਿਟਾਵ ਚੇਤੇ ਨਹੀਂ ਸੀ। ਸਭ ਇਕੋ ਥਾਂ ਉਨ੍ਹਾਂ ਹੀ ਭਾਂਡਿਆਂ ਵਿਚ ਖਾ ਪੀ ਲੈਂਦੇ ਸਨ। ਇਕੋ ਸਟੋਵ 'ਤੇ ਸਭ ਕੁਝ ਸਾਂਝਾ ਬਣਦਾ ਸੀ। ਬਲਵਿੰਦਰ ਆਪਣੀ ਘਰਵਾ.ਲੀ ਨੂੰ ਆਪਣੇ ਨਾ.ਲ ਅਲਵਰ ਲੈ ਗਿਆ ਸੀ। ਉਹ ਕਹਿੰਦੀ ਸੀ-'ਬੇਬੇ 'ਚੋਂ ਮੁਸ਼ਕ ਆਉਂਦੈ।' ਅਸੀਂ ਸਾਂ, ਜਿਨ੍ਹਾਂ ਨੂੰ ਮੁਸ਼ਕ ਆਉਣ 'ਤੇ ਵੀ ਨਹੀਂ ਸੀ ਆਉਂਦਾ।

ਤਿੰਨ ਮਹੀਨੇ ਲਗਾਤਾਰ ਸਾਨੂੰ ਚੰਡੀਗੜ੍ਹ ਰਹਿਣਾ ਪਿਆ। ਦੋਸਤਾਂ-ਮਿੱਤਰਾਂ ਤੋਂ ਪੈਸੇ ਫੜ-ਫੜ ਮੈਂ ਕਰਜ਼ਾਈ ਹੋ ਰਿਹਾ ਸਾਂ। ਆਖ਼ਰ ਡਾਕਟਰਾਂ ਨੇ ਰੋਗ ਲੱਭ ਹੀ ਲਿਆ। ਬੇਬੇ ਨੂੰ ਅੰਤੜੀਆਂ ਦੀ ਤਪਦਿਕ ਹੋ ਚੁੱਕੀ ਸੀ। ਮਨ ਨੂੰ ਝਟਕਾ ਲੱਗਿਆ ਪਰ ਡਾਕਟਰਾਂ ਨੇ ਫ਼ਿਕਰ ਦੂਰ ਕਰ ਦਿੱਤਾ ਸੀ ਕਿ ਇਹ ਛੂਤ ਦੀ ਬਿਮਾਰੀ ਨਹੀਂ ਹੁੰਦੀ। ਫਿਫੜਿਆਂ ਦੀ ਟੀ. ਬੀ. ਵਾਂਗ ਇਹ ਸਾਹ ਨਾ.ਲ ਕਿਸੇ ਦੂਜੇ ਵਿਅਕਤੀ 'ਤੇ ਹਮਲਾ ਨਹੀਂ ਸੀ ਕਰ ਸਕਦੀ। ਟੀ. ਬੀ. ਦਾ ਇਲਾਜ ਆਰੰਭ ਹੋਇਆ ਤਾਂ ਮਰੀਜ਼ ਦੀ ਹਾਲਤ ਵਿਚ ਸੁਧਾਰ ਹੋਣ ਲੱਗ ਪਿਆ।

ਰੁਪਾਲਹੇੜੀ ਦਾ ਮਿੱਤਰ ਪਰਿਵਾਰ (ਹਰਬੰਸ ਸਿੰਘ) ਪਟਿਆ.ਲੇ ਲਹਿਲ ਕਾਲੋਨੀ ਵਿਚ ਰਹਿੰਦਾ ਸੀ। ਉਸਦੀ ਪੋਸਟਿੰਗ ਰਾਜਪੁਰੇ ਸੀ। ਮੈਂ ਉਸਦੇ ਸਕੂਲ ਮਿ.ਲਣ ਗਿਆ ਤਾਂ ਉਹ ਪਟਿਆਲੇ ਆਪਣੇ ਘਰ ਲੈ ਆਇਆ। ਹੁਣ ਉਸਦੇ ਘਰ ਬੱਬੂ ਤੋਂ ਇਲਾਵਾ ਦੋ ਹੋਰ ਬੱਚੇ ਇਕ ਮੁੰਡਾ ਤੇ ਕੁੜੀ ਸਨ।

'ਭਾਅ ਜੀ ਕਿੱਥੇ ਗੁਆਚ ਗਏ ਸੀ ਤੁਸੀਂ।' ਭਰਜਾਈ ਸਾਰੀ ਦੀ ਸਾਰੀ, ਵੇਲ ਵਾਂਗ ਮੇਰੇ ਦੁਆ.ਲੇ ਲਿਪਟ ਗਈ ਸੀ। ਉਸਦਾ ਮੇਰੇ ਮਨ ਵਿਚ ਬੜਾ ਸਤਿਕਾਰ ਸੀ। ਰੁਪਾਲਹੇੜੀ ਵਾਂਗ ਇੱਥੇ ਵੀ ਉਹ ਮੈਨੂੰ ਰਸੋਈ ਵਿਚ ਆਪਣੇ ਕੋ.ਲ ਬਿਠਾ ਕੇ ਰੋਟੀ ਖਵਾਉਂਦੀ। ਚੰਡੀਗੜ੍ਹ ਜਾਂਦੇ-ਆਉਂਦੇ ਮੈਂ ਉਨ੍ਹਾਂ ਕੋ.ਲ ਠਹਿਰਦਾ। ਮਾਂ ਦਾ ਬਿਮਾਰ ਹੋਣਾ ਉਨ੍ਹਾਂ ਦੋਹਾਂ ਜੀਆਂ ਨੂੰ ਵੀ ਤੜਪਾਉਂਦਾ ਸੀ। ਉਨ੍ਹਾਂ ਲਈ ਤਾਂ ਮੈਂ ਵਿਧਵਾ ਮਾਂ ਦਾ ਹੀ ਪੁੱਤਰ ਸਾਂ, ਜਿਸਦੇ ਪਤੀ ਨੂੰ ਕੋਈ ਪੱਚੀ ਵਰ੍ਹੇ ਪਹਿਲਾਂ 19 ਅਪ੍ਰੈਲ 1948 ਵਿਚ ਜੱਟਾਂ ਨੇ ਕਤਲ ਕਰ ਦਿਤਾ ਸੀ।... ਤੇ ਸ਼ਾਇਦ ਹਰਬੰਸ ਕੌਰ ਭਰਜਾਈ ਮੇਰੇ ਇਸ ਖਾਲੀਪਣ ਨੂੰ ਹੀ ਭਰ ਰਹੀ ਸੀ। ਹਾਂ ਮਾਂ ਦੀ ਬੀਮਾਰੀ ਬਾਰੇ ਸੁਣ ਕੇ ਖ਼ਾਸ ਕਰਕੇ ਭਰਜਾਈ ਜੀ ਦਾ ਦਿਲ ਤਾਂ ਸੂਤਿਆ ਹੀ ਗਿਆ ਸੀ। ਉਹ ਭਾਵਕ ਵੀ ਹੱਦ ਦਰਜੇ ਦੀ ਸੀ-ਮਾੜੀ ਜਿਹੀ ਗੱਲ 'ਤੇ ਫਿੱਸ ਪੈਂਦੀ ਸੀ। ਮਾਂ ਦੀ ਬੀਮਾਰੀ ਦੀ ਗੱਲ ਸੁਣ ਕੇ ਬਹੁਤ ਵਿਰਲਾਪ ਕੀਤਾ।

ਮੈਂ ਅਜੇ ਜਾਗਿਆ ਵੀ ਨਹੀਂ ਸੀ ਹੁੰਦਾ ਕਿ ਉਹ ਮੇਰੇ ਕਮਰੇ ਵਿਚ ਆ ਕੇ ਬੋਲਦੀ, 'ਭਾਅ ਜੀ ਜਾਗਣਾ ਨੀ ਅਜੇ।' ਮੈਂ ਅੱਖਾਂ ਖੋਲ੍ਹਦਾ ਤਾਂ ਉਹ ਮੰਜੇ ਦੀ ਬਾਹੀ 'ਤੇ ਬੈਠ ਕੇ ਪਏ ਨੂੰ ਹੀ ਬਾਂਹਾਂ ਵਿਚ ਲੈ ਲੈਂਦੀ। ਮੇਰੀ ਬੰਜਰ ਰੂਹ ਦੀ ਬੇ-ਆਬਾਦ ਧਰਤੀ ਉਪਰ ਕਈ ਸਾਲਾਂ ਤੋਂ ਇਹ ਅੰਮ੍ਰਿਤ ਬਰਸਦਾ ਆ ਰਿਹਾ ਸੀ। ਮਹਾਨ ਮਾਰਕਸ, ਲੈਨਿਨ ਤੇ ਮਾਉ ਜ਼ੇ ਤੁੰਗ ਨੇ ਜਿਸ ਸਮਾਜ ਦੀ ਸਿਰਜਣਾ ਦਾ ਮਾਡਲ ਪੇਸ਼ ਕੀਤਾ- ਸ਼ਾਇਦ ਇਹੋ ਜਿਹੇ ਵਿਅਕਤੀ ਹੀ ਉਸਦਾ ਨਮੂਨਾ ਬਣਨਗੇ। ਇੰਨੇ ਸੁਖਾਵੇਂ ਰਿਸ਼ਤੇ ਕਿਸੇ ਸੁਹਣੇ ਸਮਾਜ ਦੀ ਪੈਦਾਵਾਰ ਹੀ ਹੋ ਸਕਦੇ ਹਨ। ਅਜੇ ਤਾਂ ਇਹ ਚਿੱਕੜ ਵਿਚ ਉਗੇ ਕੰਵਲ ਦੇ ਇਕੱਲੇ ਇਕਹਿਰੇ ਫੁੱਲ ਦੇ ਸਮਾਨ ਹੀ ਸਨ।

ਚੰਡੀਗੜ੍ਹੋਂ ਮੈਨੂੰ ਸੁਨੇਹਾਂ ਆਇਆ ਕਿ ਬੇਬੇ ਨੂੰ ਬਹੁਤ ਫ਼ਰਕ ਪੈ ਗਿਆ ਹੈ ਤੇ ਮੈਨੂੰ ਹਦਾਇਤ ਕੀਤੀ ਗਈ ਸੀ ਕਿ ਮੈਂ ਛੇਤੀ ਪਹੁੰਚਾਂ ਤਾਂ ਜੋ ਮੈਂ ਬੇਬੇ ਨੂੰ ਸਾਂਭਾਂ ਤੇ ਬਾਕੀ ਲੋਕ ਸਾਮਾਨ ਆਦਿ ਢੋ ਸਕਣ। ਇਹ ਕਿਵੇਂ ਹੋ ਸਕਦਾ ਸੀ ਕਿ ਮੈਂ ਪਟਿਆ.ਲੇ ਦੇ ਭਰਾ ਭਰਜਾਈ ਦੇ ਕੋ.ਲੋਂ ਲੰਘ ਜਾਂਦਾ। ਰਾਤ ਰਹਿ ਕੇ ਜਦੋਂ ਮੈਂ ਚੰਡੀਗੜ੍ਹ ਨੂੰ ਰਵਾਨਾ ਹੋਣ ਲੱਗਿਆ ਤਾਂ ਦੋਹਾਂ ਨੇ ਮੈਨੂੰ ਤਾਕੀਦ ਕੀਤੀ ਕਿ ਮੁੜਦਾ ਹੋਇਆ ਮੈਂ ਮਾਂ ਨੂੰ ਮਿ.ਲਾ ਕੇ ਲਿਜਾਵਾਂ।

ਮੈਂ ਬੇਫ਼ਿਕਰੀ ਨਾ.ਲ ਬੇਬੇ ਨੂੰ ਪਟਿਆ.ਲੇ ਉਤਾਰ ਲਿਆ। ਦੋਹਾਂ ਜੀਆਂ ਨੇ ਮਾਂ ਨੂੰ ਅੱਖਾਂ 'ਤੇ ਬਿਠਾ ਲਿਆ। ਬੜੀ ਖ਼ਾਤਰ ਕੀਤੀ। ਬੱਚੇ ਵੀ ਜਿਵੇਂ ਕਿਸੇ ਪੇਂਡੂ ਬਜ਼ੁਰਗ ਔਰਤ ਦੀ ਛੁਹ ਲਈ ਤਰਸੇ ਪਏ ਸਨ। ਤਿੰਨੋ ਹੀ ਬੇਬੇ ਦੇ ਨਾ.ਲ ਆ ਪਏ ਜਿਵੇਂ ਚਿਰਾਂ ਤੋਂ ਵਾਕਫ਼ ਹੋਣ ਜਾਂ ਇਹ ਉਨ੍ਹਾਂ ਦੀ ਹੀ ਸਕੀ ਦਾਦੀ ਹੋਵੇ। ਵੇਖ-ਵੇਖ ਕੇ ਮੈਂ ਦੂਣਾ-ਚੌਣਾ ਹੋਈ ਜਾਵਾਂ।

ਰੋਟੀ-ਟੁੱਕ ਖਾਂਦਿਆਂ ਸਹਿਵਨ ਹੀ ਭਰਜਾਈ ਨੇ ਬਿਮਾਰੀ ਬਾਰੇ ਪੁੱਛ ਲਿਆ ਤੇ ਮੈਂ ਭੋ.ਲੇਪਣ ਵਿਚ ਦੱਸ ਦਿਤਾ ਕਿ ਮਾਂ ਨੂੰ ਅੰਤੜੀਆਂ ਦੀ ਤਪਦਿਕ ਹੈ। ਡਾਕਟਰਾਂ ਨੇ ਸਾਨੂੰ ਦੱਸਿਆ ਸੀ ਕਿ ਅੰਤੜੀਆਂ ਦੀ ਟੀ. ਬੀ. ਦਾ ਪਰਿਵਾਰ ਦੇ ਕਿਸੇ ਜੀਅ ਨੂੰ ਕੋਈ ਖ਼ਤਰਾ ਨਹੀਂ। ਮੈਂ ਤਾਂ ਇਹ ਕਲਪਣਾ ਹੀ ਨਾ ਕਰ ਸਕਿਆ ਕਿ 'ਤਪਦਿਕ' ਸ਼ਬਦ ਏਨਾ ਬਿਖੇੜਾ ਖੜ੍ਹਾ ਕਰ ਦੇਵੇਗਾ। ਸੁਣਦੇ ਸਾਰ ਦੋਹਾਂ ਜੀਆਂ ਨੇ ਬੱਚਿਆਂ ਨੂੰ ਮਾਂ ਤੋਂ ਵੱਖ ਕਰ ਦਿੱਤਾ। ਵੇਖਦਿਆਂ-ਵੇਖਦਿਆਂ ਹੀ ਘਰ ਦਾ ਮਾਹੌਲ ਤਣਾਅ ਭਰਿਆ ਹੋ ਗਿਆ। ਕੀ ਪਤਾ ਸੀ ਕਿ 'ਤਪਦਿਕ' ਸ਼ਬਦ ਐਟਮ ਬੰਬ ਦੀ ਤਰ੍ਹਾਂ ਫਟੇਗਾ ਤੇ ਇਸ ਸ਼ਹਿਦ ਵਰਗੇ ਰਿਸ਼ਤੇ ਦੇ ਚੀਥੜੇ ਉਡਾ ਦੇਵੇਗਾ।

'ਜੇ ਮਾਂ ਜੀ ਦੀ ਏਨੀ ਭਿਆਨਕ ਬਿਮਾਰੀ ਦਾ ਪਤਾ ਲੱਗ ਗਿਆ ਸੀ ਤਾਂ ਇਥੇ ਨਹੀਂ ਸੀ ਲਿਆਉਣਾ। ਆਖ਼ਰ ਅਸੀਂ ਵੀ ਬਾਲ-ਬੱਚੇਦਾਰ ਆਂ।' ਦੂਜੇ ਕਮਰੇ ਵਿਚ ਲਿਜਾ ਕੇ ਇਤਰਾਜ਼ ਮੇਰੀ ਹਥੇਲੀ 'ਤੇ ਪਰੋਸ ਦਿੱਤਾ ਗਿਆ। ਮੈਂ ਸਫ਼ਾਈ ਦਿੱਤੀ ਅਤੇ ਡਾਕਟਰਾਂ ਦੀ ਰਾਇ ਤੋਂ ਜਾਣੂ ਕਰਾਉਣ ਦਾ ਯਤਨ ਕੀਤਾ ਪਰ ਹੁਣ ਇਸਦਾ ਕੋਈ ਅਸਰ ਨਹੀਂ ਸੀ ਹੋਣਾ ਕਿਉਂਕਿ 'ਤਪਦਿਕ' ਸ਼ਬਦ ਹੀ ਆਪਣੇ ਆਪ ਵਿਚ ਬਹੁਤ ਖ਼ਤਰਨਾਕ ਸੀ-ਅਛੂਤ ਜਿਸਨੂੰ ਛੁਹਿਆ ਨਹੀਂ ਸੀ ਜਾ ਸਕਦਾ। ...ਤੇ ਬੱਸ ਜਿਵੇਂ ਇਸ ਰਿਸ਼ਤੇ ਦੀ ਮੌਤ ਹੋ ਗਈ। ਮੌਤ!... ਪਰ ਮੈਂ ਇਸ ਨੂੰ ਕਿਵੇਂ ਸਵੀਕਾਰ ਕਰਦਾ? ਕਿਸੇ ਨਾ.ਲੋਂ ਟੁੱਟਣਾ ਕੋਈ ਸੌਖਾ ਹੁੰਦੈ? ਮੈਂ ਉਦੋਂ ਤੋਂ ਹੀ ਜਿਵੇਂ ਇਸ ਰਿਸ਼ਤੇ ਦੇ ਸਿਵੇ ਦੀ ਰਾਖ ਵਿਚੋਂ ਉਸ ਰਿਸ਼ਤੇ ਦੀਆਂ ਅੱਜ ਤਕ ਅਸਥੀਆਂ ਢੂੰਡ ਰਿਹਾ ਹਾਂ।

ਮਾਂ ਦੇ ਪੈਨਿਸਲੀਨ ਦੇ ਨੱਬੇ ਟੀਕੇ ਲੱਗ ਗਏ। ਹਰ ਰੋਜ਼ ਇਕ ਗੋਲੀ ਐਸੋਨੈਕਸ, ਦੋ ਚਮਚ ਪਾਸ ਅਤੇ ਵਿਟਾਮਨ ਬੀ ਕੰਪਲੈਕਸ ਦੀ ਬੱਝਵੀਂ ਖ਼ੁਰਾਕ ਤਿੰਨ ਸਾਲ ਖਾਣੀ ਪੈਣੀ ਸੀ ਬਿਲਾ ਨਾਗਾ। ਸਭ ਕੁੱਝ ਮਾਂ ਨੂੰ ਸਮਝਾ ਦਿੱਤਾ ਸੀ। ਘਰ ਵਿਚ ਮੈਂ ਵੱਡਾ ਖੁੱਡਾ ਬਣਾ ਕੇ ਬਹੁਤ ਸਾਰੀਆਂ ਦੇਸੀ ਮੁਰਗੀਆਂ ਰੱਖ ਲਈਆਂ। ਮਸ਼ੀਨਾਂ ਰਾਹੀਂ ਪੈਦਾ ਕੀਤੇ ਬੱਚੇ ਵੀ ਪਾਲਣ ਦਾ ਯਤਨ ਕੀਤਾ ਪਰ ਪੰਦਰਾਂ ਕੁ ਦਿਨਾਂ ਵਿਚ ਲਾ.ਲਾਂ ਜਿਹੀਆਂ ਛੱਡ ਕੇ ਫੁੜਕ ਜਾਂਦੇ। ਫਿਰ ਇਕ ਮੁਰਗੀ ਤੋਂ ਬੱਚੇ ਕਢਾਏ ਤੇ ਮਸ਼ੀਨ ਨਾ.ਲ ਕੱਢੇ ਸ਼ਹਿਰੋਂ ਲਿਆਂਦੇ ਚੂਚੇ ਵੀ ਰਾਤ ਨੂੰ ਧੋਖੇ ਨਾ.ਲ ਉਹਦੇ ਖੰਭਾਂ ਹੇਠ ਰੱਖ ਕੇ ਤਜਰਬਾ ਕੀਤਾ, ਜੋ ਸਫ਼ਲ ਹੋ ਗਿਆ। ਮੁਰਗੀ ਨੇ ਚੂਚਿਆਂ ਨੂੰ ਅਪਣਾ ਲਿਆ। ਘਰ ਵਿਚ ਆਂਡੇ ਆਮ ਹੋ ਗਏ। ਮਾਂ ਲਈ ਆਂਡਾ ਤੇ ਦੁੱਧ ਜ਼ਰੂਰੀ ਸੀ।

ਮਾਂ ਆਂਡੇ ਖਾਂਦੀ ਵੀ ਤੇ ਵੇਚਣ ਵੀ ਲੱਗ ਪਈ। ਘਰ ਦੀਆਂ ਲੋੜਾਂ ਜੋ ਮੂੰਹ ਅੱਡੀ ਰਖਦੀਆਂ ਸਨ। ਮੈਂ ਹਰ ਮਹੀਨੇ ਪਾਸ ਦੀਆਂ ਚਾਰ ਡੱਬੀਆਂ, ਤੀਹ ਗੋਲੀਆਂ ਐਸੋਨੈਕਸ ਤੇ ਵਿਟਾਮਨ ਦੀਆਂ ਗੋਲੀਆਂ ਦੀ ਡੱਬੀ ਮਾਂ ਦੇ ਹਵਾਲੇ ਕਰ ਜਾਂਦਾ-'ਦੇਖ ਮਾਂ ਬਗੈਰ ਨਾਗਾ ਪਾਏ ਇਹ ਦੁਆਈ ਖਾਣੀ ਪਊ। ਆਂਡੇ ਤੇ ਦੁੱਧ 'ਤੇ ਵੀ ਜ਼ੋਰ ਰੱਖੀਂ।' ਮੈਂ ਕਰੜਾਈ ਨਾ.ਲ ਕਹਿ ਜਾਂਦਾ ਸਾਂ। ਜਦ ਵੀ ਆਉਂਦਾ ਫ.ਲ-ਫਰੂਟ ਵੀ ਲੈ ਆਉਂਦਾ। ਤਕਰੀਬਨ ਸਾਲ ਬੀਤ ਗਿਆ ਸੀ। ਮਾਂ ਦੀ ਸਿਹਤ ਵਿਚ ਉਮੀਦੋਂ ਵੱਧ ਸੁਧਾਰ ਹੋ ਰਿਹਾ ਸੀ। ਸਭ ਪਾਸਿਓਂ ਉਸਨੂੰ ਵਧਾਈਆਂ ਮਿ.ਲਣ ਲੱਗੀਆਂ ਸਨ—'ਮੇਰਾ ਪੁੱਤ ਅਤਰ ਸਿਉਂ ਬਥੇਰਾ ਸਲੱਗ ਹੈ। ਬੁੱਕਾਂ ਦੇ ਬੁੱਕ ਪੈਸੇ ਰੋੜ੍ਹੀ ਜਾਂਦੈ ਮੇਰੇ 'ਲਾਜ 'ਤੇ।' ਮਾਂ ਮੇਰੀ ਸਿਫ਼ਤ ਕਰਦੀ ਤੇ ਮੈਂ ਹੁੱਬ ਜਾਂਦਾ-'ਜੇ ਮੇਰੀ ਇਕ ਗੱਲ ਮੰਨ ਲੇ ਨਾ ਹੁਣ...ਬੱਸ ਨੂੰਹ ਲਿਆ ਦੇਵੇ ਮੇਰੇ ਬੈਠੀ-ਬੈਠੀ।' ਪਤਾ-ਸੁਤਾ ਲੈਣ ਆਈਆਂ ਔਰਤਾਂ ਕੋ.ਲ ਕੀਤਾ ਇਹ ਸ਼ਿਕਵਾ ਮੈਂ ਅਨੇਕ ਵਾਰ ਸੁਣਿਆ।

ਇਕ ਵਾਰ ਤਨਖ਼ਾਹ ਮਿ.ਲਣ 'ਤੇ ਜਦ ਮੈਂ ਮਹੀਨੇ ਦੀ ਦੁਆਈ ਲੈ ਕੇ ਪਿੰਡ ਆਇਆ ਤਾਂ ਕੀ ਵੇਖਦਾ ਹਾਂ ਕਿ ਪਿਛਲੇ ਕਮਰੇ ਦੀ ਟਾਂਡ (ਸ਼ੈਲਫ਼) 'ਤੇ ਦੋ ਪਾਸ ਦੀਆਂ ਡੱਬੀਆਂ ਤੇ ਕੁਝ ਗੋ.ਲੀਆਂ ਬਚੀਆਂ ਪਈਆਂ ਸਨ।

'ਬੇਬੇ ਆਹ ਹੋਰ ਦੁਆਈ ਕਾਹਨੂੰ ਮੰਗਾਉਣੀ ਸੀ। ਮੈਂ ਲੈ ਤਾਂ ਆਇਆਂ।' ਮੈਂ ਬੇਬੇ ਕੋ.ਲ ਜਾ ਕੇ ਪੁਛਦਾ ਹਾਂ।

'ਪੁੱਤ ਮੈਂ ਖ਼ੁਰਾਕ ਅੱਧੀ ਕਰ 'ਤੀ ਦੁਆਈ ਦੀ। ਹੁਣ ਮੈਂ ਰਾਜ਼ੀ ਆਂ ਸੁਖ ਨਾ.ਲ।'

'ਬੇਬੇ ਤੂੰ ਚੰਗਾ ਨਹੀਂ ਕੀਤਾ। ਇਹ ਤਾਂ ਬਹੁਤ ਮਾੜਾ ਕੀਤਾ ਮਾਂ। ਕਰੀ ਕੱਤਰੀ ਖੇਹ ਵਿਚ ਪੈ ਸਕਦੀ ਹੈ।' ਮੇਰੇ ਕੋ.ਲੋਂ ਔਖ ਛੁਪਾਈ ਨਹੀਂ ਸੀ ਜਾ ਰਹੀ।

'ਪੁੱਤ ਕੀ ਕਰਦੀ? ਤੂੰ ਤਾਂ ਬੁੱਕਾਂ ਦੇ ਬੁੱਕ ਪੈਸੇ ਰੋੜ੍ਹੀ ਜਾਨੈਂ। ਉਹ ਫੌਜੀ ਰੰਨ ਨੂੰ ਤਾਂ ਪੈਸੇ ਭੇਜੀ ਜਾਂਦੈ ਤੈਨੂੰ ਥੋੜ੍ਹੀ ਬਹੁਤੀ ਪੜਗਾਹ ਕਿਉਂ ਨੀ ਲਾਉਂਦਾ? ਚੰਦਰੇ ਨੇ ਕਦੇ ਖੋਟਾ ਸਿੱਕਾ ਈ ਵਗਾਹਿਆ ਹੋਵੇ ਏਧਰ।' ਉਸਨੇ ਆਪਣੀ ਗੋਰੀ ਚਿੱਟੀ ਨੂੰਹ ਵੱਲ ਇਸ਼ਾਰਾ ਕੀਤਾ-'ਹੁਣ ਆ ਗਈ ਮੇਰੇ ਰਾਜ਼ੀ ਹੋਣ 'ਤੇ ਛਾਉਣੀ 'ਚੋਂ ਵਾਪਸ।' ਮਾਂ ਤਾਂ ਦੁੱਖੜਿਆਂ ਨਾਲ ਦਾਣਿਆਂ ਦੀ ਬੁਖਾਰੀ ਵਾਂਗ ਭਰੀ ਪਈ ਸੀ ਜਿਵੇਂ ਉਹ ਆਪਣੇ ਸਾਰੇ ਦੁਖੜੇ ਅੱਜ ਹੀ ਮੇਰੇ ਮੂਹਰੇ ਢੇਰੀ ਕਰ ਦੇਣੇ ਚਾਹੁੰਦੀ ਸੀ।

ਬਾਈ ਨਛੱਤਰ ਦੀ ਮਾਸੀ ਦੀ ਧੀ ਬਲਵੰਤ ਕੌਰ ਪ੍ਰੀਤਮ ਸਿੰਘ ਸਮਾਣਾ, ਡਿਪਟੀ ਸਪੀਕਰ ਪੈਪਸੂ ਸਰਕਾਰ ਗਿਆਨ ਸਿੰਘ ਰਾੜੇਵਾ.ਲਾ ਨਾ.ਲ ਵਿਆਹੀ ਸੀ। ਦੁਹਾਂ 'ਤੇ ਹੀ ਰੂਪ ਡੁੱਲ੍ਹ-ਡੁੱਲ੍ਹ ਪੈਂਦਾ ਸੀ। ਲਗਦਾ ਹੀ ਨਹੀਂ ਸੀ ਕਿ ਉਹ ਰਾਮਦਾਸੀਆ ਭਾਈਚਾਰੇ ਦੇ ਜੰਮਪਲ ਹਨ। ਰਾਜਕੁਮਾਰ ਤੇ ਰਾਜਕੁਮਾਰੀ ਹੀ ਲਗਦੇ ਸਨ। ਬਾਈ ਨਛੱਤਰ ਦੇ ਮੁੰਡਿਆਂ ਦੇ ਵਿਆਹ ਵਿਚ ਉਨ੍ਹਾਂ ਦੇ ਦਰਸ਼ਨ ਕਰਕੇ ਮੈਂ ਵੀ ਫਖ਼ਰ ਦੇ ਸਾਗਰ ਵਿਚ ਤੈਰਨ ਲੱਗਿਆ ਸਾਂ ਪਰ ਉਦੋਂ ਚਿੱਤ ਬਹੁਤ ਭੈੜਾ ਹੋਇਆ ਸੀ ਜਦੋਂ ਮੈਂ ਵੇਖਿਆ ਕਿ ਸਾਡੀ ਭਰਜਾਈ ਹਮੀਰ ਕੁਰ ਵਲੋਂ ਕੱਚੇ ਘਰ ਵਿਚ ਵਿਛਾਏ ਨਵੇਂ ਨਕੋਰ ਬਿਸਤਰੇ 'ਤੇ ਪ੍ਰੀਤਮ ਸਿੰਘ ਨਹੀਂ ਸੀ ਬੈਠਾ। ਜਿੰਨਾ ਚਿਰ ਉਨ੍ਹਾਂ ਦੇ ਘਰ ਰਿਹਾ ਬੱਸ ਖੜ੍ਹਾ ਹੀ ਰਿਹਾ ਸੀ। ਪਾਣੀ ਵੀ ਨਹੀਂ ਸੀ ਪੀਤਾ, ਉਨ੍ਹਾਂ ਦੇ ਘਰੋਂ।

'ਚਲੋ ਮਾਸਟਰ ਜੀ, ਓਧਰ ਚਲਦੇ ਆਂ।' ਉਹ ਮੇਰੇ ਨਾ.ਲ ਸਾਡੇ ਘਰ ਵੱਲ ਤੁਰ ਪਿਆ। ਉਨ੍ਹੀਂ ਦਿਨੀਂ ਤਕਰੀਬਨ ਸੋ.ਲਾਂ ਕੁ ਸੌ ਰੁਪਿਆ ਖ਼ਰਚ ਕੇ ਮੈਂ ਬਹੁਤ ਹੀ ਸੁਹਣੀ ਬੈਠਕ ਪਾਈ ਹੋਈ ਸੀ, ਜਿਸ ਵਿਚ ਲੱਕੜ ਦੇ ਚੌੜੇ ਤਖ਼ਤਪੋਸ਼ ਉਪਰ ਨਵਾਂ-ਨਕੋਰ ਬਿਸਤਰਾ ਵਿਛਿਆ ਰਹਿੰਦਾ ਸੀ। ਉਸਨੇ ਮੇਰੀ ਬੈਠਕ ਵਿਚ ਉਤਾਰਾ ਕੀਤਾ। ਉਸਨੇ ਚਾਹ-ਪਾਣੀ ਵੀ ਇੱਧਰ ਮੇਰੇ ਕੋ.ਲ ਹੀ ਪੀਤਾ। ਦੁਪਹਿਰ ਤੋਂ ਬਾਅਦ ਸ਼ਗਨ ਦੇ ਕੇ ਬਲਵੰਤ ਨੂੰ ਨਾ.ਲ ਲੈ ਕੇ ਉਹ ਚਲਦਾ ਬਣਿਆ। ਰਿਸ਼ਤੇਦਾਰੀ ਸੁਆਹ ਖੇਹ!!!

ਬਾਈ ਨਛੱਤਰ ਨੂੰ ਇਸ ਵਰਤਾਰੇ ਦੇ ਬਾਵਜੂਦ ਬਹੁਤ ਮਾਣ ਸੀ ਕਿ ਉਸਦੇ ਭੈਣ-ਭਣੋਈਆ ਤਕੜੇ ਜਗੀਰਦਾਰ ਹਨ ਪਰ ਮੇਰੇ ਫਖ਼ਰ ਦਾ ਇਹ ਗੁਬਾਰਾ ਫੁਸਕ ਕਰਕੇ ਪਿਚਕ ਗਿਆ ਸੀ। ਦਲਿਤ ਚਿੰਤਨ ਦਾ ਉਦੋਂ ਬੀਜ ਨਹੀਂ ਸੀ ਫੁੱਟਿਆ ਤਾਂ ਵੀ ਮੇਰੇ ਮਨ ਵਿਚ ਇਹ ਚੇਤਨਾ ਵਿਕਸਤ ਹੋ ਚੁੱਕੀ ਸੀ ਕਿ ਜਾਤ ਦਰ ਜਾਤ ਦਾ ਇਹ ਵਰਤਾਰਾ ਲੁੱਟ ਪ੍ਰਧਾਨ ਸਮਾਜ ਦੀ ਹੀ ਦੇਣ ਹੈ। ਸਰਕਾਰ ਵਿਚ ਪੁਜਤ ਹੋਣ ਕਰ ਕੇ ਪ੍ਰੀਤਮ ਸਿੰਘ ਉਪਰਲੇ ਜੋੜਾਂ ਵਿਚ ਅੱਪੜ ਗਿਆ ਸੀ ਤੇ ਹੇਠਾਂ ਰਹਿ ਗਏ ਲੋਕ ਉਸ ਲਈ ਕੋਈ ਅਹਿਮੀਅਤ ਨਹੀਂ ਸੀ ਰਖਦੇ।

ਚੰਡੀਗੜ੍ਹ ਚੈਕਿੰਗ ਕਰਵਾ ਕੇ ਅਸੀਂ ਵਾਪਸ ਆ ਰਹੇ ਸਾਂ ਕਿ ਸੰਗਰੂਰ ਆ ਕੇ ਬੇਬੇ ਨੇ ਚਿੱਤ ਵਿਚ ਦਬਾ ਕੇ ਰੱਖੀ ਇੱਛਾ ਜ਼ਾਹਰ ਕਰ ਦਿੱਤੀ, 'ਪੁੱਤ ਆਪਾਂ ਬਲਵੰਤ ਨੂੰ ਈ ਮਿ.ਲ ਚੱਲੀਏ।' ਮੇਰੀ ਕੋਈ ਇੱਛਾ ਨਹੀਂ ਸੀ ਪਰ ਮੈਂ ਮਾਂ ਦੇ ਜਜ਼ਬਾਤਾਂ ਨੂੰ ਠੇਸ ਨਹੀਂ ਸੀ ਪਹੁੰਚਾਉਣੀ ਚਾਹੁੰਦਾ। ਪਟਿਆ.ਲੇ ਦਸਦੀ ਤਾਂ ਉਥੋਂ ਸਮਾਣੇ ਲਈ ਜ਼ਿਆਦਾ ਠੀਕ ਰਹਿਣਾ ਸੀ। ਖੈਰ ਸੰਗਰੂਰ ਤੋਂ ਅਸੀਂ ਸਮਾਣੇ ਬਲਵੰਤ ਕੌਰ (ਭੈਣ!) ਦੀ ਕੋਠੀ ਪਹੁੰਚ ਗਏ। ਇਸ ਪਰਿਵਾਰ ਦੇ ਰਹਿਣ-ਸਹਿਣ ਨੂੰ ਵੇਖ ਕੇ ਲਗਦਾ ਹੀ ਨਹੀਂ ਸੀ ਕਿ ਉਹ ਸਾਡੇ ਰਿਸ਼ਤੇਦਾਰ ਹਨ। ਇਹੋ ਜਿਹੇ ਲੋਕ ਸਾਡੇ ਕਿਵੇਂ ਹੋਏ? ਬਾਈ ਨਛੱਤਰ ਨੇ ਆਪਣਾ ਇਕ ਲੜਕਾ ਨਿਰਭੈ ਏਥੇ ਕੰਮ-ਕਾਰ ਲਈ ਛੱਡਿਆ ਹੋਇਆ ਸੀ 'ਭੈਣ' ਬਲਵੰਤ ਕੌਰ (ਭੂਆ!) ਦਾ ਲਾਡਲਾ ਭਤੀਜਾ। ਸਾਨੂੰ ਸਲੀਕੇ ਨਾ.ਲ ਚਾਹ ਦੇ ਕੇ ਉਸ ਨੇ ਨਿਰਭੈ ਨੂੰ ਆਵਾਜ਼ ਦਿੱਤੀ-

'ਵੇ ਨਿਰਭੈ! ਲਿਆ ਵੇ ਆਪਣੀ ਬਾਟੀ। ਤੂੰ ਵੀ ਚਾਹ ਪੀ ਲੈ।' ਨਿਰਭੈ ਕੁਤਰੇ ਵਾਲੀ ਮਸ਼ੀਨ ਕੋ.ਲ ਬਣੇ ਆ.ਲੇ

*(ਬਾਕੀ ਅਗਲੇ ਸਫੇ 'ਤੇ)*

# 'ਜੋਬਨ ਰੁੱਤੇ ਜੋ ਵੀ ਮਰਦਾ, ਫੁੱਲ ਬਣੇ ਜਾਂ ਤਾਰਾ'

ਜੋਬਨ ਰੁੱਤੇ ਜੋ ਵੀ ਮਰਦਾ, ਫੁੱਲ ਬਣੇ ਜਾਂ ਤਾਰਾ।
ਜੋਬਨ ਰੁੱਤੇ ਆਸ਼ਿਕ ਮਰਦੇ ਜਾਂ ਕੋਈ ਕਰਮਾਂ ਵਾਲਾ।

ਜ਼ਿੰਦਗੀ ਦੇ ਅਜਿਹੇ ਸੱਚ ਨੂੰ ਆਪਣੀ ਕਵਿਤਾ ਵਿਚ ਲਿਖਣ ਵਾਲਾ ਖੁਦ ਹੀ ਆਪਣੀਆਂ ਲਿਖੀਆਂ ਸਤਰਾਂ ਨਾਲ ਵਫਾ ਨਿਭਾਉਂਦਿਆਂ ਸੱਚੀਂ ਜੋਬਨ ਰੁੱਤੇ 6 ਮਈ 1973 ਨੂੰ ਇਸ ਦੁਨੀਆ 'ਤੋਂ ਆਪਣੇ ਚਾਹੁਣ ਵਾਲਿਆਂ ਨੂੰ ਹਮੇਸ਼ਾ ਲਈ

**ਸ. ਸੁਖਚੈਨ ਸਿੰਘ ਕੁਰੜ**

'ਅਲਵਿਦਾ' ਕਹਿ ਗਿਆ।

ਇਸ ਤਰ੍ਹਾਂ ਅਲਵਿਦਾ ਕਹਿਣ ਵਾਲੀ ਇਹ ਰੂਹ ਸ਼ਿਵ, ਜਿਸ ਨੇ ਥੋੜ੍ਹੀ ਉਮਰ ਹੰਢਾਉਂਦਿਆਂ ਸਾਹਿਤਕ ਖੇਤਰ ਵਿਚ ਬਿਰਹਾ ਦੇ ਕਵੀ ਦੇ ਤੌਰ 'ਤੇ ਆਪਣੀ ਵੱਡੀ ਪਛਾਣ ਬਣਾਈ। ਉਸ ਦੇ ਦੁੱਖਾਂ ਦੀ ਗੱਲ ਕਰਦਿਆਂ ਸੰਤ ਸਿੰਘ ਸੇਖੋਂ ਲਿਖਦੇ ਹਨ ਕਿ 'ਸ਼ਿਵ ਕੁਮਾਰ ਦੇ ਦੁੱਖ ਉਥੋਂ ਸ਼ੁਰੂ ਹੁੰਦੇ ਹਨ, ਜਿਥੋਂ ਜੌਹਨ ਕੀਟਸ ਦੇ ਖਤਮ ਹੁੰਦੇ ਹਨ।'

ਸ਼ਿਵ ਕੁਮਾਰ ਦਾ ਜਨਮ 23 ਜੁਲਾਈ 1936 (ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪੁਸਤਕਾਂ ਮੁਤਾਬਕ 8 ਅਕਤੂਬਰ 1937ਈ.) ਨੂੰ ਜੰਮੂ-ਕਸ਼ਮੀਰ ਦੀ ਹੱਦ ਨਾਲ ਲੱਗਦੇ 'ਸ਼ਕਰਗੜ੍ਹ' ਤਹਿਸੀਲ ਦੇ ਬੜਾ ਪਿੰਡ ਲੋਹਟੀਆਂ (ਅੱਜਕਲ ਪਾਕਿਸਤਾਨ) ਵਿਚ ਹੋਇਆ। ਦੇਸ ਦੀ ਵੰਡ 'ਤੋਂ ਪਹਿਲਾਂ ਇਹ ਗੁਰਦਾਸਪੁਰ ਜ਼ਿਲ੍ਹੇ ਦਾ ਇੱਕ ਪਿੰਡ ਸੀ। ਉਸ ਦੇ ਪਿਤਾ ਪੰਡਤ ਕ੍ਰਿਸ਼ਨ ਗੋਪਾਲ, ਮਾਲ ਮਹਿਕਮੇ ਵਿਚ ਪਹਿਲਾਂ ਪਟਵਾਰੀ ਰਹੇ, ਬਾਅਦ ਵਿਚ ਕਾਨੂੰਗੋ ਅਤੇ ਸੇਵਾਮੁਕਤੀ ਵੇਲੇ ਪਟਵਾਰ ਸਕੂਲ ਬਟਾਲਾ ਦੇ ਪ੍ਰਿੰਸੀਪਲ ਸਨ। ਉਸ ਦੀ ਮਾਤਾ ਸ਼ਾਂਤੀ ਦੇਵੀ ਦੀ ਆਵਾਜ਼ ਬਹੁਤ ਸੁਰੀਲੀ ਸੀ, ਉਹੀ ਸੁਰੀਲਾਪਣ ਸ਼ਿਵ ਦੀ ਆਵਾਜ਼ ਵਿਚ ਵੀ ਸੀ।

ਸ਼ਿਵ ਕੁਮਾਰ ਨੇ ਮੁੱਢਲੀ ਪੜ੍ਹਾਈ ਬੜਾ ਪਿੰਡ 'ਲੋਹਤੀਆਂ' ਦੇ ਪ੍ਰਾਇਮਰੀ ਸਕੂਲ 'ਤੋਂ ਹਾਸਲ ਕੀਤੀ। ਸੰਨ 1953 ਵਿਚ ਸ਼ਿਵ ਨੇ 'ਸਾਲਵੇਸ਼ਨ ਆਰਮੀ ਹਾਈ ਸਕੂਲ' ਬਟਾਲਾ 'ਤੋਂ ਦਸਵੀਂ ਪਾਸ ਕੀਤੀ। ਉਸ ਦੇ ਪਿਤਾ ਉਸ ਨੂੰ ਪੜ੍ਹਾ-ਲਿਖਾ ਕੇ ਉੱਚ ਵਿੱਦਿਆ ਦਿਵਾ ਕੇ ਇਕ ਕਾਰੋਬਾਰੀ ਵਿਅਕਤੀ ਬਣਾਉਣਾ ਚਾਹੁੰਦੇ ਸਨ, ਪਰ ਉਨ੍ਹਾਂ ਨੂੰ ਨਿਰਾਸ਼ਾ ਹੀ ਮਿਲੀ ਕਿਉਂਕਿ ਦਸਵੀਂ ਤੋਂ ਬਾਅਦ ਅਗਲੇ ਦੋ ਸਾਲ ਦੌਰਾਨ ਬਿਨਾ ਕਿਸੇ ਡਿਗਰੀ ਪ੍ਰਾਪਤ ਕਰਨ ਦੇ ਉਸ ਨੇ ਤਿੰਨ ਵਾਰੀ ਕਾਲਜ ਬਦਲੇ। ਪਹਿਲਾਂ ਬੇਰਿੰਗ ਯੂਨੀਅਨ ਕ੍ਰਿਸਚੀਅਨ ਕਾਲਜ ਬਟਾਲਾ ਵਿਚ ਐੱਫ.ਐੱਸ.ਸੀ. ਵਿਚ ਦਾਖਲਾ ਲਿਆ ਅਤੇ ਇਮਤਿਹਾਨਾਂ 'ਤੋਂ ਪਹਿਲਾਂ ਹੀ ਕਾਲਜ ਛੱਡ ਦਿੱਤਾ। ਫਿਰ ਨਾਭੇ ਜਾ ਕੇ ਸਰਕਾਰੀ ਰਿਪੁਦਮਨ ਕਾਲਜ ਵਿਚ ਦਾਖਲ ਹੋਇਆ, ਪਰ ਕੁੱਝ ਹੀ ਮਹੀਨਿਆਂ ਪਿੱਛੋਂ ਮੁੜ ਆਇਆ ਅਤੇ ਆਰਟਸ ਵਿਸ਼ਿਆਂ ਨਾਲ ਸਿੱਖ ਨੈਸ਼ਨਲ ਕਾਲਜ, ਕਾਦੀਆਂ ਵਿਚ ਦਾਖਲਾ ਲੈ ਲਿਆ। ਉੱਥੇ ਵੀ ਇਮਤਿਹਾਨ ਨਾ ਦਿੱਤਾ ਅਤੇ ਸਾਲ ਬਾਅਦ ਇਹ ਕਾਲਜ ਛੱਡ ਕੇ ਬੈਜਨਾਥ ਜ਼ਿਲ੍ਹਾ ਕਾਂਗੜਾ ਦੇ ਇਕ ਸਕੂਲ ਵਿਚ ਓਵਰਸੀਅਰ ਦੇ ਕੋਰਸ ਵਿਚ ਦਾਖਲਾ ਲੈ ਲਿਆ। ਫਿਰ ਪਿਤਾ ਨੇ ਸ਼ਿਵ ਕੁਮਾਰ ਨੂੰ ਪਟਵਾਰੀ ਲਵਾ ਦਿੱਤਾ, ਪਰ 1961 ਵਿਚ ਉਸ ਨੇ ਇਸ ਨੌਕਰੀ 'ਤੋਂ ਵੀ ਅਸਤੀਫ਼ਾ ਦੇ ਦਿੱਤਾ ਅਤੇ 1966 ਤੱਕ ਬੇਰੁਜ਼ਗਾਰ ਹੀ ਰਿਹਾ। ਪਿਤਾ ਕੋਲੋਂ ਉਹ ਕੋਈ ਖ਼ਰਚਾ ਨਹੀਂ ਸੀ ਲੈਂਦਾ। ਕਦੀ-ਕਦਾਈਂ ਕਵੀ ਦਰਬਾਰਾਂ ਵਿਚ ਅਪਣੀਆਂ ਕਵਿਤਾਵਾਂ ਪੜ੍ਹਨ ਦੇ ਸੇਵਾ ਫਲ ਜਾਂ ਕੁੱਝ ਛਪ ਚੁੱਕੀਆਂ ਕਿਤਾਬਾਂ ਦੀ ਨਿਗੂਣੀ ਜਿਹੀ ਰਾਇਲਟੀ 'ਤੇ ਹੀ ਗੁਜ਼ਾਰਾ ਕਰਦਾ ਸੀ। ਕਈ-ਕਈ ਦਿਨ ਉਹ ਦੋਸਤਾਂ-ਯਾਰਾਂ ਦੇ ਘਰੀਂ ਹੀ ਰਹਿੰਦਾ। ਆਖਰ 1966 ਵਿਚ ਰੋਜ਼ੀ-ਰੋਟੀ ਦੇ ਉਪਰਾਲੇ ਵਜੋਂ ਉਸ ਨੇ 'ਸਟੇਟ ਬੈਂਕ ਆਫ ਇੰਡੀਆ' ਦੀ ਬਟਾਲਾ ਬ੍ਰਾਂਚ ਵਿਚ ਕਲਰਕ ਦੀ ਨੌਕਰੀ ਲੈ ਲਈ।



5 ਫਰਵਰੀ 1967 ਨੂੰ ਉਸਦਾ ਵਿਆਹ ਅਰੁਣਾ ਨਾਲ ਹੋਇਆ, ਉਨ੍ਹਾਂ ਦੇ ਦੋ ਬੱਚੇ ਪੁੱਤਰ ਮਿਹਰਬਾਨ ਤੇ ਧੀ ਪੂਜਾ ਹੋਏ। ਅਗਲੇ ਸਾਲ ਉਸਦੀ ਬਦਲੀ ਚੰਡੀਗੜ੍ਹ ਹੋ ਗਈ। ਇਸੇ ਸਾਲ ਹੀ ਸ਼ਿਵ ਨੂੰ ਉਸਦੀ ਸ਼ਾਹਕਾਰ ਕਾਵਿ-ਨਾਟਕ ਰਚਨਾ 'ਲੂਣਾ' ਲਈ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ। ਸਭ ਤੋਂ ਛੋਟੀ ਉਮਰੇ ਸਾਹਿਤ ਅਕਾਦਮੀ ਪੁਰਸਕਾਰ ਪ੍ਰਾਪਤ ਕਰਨ ਦਾ ਮਾਣ ਸ਼ਿਵ ਕੁਮਾਰ ਬਟਾਲਵੀ ਦੇ ਹਿੱਸੇ ਹੀ ਆਇਆ।

ਇਸ ਕਾਵਿ ਨਾਟਕ ਵਿਚ ਕਵੀ ਨੇ ਪਹਿਲੀ ਵਾਰ ਲੂਣਾ ਨੂੰ ਨਿਰਦੋਸ਼ ਸਾਬਤ ਕਰਨ ਦਾ ਸਫਲ ਯਤਨ ਕੀਤਾ।

'ਪੰਜਾਬੀ ਕਵੀਆਂ ਵਿਚੋਂ ਸ਼ਿਵ ਨੂੰ ਸਭ ਤੋਂ ਵੱਧ ਗਾਇਆ ਗਿਆ ਹੈ। ਮੁਹੰਮਦ ਰਫੀ, ਮਹਿੰਦਰ ਕਪੂਰ, ਜਗਜੀਤ ਸਿੰਘ, ਹੰਸ ਰਾਜ ਹੰਸ, ਜਗਜੀਤ ਜੀਰਵੀ, ਸ਼ਿੰਗਾਰਾ ਚਾਹਲ, ਆਸ਼ਾ ਭੌਂਸਲੇ, ਪੁਸ਼ਪਾ ਹੰਸ, ਸੁਰਿੰਦਰ ਕੌਰ ਆਦਿ ਗਾਇਕਾਂ ਨੇ ਗਾਇਆ ਹੈ। ਮੌਜੂਦਾ ਸਮੇਂ ਦੀ ਗਾਇਕੀ ਵਿਚ ਵੀ ਅਰਜਨ ਢਿੱਲੋਂ ਜਿਹੇ ਅੰਤਰਰਾਸ਼ਟਰੀ ਪੱਧਰ 'ਤੇ ਵੱਡੀ ਪਛਾਣ ਬਣਾ ਚੁੱਕੇ ਗਾਇਕ ਸ਼ਿਵ ਦੇ ਗੀਤ ਗਾਉਂਦਿਆਂ ਮਾਣ ਮਹਿਸੂਸ ਕਰਦੇ ਹਨ।

ਬਲਵੰਤ ਗਾਰਗੀ ਦੇ ਨਾਟਕ 'ਗਗਨ ਮਹਿ ਥਾਲ' ਦੇ ਗੀਤ ਵੀ ਸ਼ਿਵ ਨੇ 'ਗੁਰੂ ਨਾਨਕ ਸ਼ਤਾਬਦੀ' ਮੌਕੇ ਲਿਖੇ ਸੀ।

ਉਸ ਦੇ ਜਮਾਤੀ ਸ. ਭੁਪਿੰਦਰ ਸਿੰਘ ਮਾਨ ਅਤੇ ਡਾ. ਮ. ਸ. ਬਾਜਵਾ ਦੱਸਦੇ ਨੇ ਕਿ ਸ਼ਿਵ ਕੁਮਾਰ ਦੀ ਜ਼ਿੰਦਗੀ ਦਾ ਹਰ ਵਰਕਾ ਰਵਾਇਤੀ ਬੰਧਨਾਂ ਤੋਂ ਮੁਕਤ ਸੀ। ਉਹ ਰਿਸ਼ਤਿਆਂ-ਨਾਤਿਆਂ ਅਤੇ ਸੰਬੰਧਾਂ ਦੀ ਪਾਕੀਜ਼ਗੀ ਤੋਂ ਵਾਕਿਫ਼ ਹੁੰਦਾ ਹੋਇਆ ਵੀ ਸਾਰੇ ਬੰਧਨ ਤੋੜ ਦਿੰਦਾ। ਉਹ ਰਾਵੀ ਦਾ ਪੁੱਤਰ ਸੀ। ਉਸ ਨੂੰ ਦਰਿਆ ਦੇ ਅੱਥਰੇ ਵੇਗ ਦੀ ਗੁੜ੍ਹਤੀ ਸੀ।

ਸ਼ਿਵ ਬਾਰੇ ਗੱਲ ਕਰਦਿਆਂ ਹਰਭਜਨ ਬਾਜਵਾ ਦੱਸਦੇ ਹਨ ਕਿ ਜਦ ਕਵੀ ਦਰਬਾਰ ਲਗਦਾ ਤਾਂ ਸ਼ਿਵ ਨੂੰ ਉਦੋਂ ਹੀ ਕਵਿਤਾ ਬੋਲਣ ਲਈ ਆਖਿਆ ਜਾਂਦਾ ਜਦ ਕਵੀ ਦਰਬਾਰ ਸਮਾਪਤ ਹੋਣਾ ਹੋਵੇ, ਕਿਉਂਕਿ ਜੇਕਰ ਸ਼ਿਵ ਪਹਿਲਾਂ ਕਵਿਤਾ ਸੁਣਾ ਦਿੰਦਾ ਤਾਂ ਬਾਅਦ ਵਿਚ ਚਾਹੇ ਅੰਮ੍ਰਿਤਾ ਪ੍ਰੀਤਮ, ਮੋਹਨ ਸਿੰਘ ਕਵਿਤਾ ਗਾਉਣ ਪਰ ਸ਼ਿਵ ਦੀ ਕਵਿਤਾ ਅੱਗੇ ਉਨ੍ਹਾਂ ਦਾ ਰੰਗ ਫਿੱਕਾ ਪੈ ਜਾਂਦਾ। ਸ਼ਿਵ ਕੁਮਾਰ ਦੀ ਕਵੀ ਦਰਬਾਰ 'ਚ ਸਰਦਾਰੀ ਹੁੰਦੀ ਸੀ।

ਪੀੜਾਂ ਦਾ ਪਰਾਗਾ, ਲਾਜਵੰਤੀ, ਆਟੇ ਦੀਆਂ ਚਿੜੀਆਂ, ਮੈਨੂੰ ਵਿਦਾ ਕਰੋ, ਦਰਦਮੰਦਾਂ ਦੀਆਂ ਆਹੀਂ, ਬਿਰਹਾ ਤੂੰ ਸੁਲਤਾਨ, ਲੂਣਾ, ਮੈਂ ਤੇ ਮੈਨੂੰ, ਆਰਤੀ, ਬਿਰਹੜਾ ਆਦਿ ਉਸ ਦੀਆਂ ਮਹੱਤਵਪੂਰਨ ਕਾਵਿ ਪੁਸਤਕਾਂ ਹਨ। ਅਲਵਿਦਾ ਅਤੇ ਅਸਾਂ ਤਾਂ ਜੋਬਨ ਰੁੱਤੇ ਮਰਨਾ ਉਸ ਦੇ ਸੰਪਾਦਿਤ ਕਾਵਿ-ਸੰਗ੍ਰਹਿ ਹਨ।

ਸ਼ਿਵ ਦੀ ਗੱਲ ਕਰਦਿਆਂ ਉਹਦੇ ਲਿਖੇ ਰੇਖਾ ਚਿੱਤਰਾਂ ਬਾਰੇ ਵੀ ਸਾਂਝ ਬਣਾਉਣੀ ਜ਼ਰੂਰੀ ਹੈ। ਸ਼ਿਵ ਸ.ਸ. ਮੀਸ਼ਾ ਨੂੰ ਚਿਤਰਦਿਆਂ ਉਸ ਦੇ ਮੁਹਾਂਦਰੇ ਨੂੰ 'ਮੀਸਣੀ ਮੁਸਕਾਨ' ਦਾ ਨਾਂ ਦਿੰਦਾ ਹੈ। ਅਜੀਤ ਕੌਰ ਨੂੰ 'ਉਦਾਸ ਲਾਲਟੈਣ' ਦੱਸਦਾ ਹੈ ਅਤੇ ਮੋਹਨ ਭੰਡਾਰੀ ਨੂੰ ਬਹੁਤਾ ਗਰੀਬੜਾ ਜਿਹਾ ਪੇਸ਼ ਕਰਦਿਆਂ 'ਫੁਲਵਹਿਰੀ ਵਾਲੇ ਹੱਥ'' ਆਖਦਾ ਹੈ। ਸੱਜਣ ਦੱਸਦੇ ਨੇ ਕਿ ਸ਼ਿਵ ਕੁਮਾਰ ਨੂੰ ਭੰਡਾਰੀ ਵਾਲੇ ਰੇਖਾ ਚਿੱਤਰ ਬਾਰੇ ਆਖਰੀ ਵੇਲੇ ਤੀਕ ਪਛਤਾਵਾ ਰਿਹਾ ਕਿ ਮੈਂ ਉਸ ਨਾਲ ਧੱਕਾ ਕੀਤਾ ਹੈ।

1972 'ਚ ਡਾ. ਗੋਪਾਲਪੁਰ ਤੇ ਸ਼੍ਰੀਮਤੀ ਕੈਲਾਸ਼ਪੁਰੀ ਦੇ ਸੱਦੇ 'ਤੇ ਸ਼ਿਵ ਇੰਗਲੈਂਡ ਗਿਆ। ਜਦੋਂ ਉਹ ਇੰਗਲੈਂਡ ਪਹੁੰਚਿਆ ਤਾਂ ਉਸ ਦੀ ਆਮਦ ਅਖ਼ਬਾਰਾਂ ਦੀਆਂ ਸੁਰਖ਼ੀਆਂ ਬਣੀ। ਉਸ ਦੇ ਮਾਣ 'ਚ ਸਥਾਨਕ ਪੰਜਾਬੀ ਲੇਖਕਾਂ ਅਤੇ ਉਸ ਦੇ ਚਾਹੁਣ ਵਾਲਿਆਂ ਵੱਲੋਂ ਕਈ ਪਾਰਟੀਆਂ ਦਿੱਤੀਆਂ ਗਈਆਂ। ਇੰਗਲੈਂਡ 'ਚ ਉਸ ਦੀਆਂ ਗਤੀਵਿਧੀਆਂ ਭਾਰਤੀ ਮੀਡੀਆ ਅਤੇ ਬੀ.ਬੀ.ਸੀ. ਦੀਆਂ ਖ਼ਬਰਾਂ ਵੀ ਬਨਦੀਆਂ ਰਹੀਆਂ।

ਜਦੋਂ ਸ਼ਿਵ ਇੰਗਲੈਂਡ 'ਤੋਂ ਸਤੰਬਰ 1972 'ਚ ਵਾਪਸ ਆਇਆ, ਉਸ ਦੀ ਸਿਹਤ ਵਿਗੜਦੀ ਚਲੀ ਗਈ। ਕੁੱਝ ਮਹੀਨਿਆਂ ਬਾਅਦ ਹੀ ਉਸ ਦੀ ਸਿਹਤ ਬਹੁਤ ਜ਼ਿਆਦਾ ਵਿਗੜ ਗਈ। ਅਖੀਰ 6 ਮਈ 1973 ਨੂੰ ਇਹ ਬਿਰਹਾ ਦਾ ਕਵੀ ਹਮੇਸ਼ਾਂ ਲਈ ਆਪਣੇ ਚਾਹੁਣ ਵਾਲਿਆਂ ਨੂੰ ਵਿਦਾ ਕਹਿ ਗਿਆ।

## ਮੇਰੀ ਮਾਂ

*(ਪਿਛਲੇ ਸਫੇ ਦਾ ਬਾਕੀ)*

'ਚੋਂ ਆਪਣੀ ਬਾਟੀ ਲੈ ਕੇ ਮਸ਼ੀਨ ਦੇ ਕੋਲ ਹੀ ਭੁੰਞੇ ਬੈਠ ਗਿਆ। ਬਲਵੰਤ ਨੇ ਵੱਖਰੇ ਭਾਂਡੇ ਨਾਲ ਉਸਦੀ ਬਾਟੀ ਵਿਚ ਚਾਹ ਉਲੱਦ ਦਿੱਤੀ। ਮੇਰੇ ਜ਼ਿਹਨ ਨੂੰ ਨਫ਼ਰਤ ਅਤੇ ਗੁੱਸੇ ਦੀ ਇਕ ਲਹਿਰ ਚੀਰ ਕੇ ਲੰਘ ਗਈ।

ਕੁਤਰੇ ਵਾਲੀ ਮਸ਼ੀਨ ਕੋਲ ਬਣੇ ਆਲੇ ਵਿਚ ਪਈ ਬਾਟੀ ਅਤੇ ਦਿਹਾੜੀ ਜਾਂਦਿਆਂ ਪਰਨੇ ਦੇ ਲੜ ਬੰਨ੍ਹੀ ਬਾਟੀ ਮੇਰੇ ਤਾਂ ਮੌਰਾਂ ਵਿਚ ਡੰਗ ਮਾਰਦੀ ਰਹੀ ਸੀ। ਕੀ ਹੁਣ ਨਿਰਭੈ ਦੇ ਵੀ ਡੰਗ ਮਾਰ ਰਹੀ ਸੀ? ਕੀ ਉਸਦੇ ਮਨ ਵਿਚ ਵੀ ਉਸੇ ਤਰ੍ਹਾਂ ਦੀ ਹਿਲਜੁਲ ਹੋ ਰਹੀ ਸੀ ਜੋ ਮੇਰੇ ਮਨ ਵਿਚ ਹੁੰਦੀ ਰਹੀ ਸੀ? ਸ਼ਾਇਦ ਨਹੀਂ। ਰਾਜੇ-ਰਾਣਿਆਂ ਦੀ ਜੂਠ ਚੱਟ-ਚੱਟ ਕੇ ਅਮੀਰ ਬਣੇ ਇਸ ਪਰਿਵਾਰ ਵਿਚ ਉਹ ਜੂਠ ਚੱਟਣ ਲਈ ਹੀ ਵਿਚਰ ਰਿਹਾ ਸੀ, ਗੰਦੀ ਚਗਲੀ ਮੱਖੀ ਵਾਂਗ, ਮੈਲੇ ਕੁਚੈਲੇ ਲਿਬਾਸ ਵਿਚ ਸਜਿਆ-ਫਬਿਆ ਰਾਣੀ ਭੂਆ ਦਾ ਭਤੀਜਾ ਰਾਜਕੁਮਾਰ। ਸਿਰ ਦੇ ਵਾਲ ਜੁੱਟੀਆਂ ਬਣੇ ਹੋਏ- ਕੁਰਬਲ-ਕੁਰਬਲ ਕਰਦੀਆਂ ਜੂੰਆਂ।

'ਲੈ ਬੇਬੇ! ਏਸ ਘਰ 'ਚ ਮੇਰਾ ਇਹ ਪਹਿਲਾ ਤੇ ਆਖਰੀ ਫੇਰੈ। ਅੱਜ ਤੋਂ ਬਾਅਦ ਮੈਂ ਨਾ ਏਥੇ ਲੱਤ ਦੇਊਂ, ਕਦੇ ਵੀ।' ਰਾਤ ਨੂੰ ਸੌਂਦੇ ਵਕਤ ਮੈਂ ਬੇਬੇ ਨੂੰ ਸੁਣਾ ਦਿੱਤਾ।

ਕਨਿਸ਼ਕ ਹਵਾਈ ਹਾਦਸੇ ਵਿਚ ਜਦੋਂ ਉਨ੍ਹਾਂ ਦੇ ਤਿੰਨ ਬੱਚੇ ਖ਼ਤਮ ਹੋ ਗਏ ਮੈਂ ਤਦ ਵੀ ਨਹੀਂ ਗਿਆ। ਪਿਛਲੇ ਸਾਲ ਪਤਾ ਲੱਗਿਆ ਹੈ ਕਿ ਉਹ ਦੋਵੇਂ ਜੀਅ ਵੀ ਸੰਸਾਰ ਤੋਂ ਤੁਰ ਗਏ, ਮੈਂ ਨਹੀਂ ਗਿਆ। ਨਛੱਤਰ ਬਾਈ ਉਨ੍ਹਾਂ ਵੱਡਿਆਂ ਦੀ ਪੂੰਜ ਕੇ ਚਾਕਰੀ ਕਰਦਾ ਰਿਹੈ। ਉਹ ਦਾਅ ਖੇਡ ਰਿਹਾ ਸੀ ਕਿ ਕਿਵੇਂ ਨਾ ਕਿਵੇਂ ਉਹ ਪਿੰਡ ਵਾਲੀ ਜਾਇਦਾਦ ਸਾਰੀ ਨਹੀਂ ਤਾਂ ਅੱਧ-ਪਚੱਧ ਉਸਨੂੰ ਦੇ ਦੇਣ ਤੇ ਇਸ ਤਰ੍ਹਾਂ ਉਹ ਵੀ ਪਿੰਡ ਵਿਚ ਚੰਗਾ ਖਾਂਦਾ ਪੀਂਦਾ ਸਰਦਾਰ ਅਖਵਾ ਸਕੇ। ਮੇਰੀ ਕਹਾਣੀ 'ਸ਼ਰਮ' ਦਾ ਇਹ ਨਾਇਕ ਅਨੇਕਾਂ ਵਲਾਂ ਫਰੇਬਾਂ ਵਾਲਾ ਬਹੁਤ ਹੀ ਦਿਲਚਸਪ ਪਾਤਰ । ਉਸਦੀ ਇੱਛਾ ਰਹੀ ਮੁੰਡਿਆਂ ਨੂੰ ਭੈਣ ਦੀ ਵਗਾਰ ਕਰਾ ਕੇ, ਜੱਟਾਂ ਦੀ ਵਗਾਰ ਤੋਂ ਮੁਕਤੀ ਦਿਵਾ ਸਕੇ। ਉਨ੍ਹਾਂ ਦੀ ਸਾਰੀ ਜਾਇਦਾਦ ਸਕਿਆਂ ਨੇ ਸਾਂਭ ਲਈ। ਭਰਜਾਈ ਹਮੀਰ ਕੁਰ ਦੇ ਪੱਲੇ ਪਈ ਬਲਵੰਤ ਦੇ ਗਲ 'ਚੋਂ ਇਹ ਕਹਿ ਕੇ ਲੁਹਾਈ ਸੋਨੇ ਦੀ ਸਿਰਫ਼ ਇਕ ਚੈਨੀ-'ਬਲਵੰਤ ਹਾਅ ਚੈਨੀ ਤਾਂ ਬਲਾਈਂ ਸੁਹਣੀ ਐ।' ਪਸੀਜ ਕੇ ਬਲਵੰਤ ਨੇ ਉਹ ਚੈਨੀ ਭਰਜਾਈ ਦੇ ਗਲ ਵਿਚ ਪਾ ਦਿੱਤੀ ਸੀ।

...ਅਖੀਰ ਹੋਣੀ ਨੇ ਰੰਗ ਵਿਖਾ ਦਿੱਤੇ। ਬਾਈ ਨਛੱਤਰ ਦੀ ਕੁੜੀ ਅਮਰਜੀਤ ਦੇ ਵਿਆਹ ਵਿਚ ਗਰਮ ਜਲੇਬੀ ਖਾ ਕੇ ਮਾਂ ਦਾ ਪੀਤਾ ਠੰਢਾ ਪਾਣੀ ਬਹਾਨਾ ਬਣ ਗਿਆ। ਦੁਆਈ ਦੀ ਖ਼ੁਰਾਕ ਘਟਾਉਣ ਨਾਲ ਟੀ. ਬੀ. ਦੇ ਜਰਾਸੀਮ ਤਕੜੇ ਹੋ ਗਏ ਸਨ। ਦੁਆਈ ਨੂੰ ਹੀ ਉਨ੍ਹਾਂ ਨੇ ਖ਼ੁਰਾਕ ਬਣਾ ਲਿਆ ਸੀ। ਛਾਪਲੀ ਪਈ ਬਿਮਾਰੀ ਧੁੱਸ ਦੇ ਕੇ ਬੇਬੇ 'ਤੇ ਹਾਵੀ ਹੋ ਗਈ। ਹੋਰ ਸਖ਼ਤ ਤੇ ਵੱਧ ਖ਼ੁਰਾਕ ਵਾਲੀ ਦੁਆਈ ਦੀ ਲੋੜ ਸੀ। ਦੁਬਾਰਾ ਪੀ. ਜੀ. ਆਈ. ਲਿਜਾਣ ਦੀ ਬਜਾਏ ਤਾਇਆ ਉਸਨੂੰ ਚੰਨਣਵਾਲ ਦੇ ਕਿਸੇ ਵੈਦ ਕੋਲ ਲੈ ਵੜਿਆ। ਵਾਪਸੀ ਵੇਲੇ ਮੈਨੂੰ ਅੱਡੇ 'ਤੇ ਮਿਲ ਪਏ। ਬੇਬੇ ਨੂੰ ਸਾਈਕਲ ਦੇ ਪਿੱਛੇ ਬਿਠਾ ਕੇ ਲਈ ਆਉਂਦਿਆਂ ਗਰਦਨ ਦੀ ਤਕਲੀਫ਼ ਕਾਰਨ ਸੰਤੁਲਨ ਖੋ ਕੇ ਡਿੱਗ ਪੈਣ ਲੱਗੇ ਦੇ ਮੇਰੇ ਮੂੰਹੋਂ ਨਿਕਲ ਗਿਆ-'ਹਾਇ ਨੀ ਬੇਬੇ ਦੁੱਖ ਦੇਣੀਏ। ਕੀ ਕਰਾਂ ਮੈਂ ਕਿਧਰ ਨੂੰ ਜਾਵਾਂ ਤੂੰ ਦੁਆਈ ਕਿਉਂ ਘਟਾਈ?' ਉਸਤੋਂ ਬਾਅਦ ਤਾਂ ਬੇਬੇ ਨੇ ਬੱਸ ਚੁਪ ਹੀ ਵੱਟ ਲਈ। ਜਦੋਂ ਵੀ ਹਾਲ-ਚਾਲ ਪੁੱਛਣਾ ਬੱਸ ਹਾਂ ਵਿਚ ਸਿਰ ਹਿਲਾ ਛੱਡਦੀ। ਉਸ ਵੈਦ ਦੀ ਦੁਆਈ ਨੇ ਦੂਜੇ ਦਿਨ ਹੀ ਰੰਗ ਵਿਖਾ ਦਿੱਤਾ। ਜ਼ੋਰ ਦੀਆਂ ਉਲਟੀਆਂ ਲੱਗ ਗਈਆਂ ਤੇ ਢਿੱਡ ਨੂੰ ਸੋਜਾ ਹੋਣਾ ਸ਼ੁਰੂ ਹੋ ਗਿਆ। ਬੋਲ ਉੱਕਾ ਹੀ ਬੈਠ ਗਿਆ।

ਉਸ ਰਾਤ ਬਰਨਾਲੇ ਵਾਲੇ ਪ੍ਰੋ. ਪ੍ਰੀਤਮ ਸਿੰਘ ਰਾਹੀ ਹੁਰਾਂ ਧਨੌਲੇ ਕਵੀ ਦਰਬਾਰ ਰੱਖਿਆ ਹੋਇਆ ਸੀ। ਰਾਮਪੁਰਾ ਫੂਲ ਤੋਂ ਬਾਅਦ ਬਰਨਾਲੇ ਦੀ ਲਿਖਾਰੀ ਸਭਾ ਦੀ ਪ੍ਰਸਿੱਧੀ ਦੂਰ-ਦੂਰ ਤੱਕ ਫ਼ੈਲੀ ਹੋਈ ਸੀ। ਆਪਣੇ ਆਪ ਨੂੰ ਭਵਿੱਖੀ ਪਛਤਾਵੇ ਦੀ ਅੱਗ ਵਿਚ ਸਾੜਨ ਲਈ, ਮਾਂ ਦਾ ਧਿਆਨ ਕੀਤੇ ਬਗੈਰ, ਮੈਂ ਝੋਲਾ ਚੁੱਕ ਕੇ ਧਨੌਲੇ ਨੂੰ ਚੱਲ ਪਿਆ। ਮੈਨੂੰ ਨਹੀਂ ਸੀ ਜਾਣਾ ਚਾਹੀਦਾ। ਬੇਬੇ ਨੂੰ ਚੰਡੀਗੜ੍ਹ ਲੈ ਕੇ ਜਾਂਦਾ। ਪਰ ਮੈਨੂੰ ਤਾਂ ਕਵੀ ਦਰਬਾਰ ਦੀ ਬਣੀ ਹੋਈ ਸੀ ਕਿ ਕਿੰਨੇ ਲੋਕਾਂ ਦੀ ਹਾਜ਼ਰੀ ਵਿਚ ਮੇਰੀ ਬੋਲੀ ਕਵਿਤਾ 'ਤੇ ਤਾੜੀਆਂ ਵੱਜਣੀਆਂ ਸਨ। ਬੇਬੇ ਦਾ ਕੀ ਸੀ ਉਸਨੇ ਤਾਂ ਹੁਣ ਬਹੁਤ ਛੇਤੀ ਕੂਚ ਕਰਨ ਦੀ ਤਿਆਰ ਕੀਤੀ ਹੋਈ ਸੀ। ਮੈਂ ਇਹ ਕਿਉਂ ਕੀਤਾ?-ਅੱਜ ਵੀ ਮੇਰੇ ਕੋਲ ਇਸ ਦਾ ਕੋਈ ਜਵਾਬ ਨਹੀਂ।

ਕਵੀ ਦਰਬਾਰ ਵਿਚ ਆਪਣੀ ਕਵਿਤਾ ਦੇ ਜੰਮੇ ਸਿੱਕੇ ਅਤੇ ਮਿਲੀ ਦਾਦ ਦੇ ਆਨੰਦ ਵਿਚ ਚਟਖਾਰੇ ਮਾਰਦਾ ਅਗਲੀ ਸਵੇਰ ਮੈਂ ਘਰ ਆਇਆ ਤਾਂ ਸਭ ਤੋਂ ਪਹਿਲਾਂ ਮਾਂ ਵੱਲ ਅਹੁਲਿਆ। ਮਾਂ ਕਿਤੇ ਨਹੀਂ ਸੀ। ਪੀਹਣ ਕਰਦੀ ਭੈਣ ਮਹਿੰਦਰ ਤੋਂ ਪਤਾ ਲੱਗਿਆ ਕਿ ਰਾਤੋਂ-ਰਾਤ ਪੇਟ ਬਹੁਤ ਸੁੱਜ ਗਿਆ ਸੀ। ਸਾਹ ਵੀ ਨਹੀਂ ਸੀ ਆਉਂਦਾ। ਬਾਪੂ ਹੁਰੀਂ ਫੇਰ ਚੰਡੀਗੜ੍ਹ ਲੈ ਗਏ। ਝੱਟ-ਪੱਟ ਬੈਗ ਵਿਚ ਲੀੜੇ-ਕੱਪੜੇ ਤੇ ਲੋੜੀਂਦਾ ਸਾਮਾਨ ਪਾ ਕੇ ਚੰਡੀਗੜ੍ਹ ਜਾਣ ਦੀ ਤਿਆਰੀ ਕਰ ਲਈ। ਮੋਢੇ ਬੈਗ ਪਾ ਕੇ ਬਾਹਰ ਗਲੀ ਵਿਚ ਆ ਖੜ੍ਹਾ ਹੋਇਆ। ਇਕ ਸੋਚ ਨੇ ਪੈਰ ਨੂੜ ਲਏ-'ਮਨਾ ਕੀ ਕਰੇਂਗਾ ਜਾ ਕੇ? ਤੇਰਾ ਬੇਬੇ ਨਾਲ ਮੇਲ ਨਹੀਂ ਹੋ ਸਕੇਗਾ। ਤੂੰ ਬੱਸ ਵਿਚ ਬੈਠਾ ਚੰਡੀਗੜ੍ਹ ਨੂੰ ਜਾ ਰਿਹਾ ਹੋਵੇਂਗਾ ਤੇ ਬੇਬੇ ਦੀ ਗੱਡੀ ਤੇਰੇ ਕੋਲੋਂ ਲੰਘ ਜਾਏਗੀ-ਤੈਨੂੰ ਪਤਾ ਵੀ ਨਹੀਂ ਲੱਗੇਗਾ। ਰਹਿਣ ਦੇ ਜਾਣ ਨੂੰ। ਬੇਬੇ ਅੱਵਲ ਤਾਂ ਅੱਜ ਹੀ, ਨਹੀਂ ਤਾਂ ਕੱਲ੍ਹ ਜਾਂ ਪਰਸੋਂ ਵਾਪਸ ਆ ਹੀ ਜਾਣੀ ਹੈ। ਹੁਣ ਉਹ ਵੀ ਤੈਨੂੰ ਬਿਨਾ ਮਿਲੇ ਹੀ ਚਾਲੇ ਪਾਊਗੀ। ਬੰਦਿਆ! ਉਸਦੀ ਮੌਤ ਦੇ ਵਾਰੰਟ ਰੱਦ ਕਰਨ ਵਾਲਾ ਰੱਬ ਕਿਧਰੇ ਨਹੀਂ ਹੈ।' ਰੱਬ ਹਾਂ ਰੱਬ ਜਿਸਦੀ ਗੋਲਕ ਨੂੰ ਉਸਨੇ ਸੰਨ੍ਹ ਲਾ ਲਈ ਸੀ। ਰੱਬ ਜਿਸਦੇ ਉਸਨੇ ਮਾਂਹ ਮਾਰੇ ਸਨ। ਰੱਬ ਜਿਸ ਦੀ ਹਿੱਕ 'ਤੇ ਚੜ੍ਹ ਕੇ ਉਸਦੀ ਧੀ-ਭੈਣ ਪੂਣਦੀ ਉਸਦੀ ਨੀਂਦ ਹਰਾਮ ਕਰਦੀ ਰਹੀ ਸੀ। ਹਾਂ ਹਾਂ ਰੱਬ ਨਾਲ ਤਾਂ ਉਸਨੇ ਬਹੁਤ ਵੱਡੀ ਦੁਸ਼ਮਣੀ ਵਿਹਾਜ ਲਈ ਸੀ। ਰੱਬ! ਰੱਬ!! ਰੱਬ!!! ਉਹਦੇ ਕੋਲੋਂ ਹੀ ਤਾਂ ਸਾਡੇ ਲੋਕ ਬੇਬੇ ਦੀ ਜਾਨ ਬਖ਼ਸ਼ਵਾ ਰਹੇ ਸਨ, ਦੇਗਾਂ ਸੁੱਖ ਕੇ। ਅਖੰਡ ਪਾਠ ਸੁੱਖ ਕੇ। ਬਹੁਤ ਰਿਸ਼ਵਤਾਂ ਦੇਣ ਲਈ ਤਿਆਰ ਸਨ ਸਾਡੇ ਘਰ ਦੇ ਲੋਕ।...ਤੇ ਸ਼ਾਇਦ ਗਰੀਬ ਪਰਿਵਾਰ ਦੀ ਰਿਸ਼ਵਤ ਉਸਨੂੰ ਪਰਵਾਨ ਨਹੀਂ ਸੀ।

ਗਲੀ ਵਿਚ ਖੜ੍ਹਾ ਮੈਨੂੰ ਇਨ੍ਹਾਂ ਸੋਚਾਂ ਨੇ ਘੇਰੀ ਰੱਖਿਆ-'ਆਖ਼ਰ ਅਪ੍ਰੈਲ (ਵਿਸਾਖ) ਦਾ ਮਹੀਨਾ ਹੀ ਸਾਡੇ ਘਰ ਲਈ ਮਣਸੌਣੇ ਕਿਉਂ ਲੈ ਕੇ ਆਉਂਦੈ? ਜਦੋਂ ਤੋਂ ਮੈਂ ਸੁਰਤ ਸੰਭਾਲੀ ਸੀ ਸਭ ਮੌਤਾਂ ਅਪ੍ਰੈਲ ਦੇ ਮਨਹੂਸ ਦਿਨਾਂ ਵਿਚ ਹੀ ਹੋਈਆਂ ਸਨ। ਮੇਰੇ ਬਾਪ ਦਾ ਕਤਲ 19 ਅਪ੍ਰੈਲ ਜਾਣੀ ਵਿਸਾਖੀ ਤੋਂ ਛੇ ਦਿਨ ਬਾਅਦ ਹੋਇਆ। ਗਭਰੀਟ ਉਮਰ ਦਾ ਬਾਬਾ ਹਰੀ ਸਿੰਘ (ਬਾਪੂ ਹੁਰਾਂ ਦਾ ਚਾਚਾ) ਦੀ ਮੌਤ ਵੀ ਇਨ੍ਹਾਂ ਦਿਨਾਂ ਵਿਚ ਹੀ ਹੋਈ ਮੇਰੀ ਸੁਰਤ ਤੋਂ ਪਹਿਲਾਂ। ਹੋਣਹਾਰ ਇੱਕ ਭੂਆ ਗੁਰਦਿਆਲੋ ਮਾਤਾ ਨਾਲ ਅਪ੍ਰੈਲ ਵਿਚ ਹੀ ਮਰੀ ਸੀ। ਵੱਡਾ ਬਾਬਾ ਵੀ ਅਪ੍ਰੈਲ ਵਿਚ ਮੇਰੇ ਓ.ਟੀ. ਦੇ ਪਰਚਿਆਂ ਦੇ ਦੌਰਾਨ ਹੀ ਚਲਦਾ ਹੋਇਆ ਸੀ ਤੇ ਹੁਣ ਮਾਂ ਵੀ ਅਪ੍ਰੈਲ ਵਿਚ ਹੀ ਜਾ ਰਹੀ ਸੀ।

ਮਾਂ ਜਿਵੇਂ ਲੰਮੀ ਉਡਾਰੀ ਮਾਰ ਗਈ ਹੋਵੇ ਤੇ ਹੁਣ ਉਹ ਮੈਨੂੰ ਕਦੀ ਵੀ ਡਾਹ ਨਹੀਂ ਦੇਵੇਗੀ, ਮੈਂ ਸਬਰ ਕਰਕੇ ਬੈਗ ਅੰਦਰ ਰੱਖ ਦਿੱਤਾ। ਮੈਂ ਘਰ ਦੇ ਦੋ ਤਿੰਨ ਜੀਅ ਨੂੰ ਨਾਲ ਲਾ ਕੇ ਕਣਕ ਵੱਢਣ ਜਾ ਲੱਗਿਆ। ਅਗਲੇ ਦਿਨ ਫੇਰ ਅਸੀਂ ਲੱਗ ਪੱਗ ਅੱਧਾ ਕੰਮ ਨਿਬੇੜ ਲਿਆ। ਥੱਬੇ ਚੁਕਦਿਆਂ ਬਲਵਿੰਦਰ ਫੌਜੀ ਨੇ ਰਾਜ਼ ਸਾਂਝਾ ਕੀਤਾ: 'ਬੇਬੇ ਦਾ ਛਿੰਦਾ ਪੁੱਤ ਸੁਖਦੇਵ ਮਾਂ ਦੇ ਪੇਕੇ ਘਰ ਰਹਿੰਦਾ ਸੀ। ਬਠਿੰਡੇ ਇਲੈਕਟਰੀਸ਼ਨ ਦਾ ਕੋਰਸ ਕਰਨ ਲਈ ਭੇਜਿਆ ਸੀ। ਉਹ ਬੇਬੇ ਦਾ ਕਾਤਲ ਸੀ। ਬਚਪਨਾ ਸੀ, ਉਠਦੀ ਜਵਾਨੀ ਦੇ ਜਵਾਰਭਾਟੇ ਨੇ ਸੁਖਦੇਵ 'ਤੋਂ ਕੁਝ ਅਜਿਹਾ ਕਰ ਵਿਖਾਇਆ ਜੋ ਬੇਬੇ ਨੂੰ ਬਰਦਾਸ਼ਤ ਕਰਨਾ ਅਸੰਭਵ ਹੋ ਗਿਆ। ਕੋਈ ਭਰਜਾਈ ਹੁੰਦੀ ਤਾਂ ਵੀ ਪਰ ਉਹ ਤਾਂ ਕਿਸੇ ਰਿਸ਼ਤੇ ਦੀ ਪਛਾਣ ਹੀ ਨਾ ਕਰ ਸਕਿਆ। ਬੇਬੇ ਨੇ ਪਤਾ ਲਗਦੇ ਹੀ ਢਿੱਡ ਮੁੱਕੀਆਂ ਨਾਲ ਕੁੱਟ ਸੁੱਟਿਆ। ਮਾਸੀ ਅਤੇ ਮਾਮੀ ਦੇ ਫੜਦੇ-ਫੜਦੇ ਉਪਰੋਥਲੀ ਪੰਦਰਾਂ ਵੀਹ ਮੁੱਕੀਆਂ ਉਸਨੇ ਢਿੱਡ ਵਿਚ ਮਾਰ ਲਈਆਂ ਤੇ ਬਿਮਾਰੀ ਵਿਹਾਜ ਲਈ। ਜਲੇਬੀਆਂ ਵਾਲੀ ਗੱਲ ਤਾਂ ਕਿਧਰੇ ਗੁੰਮ-ਗੁਆਚ ਗਈ। ਮੇਰੇ ਸਿਰ ਵਿਚ ਜਿਵੇਂ ਬੰਬ ਫਟ ਗਿਆ। ਥੱਬਾ ਚੁੱਕਣ ਲੱਗੇ ਦੇ ਦਾਤੀ ਹੱਥ ਵਿਚ ਫਿਰ ਗਈ। ਮੈਂ ਥੱਬਾ ਉਥੇ ਹੀ ਰੱਖ ਕੇ ਉਂਗਲੀ ਮੂੰਹ ਵਿਚ ਪਾਈ, ਵੱਟ 'ਤੇ ਬੈਠਾ ਭੈੜੀਆਂ ਸੋਚਾਂ ਦੀ ਗਰਕਣ ਵਿਚ ਧਸ ਗਿਆ। ਇਸ ਛੋਕਰੇ ਦੇ ਜਨਮ ਸਮੇਂ ਮੈਂ ਪੰਜੀਰੀ ਨਹੀਂ ਸੀ ਖਾ ਰਿਹਾ। ਬੱਸ ਹਉਕਾ ਖਿੱਚ ਕੇ ਰਹਿ ਗਿਆ ਸਾਂ ਮੈਂ। ਮੈਨੂੰ ਕੀ ਪਤਾ ਸੀ ਕਿ ਸੁਖਦੇਵ ਨੂੰ ਰਿਸ਼ਤੇਦਾਰਾਂ ਨੇ ਘਰੋਂ ਕਿਉਂ ਕੱਢ ਦਿੱਤਾ ਹੈ? ਘਰ ਦੀ ਪਹਿਲਾਂ ਤੋਂ ਹੀ ਧੁਆਂਖੀ ਹਵਾ ਵਿਚ ਇਕ ਭਿਆਨਕ ਜ਼ਹਿਰੀ ਲਕੀਰ ਖਿੱਚੀ ਗਈ।

ਅਗਲੇ ਦਿਨ ਯਾਨੀ 17 ਅਪ੍ਰੈਲ 1973 ਨੂੰ ਮੈਂ ਅਜੇ ਮਿਸਤਰੀਆਂ ਦੇ ਘਰੋਂ ਦਾਤੀਆਂ ਤਿੱਖੀਆਂ ਕਰਵਾ ਕੇ ਲਿਆਇਆ ਹੀ ਸੀ ਕਿ ਇਕ ਐਂਬੈਸਡਰ ਕਾਰ ਸਾਡੇ ਬੂਹੇ ਅੱਗੇ ਆ ਰੁਕੀ। ਮਾਸੀ, ਮਾਸੜ ਤੇ ਮੇਰਾ ਤਾਇਆ ਤਾਈ ਕਾਰ ਚੋਂ ਉੱਤਰੇ ਪਰ ਮਾਂ ਨਹੀਂ ਸੀ ਉਤਰੀ। 'ਮੇਰੀ ਬੇਬੇ ਕਿਥੇ ਐ?' ਨਿਕਲਦੀ ਧਾਹ ਨੂੰ ਮੈਂ ਅੰਦਰੇ ਰੋਕ ਲਿਆ ਸੀ-'ਹੈ-ਗੀ ਐ ਬਚੜਿਆ! ਸਬਰ ਕਰ।' ਮਾਸੀ ਦੀ ਲੇਰ ਨਿਕਲ ਗਈ। ਮੈਂ ਕਾਰ ਦੇ ਦੁਆਲੇ ਘੁੰਮ ਰਿਹਾ ਸਾਂ। ਸੀਟਾਂ ਖਾਲੀ ਪਈਆਂ ਸਨ। ਮਾਂ ਤਾਂ ਕਿਤੇ ਨਹੀਂ ਸੀ ਦਿਸ ਰਹੀ।

'ਮੇਰੀ ਬੇਬੇ ਕਿੱਥੇ ਐ?' ਮੈਂ ਮੁੜ-ਮੁੜ ਕਾਰ ਦੇ ਅੰਦਰ ਵੇਖ ਰਿਹਾ ਸਾਂ। ਡਰਾਈਵਰ ਨੇ ਡਿੱਕੀ ਦਾ ਤਾਲਾ ਖੋਲ੍ਹਿਆ ਤੇ ਗੁੱਛਾ-ਮੁੱਛਾ ਕਰਕੇ ਡਿੱਕੀ ਵਿਚ ਤੁੰਨੀ ਬੋ ਮਾਰਦੀ ਲਾਸ਼ ਦੇ ਮੈਨੂੰ ਦਰਸ਼ਨ ਕਰਵਾ ਦਿੱਤੇ। ਮੇਰੇ ਅੰਦਰੋਂ ਹੂਕ ਉਠੀ-'ਵਾਹ ਨੀ ਬੇਬੇ! ਇਹ ਚੰਗੀ ਯਾਤਰਾ ਕਰਕੇ ਆਈ ਐਂ ਤੂੰ। ਤੈਨੂੰ ਸੀਟ ਵੀ ਨਸੀਬ ਨਹੀਂ ਹੋਈ। ਇਹ ਕਿਹੋ ਜਿਹੀ ਡੋਲੀ ਵਿਚ ਅਖੋਤੀ ਮੌਤ ਦੇ ਦੇਵਤੇ ਨਾਲ ਲਾਵਾਂ ਲੈ ਕੇ ਵਿਦਾ ਹੋਈ ਐਂ ਮਾਂ ਨੀ?'

ਮਾਂ ਦਾ ਉਪਰੇਸ਼ਨ ਸਫ਼ਲ ਹੋ ਗਿਆ ਸੀ। ਲੰਮੀ ਆਂਤ ਦਾ ਗਲ ਗਿਆ ਇੱਕ ਹਿੱਸਾ ਕੱਢ ਦਿੱਤਾ ਸੀ। ਹੋਸ਼ ਆਈ ਤਾਂ ਡਾਕਟਰ ਨੇ ਪੁੱਛਿਆ ਸੀ, 'ਮਾਤਾ ਜੀ ਕਿਵੇਂ ਓਂ?' ਬੇਬੇ ਨੇ ਠੀਕ ਹੋਣ ਦਾ ਸੰਕੇਤ ਦਿੱਤਾ ਸੀ। ਡਾਕਟਰ ਨੇ ਆਪਣਾ ਹੱਥ ਬੇਬੇ ਦੇ ਹੱਥ ਵਿਚ ਦੇ ਕੇ ਜ਼ੋਰ ਨਾਲ ਘੁੱਟਣ ਲਈ ਕਿਹਾ ਸੀ। ਬੇਬੇ ਨੇ ਡਾਕਟਰ ਦਾ ਹੱਥ ਜ਼ੋਰ ਨਾਲ ਘੁਟਿਆ। ਡਾਕਟਰ ਦੀ ਤਸੱਲੀ ਹੋ ਗਈ ਸੀ। ਆਕਸੀਜ਼ਨ ਹਟਾ ਕੇ ਜਨਰਲ ਵਾਰਡ ਵੱਲ ਲਿਜਾ ਹੀ ਰਹੇ ਸਨ ਕਿ ਆਈ. ਸੀ. ਯੂ. ਦੇ ਬੂਹੇ ਵਿਚ ਹੀ ਪੰਖੇਰੂ ਉਡਾਰੀ ਮਾਰ ਗਿਆ। ਮੂੰਹ ਵਿਚ ਮੂੰਹ ਪਾ ਕੇ ਡਾਕਟਰ ਨੇ ਬਹੁਤ ਫੂਕਾਂ ਮਾਰੀਆਂ ਪਰ ਹੁਣ ਉਡ ਗਏ ਭੌਰ ਨੇ ਵਾਪਸ ਨਹੀਂ ਸੀ ਪਰਤਣਾ...।

ਪੁਲਿਸ ਦੇ ਚੱਕਰ ਤੋਂ ਡਰਦਿਆਂ ਮਾਂ ਨੂੰ ਕਾਰ ਦੀ ਡਿੱਕੀ ਵਿਚ ਤੁੰਨ੍ਹ ਦਿਤਾ ਗਿਆ । ਕੀ ਪਤਾ ਪੁਲਿਸ ਵਾਲੇ ਕਾਰ ਰੋਕ ਕੇ ਕਹਿ ਦੇਣ-'ਇਹ ਲਾਸ਼ ਤਾਂ ਕਿਸੇ ਖ਼ਤਰਨਾਕ ਅਪਰਾਧੀ ਦੀ ਹੈ। ਸੋ ਇਸ ਨੂੰ ਗ੍ਰਿਫ਼ਤਾਰ ਕੀਤਾ ਜਾਂਦਾ ਹੈ।' ਅੰਗਰੇਜ਼ੀ ਸਾਮਰਾਜ ਦੀ ਚੂੰਢਣੀ 'ਤੇ ਪਲੀ ਪੁਲਿਸ ਤੋਂ ਇਹ ਤਵੱਕੋ ਕੀਤੀ ਜਾ ਸਕਦੀ ਸੀ। ਮਾਮੀਆਂ ਲੋਕ ਲੱਜ ਨੂੰ ਸਿਵੇ 'ਤੇ ਕੱਪੜਾ ਪਾ ਗਈਆਂ, ਪਰ ਨਾਨਕਿਆਂ ਦਾ ਕੋਈ ਜੀਅ ਭੋਗ 'ਤੇ ਨਹੀਂ ਸੀ ਆਇਆ।

ਮਾਂ ਦਾ ਸੋਗ ਕਰਨ ਆਈਆਂ ਜੱਟੀਆਂ ਦਾਣਿਆਂ ਦੇ ਬੱਠਲ ਭਰਕੇ ਲਿਆਉਂਦੀਆਂ। ਮੈਂ ਅੱਗੇ ਹੋ ਜਾਂਦਾ-'ਮਾਤਾ ਜੀ ਕਿਰਪਾ ਕਰਕੇ ਇਹ ਦਾਣੇ ਜਾਂਦੀਆਂ ਹੋਈਆਂ ਮੋੜ ਕੇ ਲੈ ਜਾਇਓ। ਅਸੀਂ ਨਹੀਂ ਰੱਖਣੇ।' '-ਮੈਂ ਉਜਰ ਕਰਦਾ।

'ਇਹ ਤਾਂ ਭਾਈ ਧੁਰੋਂ ਬਣੀ ਆਈ ਐ।' ਬੁੜ੍ਹੀਆਂ 'ਚੋਂ ਕਿਸੇ ਨੇ ਕਿਹਾ।

ਮੈਂ ਸੁਖਦੇਵ ਨੂੰ ਮੁਆਫ਼ ਕਰ ਸਕਦਾ ਸਾਂ, ਜੇ ਇੱਕ ਵਾਰ ਗਲਤੀ ਮੰਨ ਲੈਂਦਾ। ਤੇ ਮੈਂ ਸੋਚਦਾਂ... ਮਾਂ ਨਾਲ ਗੱਲਾਂ ਕਰਦਾ-'ਮਾਂ ਤੂੰ ਏਸੇ ਕਰਕੇ...ਕਿਹਾ ਸੀ-'ਵੇ ਖਾ ਲੈ ਪੰਜੀਰੀ ਤੇਰੇ ਨਾਲੋਂ ਸੁਹਣਾ ਐ। ਤੇਰਾ ਮੇਰੇ ਨਾਲ ਕਾਹਦਾ ਹਿਰਖ ਸੀ ਨੀ ਮਾਂ, ਜੋ ਤੂੰ ਮੈਨੂੰ ਧੋਖਾ ਦੇ ਗਈ?'

...ਰੋਂਦੀਆਂ ਕੁੜੀਆਂ ਮਹਿੰਦਰ, ਛਿੰਦਰ ਨੂੰ ਚੁੱਪ ਕਰਾਉਂਦਿਆਂ ਵਾਰ-ਵਾਰ ਇਹ ਵਾਕ ਮੂੰਹੋਂ ਨਿਕਲਦਾ, 'ਚੁੱਪ ਕਰੋ ਬੀਬੀਆਂ ਭੈਣਾਂ... ਮੈਂ ਤੁਹਾਨੂੰ ਮਾਂ ਬਣ ਕੇ ਪਾਲੂੰਗਾ।' ਤੇ ਮੈਂ ਦੋ ਕੁੜੀਆਂ ਤੇ ਛੋਟੇ ਮਨਜੀਤ ਲਈ ਮਾਂ ਬਣ ਗਿਆ ਸਾਂ, ਗ਼ਮਾਂ ਦੀ ਗਠੜੀ ਸਿਰ 'ਤੇ ਰੱਖ ਕੇ। ਤੀਹ ਬੱਤੀ ਸਾਲ ਦਾ ਕੁਰਬਾਨੀ ਦਾ ਬੱਕਰਾ।



# ਫ਼ਿਲਮ ਲੋਕ



## ਸਭ ਤੋਂ ਮਹਿੰਗੀ ਅਦਾਕਾਰਾ ਪ੍ਰਿਅੰਕਾ ਚੋਪੜਾ



ਗਲੋਬਲ ਆਈਕਨ ਬਣ ਚੁੱਕੀ ਦੇਸੀ ਗਰਲ ਪ੍ਰਿਅੰਕਾ ਚੋਪੜਾ ਦੀ ਐਕਟਿੰਗ ਦਾ ਦਬਦਬਾ ਬਾਲੀਵੁੱਡ ਤੋਂ ਲੈ ਕੇ ਹਾਲੀਵੁੱਡ ਤੱਕ ਕਾਇਮ ਹੈ। ਦੁਨੀਆ ਭਰ ਵਿਚ ਉਸ ਦੇ ਕਰੋੜਾਂ ਪ੍ਰਸੰਸਕ ਹਨ ਜੋ ਉਸ ਦੀ ਐਕਟਿੰਗ ਅਤੇ ਦਿੱਖ ਦੇ ਦੀਵਾਨੇ ਹਨ। ਸਾਲ 2002 ਵਿਚ ਆਈ ਤੇਲਗੂ ਫ਼ਿਲਮ 'ਥਮੀਜਨ' ਤੋਂ ਕਰੀਅਰ ਦੀ ਸ਼ੁਰੂਆਤ ਕਰਨ ਵਾਲੀ ਪ੍ਰਿਅੰਕਾ ਚੋਪੜਾ ਨੇ ਹਿੰਦੀ ਸਿਨੇਮਾ ਵਿਚ ਸੰਨੀ ਦਿਓਲ ਦੇ ਨਾਲ ਫ਼ਿਲਮ 'ਦ ਹੀਰੋ' ਤੋਂ ਡੈਬਿਊ ਕੀਤਾ ਸੀ ਅਤੇ ਬਸ ਉਸ ਤੋਂ ਬਾਅਦ ਉਸ ਨੇ ਕਦੀ ਪਿੱਛੇ ਮੁੜ ਕੇ ਨਹੀਂ ਦੇਖਿਆ। 1 ਦਸੰਬਰ, 2018 ਨੂੰ ਪ੍ਰਿਅੰਕਾ ਚੋਪੜਾ 10 ਸਾਲ ਛੋਟੇ ਅਮਰੀਕੀ ਗਾਇਕ, ਨਿਕ ਜੋਨਸ ਨਾਲ ਵਿਆਹ ਕਰਨ ਤੋਂ ਬਾਅਦ ਪਤੀ ਦੇ ਨਾਲ ਲਾਸ ਏਂਜਲਸ ਵਿਚ ਹੀ ਸੈਟਲ ਹੋ ਗਈ। ਜਨਵਰੀ 2020 ਵਿਚ ਸਰੋਗੇਸੀ ਜ਼ਰੀਏ ਉਹ ਬੇਟੀ ਮਾਲਤੀ ਮੇਰੀ ਚੋਪੜਾ ਦੀ ਮਾਂ ਬਣੀ। ਪਹਿਲਾਂ ਬੀਵੀ ਅਤੇ ਫਿਰ ਮਾਂ ! ਬਣ ਜਾਣ ਤੋਂ ਬਾਅਦ ਤੋਂ ਹੀ ਪ੍ਰਿਅੰਕਾ ਦੀ ਸਰਗਰਮੀ ਬਾਲੀਵੁੱਡ ਵਿਚ ਘੱਟ ਹਾਲੀਵੁੱਡ ਵਿਚ ਕਾਫ਼ੀ ਜ਼ਿਆਦਾ ਨਜ਼ਰ ਆਉਣ ਲੱਗੀ ਹੈ। ਉਹ ਛੇਤੀ ਹੀ ਹਾਲੀਵੁੱਡ ਦੀ ਫ਼ਿਲਮ 'ਦ ਬਲੱਫ' ਅਤੇ 'ਹੇਡ ਆਫ਼ ਸਟੇਟਸ' ਤੋਂ ਇਲਾਵਾ ਐਕਸ਼ਨ-ਥ੍ਰਿਲਰ ਵੈੱਬ ਸੀਰੀਜ਼ 'ਸਿਟਾਡੇਲ' ਦੇ ਦੂਜੇ ਹਿੱਸੇ 'ਸਿਟਾਡੇਲ-2' ਵਿਚ ਵੀ ਨਜ਼ਰ ਆਵੇਗੀ। ਅਤੇ ਹਿੰਦੀ ਸਿਨੇਮਾ ਦੇ ਦਰਸ਼ਕ ਇਕ ਲੰਮੇ ਸਮੇਂ ਤੋਂ ਪ੍ਰਿਅੰਕਾ ਦੀ ਵਾਪਸੀ ਦਾ ਇੰਤਜ਼ਾਰ ਕਰ ਰਹੇ ਹਨ। 2019 ਦੀ ਫ਼ਿਲਮ 'ਦ ਸਕਾਈ ਇਜ਼ ਪਿੰਕ' ਜ਼ਰੀਏ ਆਖਰੀ ਵਾਰ ਵੱਡੇ ਪਰਦੇ 'ਤੇ ਨਜ਼ਰ ਆਈ ਪ੍ਰਿਅੰਕਾ ਚੋਪੜਾ ਦੀ ਸਾਲ 2021 ਨੈੱਟ ਫਲੈਕਸ ਤੇ ਫ਼ਿਲਮ 'ਦ ਵਾਈਟ ਟਾਈਗਰ' ਆਈ ਸੀ। ਸਾਲ 2021 ਵਿੱਚ ਪ੍ਰਿਅੰਕਾ ਨੂੰ ਲੈ ਕੇ ਫਰਹਾਨ ਅਖਤਰ ਦੀ ਫਿਲਮ ਕੰਪਨੀ ਨੇ ਫਿਲਮ 'ਜੀ ਲੇ ਜ਼ਰਾ' ਦਾ ਐਲਾਨ ਕੀਤਾ ਸੀ। ਫ਼ਿਲਮ ਵਿਚ ਪ੍ਰਿਅੰਕਾ ਚੋਪੜਾ, ਆਲੀਆ ਭੱਟ ਅਤੇ ਕੈਟਰੀਨਾ ਕੈਫ ਮੁੱਖ ਭੂਮਿਕਾ ਨਿਭਾਉਣ ਵਾਲੀਆਂ ਸਨ ਪਰ ਉਹ ਫ਼ਿਲਮ ਠੰਢੇ ਬਸਤੇ ਵਿਚ ਚਲੀ ਗਈ। ਪ੍ਰਿਅੰਕਾ ਦੇ ਪ੍ਰਸੰਸਕਾਂ ਲਈ ਇਕ ਚੰਗੀ ਖ਼ਬਰ ਹੈ ਕਿ ਹੁਣ ਉਹ ਐਸ.ਐਸ. ਰਾਜਾਮੋਲੀ ਦੀ ਮੂਲ ਰੂਪ ਨਾਲ ਤੇਲਗੂ ਭਾਸ਼ਾ ਵਿਚ ਬਣਨ ਵਾਲੀ ਪੈਨ ਇੰਡੀਆ ਫ਼ਿਲਮ 'ਐਸ.ਐਸ.ਐਮ.ਬੀ.29' ਵਿਚ ਨਜ਼ਰ ਆਵੇਗੀ। ਇਸ ਫ਼ਿਲਮ ਨੂੰ ਤੇਲਗੂ ਤੋਂ ਇਲਾਵਾ ਹਿੰਦੀ, ਤਾਮਿਲ, ਮਲਿਆਲੀ ਅਤੇ ਕੰਨੜ ਭਾਸ਼ਾ ਵਿਚ ਵੀ ਰਿਲੀਜ਼ ਕੀਤਾ ਜਾਵੇਗਾ। ਇਸ ਫ਼ਿਲਮ ਵਿਚ ਮਹੇਸ਼ ਬਾਬੂ ਅਤੇ ਪ੍ਰਿਅੰਕਾ ਚੋਪੜਾ ਤੋਂ ਇਲਾਵਾ ਦੱਖਣ ਸਟਾਰ ਪ੍ਰਿਥਵੀਰਾਜ ਸੁਕੁਮਾਰਨ ਵੀ ਅਹਿਮ ਕਿਰਦਾਰ ਨਿਭਾਉਣ ਵਾਲੇ ਸਨ। ਪਰ ਖ਼ਬਰਾਂ ਦੀ ਮੰਨੀਏ ਤਾਂ ਪ੍ਰਿਥਵੀਰਾਜ ਸੁਕੁਮਾਰਨ ਦੀ ਥਾਂ ਹੁਣ ਨਿਰਮਾਤਾ ਨੇ ਐਕਟਰ ਜਾਨ ਅਬ੍ਰਾਹਮ ਨੂੰ ਲਿਆ ਹੈ। ਜੇਕਰ ਇਸ ਖ਼ਬਰ ਵਿਚ ਸਚਾਈ ਹੈ ਤਾਂ ਪ੍ਰਿਅੰਕਾ ਚੋਪੜਾ ਅਤੇ ਜਾਨ ਅਬ੍ਰਹਮ ਲਗਭਗ 17 ਸਾਲ ਬਾਅਦ ਇਸ ਫ਼ਿਲਮ ਜ਼ਰੀਏ ਇਕ ਵਾਰ ਫਿਰ ਵੱਡੇ ਪਰਦੇ 'ਤੇ ਨਜ਼ਰ ਆਉਣਗੇ। ਇਸ ਤੋਂ ਪਹਿਲਾਂ ਦੋਵੇਂ ਸਾਲ 2008 ਦੀ ਫ਼ਿਲਮ 'ਦੋਸਤਾਨਾ' ਵਿਚ ਇਕੱਠੇ ਦਿਖਾਈ ਦਿੱਤੇ ਸਨ। ਖ਼ਬਰਾਂ ਅਨੁਸਾਰ ਪ੍ਰਿਅੰਕਾ ਨੇ ਇਸ ਫ਼ਿਲਮ ਲਈ ਲਗਭਗ 30 ਕਰੋੜ ਰੁਪਏ ਦੀ ਭਾਰੀ ਫੀਸ ਲਈ ਹੈ।

## ਏਂਜਲਸ ਰਾਏ ਦਾ ਪਬਲੀਸਿਟੀ ਸਟੰਟ



ਸੋਸ਼ਲ ਮੀਡੀਆ ਹਸਤੀ, ਮਾਡਲ, ਗਾਇਕਾ ਅਤੇ ਅਦਾਕਾਰਾ ਏਂਜਲ ਰਾਏ ਨੇ ਇਕ ਅਣਜਾਣ ਸ਼ਖ਼ਸ 'ਤੇ ਉਸ ਨੂੰ ਗੰਦੇ ਮੈਸੇਜ ਭੇਜਦੇ ਹੋਏ ਜਾਨ ਤੋਂ ਮਾਰਨ ਦੀ ਧਮਕੀ ਦੇਣ ਦਾ ਦੋਸ਼ ਲਗਾਉਂਦੇ ਹੋਏ ਬਾਂਗੁਰਨਗਰ ਪੁਲਿਸ ਸਟੇਸ਼ਨ ਵਿਚ ਰਿਪੋਰਟ ਦਰਜ ਕਰਵਾਈ ਹੈ। ਅਦਾਕਾਰਾ ਏਂਜਲ ਰਾਏ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਜਦੋਂ ਤੋਂ ਉਸ ਦੀ ਵੈੱਬ ਸੀਰੀਜ਼ 'ਘੋਟਾਲਾ' ਦਾ ਟ੍ਰੇਲਰ ਰਿਲੀਜ਼ ਹੋਇਆ ਹੈ, ਉਸ ਸ਼ਖ਼ਸ ਦੀਆਂ ਧਮਕੀਆਂ ਦਾ ਇਹ ਸਿਲਸਿਲਾ ਪਹਿਲਾਂ ਤੋਂ ਕਿਤੇ ਵਧੇਰੇ ਤੇਜ਼ ਹੋ ਗਿਆ ਹੈ। 7 ਫਰਵਰੀ, 1996 ਨੂੰ ਦਿੱਲੀ ਦੇ ਇਕ ਮੱਧਵਰਗੀ ਪਿੱਠਭੂਮੀ ਵਾਲੇ ਪਰਿਵਾਰ ਨਾਲ ਸੰਬੰਧ ਰੱਖਣ ਵਾਲੀ ਏਂਜਲ ਰਾਏ ਨੇ ਆਪਣੀ ਬਹੁਮੁਖੀ ਪ੍ਰਤਿਭਾ ਅਤੇ ਆਕਰਸ਼ਕ ਸ਼ਖ਼ਸੀਅਤ ਦੇ ਦਮ 'ਤੇ ਲੱਖਾਂ ਲੋਕਾਂ ਦਾ ਧਿਆਨ ਖਿੱਚਿਆ ਹੈ। ਉਹ ਮਾਡਲਿੰਗ ਅਤੇ ਐਕਟਿੰਗ ਕਰੀਅਰ ਤੋਂ ਇਲਾਵਾ ਸੋਸ਼ਲ ਮੀਡੀਆ 'ਤੇ ਆਪਣੀ ਮੌਜੂਦਗੀ ਲਈ ਜਾਣੀ ਜਾਂਦੀ ਹੈ। ਇੰਸਟਾਗ੍ਰਾਮ 'ਤੇ ਉਸ ਦੇ 25.5 ਮਿਲੀਅਨ ਤੋਂ ਜ਼ਿਆਦਾ ਫਾਲੋਅਰਜ਼ ਹਨ ਜੋ ਉਸ ਨੂੰ ਭਾਰਤ ਦੇ ਸਭ ਤੋਂ ਹਰਮਨਪਿਆਰੇ 'ਸੋਸ਼ਲ ਮੀਡੀਆ ਇੰਫਲੂਐਂਸਰ' ਵਿਚੋਂ ਇਕ ਬਣਾਉਂਦਾ ਹੈ। ਏਂਜਲ ਨੇ ਆਪਣੀ ਕਾਲਜ ਦੀ ਪੜ੍ਹਾਈ ਦੌਰਾਨ ਹੀ ਮਾਡਲਿੰਗ ਅਤੇ ਐਕਟਿੰਗ ਵਿਚ ਰੁਚੀ ਦਿਖਾਉਣੀ ਸ਼ੁਰੂ ਕਰ ਦਿੱਤੀ ਸੀ ।ਗ੍ਰੈਜੂਏਸ਼ਨ ਕਰਨ ਤੋਂ ਬਾਅਦ ਸੋਸ਼ਲ ਮੀਡੀਆ ਪਲੇਟਫਾਰਮ 'ਟਿਕਟਾਕ ਇੰਫਲੂਐਂਸਰ' ਦੇ ਰੂਪ ਵਿਚ ਉਸ ਨੇ ਸ਼ੁਰੂਆਤ ਕੀਤੀ ਜਿਥੇ ਉਸ ਨੇ ਲਿਪ-ਸਿੰਕ ਵੀਡੀਓ, ਕਾਮੇਡੀ ਅਤੇ ਡਾਂਸ ਜ਼ਰੀਏ ਜ਼ਬਰਦਸਤ ਹਰਮਨਪਿਆਰਤਾ ਹਾਸਿਲ ਹੋਈ। 'ਟਿਕਟਾਕ' 'ਤੇ ਉਸ ਦੇ ਇਕ ਕਰੋੜ ਚਾਲੀ ਲੱਖ ਤੋਂ ਜ਼ਿਆਦਾ ਫਾਲੋਅਰਜ਼ ਹੋ ਗਏ ਸਨ। 2020 ਵਿਚ 5 ਭਾਰਤ ਵਿਚ 'ਟਿਕਟਾਕ' 'ਤੇ ਰੋਕ ਤੇ ਲੱਗਣ ਤੋਂ ਬਾਅਦ ਉਸ ਨੇ 'ਇੰਸਟਾਗ੍ਰਾਮ', 'ਯੂ-ਟਿਊਬ ਅਤੇ ਹੋਰ ਲਘੂ ਵੀਡੀਓ ਪਲੇਟਫਾਰਮਾਂ 'ਤੇ 'ਐਮ.ਐਕਸ ਟਕਾਟਕ', 'ਮੋਜ ਅਤੇ ਹੀ 'ਜੋਸ਼' 'ਤੇ ਧਿਆਨ ਕੇਂਦਰਿਤ ਕੀਤਾ। 29 ਮਾਰਚ ਨੂੰ ਏਂਜਲ ਰਾਏ ਦੀ ਵੈੱਬ ਸੀਰੀਜ਼' 'ਘੋਟਾਲਾ' ਰਿਲੀਜ਼ ਹੋਈ ਹੈ। ਕੁਝ ਲੋਕਾਂ ਹੈ ਦਾ ਮੰਨਣਾ ਹੈ ਕਿ ਏਂਜਲ ਨੇ ਅਣਜਾਣ ਸ਼ਖ਼ਸ ਵਿਰੁੱਧ ਉਸ ਨੂੰ ਗੰਦੇ ਮੈਸੇਜ ਭੇਜਦੇ ਹੋਏ ਜਾਨ ਤੋਂ ਮਾਰਨ ਦੀ ਧਮਕੀ ਦੇਣ ਲਈ ਜੋ ਕੇਸ ਦਰਜ ਕਰਵਾਇਆ ਹੈ, ਉਹ ਸਿਰਫ਼ ਉਸ ਦੇ ਪਬਲੀਸਿਟੀ ਸਟੰਟ ਦਾ ਹਿੱਸਾ ਹੈ।

## ਇੱਜ਼ਤ ਕਰਦੀ ਹਾਂ ਤੇ ਕਰਵਾਉਂਦੀ ਹਾਂ ਕ੍ਰਿਤੀ ਸੈਨਨ



ਖ਼ਬਰਾਂ ਹਨ ਕਿ ਕਿਆਰਾ ਅਡਵਾਨੀ ਘਰੇਲੂ ਕੰਮਕਾਜ ਵਿਚ ਰੁੱਝੀ ਹੋਈ ਹੈ ਤੇ ਸ਼ਰਵਰੀ ਵਾਘ ਰਣਵੀਰ ਸਿੰਘ ਨੂੰ ਪਸੰਦ ਨਹੀਂ, ਇਸ ਲਈ ਹੀਰੋਇਨ ਦਾ ਗੁਣਾ ਕ੍ਰਿਤੀ ਸੈਨਨ ਦੇ ਨਾਂਅ 'ਤੇ ਪੈ ਸਕਦਾ ਹੈ ਤੇ ਫ਼ਿਲਮ ਹੈ 'ਡਾਨ-3' ਜਿਸ ਨੂੰ ਫਰਹਾਨ ਅਖ਼ਤਰ ਕਰਨ ਜਾ ਰਹੇ ਹਨ। ਸੂਤਰਾਂ ਦੇ ਹਵਾਲੇ ਤੋਂ ਖ਼ਬਰ ਹੈ ਕਿ ਫਰਹਾਨ ਦੀ ਸਾਰੀ ਟੀਮ ਹੀ ਉਨ੍ਹਾਂ ਨੂੰ ਕ੍ਰਿਤੀ ਸੈਨਨ ਦੇ ਹੱਕ 'ਚ ਵੋਟਾਂ ਇਕ ਤਰ੍ਹਾਂ ਨਾਲ ਕਰ ਰਹੀ ਹੈ। 10 ਸਾਲ ਬਾਅਦ ਫਰਹਾਨ ਅਖ਼ਤਰ ਦੀ ਵਾਪਸੀ ਬਤੌਰ ਨਿਰਦੇਸ਼ਕ ਹੋ ਰਹੀ ਹੈ ਤੇ ਇਧਰ 'ਤੇਰੇ ਇਸ਼ਕ ਮੇਂ' ਫ਼ਿਲਮ 'ਚ ਕ੍ਰਿਤੀ ਕਾਫੀ ਦਿਲਚਸਪੀ ਲੈ ਰਹੀ ਹੈ। ਇਸ ਫ਼ਿਲਮ 'ਚ ਉਸ ਨਾਲ ਦੱਖਣ ਦਾ ਸਟਾਰ ਧਾਨੁਸ਼ ਹੈ ਤੇ ਕਬੀਰ ਲਈ ਹਾਲੇ ਉਡੀਕਾਂ ਦੇ ਪਲ ਲੰਬੇ ਹਨ ਕਿਉਂਕਿ ਕ੍ਰਿਤੀ ਦੇ ਕੈਂਪ ਨੇ ਸਾਫ਼ ਕਿਹਾ ਹੈ ਕਿ ਕ੍ਰਿਤੀ ਨੂੰ ਸਹੁਰੇ ਘਰ ਜਾਣ ਦੀ ਕੋਈ ਕਾਹਲੀ ਨਹੀਂ ਹੈ। ਉਹ ਬਹੁਤ ਰੁੱਝੀ ਹੋਈ ਹੈ ਤੇ ਇਸ ਲਈ ਫਿਲਹਾਲ ਚੂੜੀਆਂ, ਮੁੰਦਰੀ, ਕੁੜਮਾਈ, ਲਾਲ ਚੂੜਾ ਇਹ ਸਾਰੇ ਸ਼ਬਦ ਉਸ ਨੇ ਦੂਰ ਹੀ ਰੱਖੇ ਹੋਏ ਹਨ। ਮੇਰਿਲ ਸਕਰਿਪ ਹਾਲੀਵੁੱਡ ਦੀ ਨਾਇਕਾ ਨਾਲ ਕੰਮ ਕਰਨ ਦੀ ਚਾਹਤ ਰੱਖਣ ਵਾਲੀ ਕ੍ਰਿਤੀ ਸੈਨਨ ਨੂੰ ਅੱਲੂ ਅਰਜਨ ਹੀਰੋ ਹੋਏ ਤਾਂ ਉਹ ਹੀਰੋਇਨ ਤੇ ਡਾਇਰੈਕਟਰ ਸੁਕੁਮਾਰ ਤਾਂ ਸਾਰੀਆਂ ਹੀ ਰੀਝਾਂ ਪੂਰੀਆਂ ਕਹਿੰਦੇ ਹੋਏ ਸੁਣਿਆ ਗਿਆ ਹੈ। ਉਧਰ 'ਸ਼ਾਵਾ' ਫ਼ਿਲਮ ਦੀ ਟੀਮ ਅਗਲੀ ਫ਼ਿਲਮ ਕਾਰਤਿਕ ਆਰੀਅਨ ਨਾਲ ਕਰੇਗੀ ਤੇ ਉਹ ਇਸ 'ਚ ਕ੍ਰਿਤੀ ਸੈਨਨ ਨੂੰ ਲੈਣ ਜਾ ਰਹੇ ਹਨ। ਵੈਸੇ ਅੱਜਕਲ੍ਹ ਕ੍ਰਿਤੀ ਆਪਣੀ ਜ਼ਿੰਦਗੀ ਦੇ ਆਨੰਦ ਪ੍ਰਾਪਤ ਕਰ ਰਹੀ ਹੈ ਤੇ ਇੰਸਟਾਗ੍ਰਾਮ ਲਈ ਰੀਲਾਂ ਖ਼ੂਬ ਬਣਾ ਰਹੀ ਹੈ। ਗਰੀਸ ਵਿਖੇ ਮਸਤੀ ਮਨਾ ਕੇ ਵਾਪਸ ਭਾਰਤ ਆਈ ਕ੍ਰਿਤੀ ਆਪਣੇ ਚਹੇਤੇ ਪ੍ਰਸੰਸਕਾਂ ਨਾਲ ਘਿਓ-ਖਿਚੜੀ ਵਾਲਾ ਵਤੀਰਾ ਅਪਣਾਉਂਦੀ ਹੈ ਤੇ ਜਦ ਉਸ ਦੇ ਇਕ ਪ੍ਰਸੰਸਕ ਨੇ ਉਸ ਨਾਲ ਸੈਲਫ਼ੀ ਲੈਣੀ ਚਾਹੀ ਤਾਂ ਖ਼ੁਦ ਕੈਮਰੇ ਦੇ ਐਂਗਲ (ਕੋਣ) ਕ੍ਰਿਤੀ ਨੇ ਉਸ ਨੂੰ ਸਮਝਾਏ ਤੇ ਕਿਹਾ ਕਿ ਇਹ ਕੁੜੀ ਇੱਜ਼ਤਦਾਰ ਹੈ, ਇੱਜ਼ਤ ਕਰਦੀ ਹੈ, ਕਰਵਾਉਂਦੀ ਹੈ। ਇਧਰ ਇਹ ਵੀ ਖ਼ਬਰ ਹੈ ਕਿ ਆਰ. ਬਾਲਕੀ ਦੀ ਨਵੀਂ ਫ਼ਿਲਮ ਉਹ ਕਰ ਸਕਦੀ ਹੈ।

## ਫ਼ਿਲਮਾਂ ਵਿਚ ਵਾਪਸੀ ਚਾਹੁੰਦੀ ਹੈ ਰੰਭਾ



ਰੰਭਾ ਦੀ ਫ਼ਿਲਮਾਂ ਵਿਚ ਵਾਪਸੀ ਨੂੰ ਲੈ ਕੇ ਕਈ ਚਰਚੇ ਸਾਹਮਣੇ ਆਏ ਹਨ। ਤਾਜ਼ਾ ਜਾਣਕਾਰੀ ਅਨੁਸਾਰ ਰੰਭਾ ਨੇ ਆਪਣੇ ਅਭਿਨੈ ਕਰੀਅਰ ਵਿਚ ਦੁਬਾਰਾ ਕਦਮ ਰੱਖਣ ਦੀ ਇੱਛਾ ਜ਼ਾਹਿਰ ਕੀਤੀ ਹੈ। ਇਕ ਰਿਪੋਰਟ ਅਨੁਸਾਰ ਉਹ 14 ਸਾਲ ਬਾਅਦ ਫ਼ਿਲਮਾਂ ਵਿਚ ਵਾਪਸੀ ਕਰਨ ਦੀ ਤਿਆਰੀ ਵਿਚ ਹੈ। ਰੰਭਾ ਦਾ ਸੋਸ਼ਲ ਮੀਡੀਆ 'ਤੇ ਇਕ ਪੋਸਟ ਜ਼ਰੀਏ ਕਹਿਣਾ ਹੈ ਕਿ 'ਸਿਨੇਮਾ ਹਮੇਸ਼ਾ ਮੇਰਾ ਪਹਿਲਾ ਪਿਆਰ ਰਿਹਾ ਹੈ ਅਤੇ ਮੈਨੂੰ ਲਗਦਾ ਹੈ ਕਿ ਹੁਣ ਵਾਪਸੀ ਦਾ ਸਹੀ ਸਮਾਂ ਹੈ। ਮੈਂ ਇਸ ਤਰ੍ਹਾਂ ਦੇ ਕਿਰਦਾਰ ਕਰਨਾ ਚਾਹੁੰਦੀ ਹਾਂ ਜੋ ਮੈਨੂੰ ਇਕ ਅਭਿਨੇਤਰੀ ਦੇ ਰੂਪ ਵਿਚ ਚੁਣੌਤੀ ਦੇਣ ਅਤੇ ਨਵੇਂ ਟੀਚਿਆਂ ਨੂੰ ਲੱਭਣ ਦਾ ਮੌਕਾ ਦੇਣ।' ਉਸ ਦੀ ਇਸ ਪੋਸਟ ਤੋਂ ਉਸ ਦੇ ਇਰਾਦੇ ਦੀ ਝਲਕ ਮਿਲਦੀ ਹੈ। ਹਾਲ ਹੀ ਵਿਚ ਟੈਲੀਕਾਸਟ ਹੋਏ ਡਾਂਸ ਰਿਆਲਿਟੀ ਸ਼ੋਅ 'ਜੋੜੀ-ਆਰ ਯੂ ਰੈਡੀ-2' ਵਿਚ ਰੰਭਾ ਬਤੌਰ ਜੱਜ ਨਜ਼ਰ ਆ ਰਹੀ ਹੈ। ਇਸ ਤਰ੍ਹਾਂ ਦੇਖਿਆ ਜਾਵੇ ਤਾਂ ਇਕ ਤਰ੍ਹਾਂ ਨਾਲ ਉਹ ਐਕਟਿੰਗ ਵਿਚ ਵਾਪਸੀ ਕਰ ਵੀ ਚੁੱਕੀ ਹੈ। ਇਸ ਦੇ ਪਹਿਲਾਂ ਵੀ ਉਹ 'ਮਾਨਦਾ ਮਾਇਲਾਡਾ' ਅਤੇ 'ਜੋੜੀ ਨੰਬਰ-1' ਵਰਗੇ ਰਿਆਲਿਟੀ ਸ਼ੋਆਂ ਵਿਚ ਬਤੌਰ ਜੱਜ ਕੰਮ ਕਰ ਚੁੱਕੀ ਹੈ। ਹੁਣ ਇਹ ਦੇਖਣਾ ਦਿਲਚਸਪ ਹੋਵੇਗਾ ਕਿ ਗਲੈਮਰ ਦੀ ਦੁਨੀਆ ਵਿਚ ਰੰਭਾ ਦੀ ਵਾਪਸੀ ਕੀ ਰੰਗ ਦਿਖਾਉਂਦੀ ਹੈ।

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ ’ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 38 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

## *Call for Listing Special 2025*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
Sales Agent
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

**Fremont Office: 86 Pilgrim Loop, Fremont CA 94539**
**Tel: 510-440-9292**

Visit us @ www.jassigill.com for hot listings

## Recent Sales

1. 8455 Peachtree Ave Newark CA 94560
2. 2125 Neptune Rd Livermore CA 94550
3. 2169 Charger Dr San Jose CA 95131
4. 9550 Appaloosa Pl Elk Grove CA 95624
5. 9810 Bobcat Ct Gilroy CA 95020
6. 106 Coralflower Ln, San Ramon, CA 94582
7. 3033 Pellier Pl San Jose CA 95135
8. 985 Silver Birch Ln Hayward CA 94544
9. 1672 Northgate Manteca CA 95336
10. 26676 Campeche St Hayward CA 94545
11. 1777 Osage Ave Hayward CA 94545
12. 2249 moody ave Hayward ca 94545
13. 9714 Fall Valley Way Sacramento CA 95829
14. 6388 Broadway Ave Newark CA 94560

## Purchase Loan and Refinance

**Call Sukhveer (Sukhi) Gill** Ph: 510-207-9067
DHMS, Loan Broker

CA BRE Lic.#01180969
NMLS# 352095

19-20